ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 21 | Issue 134| 31 July to 6 August , 2024 | Ph.: (510) 240-5949 | Email: asrtimes@gmail.com

### ਅਕਾਲ ਤਖ਼ਤ ਸਾਹਿਬ ਨੇ ਜਾਰੀ ਕੀਤਾ ਹੁਕਮ

## ਬਸੰਤੀ ਜਾਂ ਸੁਰਮਈ ਚੋਲੇ ਵਾਲੇ ਨਿਸ਼ਾਨ ਸਾਹਿਬ ਹੀ ਝੂਲਣਗੇ, ਕੇਸਰੀ ’ਤੇ ਰੋਕ

ਅੰਮ੍ਰਿਤਸਰ/ਏ.ਟੀ.ਨਿਊਜ਼: ਨਿਸ਼ਾਨ ਸਾਹਿਬ ਜਿਉਂਦੀਆਂ-ਜਾਗਦੀਆਂ ਕੌਮਾਂ ਦੀ ਸੁਤੰਤਰਤਾ ਦੇ ਪ੍ਰਤੀਕ ਹਨ। ਜੋ ਕੌਮਾਂ ਆਪਣੇ ਵਜੂਦ ਤੋਂ ਹੀ ਮਰ-ਮੁੱਕ ਚੁੱਕੀਆਂ ਹੋਣ, ਉਹਨਾਂ ਦੇ ਨਿਸ਼ਾਨ ਕਦੇ ਖੜੇ ਨਹੀਂ ਹੁੰਦੇ। ਨਿਸ਼ਾਨ ਹਮੇਸ਼ਾ ਉਹਨਾਂ ਦੇ ਹੀ ਉੱਚੇ ਝੂਲਦੇ ਹਨ, ਜੋ ਸੂਰਬੀਰ,ਬਹਾਦਰ ਆਪਣੇ ਬਲ ਦੁਆਰਾ ਸਦਾ ਸੰਘਰਸ਼ਸ਼ੀਲ ਰਹਿਕੇ ਆਪਣੇ ਨਿਸ਼ਾਨ ਨੂੰ ਉੱਚਾ ਚੁੱਕਣਾ ਜਾਣਦੇ ਹਨ। ਸਾਡੇ ਕੇਸਰੀ ਨਿਸ਼ਾਨ ਨੂੰ ਸਤਿਗੁਰੂ ਨੇ ਆਪਣੀ, ਆਪਣੇ ਸਾਹਿਬਜ਼ਾਦਿਆਂ ਦੀ ਅਤੇ ਹਜ਼ਾਰਾਂ ਸੂਰਬੀਰ ਯੋਧਿਆਂ ਸਿੰਘਾਂ ਦੀ ਸ਼ਹਾਦਤ ਨਾਲ ਉੱਚਾ ਝੁਲਾਇਆ ਹੈ।

ਸਿੱਖ ਇਤਿਹਾਸਕ ਸਰੋਤਾਂ ਦੇ ਅਨੁਸਾਰ, ਨਿਸ਼ਾਨ ਸਾਹਿਬ ਪਹਿਲੀ ਵਾਰ 6ਵੇਂ ਸਿੱਖ ਗੁਰੂ, ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ 1606 ਵਿੱਚ ਲਹਿਰਾਇਆ ਗਿਆ ਸੀ। ਇਹ ਅਧਿਆਤਮਿਕਤਾ ਅਤੇ ਜੰਗੀ ਭਾਵਨਾ ਨੂੰ ਦਰਸਾਉਣ ਲਈ ਪੀਲੇ ਰੰਗ ਦਾ ਸੀ। ਸਿੱਖਾਂ ਦੇ 10ਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਖ਼ਾਲਸਾ ਸਾਜਨਾ ਕਰਨ ਤੋਂ ਬਾਅਦ, ਉਹਨਾਂ ਨੇ ਨੀਲੇ ਝੰਡੇ ਨੂੰ ਪੇਸ਼ ਕੀਤਾ ਜੋ ਨਿਹੰਗ ਸਿੱਖਾਂ ਦੁਆਰਾ ਵਰਤੇ ਜਾਂਦੇ ਝੰਡਿਆਂ ਦਾ ਰੰਗ ਬਣਿਆ ਹੋਇਆ ਹੈ। ਬਾਅਦ ਵਿੱਚ ਝੰਡਿਆਂ ’ਤੇ ਪ੍ਰਤੀਕ ਡਿਜ਼ਾਈਨ ਕੀਤੇ ਗਏ ਸਨ। ਕਈ ਦਹਾਕਿਆਂ ਤੋਂ ਨਿਸ਼ਾਨ ਸਾਹਿਬ ’ਤੇ ਛੂਰਾ, ਢਾਲ ਅਤੇ ਤਲਵਾਰ ਸੀ। 19ਵੀਂ ਸਦੀ ਵਿੱਚ, ਇਹਨਾਂ ਚਿੰਨ੍ਹਾਂ ਦੀ ਥਾਂ ਖੰਡੇ ਨੇ ਲੈ ਲਈ ਸੀ ਜੋ ਅੱਜ ਤੱਕ ਵਰਤਿਆ ਜਾ ਰਿਹਾ ਹੈ।

ਮਰਯਾਦਾ ਪੂਰਵਕ ਹਰ ਇੱਕ ਗੁਰਧਾਮ ਵਿੱਚ ਸਥਾਪਿਤ ਕੀਤਾ ਜਾਣ ਵਾਲਾ ਇਹ ਨਿਸ਼ਾਨ ਸਾਹਿਬ ਅਕਸਰ ਬਸੰਤੀ ਰੰਗ ਦਾ ਹੁੰਦਾ ਹੈ, ਨਿਹੰਗ ਸਿੰਘਾਂ ਦੁਆਰਾ ਨਿਸ਼ਾਨ ਸਾਹਿਬ ਲਈ ਨੀਲਾ ਰੰਗ ਵਰਤਿਆ ਜਾਂਦਾ ਹੈ ਪਰ ਬੀਤੇ ਸਮੇਂ ਦੌਰਾਨ ਇਸ ਦਾ ਰੰਗ ਭਗਵਾਂ ਬਣਾ ਦਿੱਤਾ ਗਿਆ ਸੀ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਸਰਕੂਲਰ ਜਾਰੀ ਕਰ ਕੇ ਕਿਹਾ ਹੈ ਕਿ




ਗੁਰਦੁਆਰਾ ਸਾਹਿਬਾਨ ’ਚ ਲੱਗਣ ਵਾਲੇ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਰਹਿਤ ਮਰਿਆਦਾ ਮੁਤਾਬਕ ਬਸੰਤੀ ਜਾਂ ਸੁਰਮਈ ਹੋਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਵਿੱਚ 15 ਜੁਲਾਈ ਨੂੰ ਹੋਈ ਇਕੱਤਰਤਾ ਵਿੱਚ ਪੰਜ ਸਿੰਘ ਸਾਹਿਬਾਨ ਨੇ ਫ਼ੈਸਲਾ ਕੀਤਾ ਸੀ ਕਿ ਗੁਰਦੁਆਰਾ ਸਾਹਿਬਾਨ ਵਿੱਚ ਲੱਗਣ ਵਾਲੇ ਨਿਸ਼ਾਨ ਸਾਹਿਬ ਦੀ ਪੁਸ਼ਾਕੇ ਦਾ ਰੰਗ ਰਹਿਤ ਮਰਿਆਦਾ ਅਨੁਸਾਰ ਬਸੰਤੀ ਜਾਂ ਸੁਰਮਈ ਹੋਵੇ। ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਭੇਜ ਕੇ ਸੰਗਤ ਨੂੰ ਇਸ ਬਾਰੇ ਜਾਗਰੂਕ ਕਰਨ ਲਈ ਕਿਹਾ ਗਿਆ ਸੀ। ਇਸ ਉਪਰੰਤ 26 ਜੁਲਾਈ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਸਰਕੂਲਰ (ਨੰਬਰ 37309) ਜਾਰੀ ਕੀਤਾ। ਇਸ ਵਿੱਚ ਸਪਸ਼ਟ ਤੌਰ ’ਤੇ ਲਿਖਿਆ ਗਿਆ ਹੈ ਕਿ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੁੱਜੀ ਪੱਤਰਕਾ ਨੰ: ਅ:ਤ/24/206/17-07-2024 ਮੁਤਾਬਕ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ’ਚ ਪ੍ਰਵਾਨ ਹੋਏ ਮਤਾ ਨੰ:03/15-07-2024 ਦੀ ਮਨਸ਼ਾ ਅਨੁਸਾਰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਨੂੰ ਲੈ ਕੇ ਪੈਦਾ ਹੋਈ ਦੁਬਿਧਾ ਦੂਰ ਕਰਨ ਲਈ ਸਰਬ-ਸੰਮਤੀ ਨਾਲ ਫ਼ੈਸਲਾ ਹੋਇਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਦੀ ਰੌਸ਼ਨੀ ’ਚ ਸੰਗਤ/ਪ੍ਰਬੰਧਕ ਨੂੰ ਜਾਣਕਾਰੀ ਮੁਹੱਈਆ ਕਰਵਾਈ ਜਾਵੇ। ਇਹ ਫੁਰਮਾਨ ਜਾਰੀ ਹੋਣ ਤੋਂ ਬਾਅਦ ਹੁਣ ਨਿਸ਼ਾਨ ਸਾਹਿਬ ਦਾ ਰੰਗ ਇਤਿਹਾਸ ਤੇ ਮਰਿਯਾਦਾ ਅਨੁਸਾਰ ਬਸੰਤੀ ਤੇ ਸੁਰਮਈ ਹੋਵੇਗਾ।

ਸਿੱਖ ਰਹਿਤ ਮਰਯਾਦਾ ਮੁਤਾਬਕ ਹਰੇਕ ਗੁਰਦੁਆਰੇ ਵਿੱਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ ’ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਤੇ ਨਿਸ਼ਾਨ ਸਾਹਿਬ ਦੇ ਸਿਰੇ ਉੱਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਵੇ।

ਇਥੇ ਜ਼ਿਕਰਯੋਗ ਹੈ ਕਿ ਗੁਰੂ ਸਾਹਿਬ ਦੇ ਸਮੇਂ ਦੌਰਾਨ ਸਿੱਖਾਂ ਦੇ ਨਿਸ਼ਾਨ ਸਾਹਿਬ (ਝੰਡੇ) ਦਾ ਰੰਗ ਵੀ ਨੀਲਾ ਸੀ ਤੇ ਇਸ ਦਾ ਪੁਸ਼ਾਕਾ (ਬਾਂਸ ਦਾ ਕਪੜਾ) ਸੁਰਮਈ ਸੀ: ਗੁਰੂ ਜੀ ਨੇ ਉਸੀ ਵਕਤ ਬੜੀ ਦਸਤਾਰ ਕੋ ਉਤਾਰ ਨੀਚੇ ਕੇਸਗੀ ਮੇਂ ਸੇ ਨੀਲੇ ਰਾਂਗ ਕਾ ਫਰਰਾ ਨਿਕਾਲ ਕੇ ਬਚਨ ਕੀਆ ਇਹ ਖ਼ਾਲਸਾਈ ਨਿਸ਼ਾਨ ਕਭੀ ਆਗੇ ਸੇ ਟੂਟੇਗਾ ਨਹੀਂ। (ਗੁਰੂ ਕੀਆਂ ਸਾਖੀਆਂ, ਸਾਖੀ 75)

ਪੁਰਾਤਨ ਵਿਦਵਾਨ ਭਾਈ ਸਾਹਿਬ ਰਣਧੀਰ ਸਿੰਘ ਜੀ, ਭਾਈ ਸਾਹਿਬ ਕ੍ਹਾਨ ਸਿੰਘ ਜੀ ਨਾਭਾ ਅਤੇ ਹੋਰ ਵਿਦਵਾਨ ਸਾਰੇ ਹੀ ਇਸਦਾ ਰੰਗ ਬਸੰਤੀ ਲਿਖਦੇ ਹਨ ਔਰ ਹੈ ਭੀ ਠੀਕ ਕਿਉਂਕਿ ਇੱਕ ਤਾਂ ਬਸੰਤੀ ਰੰਗ ਨਵ-ਬਹਾਰ ਦਾ ਪ੍ਰਤੀਕ ਹੈ ਤੇ ਦੂਸਰਾ ਕੁਰਬਾਨੀ ਦਾ ਪ੍ਰਤੀਕ ਹੈ। ਜਿਸ ਜਿਸ ਜਗ੍ਹਾ ’ਤੇ ਖ਼ਾਲਸੇ ਦਾ ਇਹ ਨਿਸ਼ਾਨ ਝੁਲਿਆ ਓਸ ਓਸ ਜਗ੍ਹਾ ’ਤੇ ਨਵ-ਬਹਾਰ ਬਿਲਕੁਲ ਆਈ। ਇਤਿਹਾਸ ਇਸਦਾ ਗਵਾਹ ਹੈ ਪਰ ਪਿਛਲੇ ਬੀਤੇ ਸਮੇਂ ਦੌਰਾਨ ਨਿਸ਼ਾਨ ਸਾਹਿਬ ਨੂੰ ਭਗਵਾਂ ਕਰ ਦਿਤਾ ਗਿਆ ਇਸਨੂੰ ਨਵਾਂ ਹੀ ਰੰਗ ਕੇਸਰੀ ਕਹਿ ਪ੍ਰਚਾਰਿਆ ਜਾ ਰਿਹਾ ਹੈ ਪਤਾ ਨਹੀ ਇਹ ਰੰਗ ਕਿਉ ਬਦਲਿਆ ਗਿਆ?

## ਵਰਤਮਾਨ ਤੇ ਭਵਿੱਖ ਦੇ ‘ਸਿਆਸੀ ਘੋਲ’ ’ਚ ਉਲਝਿਆ ਅਕਾਲੀ ਦਲ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਕਦੇ ਸਮਾਂ ਸੀ ਕਿ ਪੰਜਾਬ ਦੇ ਨੇਤਾਵਾਂ ਨੇ ਪਿੰਡਾਂ ਵਿੱਚ ਭਾਈਚਾਰੇ ਨੂੰ ਵੱਡੀ ਢਾਹ ਲਗਾਈ ਸੀ। ਸੱਤਾ ਦੀ, ਲੀਡਰੀ ਦੀ ਤੇ ਪ੍ਰਧਾਨਗੀ ਦੇ ਲਾਰਿਆਂ ਨਾਲ ਹੀ ਗੁਆਂਢੀ ਨੂੰ ਗੁਆਂਢੀ ਦਾ ਦੁਸ਼ਮਣ ਬਣਾ ਦਿੱਤਾ ਸੀ ਪਰ ਹੌਲ਼ੀ ਹੌਲ਼ੀ ਲੋਕ ਨੇਤਾਵਾਂ ਦੀਆਂ ਲੂੰਬੜਚਾਲਾਂ ਨੂੰ ਸਮਝਣ ਲੱਗੇ ਤੇ ਸੋਚਣ ਲੱਗੇ ਕਿ ਆਪਸੀ ਭਾਈਚਾਰੇ ਨੂੰ ਢਾਹ ਲਗਾ ਕੇ ਅਸੀਂ ਇਹਨਾਂ ਲੋਕਾਂ ਦਾ ਸਾਹਮਣਾ ਨਹੀਂ ਕਰ ਸਕਾਂਗੇ। ਅੱਜ ਦੇ ਸਮੇਂ ਵਿੱਚ ਭਾਈਚਾਰੇ ਵੀ ਕਾਇਮ ਨੇ, ਲੋਕ ਸਰਕਾਰਾਂ ਨੂੰ ਮੂੰਹ ਤੋੜ ਜਵਾਬ ਵੀ ਦੇ ਰਹੇ ਨੇ, ਬਣਦਾ ਹੱਕ ਮੰਗ ਵੀ ਰਹੇ ਨੇ ਪਰ ਇਸ ਸਮੇਂ ਪੰਜਾਬ ਦੇ ਨੇਤਾਵਾਂ ਦੀ ਸਥਿਤੀ ਇਹ ਹੈ ਕਿ ਉਹਨਾਂ ਦੀ ਆਪਣੀ ਇੱਜ਼ਤ ਦਾਅ ’ਤੇ ਲੱਗੀ ਹੋਈ ਹੈ। ਅਕਾਲੀ ਦਲ ਬਾਦਲ ਦੀ ਗੱਲ ਕਰੀਏ ਤਾਂ ਬਾਦਲਾਂ ’ਤੇ ਮੁਸੀਬਤ ਦੇ ਬੱਦਲ ਲਗਾਤਾਰ ਸੰਘਣੇ ਹੋ ਰਹੇ ਹੋ ਰਹੇ ਨੇ। ਸੰਘਣੇ ਹੀ ਨਹੀਂ ਸਗੋਂ ਮੁਸੀਬਤਾਂ ਦੇ ਬੱਦਲ ਗਰਜ ਵੀ ਰਹੇ ਨੇ। ਬਾਦਲ ਆਪ ਹੀ ਮੁਸੀਬਤ ਵਿੱਚ ਨਹੀਂ ਫਸੇ ਹੋਏ ਸਗੋਂ ਬਾਦਲਾਂ ਪ੍ਰਤੀ ਵਫ਼ਾਦਾਰੀ ਵਾਲਾ ਸ਼ਹਿਦ ਚੱਟਣ ਵਾਲੇ ਵੀ ਸਵਾਲਾਂ ਦੇ





ਘੇਰੇ ਵਿੱਚ ਹਨ। 2017 ਤੋਂ ਲੈ ਕੇ 2024 ਤੱਕ ਬਾਦਲਾਂ ਦਾ ਕੱਦ ਛੋਟਾ ਹੁੰਦਾ ਆ ਰਿਹਾ ਹੈ। ਪਹਿਲਾਂ ਅਕਾਲੀਆਂ ਦਾ ਦੋ ਧੜਿਆਂ ਵਿੱਚ ਵੰਡੇ ਜਾਣਾ, ਫੇਰ ਬਾਗੀ ਧੜੇ ਵੱਲੋਂ ਜਥੇਦਾਰ ਸਾਹਿਬਾਨ ਨੂੰ ਪੱਤਰ ਦੇਣਾ, ਸੁਖਬੀਰ ਬਾਦਲ ਦਾ ਪੇਸ਼ ਹੋਣਾ, ਪ੍ਰਦੀਪ ਕਲੇਰ ਦੀ ਇੰਟਰਵਿਊ ਤੋਂ ਬਾਅਦ ਢਕੀ ਹੋਈ ਰਿੱਝ ਰਹੀ ਤੌੜੀ ਦਾ ਮੂੰਹ ਨੰਗਾ ਹੋ ਗਿਆ ਹੈ। ਕਲੇਰ ਦੀ ਇੰਟਰਵਿਊ ਤੋਂ ਬਾਅਦ ਅਕਾਲੀ ਦਲ ਦਾ ਇੱਕੋ ਵਿਸ਼ੇ ਦੇ ਉੱਤੇ ਦੋ ਕਾਨਫਰੰਸਾਂ ਕਰਨਾ ਉਹਨਾਂ ਦੀ ਬੌਖਲਾਹਟ ਦੀ ਨਿਸ਼ਾਨੀ ਹੈ। ਅੱਠ ਅਕਾਲੀ ਆਗੂਆਂ ਨੂੰ ਮੁੱਢਲੀ ਮੈਂਬਰਸ਼ਿਪ ਤੋਂ ਵੱਖ ਕਰ ਦਿੱਤਾ ਗਿਆ ਹੈ ਕੀ ਇਹ ਢੁਕਵਾਂ ਸਮਾਂ ਸੀ? ਕੀ ਬਾਦਲ ਸਾਹਿਬ ਉਲਝੀ ਤਾਣੀ ਨੂੰ ਹੋਰ ਉਲਝਾ ਰਹੇ ਨੇ ਜਾਂ ਇਹਦੇ ਵਿੱਚ ਵੀ ਉਹਨਾਂ ਨੂੰ ਕੋਈ ਹੱਲ ਨਜ਼ਰ ਆ ਰਿਹਾ ਹੈ? ਦੋ ਕਾਨਫਰੰਸਾਂ ਤਿੰਨ ਕੁ ਗੱਲਾਂ ਦੁਆਲੇ ਘੁੰਮਦੀਆਂ ਰਹੀਆਂ, ਪਹਿਲੀ ਇਹ ਕਿ ਪ੍ਰਦੀਪ ਕਲੇਰ ਝੂਠਾ ਹੈ। ਦੂਜਾ ਬੇਅਦਬੀ ਮਾਮਲੇ ਵਿੱਚ ਵੱਡਾ ਦੋਸ਼ੀ ਹੈ, ਤੀਜਾ ਸੈਂਟਰ ਤੇ ਸਟੇਟ ਮਿਲ ਕੇ ਅਕਾਲੀ ਦਲ ਨੂੰ ਢਾਹ ਲਗਾ ਰਹੇ ਨੇ। ਆਪ ਇਹ ਪਾਰਟੀ ਕਿੰਨੀ ਦੋਸ਼ੀ ਹੈ, ਉਸ ਦੀ ਕੋਈ ਗੱਲ ਨਹੀਂ ਕੀਤੀ ਗਈ। ਜਿਨ੍ਹਾਂ ਗੱਲਾਂ ਦਾ ਜਵਾਬ ਦੇਣਾ ਬਣਦਾ ਸੀ, ਉਹ ਨਹੀਂ ਦਿੱਤਾ ਗਿਆ। ਹਾਲਾਂਕਿ ਸੁਖਬੀਰ ਬਾਦਲ ਨੇ ਟਵੀਟ ਕਰਕੇ ਕਿਹਾ ਕਿ ਡੇਰਾਪ੍ਰੇਮੀ ਕਲੇਰ ਦੇ ਦੋਸ਼ ਝੂਠੇ ਨੇ ਪਰ ਮੈਂ ਖ਼ਾਲਸਾ ਪੰਥ ਦੇ ਸਰਵਉੱਚ ਧਾਰਮਿਕ ਅਸਥਾਨ ਅੱਗੇ ਪੇਸ਼ ਹੋ ਚੁੱਕਾ ਹਾਂ ਤੇ ਫ਼ੈਸਲੇ ਦੀ ਉਡੀਕ ਕਰਾਂਗਾ ਤੇ ਉਸ ਤੋਂ ਬਾਅਦ ਇਸ ਪਾਪੀ ਦੇ ਨਾਲ ਨਿਪਟਿਆ ਜਾਵੇਗਾ। ਲੰਘੇ ਦਿਨੀਂ ਸੰਕਟ ਵਿੱਚ ਘਿਰੀ ਅਕਾਲੀ ਪਾਰਟੀ ਨੇ ਮੋਹਨ ਸਿੰਘ ਤੁੜ ਦੀ ਬਰਸੀ ਮਨਾ ਲਈ ਹੈ, ਅੱਗੇ ਲੌਂਗੋਵਾਲ ਦੀ ਬਰਸੀ ਆਵੇਗੀ ਤੇ ਫਿਰ ਟੌਹੜਾ ਸਾਹਿਬ ਦੀ ਜਨਮ ਸ਼ਤਾਬਦੀ। ਸਿਆਣੇ ਕਹਿੰਦੇ ਨੇ ਕਿ ਗ਼ਲਤੀਆਂ ਕਰਕੇ ਵੀ ਗ਼ਲਤੀਆਂ ਨੂੰ ਸਮੇਂ ਸਿਰ ਨਜਿੱਠ ਲਿਆ ਜਾਵੇ ਤਾਂ ਇਹ ਸਿਆਣਪ ਹੁੰਦੀ ਹੈ ਪਰ ਕੁਝ ਗ਼ਲਤੀਆਂ ਨੂੰ ਛੁਪਾਉਣ ਦੇ ਲਈ ਹੋਰ ਗ਼ਲਤੀਆਂ ਕੀਤੀਆਂ ਜਾਂਦੀਆਂ ਨੇ ਤਾਂ ਫਿਰ ਆਮ ਜਨਤਾ ਦੇ ਵਿੱਚ ਜਾਣਾ ਔਖਾ ਹੋ ਜਾਂਦਾ ਹੈ। ਸੋ ਜਨਤਕ ਸਮਾਗਮਾਂ ਦੇ ਵਿੱਚ ਜਾਣਾ ਲੋਕਾਂ ਦੇ ਰੂਬਰੂ ਹੋਣਾ, ਲੋਕਾਂ ਦੇ ਹਾਵ ਭਾਵਾਂ ਨੂੰ ਤੋਲਣ ਮਿਣਨ ਦੇ ਲਈ ਵੱਡੇ ਕੱਦ ਦੇ ਲੀਡਰਾਂ ਦੇ ਖ਼ਾਸ ਦਿਹਾੜਿਆਂ ਨੂੰ ਮਨਾਉਣ ਦੀ ਕਵਾਇਦ ਅਕਾਲੀ ਦਲ ਨੇ ਸ਼ੁਰੂ ਕਰ ਦਿੱਤੀ ਹੈ।

(ਬਾਕੀ ਸਫ਼ਾ 30 ’ਤੇ)

## ਸ਼੍ਰੋਮਣੀ ਅਕਾਲੀ ਦਲ ਨੇ ਬਾਗ਼ੀ ਧੜੇ ਦੇ ਅੱਠ ਆਗੂ ਪਾਰਟੀ ’ਚੋਂ ਕੱਢੇ

ਚੰਡੀਗੜ੍ਹ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਤੋਂ ਨਰਾਜ਼ ਚੱਲ ਰਹੇ ਆਗੂਆਂ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਅੱਠ ਆਗੂਆਂ ਨੂੰ ਪਾਰਟੀ ’ਚੋਂ ਬਾਹਰ ਕੱਢ ਦਿੱਤਾ ਹੈ। ਇਨ੍ਹਾਂ ਵਿੱਚ ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਸੁਰਿੰਦਰ ਸਿੰਘ ਠੇਕੇਦਾਰ ਤੇ ਚਰਨਜੀਤ ਸਿੰਘ ਬਰਾੜ ਦੇ ਨਾਂ ਸ਼ਾਮਲ ਹਨ। ਇਹ ਕਾਰਵਾਈ ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਕੀਤੀ ਗਈ ਹੈ ਜਿਸ ਨੇ ਇਨ੍ਹਾਂ ਅੱਠ ਆਗੂਆਂ ਦੀ ਮੁੱਢਲੀ ਮੈਂਬਰਸ਼ਿਪ ਖਾਰਜ ਕਰ ਦਿੱਤੀ ਹੈ। ਪਾਰਟੀ ਨੇ ਸੱਤ ਵਿਧਾਨ ਸਭਾ ਹਲਕਿਆਂ ਦੇ ਮੌਜੂਦਾ ਹਲਕਾ ਇੰਚਾਰਜਾਂ ਨੂੰ ਵੀ ਹਟਾ ਦਿੱਤਾ ਹੈ। ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿੱਚ ਸ਼੍ਰੋਮਣੀ ਅਕਾਲੀ ਦੀ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ ਕਮੇਟੀ ਦੇ




ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਕਮੇਟੀ ਮੈਂਬਰ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਗੁਲਜ਼ਾਰ ਸਿੰਘ ਰਣੀਕੇ (ਟੈਲੀਫੋਨ ਰਾਹੀਂ) ਸ਼ਾਮਲ ਹੋਏ। ਉਨ੍ਹਾਂ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਵੱਲੋਂ ਕੀਤੀਆਂ ਜਾ ਰਹੀਆਂ ਪਾਰਟੀ ਵਿਰੋਧੀ ਕਾਰਵਾਈਆਂ ਬਾਰੇ ਚਰਚਾ ਕੀਤੀ। ਅਨੁਸ਼ਾਸਨੀ ਕਮੇਟੀ ਨੇ ਵਿਚਾਰ-ਵਟਾਂਦਰੇ ਮਗਰੋਂ ਆਖਿਆ ਕਿ ਇਨ੍ਹਾਂ ਆਗੂਆਂ ਵੱਲੋਂ ਪਾਰਟੀ ਦੇ ਅਕਸ ਨੂੰ ਢਾਹ ਲਾਉਣ ਵਾਲੀਆਂ ਕਾਰਵਾਈਆਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ ਜਿਸ ਕਾਰਨ ਉਕਤ ਆਗੂਆਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਹੈ। ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਸ੍ਰੀ ਭੂੰਦੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਮੇਟੀ ਲੰਮੇ ਵਿਚਾਰ-ਵਟਾਂਦਰੇ ਮਗਰੋਂ ਇਸ ਨਿਚੋੜ ’ਤੇ ਪਹੁੰਚੀ ਹੈ ਕਿ ਉਪਰੋਕਤ ਸਾਰੇ ਆਗੂਆਂ ਦਾ ਇੱਕੋ-ਇੱਕ ਮਕਸਦ ਪਾਰਟੀ ਦੇ ਦੁਸ਼ਮਣਾਂ ਦੀ ਸ਼ਹਿ ’ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਹੈ। ਪਾਰਟੀ ਇਨ੍ਹਾਂ ਹਰਕਤਾਂ ਨੂੰ ਬਰਦਾਸ਼ਤ ਨਹੀਂ ਕਰੇਗੀ, ਇਸ ਲਈ ਉਪਰੋਕਤ ਆਗੂਆਂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਵਰਕਿੰਗ ਕਮੇਟੀ ਵੱਲੋਂ ਬੀਤੀ 26 ਜੂਨ ਨੂੰ ਹੋਈ ਮੀਟਿੰਗ ਵਿੱਚ ਇੱਕ ਮਤਾ ਪਾਸ ਕਰ ਕੇ ਇਨ੍ਹਾਂ ਸਾਰੇ ਆਗੂਆਂ ਨੂੰ ਸੁਹਿਰਦਤਾ ਨਾਲ ਅਪੀਲ ਕੀਤੀ ਗਈ ਸੀ

(ਬਾਕੀ ਸਫ਼ਾ 30 ’ਤੇ)

# ਵਿਦੇਸ਼ਾਂ ’ਚ ਭਾਰਤੀ ਵਿਦਿਆਰਥੀ ਕਿਉਂ ਗੁਆ ਰਹੇ ਨੇ ਜਾਨਾਂ?

## ਪਿਛਲੇ 5 ਸਾਲਾਂ ਵਿੱਚ 633 ਮੌਤਾਂ ਹੋਈਆਂ, ਨਵੇਂ ਅੰਕੜੇ ਜਾਰੀ

ਭਾਰਤੀ ਵਿਦਿਆਰਥੀਆਂ ਦਾ ਵਿਦੇਸ਼ ਵਿੱਚ ਪੜ੍ਹਾਈ ਕਰਨ ਦਾ ਸੁਪਨਾ ਘਾਤਕ ਸਾਬਤ ਹੋ ਰਿਹਾ ਹੈ। ਹਰ ਸਾਲ ਹਜ਼ਾਰਾਂ ਭਾਰਤੀ ਵਿਦਿਆਰਥੀ ਵੱਖ-ਵੱਖ ਦੇਸ਼ਾਂ ਵਿੱਚ ਪੜ੍ਹਨ ਲਈ ਦੇਸ਼ ਛੱਡ ਕੇ ਜਾਂਦੇ ਹਨ। ਪਰ, ਉਨ੍ਹਾਂ ਦੀ ਮੌਤ ਦੀਆਂ ਘਟਨਾਵਾਂ ਨੂੰ ਲੈ ਕੇ ਸੁਰੱਖਿਆ ਨੂੰ ਲੈ ਕੇ ਸਵਾਲ ਉਠਾਏ ਜਾ ਰਹੇ ਹਨ। ਇਸ ਦੌਰਾਨ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਬੀਤੇ ਦਿਨੀਂ ਲੋਕ ਸਭਾ ਵਿੱਚ ਦੱਸਿਆ ਕਿ ਪਿਛਲੇ 5 ਸਾਲਾਂ ਵਿੱਚ ਵੱਖ-ਵੱਖ ਕਾਰਨਾਂ ਕਰਕੇ ਵਿਦੇਸ਼ਾਂ ਵਿੱਚ ਕੁਦਰਤੀ ਕਾਰਨਾਂ ਸਮੇਤ ਭਾਰਤੀ ਵਿਦਿਆਰਥੀਆਂ ਦੀ ਮੌਤ ਦੀਆਂ 633 ਘਟਨਾਵਾਂ ਵਾਪਰੀਆਂ ਹਨ।



ਸੰਸਦ ਵਿੱਚ ਮਾਨਸੂਨ ਸੈਸ਼ਨ ਦੌਰਾਨ ਇੱਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ 172 ਕੇਸਾਂ ਨਾਲ ਕੈਨੇਡਾ ਨੂੰ ਪਹਿਲੇ ਸਥਾਨ ’ਤੇ ਰੱਖਿਆ। ਕੀਰਤੀ ਵਰਧਨ ਸਿੰਘ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਹਮਲਿਆਂ ਕਾਰਨ ਕੁੱਲ 19 ਭਾਰਤੀ ਵਿਦਿਆਰਥੀਆਂ ਦੀ ਮੌਤ ਹੋਈ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ 9 ਮੌਤਾਂ ਕੈਨੇਡਾ ਅਤੇ 6 ਅਮਰੀਕਾ ਵਿੱਚ ਹੋਈਆਂ। ਅੰਕੜਿਆਂ ਅਨੁਸਾਰ 633 ਮੌਤਾਂ ਵਿੱਚੋਂ 108 ਅਮਰੀਕਾ ਵਿੱਚ, 58 ਬਰਤਾਨੀਆ ਵਿੱਚ, 57 ਆਸਟ੍ਰੇਲੀਆ ਵਿੱਚ ਅਤੇ 37 ਰੂਸ ਵਿੱਚ ਹੋਈਆਂ। ਜਦੋਂ ਕਿ ਯੂਕਰੇਨ ਵਿੱਚ 18, ਜਰਮਨੀ ਵਿੱਚ 24, ਜਾਰਜੀਆ, ਕਿਰਗਿਸਤਾਨ ਅਤੇ ਸਾਈਪ੍ਰਸ ਵਿੱਚ 12-12 ਘਟਨਾਵਾਂ ਹੋਈਆਂ। ਨਾਲ ਹੀ, ਗੁਆਂਢੀ ਦੇਸ਼ ਚੀਨ ਵਿੱਚ ਵੀ ਅਜਿਹੇ 8 ਮਾਮਲੇ ਸਾਹਮਣੇ ਆਏ ਹਨ।

ਮੰਤਰੀ ਕੀਰਤੀ ਵਰਧਨ ਸਿੰਘ ਨੇ ਬੀਤੇ ਦਿਨੀਂ ਇੱਕ ਸਵਾਲ ਦੇ ਲਿਖਤੀ ਜਵਾਬ ਵਿਚ ਕਿਹਾ ਕਿ ਮੰਤਰਾਲੇ ਕੋਲ ਮੌਜੂਦ ਜਾਣਕਾਰੀ ਅਨੁਸਾਰ ਪਿਛਲੇ 5 ਸਾਲਾਂ ਵਿੱਚ ਲੋਕ ਵੱਖ-ਵੱਖ ਕਾਰਨਾਂ ਕਰਕੇ ਵਿਦੇਸ਼ਾਂ ਵਿੱਚ ਆਏ ਹਨ। ਕੁਦਰਤੀ ਕਾਰਨਾਂ, ਦੁਰਘਟਨਾਵਾਂ ਅਤੇ ਮੈਡੀਕਲ ਐਮਰਜੈਂਸੀ ਵਾਂਗ ਵਿਦੇਸ਼ਾਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਮੌਤ ਦੀਆਂ 633 ਘਟਨਾਵਾਂ ਹੋਈਆਂ ਹਨ।

**ਮਾਨਸਿਕ ਤਣਾਅ ਨਾਲ ਕਿਉਂ ਜੂਝ ਰਹੇ ਨੇ ਵਿਦਿਆਰਥੀ**

ਕੈਨੇਡਾ ਵਿੱਚ ਮਾਨਸਿਕ ਤਣਾਅ ਬਹੁਤ ਹੈ। ਕੈਨੇਡਾ ਵਿੱਚ ਰਹਿ ਰਹੇ ਬਹੁਤ ਸਾਰੇ ਵਿਦਿਆਰਥੀ ਹੁਣ ਨਾ ਤਾਂ ਕਮਾ ਸਕਦੇ ਹਨ ਅਤੇ ਨਾ ਹੀ ਕੁਝ ਬਚਤ ਕਰ ਪਾ ਰਹੇ ਹਨ। 20 ਤੋਂ 30 ਲੱਖ ਰੁਪਏ ਖ਼ਰਚ ਕੇ ਗਏ ਸੀ ਹੁਣ ਉਨ੍ਹਾਂ ਲਈ ਆਪਣੇ ਦੇਸ਼ ਪਰਤਣਾ ਆਸਾਨ ਨਹੀਂ ਹੈ। ਬਹੁਤ ਸਾਰੇ ਵਿਦਿਆਰਥੀ ਵੱਡੇ ਕਰਜ਼ੇ ਅਤੇ ਜ਼ਮੀਨ ਗਹਿਣੇ ਰੱਖ ਕੇ ਕੈਨੇਡਾ ਗਏ ਹਨ। ਉੱਥੇ ਦੇ ਹਾਲਾਤ ਦੇਖ ਕੇ ਕਈ ਕਹਿ ਰਹੇ ਹਨ ਕਿ ਇੰਨਾ ਪੈਸਾ ਖ਼ਰਚ ਕੇ ਭਾਰਤ ’ਚ ਕੋਈ ਕਾਰੋਬਾਰ ਕਰਦੇ ਤਾਂ ਚੰਗਾ ਹੁੰਦਾ। ਉਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਹਾਲਾਤ ਕਦੋਂ ਸੁਧਰਨਗੇ ਅਤੇ ਹੁਣ ਉਨ੍ਹਾਂ ਦਾ ਭਵਿੱਖ ਅਨਿਸ਼ਚਿਤ ਹੋ ਚੁੱਕਾ ਹੈ । ਹਜ਼ਾਰਾਂ ਵਿਦਿਆਰਥੀਆਂ ਨੂੰ ਕੰਮ ਨਹੀਂ ਮਿਲ ਰਿਹਾ। ਪੜ੍ਹਾਈ ਅਤੇ ਬਾਕੀ ਸਾਰੇ ਕੰਮਾਂ ਦੀ ਜ਼ਿੰਮੇਵਾਰੀ ਜਦੋਂ ਸਿਰ ’ਤੇ ਆ ਪੈਂਦੀ ਹੈ ਤਾਂ ਵੀ ਨੌਜਵਾਨ ਨਸ਼ੇ ਕਰਨ ਲੱਗਦੇ ਜਾਂ ਫਿਰ ਖ਼ੁਦਕੁਸ਼ੀ ਵੱਲ ਨੂੰ ਹੋ ਤੁਰਦੇ ਹਨ। ਇਕੱਲੇ ਰਹਿੰਦੇ ਨੌਜਵਾਨ ਬੱਚਿਆਂ ਨੂੰ ਰੋਕਣ ਟੋਕਣ ਵਾਲਾ ਕੋਈ ਨਹੀਂ ਹੁੰਦਾ। ਕੈਨੇਡਾ ਨਵੇਂ ਆਏ ਬੱਚਿਆਂ ਨੂੰ ਉੱਥੋਂ ਦੇ ਮਾਹੌਲ ਵਿੱਚ ਰਚਣ-ਮਿਚਣ ਨੂੰ ਵੀ ਸਮਾਂ ਲੱਗਦਾ ਹੈ। ਦੂਜਿਆਂ ਨਾਲ ਘੁਲਣ-ਮਿਲਣ ਨਾ ਕਰਕੇ ਉਹ ਇਕਲਾਪੇ ਦਾ ਸ਼ਿਕਾਰ ਹੋ ਜਾਂਦੇ ਹਨ ਜਿਸ ਨਾਲ ਮਾਨਸਿਕ ਤਣਾਅ ਵਰਗੀ ਬਿਮਾਰੀ ਤੋਂ ਪੀੜਤ ਹੋ ਜਾਂਦੇ ਹਨ। ਕੈਨੇਡਾ ’ਚ ਜ਼ਿਆਦਾਤਰ ਹੈਰੋਇਨ, ਅਫ਼ੀਮ, ਭੰਗ ਦੀ ਓਵਰਡੋਜ਼ ਮੌਤ ਦਾ ਕਾਰਨ ਬਣਦੀ ਹੈ। ਵਿਦਿਆਰਥੀ ਕਈ ਵਾਰ ਇਹ ਨਸ਼ਾ ਆਪਣੀ ਮਰਜ਼ੀ ਨਾਲ ਕਰਦਾ ਹੈ ਜਾਂ ਗ਼ਲਤ ਸੰਗਤ ਵਿੱਚ ਸੰਗੀ-ਸਾਥੀਆਂ ਦੇ ਪ੍ਰਭਾਵ ਜਾਂ ਦਬਾਅ ਵਿੱਚ ਆ ਕੇ। ਕਈ ਵਾਰ ਉਨ੍ਹਾਂ ਦੀ ਮਾਨਸਿਕ ਸਥਿਤੀ ਬੇਹੱਦ ਕਮਜ਼ੋਰ ਹੁੰਦੀ ਹੈ। ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕੀ ਕਰ ਰਹੇ ਹਨ। ਵਿਦਿਆਰਥੀਆਂ ਨੂੰ ਖਰਚੇ ਪੂਰੇ ਕਰਨ ਲਈ ਕੰਮ ਸਖ਼ਤ ਕਰਨਾ ਪੈਂਦਾ ਹੈ। ਕਈ ਸਖ਼ਤ ਕੰਮ ਕਰਨ ਅਤੇ ਸਰੀਰ ਦੀ ਥਕਾਵਟ ਦੂਰ ਕਰਨ ਲਈ ਨਸ਼ਿਆਂ ਦੀ ਵਰਤੋਂ ਕਰਨ ਲੱਗਦੇ ਨੇ ਤੇ ਫਿਰ ਹੌਲੀ ਹੌਲੀ ਪੱਕੇ ਨਸ਼ਿਆਂ ’ਤੇ ਲੱਗ ਜਾਂਦੇ ਹਨ।

ਨਿਰਲੇਪ ਸਿੰਘ ਗਿੱਲ ਬ੍ਰੈਂਪਟਨ ਵਿੱਚ ਪੰਜਾਬੀ ਕਮਿਊਨਿਟੀ ਹੈਲਥ ਸਰਵਿਸ ਨਾਲ ਕੰਮ ਕਰਦੇ ਹਨ। ਗਿੱਲ, ਭਾਰਤੀ ਖ਼ਾਸ ਤੌਰ ਉੱਤੇ ਪੰਜਾਬੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਨਾਲ ਡੀਲ ਕਰਦੇ ਹਨ। ਨਿਰਲੇਪ ਸਿੰਘ ਗਿੱਲ ਦੱਸਦੇ ਹਨ, ਬਹੁਤ ਸਾਰੇ ਬੱਚੇ ਮਾਨਸਿਕ ਰੋਗਾਂ ਨਾਲ ਪੀੜਤ ਹਨ ਕਿਉਂਕਿ ਕੈਨੇਡਾ ਵਿੱਚ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ, ਇਹਨਾਂ ਨੂੰ ਪੈਰ-ਪੈਰ ਉੱਤੇ ਤਣਾਅ ਮਿਲਦਾ ਹੈ। ਖ਼ਾਸ ਤੌਰ ਉੱਤੇ ਉਹ ਵਿਦਿਆਰਥੀ ਜੋ ਬਹੁਤ ਹੀ ਘੱਟ ਉਮਰ (ਬਾਰ੍ਹਵੀਂ ਜਮਾਤ ਪਾਸ ਕਰਨ ਤੋਂ ਬਾਅਦ)ਵਿੱਚ ਕੈਨੇਡਾ ਆਉਂਦੇ ਹਨ।

ਨਿਰਲੇਪ ਸਿੰਘ ਗਿੱਲ ਦੱਸਦੇ ਹਨ ਕਿ ਇਹ ਵਿਦਿਆਰਥੀ ਛੋਟੇ ਹੋਣ ਕਾਰਨ ਮਾਨਸਿਕ ਤੌਰ ਉੱਤੇ ਵਿਕਸਤ ਨਹੀਂ ਹੋਏ ਹੁੰਦੇ। ਤਣਾਅ ਨਾਲ ਕਿਸ ਤਰੀਕੇ ਨਾਲ ਨਜਿੱਠਣਾ ਹੈ ਇਹ ਇਹਨਾਂ ਨੂੰ ਪਤਾ ਨਹੀਂ ਹੁੰਦਾ। ਜੇਕਰ ਬੱਚਾ ਮਾਪਿਆਂ ਨੂੰ ਕੋਈ ਗੱਲ ਦੱਸਦਾ ਵੀ ਹੈ ਤਾਂ ਉਹ ਉਸ ਦੀ ਗੱਲ ਸਮਝ ਨਹੀਂ ਪਾਉਂਦੇ।

ਕੌਮਾਂਤਰੀ ਵਿਦਿਆਰਥੀਆਂ ਵਿੱਚ ਤਣਾਅ ਦਾ ਕਾਰਨ ਪੁੱਛੇ ਜਾਣ ਦੇ ਮੁੱਦੇ ਉਹ ਦੱਸਦੇ ਹਨ ਕਿ ਇਸ ਦੇ ਕਈ ਕਾਰਨ ਹਨ। ਪਹਿਲਾ ਕਾਰਨ ਇੰਡੀਆ ਵਿੱਚ ਬੱਚੇ ਆਰਾਮਦਾਇਕ ਸਥਿਤੀ ਵਿੱਚ ਹੁੰਦੇ ਹਨ, ਭਾਵ ਉਨ੍ਹਾਂ ਦੇ ਮਾਪੇ ਹਰ ਚੀਜ਼ ਦਾ ਖ਼ਿਆਲ ਰੱਖਦੇ ਹਨ ਕਿਸੇ ਵੀ ਤਰ੍ਹਾਂ ਦੀ ਜ਼ਿੰਮੇਵਾਰੀ ਉਨ੍ਹਾਂ ਉੱਤੇ ਨਹੀਂ। ਪਰ ਜਦੋਂ ਉਹ ਕੈਨੇਡਾ ਆਉਂਦੇ ਹਨ ਤਾਂ ਇੱਕ ਦਮ ਉਨ੍ਹਾਂ ਉੱਤੇ ਜ਼ਿੰਮੇਵਾਰੀਆਂ ਆ ਡਿੱਗਦੀਆਂ ਹਨ। ਇਸ ਦੇ ਲਈ ਉਹ ਮਾਨਸਿਕ ਤੌਰ ਉੱਤੇ ਤਿਆਰ ਨਹੀਂ ਹੁੰਦੇ।ਨਿਰਲੇਪ ਸਿੰਘ ਗਿੱਲ ਦੱਸਦੇ ਹਨ, ਕੈਨੇਡਾ ਵਿੱਚ ਡਰੱਗਜ਼ ਬਹੁਤ ਜ਼ਿਆਦਾ ਹੈ। ਕੈਨੇਡਾ ਵਿੱਚ ਡਰੱਗਜ਼ ਦੀਆਂ 55 ਤੋਂ ਲੈ ਕੇ 70 ਕਿਸਮਾਂ ਹਨ। ਡਰੱਗਜ਼ ਦੇ ਆਦੀ ਹੋਣ ਨਾਲ ਵੀ ਵਿਦਿਆਰਥੀ ਮਾਨਸਿਕ ਅਤੇ ਸਰੀਰਕ ਰੋਗ ਦੇ ਸ਼ਿਕਾਰ ਹੋ ਜਾਂਦੇ ਹਨ। ਇਸ ਤੋਂ ਇਲਾਵਾ ਡਰੱਗਜ਼ ਓਵਰ ਡੋਜ਼ ਕਾਰਨ ਵਿਦਿਆਰਥੀਆਂ ਦੀ ਮੌਤਾਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ।ਨਿਰਲੇਪ ਸਿੰਘ ਗਿੱਲ ਨੇ ਦੱਸਿਆ ਕਿ ਭਾਰਤ ਦੀ ਬਹੁਤ ਵੱਡੀ ਆਬਾਦੀ ਕੈਨੇਡਾ ਵਿੱਚ ਰਹਿੰਦੀ ਹੈ, ਸਿਰਫ਼ ਕੌਮਾਂਤਰੀ ਵਿਦਿਆਰਥੀਆਂ ਦੀਆਂ ਮੌਤਾਂ ਦੀ ਗਿਣਤੀ ਵਿੱਚ ਵਾਧਾ ਕਿਉਂ ਹੋ ਰਿਹਾ ਹੈ, ਇਹ ਇੱਕ ਸਵਾਲ ਹੈ। ਗਿੱਲ ਨੇ ਦੱਸਿਆ ਕਿ ਜ਼ਿਆਦਾਤਰ ਮੌਤਾਂ ਨੂੰ ਹਾਰਟ ਅਟੈਕ ਨਾਲ ਜੋੜ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਵੱਖ- ਵੱਖ ਕਾਰਨਾਂ ਕਰ ਕੇ ਪੈਦਾ ਹੋਏ ਮਾਨਸਿਕ ਤਣਾਅ ਕਾਰਨ ਵੀ ਵਿਦਿਆਰਥੀਆਂ ਵਿੱਚ ਖ਼ੁਦਕੁਸ਼ੀਆਂ ਦੇ ਰੁਝਾਨ ਵਿੱਚ ਵੀ ਵਾਧਾ ਹੋਇਆ ਹੈ। ਇਸ ਲਈ ਜੇਕਰ ਕਿਸੇ ਵਿਦਿਆਰਥੀ ਨੂੰ ਇਸ ਨਾਲ ਡੀਲ ਕਰਨਾ ਨਹੀਂ ਆਉਂਦਾ ਤਾਂ ਉਹ ਹੌਸਲਾ ਹਾਰ ਜਾਂਦਾ ਹੈ। ਇਸ ਤੋਂ ਇਲਾਵਾ ਕੈਨੇਡਾ ਦੀ ਨਾਗਰਿਕਤਾ ਤੇ ਪੀ.ਆਰ. ਹਾਸਲ ਕਰਨ ਨੂੰ ਲੈ ਕੇ ਵੀ ਬੱਚੇ ਮਾਨਸਿਕ ਦਬਾਅ ਵਿੱਚ ਰਹਿੰਦੇ ਹਨ।

## ਗੁਰੂ ਘਰ ਦਾ ਸਹਾਰਾ

ਕੈਨੇਡਾ ਵਿੱਚ ਨੌਕਰੀਆਂ ਦੀ ਕਮੀ ਕਾਰਨ ਬਹੁਤ ਸਾਰੇ ਕੌਮਾਂਤਰੀ ਵਿਦਿਆਰਥੀ ਨੂੰ ਰੋਜ਼ਗਾਰ ਨਹੀਂ ਮਿਲ ਰਿਹਾ। ਰੁਜ਼ਗਾਰ ਦੀ ਕਮੀ ਅਤੇ ਵਧਦੀ ਮਹਿੰਗਾਈ ਦੇ ਕਾਰਨ ਕਈ ਵਿਦਿਆਰਥੀਆਂ ਨੂੰ ਦੋ ਡੰਗ ਦੀ ਰੋਟੀ ਕਮਾਉਣ ਵਿੱਚ ਵੀ ਦਿੱਕਤ ਆ ਰਹੀ ਹੈ। ਇਸ ਕਰਕੇ ਕਈ ਵਿਦਿਆਰਥੀਆਂ ਨੂੰ ਗੁਰੂ ਘਰਾਂ ਅਤੇ ਫੂਡ ਬੈਂਕਾਂ ਉੱਤੇ ਨਿਰਭਰ ਹੋਣਾ ਪੈ ਰਿਹਾ ਹੈ। ਗੁਰਦੁਆਰਿਆਂ ਦੇ ਪ੍ਰਬੰਧਕ ਵੀ ਅਜਿਹੇ ਵਿਦਿਆਰਥੀਆਂ ਦੀ ਮਦਦ ਲਈ ਅੱਗੇ ਆਉਂਦੇ ਹਨ। ਗੁਰੂ ਘਰ ਵਿਦਿਆਰਥੀਆਂ ਲਈ ਵੱਡਾ ਸਹਾਰਾ ਬਣ ਰਹੇ ਹਨ।

ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ ਰਹਿਣ ਵਾਲੇ ਇਮੀਗ੍ਰੇਸ਼ਨ ਮਾਹਿਰ ਰਤਨਦੀਪ ਸਿੰਘ ਮੁਤਾਬਕ ਜੀ.ਆਈ.ਸੀ. ਵਿੱਚ ਇੱਕ ਦਮ ਕੀਤਾ ਗਿਆ ਵਾਧਾ ਵਿਦਿਆਰਥੀਆਂ ਨੂੰ ਮਾਯੂਸ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਰਹਿਣ ਸੁਹਿਣ ਪਹਿਲਾਂ ਦੇ ਮੁਕਾਬਲੇ ਬਹੁਤ ਮਹਿੰਗਾ ਗਿਆ ਹੈ ਅਤੇ ਇਸ ਦੀ ਮਾਰ ਵਿਦਿਆਰਥੀਆਂ ਨੂੰ ਝੱਲਣੀ ਪੈ ਰਹੀ ਹੈ। ਉਨ੍ਹਾਂ ਆਖਿਆ ਕਿ ਇਸੇ ਕਰਕੇ ਪੰਜ ਤੋਂ ਛੇ ਵਿਦਿਆਰਥੀਆਂ ਬੇਸਮੈਂਟ ਵਿੱਚ ਰਹਿਣ ਲਈ ਮਜਬੂਰ ਹਨ। ਇਸ ਤੋਂ ਇਲਾਵਾ ਕੁਝ ਵਿਦਿਆਰਥੀ ਬਿਨ੍ਹਾਂ ਘਰਾਂ ਤੋਂ ਟੈਂਟਾਂ ਵਿੱਚ ਰਹਿ ਰਹੇ ਹਨ ਅਤੇ ਗੁਰਦੁਆਰਾ ਸਾਹਿਬ ਵਿੱਚ ਰੋਟੀ ਖਾ ਕੇ ਗੁਜ਼ਾਰਾ ਕਰਨ ਦੇ ਲਈ ਮਜਬੂਰ ਹਨ।

ਰਤਨਦੀਪ ਸਿੰਘ ਮੁਤਾਬਕ ਬੇਸ਼ੱਕ ਜੀ.ਆਈ.ਸੀ. ਵਿੱਚ ਵਾਧਾ ਕਰ ਕੇ ਕੈਨੇਡਾ ਆਰਥਿਕ ਤੌਰ ਉੱਤੇ ਮਜ਼ਬੂਤ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਬੁਲਾਉਣਾ ਚਾਹੁੰਦਾ ਹੈ ਪਰ ਚੰਗਾ ਹੁੰਦਾ ਇਹ ਵਾਧਾ ਹੌਲੀ ਹੌਲੀ ਹੁੰਦਾ।

ਇਸ ਤੋਂ ਇਲਾਵਾ ਜਨਵਰੀ ਮਹੀਨੇ ਵਿੱਚ 18 ਮਹੀਨੇ ਵਰਕ ਪਰਮਿਟ ਦੀ ਸਕੀਮ ਬੰਦ ਕਰਨ ਦੀ ਮਾਰ ਵੀ ਵਿਦਿਆਰਥੀਆਂ ਉੱਤੇ ਪਵੇਗੀ ਜੋ ਕਿ ਉਨ੍ਹਾਂ ਨੂੰ ਮਾਯੂਸ ਕਰਨ ਵਾਲੀ ਹੈ।

# ਕੈਨੇਡਾ ’ਚ ਸੜਕ ਹਾਦਸੇ ਦੌਰਾਨ ਭੈਣ-ਭਰਾ ਸਣੇ ਤਿੰਨ ਪੰਜਾਬੀ ਹਲਾਕ

## ਦੋ ਨੌਜਵਾਨ ਮਲੌਦ ਦੇ ਜਦਕਿ ਇੱਕ ਲੜਕੀ ਸਮਾਣਾ ਨਾਲ ਸਬੰਧਿਤ

ਵੈਨਕੂਵਰ/ਏ.ਟੀ.ਨਿਊਜ਼ : ਕੈਨੇਡਾ ਦੇ ਉੱਤਰੀ ਸੂਬੇ ਨਿਊ ਬਰੰਸਵਿੱਕ ਵਿੱਚ ਸੜਕ ਹਾਦਸੇ ਵਿੱਚ ਪੰਜਾਬ ਤੋਂ ਸਟੱਡੀ ਵੀਜ਼ੇ ’ਤੇ ਆਈਆਂ ਦੋ ਲੜਕੀਆਂ ਤੇ ਇੱਕ ਲੜਕੇ ਦੀ ਮੌਤ ਹੋ ਗਈ। ਇਨ੍ਹਾਂ ’ਚ ਦੋ ਚਚੇਰੇ ਭੈਣ-ਭਰਾ ਸਨ। ਮ੍ਰਿਤਕਾਂ ਦੀ ਪਛਾਣ ਹਰਮਨ ਸੋਮਲ (23) ਪੁੱਤਰੀ ਮਨਦੀਪ ਸਿੰਘ ਵਾਸੀ ਮਲੌਦ, ਨਵਜੋਤ ਸੋਮਲ (19) ਪੁੱਤਰ ਰਣਜੀਤ ਸਿੰਘ ਵਾਸੀ ਮਲੌਦ (ਦੋਵੇਂ ਚਚੇਰੇ ਭੈਣ-ਭਰਾ) ਤੇ ਉਨ੍ਹਾਂ ਦੀ ਦੋਸਤ ਰਸ਼ਮਦੀਪ ਕੌਰ (24) ਪੁੱਤਰੀ ਭੁਪਿੰਦਰ ਸਿੰਘ ਵਾਸੀ ਸਮਾਣਾ ਵਜੋਂ ਹੋਈ ਹੈ।




ਸਬ-ਡਿਵੀਜ਼ਨ ਪਾਇਲ ਦੇ ਕਸਬਾ ਮਲੌਦ ਦੀ ਰਹਿਣ ਵਾਲੀ ਹਰਮਨ ਸੋਮਲ (23) ਪੁੱਤਰੀ ਮਨਦੀਪ ਸਿੰਘ ਕੁਝ ਸਾਲ ਪਹਿਲਾਂ ਕੈਨੇਡਾ ਵਿੱਚ ਪੜ੍ਹਾਈ ਕਰਨ ਗਈ ਸੀ ਤੇ ਹੁਣ ਪੜ੍ਹਾਈ ਪੂਰੀ ਹੋਣ ਮਗਰੋਂ ਪੱਕੇ ਤੌਰ ’ਤੇ ਉੱਥੋਂ ਦੀ ਵਸਨੀਕ ਹੋ ਗਈ ਸੀ।

ਉਸ ਦਾ ਚਚੇਰਾ ਭਰਾ ਨਵਜੋਤ ਸੋਮਲ (19) ਪੁੱਤਰ ਰਣਜੀਤ ਸਿੰਘ ਵਾਸੀ ਮਲੌਦ ਅਤੇ ਉਨ੍ਹਾਂ ਦੀ ਦੋਸਤ ਰਸ਼ਮਦੀਪ ਕੌਰ ਵਾਸੀ ਸਮਾਣਾ ਆਪਣੇ ਚੌਥੇ ਸਾਥੀ ਨਾਲ ਕਾਰ ਵਿੱਚ ਸਫਰ ਕਰ ਰਹੇ ਸੀ ਤਾਂ ਹਾਈਵੇਅ ’ਤੇ ਟਾਇਰ ਫਟਣ ਨਾਲ ਬੇਕਾਬੂ ਹੋਈ ਕਾਰ ਪਲਟ ਗਈ ਤੇ ਇਸ ਹਾਦਸੇ ’ਚ ਉਪਰੋਕਤ ਤਿੰਨਾਂ ਨੌਜਵਾਨਾਂ ਦੀ ਮੌਤ ਹੋ ਗਈ ਜਦਕਿ ਡਰਾਈਵਰ ਜ਼ਖ਼ਮੀ ਹੋ ਗਿਆ। ਨਵਜੋਤ ਸੋਮਲ ਤਿੰਨ ਮਹੀਨੇ ਪਹਿਲਾਂ ਹੀ ਕੈਨੇਡਾ ਪੜ੍ਹਨ ਗਿਆ ਸੀ। ਕੈਨੇਡਾ ’ਚ ਵਾਪਰੇ ਹਾਦਸੇ ’ਚ ਹਲਾਕ ਹੋਈ ਰਸ਼ਮਦੀਪ (24) ਪੁੱਤਰੀ ਮਾਸਟਰ ਭੁਪਿੰਦਰ ਸਿੰਘ ਵਾਸੀ ਸਮਾਣਾ 4 ਸਾਲ ਪਹਿਲਾਂ ਪੜ੍ਹਾਈ ਲਈ (ਮਾਊਟੈਂਨ) ਕੈਨੇਡਾ ਗਈ ਸੀ। ਮ੍ਰਿਤਕਾ ਦੇ ਮਾਪੇ ਸਰਕਾਰੀ ਸਕੂਲ ’ਚ ਲੈਕਚਰਾਰ ਹਨ।

# ਅੰਮ੍ਰਿਤਪਾਲ ਸਿੰਘ ਦੀ ਪਟੀਸ਼ਨ ’ਤੇ ਹਾਈ ਕੋਰਟ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਜਾਰੀ ਕੀਤਾ ਨੋਟਿਸ




ਚੰਡੀਗੜ੍ਹ/ਏ.ਟੀ.ਨਿਊਜ਼ :- ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਤੇ ‘ਵਾਰਿਸ ਪੰਜਾਬ ਦੇ’ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਨੈਸ਼ਨਲ ਸਕਿਓਰਿਟੀ ਐਕਟ (ਐਨ.ਐਸ.ਏ.) ਖਿਲਾਫ਼ ਦਿੱਤੀ ਚੁਣੌਤੀ ਵਾਲੀ ਪਟੀਸ਼ਨ ’ਤੇ ਬੁੱਧਵਾਰ ਯਾਨੀ ਅੱਜ ਸੁਣਵਾਈ ਹੋਈ ਜਿਸ ’ਤੇ ਹਾਈ ਕੋਰਟ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਅੰਮ੍ਰਿਤਪਾਲ ਸਿੰਘ ਦੀ ਪਟੀਸ਼ਨ ’ਤੇ ਕੋਰਟ ਨੇ ਸਰਕਾਰ ਨੂੰ ਜਵਾਬ ਦਾਖਲ ਕਰਨ ਲਈ ਕਿਹਾ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 28 ਅਗਸਤ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਸਰਕਾਰ ਵੱਲੋਂ ਲਗਾਏ ਐੱਨਐੱਸਏ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ’ਚ ਚੁਣੌਤੀ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਐੱਨਐੱਸਏ ਦੀ ਮਿਆਦ ਵਧਾਉਣ ਗ਼ੈਰ-ਸੰਵਿਧਾਨਕ ਹੈ। ਤੁਹਾਨੂੰ ਦੱਸ ਦੇਈਏ ਕਿ ਬੀਤੇ ਦਿਨ ਅੰਮ੍ਰਿਤਪਾਲ ਸਿੰਘ ਦੀ ਚੁਣੌਤੀ ਨੂੰ ਲੈ ਕੇ ਸੁਣਵਾਈ ਹੋਈ ਸੀ ਪਰ ਪਟੀਸ਼ਨ ’ਚ ਕਈ ਤਰ੍ਹਾਂ ਦੀਆਂ ਖਾਮੀਆਂ ਪਾਈਆਂ ਗਈਆਂ। ਵਕੀਲ ਮੁਤਾਬਕ ਪਟੀਸ਼ਨ ’ਚ ਅੰਮ੍ਰਿਤਪਾਲ ਦੇ ਮਾਤਾ-ਪਿਤਾ ਦੀ ਉਮਰ ਤੇ ਪਤਾ ਦਰੁਸਤ ਨਹੀਂ ਸਨ ਜਿਸ ਕਾਰਨ ਵਕੀਲ ਨੇ ਥੋੜ੍ਹਾ ਸਮਾਂ ਮੰਗਿਆ ਸੀ। ਇਸ ਤੋਂ ਬਾਅਦ ਕੋਰਟ ਨੇ ਸੁਣਵਾਈ ਟਾਲ ਦਿੱਤੀ ਸੀ ਤੇ ਅਗਲੀ ਸੁਣਵਾਈ ਦੀ ਤਰੀਕ 31 ਜੁਲਾਈ ਤੈਅ ਕੀਤੀ ਸੀ।

# ਕ੍ਰਾਂਤੀ, ਕ੍ਰਾਂਤੀ ਤੇ ਕ੍ਰਾਂਤੀ....!



**ਬਲਰਾਜ ਪੰਨੂੰ**

## ਵਕਤ ਨਾਲ ਬਦਲਦੇ ਰਹੇ ਨੇ 'ਕ੍ਰਾਂਤੀ' ਦੇ ਅਰਥ

ਪੰਜਾਬ ਛੋਟਾ ਜਿਹਾ ਸਰਹੱਦੀ ਸੂਬਾ ਹੈ, ਪਰ ਪੰਜਾਬ ਦੀ ਸਿਆਸਤ ਬਹੁਤ ਵਿਸ਼ਾਲ ਤੇ ਡੂੰਘੀ ਹੈ। ਵੱਖ- ਵੱਖ ਸਰਕਾਰਾਂ ਨੇ ਧੜੱਲੇਦਾਰ ਸਿਆਸਤ ਵੀ ਪੰਜਾਬ ਵਿੱਚ ਕੀਤੀ ਹੈ, ਪੰਜਾਬ ਦੀ ਸਿਆਸਤ ਪੂਰੇ ਭਾਰਤ 'ਤੇ ਆਪਣਾ ਅਲੱਗ ਪ੍ਰਭਾਵ ਛੱਡਦੀ ਹੈ। ਪੰਜਾਬ 'ਚ ਸਿਆਸਤ ਇਕੱਲੇ ਨੇਤਾਵਾਂ ਨੇ ਹੀ ਨਹੀਂ ਕੀਤੀ ਸਗੋਂ ਪੰਜਾਬ ਦੇ ਵਿੱਚ ਹਰ ਇੱਕ ਆਮ ਬੰਦੇ ਨੇ ਵੀ ਸਿਆਸਤ ਕੀਤੀ ਹੈ। ਜਦੋਂ ਵੀ ਕੋਈ ਸਰਕਾਰ ਆਪਣੇ ਹਿੱਤਾਂ ਤੱਕ ਸੀਮਿਤ ਹੋ ਗਈ ਤਾਂ ਆਮ ਪੰਜਾਬੀਆਂ ਨੇ ਆਪਣੀ ਵੋਟ ਰਾਹੀਂ ਸਿਆਸਤ ਦਾ ਮੂੰਹ ਮੁਹਾਂਦਰਾ ਬਦਲ ਦਿੱਤਾ। ਪੰਜਾਬ ਦੇ ਵਿੱਚ ਸਿਆਸਤ ਪੱਗਾਂ ਦੇ ਰੰਗਾਂ 'ਤੇ ਹੀ ਆਧਾਰਿਤ ਰਹੀ ਹੈ। ਕਦੇ ਨੀਲੀਆਂ, ਕਦੇ ਚਿੱਟੀਆਂ, ਕਦੇ ਕੇਸਰੀ ਤੇ ਹੁਣ ਬਸੰਤੀ ਰੰਗ ਵਾਲੀ ਸਰਕਾਰ ਹੋਂਦ ਦੇ ਵਿੱਚ ਹੈ। ਲਾਰੇ ਤਾਂ ਨੀਲੀਆਂ, ਚਿੱਟੀਆਂ ਤੇ ਕੇਸਰੀ ਪੱਗਾਂ ਵਾਲੇ ਸਿਆਸਤਦਾਨਾਂ ਨੇ ਵੀ ਲੋਕਾਂ ਨੂੰ ਲਾਏ ਸੀ ਪਰ ਆਹ ਭਗਵੰਤ ਮਾਨ ਸਰਕਾਰ ਜਾਗਦਿਆਂ ਨੂੰ ਵੀ ਪੈਂਦ(ਦੌਣ) ਵਾਲੇ ਪਾਸੇ ਪਾ ਦਿੰਦੀ ਹੈ। ਮਾਨ ਸਰਕਾਰ ਆਈ ਤਾਂ ਅਸੀਂ ਕ੍ਰਾਂਤੀ ਲਫ਼ਜ਼ ਸੁਣਿਆ। ਨਹੀਂ ਤਾਂ ਪਹਿਲਾਂ ਹਰੀ ਕ੍ਰਾਂਤੀ, ਚਿੱਟੀ ਕ੍ਰਾਂਤੀ, ਇਹੀ ਕੁਝ ਸੁਣਿਆ ਸੀ। ਇਸ ਸਰਕਾਰ ਨੇ ਕਿਹਾ ਕਿ ਅਸੀਂ ਕ੍ਰਾਂਤੀ ਲਿਆਵਾਂਗੇ। ਅਸੀਂ ਬਦਲਾਓ ਲਿਆਵਾਂਗੇ। ਸਾਨੂੰ ਨਹੀਂ ਸੀ ਪਤਾ ਕਿ ਇਹ ਕ੍ਰਾਂਤੀ ਤੇ ਬਦਲਾਓ ਕਾਂਗਰਸ ਤੇ ਅਕਾਲੀਆਂ ਵਰਗਾ ਹੀ ਹੋਵੇਗਾ। ਇਹ ਕ੍ਰਾਂਤੀ ਇੰਝ ਦੀ ਆਈ ਕਿ ਪੰਜਾਬ ਦੇ ਵਿੱਚ ਕਿਸੇ ਵੀ ਕ੍ਰਾਂਤੀ ਬਾਰੇ ਐਲਾਨ ਕਰਨ ਤੋਂ ਪਹਿਲਾਂ ਕੌਮੀ ਕਨਵੀਨਰ ਕੇਜਰੀਵਾਲ ਭਗਵੰਤ ਮਾਨ ਦੇ ਨਾਲ ਹੁੰਦੇ ਸਨ। ਪਹਿਲੀ ਵਾਰ ਐਹੋ ਜਿਹੀ ਕ੍ਰਾਂਤੀ ਵੇਖੀ ਕਿ ਪੰਜਾਬ ਦੇ ਮੁੱਖ ਮੰਤਰੀ ਦੇ ਦਿੱਲੀ ਪ੍ਰਤੀ ਵੀ ਸਾਹ ਸੁੱਕੇ ਰਹਿੰਦੇ ਹਨ। ਅੱਜਕੱਲ੍ਹ ਕੇਜਰੀਵਾਲ ਦੀ ਜੇਲ੍ਹਬੰਦੀ ਦਾ ਵਿਰੋਧ ਕਰਦਿਆਂ 'ਆਪ' ਪਾਰਟੀ ਵਾਲਿਆਂ ਦੀਆਂ ਰਗਾਂ ਫੁੱਲ ਗਈਆਂ ਨੇ। ਕ੍ਰਾਂਤੀਕਾਰੀ ਪਾਰਟੀ ਦੇ ਪੰਜਾਬ ਦੇ ਮੁੱਖ ਮੰਤਰੀ ਕਹਿੰਦੇ ਨੇ ਕਿ "ਕੇਜਰੀਵਾਲ ਦੀ ਸਿਹਤ ਜੇਲ੍ਹ ਵਿੱਚ ਠੀਕ ਨਹੀਂ, ਫਿਰ ਵੀ ਉਹ ਦੇਸ਼ ਲਈ ਲੜ ਰਹੇ ਨੇ, ਸਲਾਮ ਹੈ ਉਹਨਾਂ ਦੇ ਜਜ਼ਬੇ ਨੂੰ।" ਹੱਦ ਹੈ, ਉਹ ਕਿਹੜਾ ਦੇਸ਼ ਦਾ ਮਸਲਾ ਹੈ ਜਿਹੜਾ ਕੇਜਰੀਵਾਲ ਦਾ ਸ਼ੂਗਰ ਦਿਨੋਂ ਦਿਨ ਵਧਾ ਰਿਹਾ ਹੈ? ਪੁੱਛਣ ਵਾਲੀ ਗੱਲ ਇਹ ਹੈ ਕਿ ਹੁਣ ਲਫ਼ਜ਼ਾਂ 'ਤੇ ਕਬਜ਼ਾ ਵੀ ਤੁਸੀਂ ਕਰੋਗੇ? ਅਖੇ ਸਲਾਮ, ਜਜ਼ਬਾ ਵਗ਼ੈਰਾ ਵਗ਼ੈਰਾ। ਸਲਾਮ ਤਾਂ ਉਹਨਾਂ ਬੰਦੀ ਸਿੰਘਾਂ ਨੂੰ ਬਣਦਾ ਹੈ, ਜਜ਼ਬਾ ਤਾਂ ਉਹਨਾਂ ਬੰਦੀ ਸਿੰਘਾਂ ਦਾ ਹੈ, ਜਿਹੜੇ ਸਜ਼ਾਵਾਂ ਪੂਰੀਆਂ ਕਰਕੇ ਜੇਲ੍ਹਾਂ ਦੇ ਵਿੱਚ ਬੈਠੇ ਨੇ ਤੇ ਤੁਸੀਂ ਕਦੀ ਸੱਚੇ ਦਿਲੋਂ ਹਾਅ ਦਾ ਨਾਰ੍ਹਾ ਵੀ ਨਹੀਂ ਮਾਰਿਆ। ਹੋ ਸਕਦਾ ਹੈ ਕਿ ਇੱਕ ਅੱਧੀ ਵਾਰ ਵੋਟਾਂ ਦੇ ਚੱਕਰ ਵਿੱਚ ਇਹ ਪੰਨਾ ਫ਼ਰੋਲ਼ਿਆ ਹੋਵੇ। ਸਲਾਮ ਤਾਂ ਪੰਜਾਬ ਦੀ ਖਡੂਰ ਸਾਹਿਬ ਦੀ ਸੰਗਤ ਨੂੰ ਵੀ ਬਣਦਾ ਹੈ, ਜਿਹਨਾਂ ਨੇ ਵੋਟਾਂ ਪਾ ਕੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਜਿੱਤ ਦਾ ਤਾਜ ਪਹਿਨਾਇਆ। ਨਾਲੇ ਤੁਸੀਂ ਤਾਂ ਆਪ ਕਹਿੰਦੇ ਹੋ ਕਿ ਅਸੀਂ ਸੰਘਰਸ਼ ਦੇ ਵਿਚੋਂ ਨਿੱਕਲੀ ਪਾਰਟੀ ਹਾਂ। ਫਿਰ ਕੀ ਹੋ ਗਿਆ ਜੇ ਤੁਸੀਂ ਸ਼ਰਾਬ ਮਾਫ਼ੀਆ ਦੇ ਦੋਸ਼ਾਂ ਵਿੱਚ ਸੰਘਰਸ਼ ਕਰ ਰਹੇ ਹੋ, ਸੰਘਰਸ਼ ਕਰਦੀ ਪਾਰਟੀ ਨੂੰ ਜ਼ਾਰੋਜ਼ਾਰ ਰੋਣਾ ਨਹੀਂ ਚਾਹੀਦਾ।



ਹਾਂ ਸੱਚ, ਕ੍ਰਾਂਤੀ ਲਫ਼ਜ਼ ਨੂੰ ਅੱਗੇ ਵਧਾਉਂਦਿਆਂ ਸ਼ਬਦਾਂ 'ਤੇ ਵੀ ਸਿਆਸਤ ਹੋ ਸਕਦੀ ਹੈ, ਇਹ ਅਸੀਂ ਆਮ ਆਦਮੀ ਪਾਰਟੀ ਤੋਂ ਸਿੱਖਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਜੀ ਪੰਜਾਬ ਰਾਜ ਨੂੰ ਵੀ ਇੱਕ ਸਟੇਜ ਹੀ ਸਮਝ ਰਹੇ ਨੇ। ਹਰ ਗੱਲ ਦੇ ਉੱਤੇ ਕ੍ਰਾਂਤੀ ਲਫ਼ਜ਼ ਵਰਤ ਲੈਂਦੇ ਨੇ। ਅਖੇ ਵਿਕਾਸ ਕ੍ਰਾਂਤੀ ਰੈਲੀ ਕਰਾਂਗੇ, ਸਿਹਤ 'ਚ ਕ੍ਰਾਂਤੀ, ਸਕੂਲਾਂ 'ਚ ਕ੍ਰਾਂਤੀ, ਖੇਡਾਂ 'ਚ ਕ੍ਰਾਂਤੀ, ਪੰਜਾਬ 'ਚ ਕ੍ਰਾਂਤੀ, ਉਦਯੋਗਿਕ ਕ੍ਰਾਂਤੀ ਤੇ ਪਤਾ ਨਹੀਂ ਹੋਰ ਕਿਹੜੀ ਕਿਹੜੀ ਕ੍ਰਾਂਤੀ। ਪਰ ਪੰਜਾਬ ਵਾਸੀਆਂ ਨੂੰ ਸਿਰਫ਼ ਆਮ ਆਦਮੀ ਪਾਰਟੀ ਦੇ ਲੀਡਰਾਂ ਵਿੱਚ ਹੀ ਕ੍ਰਾਂਤੀ ਵੇਖਣ ਨੂੰ ਮਿਲੀ। ਸੁੱਖ ਨਾਲ ਸਾਰੇ ਲੀਡਰ ਹੁਣ ਵਿਆਹੇ ਵਰੇ ਗਏ ਨੇ। ਆਮ ਆਦਮੀ ਪਾਰਟੀ ਤੋਂ ਖ਼ਾਸ ਪਾਰਟੀ ਤੱਕ ਬਣਨ ਦੀ ਕ੍ਰਾਂਤੀ। ਬਨਵਾਰੀ ਲਾਲ ਜਾਂਦਾ ਜਾਂਦਾ ਭਗਵੰਤ ਮਾਨ ਨੂੰ ਕਹਿ ਗਿਆ ਕਿ "ਭਾਈ ਤੇਰੇ ਨਾਲ ਮੇਰੀ ਕੋਈ ਰੰਜਿਸ਼ ਨਹੀਂ ਪਰ ਹੈਲੀਕਾਪਟਰ ਦੀ ਜਗ੍ਹਾ 'ਤੇ ਸੜਕ ਦਾ ਸਫ਼ਰ ਕਰਿਆ ਕਰ।" ਇਹ ਹੋਈ ਸਕੂਟਰ ਤੋਂ ਉੱਡਣ ਖਟੋਲੇ ਤੱਕ ਦੀ ਕ੍ਰਾਂਤੀ। ਮਾਈਨਿੰਗ ਦੇ ਵਿੱਚ ਹਿੱਸੇਦਾਰੀਆਂ ਦੀ ਕ੍ਰਾਂਤੀ, ਕੋਠੀਆਂ 'ਤੇ ਕਬਜ਼ਾ ਕਰਨ ਦੀ ਕ੍ਰਾਂਤੀ। ਹਰ ਪਾਸੇ ਲੋਕਾਂ ਨੂੰ ਇਹਨਾਂ ਵਿੱਚ ਆਈ ਕ੍ਰਾਂਤੀ ਵੀ ਦਿਖ ਰਹੀ ਹੈ ਤੇ ਪੰਜਾਬ ਵਿੱਚ ਆਈ ਕ੍ਰਾਂਤੀ ਦਾ ਵੀ ਭੁਲੇਖਾ ਨਹੀਂ ਹੈ। ਪੰਜਾਬ ਸੁਚੱਜੇ ਢੰਗ ਦੇ ਨਾਲ ਰਾਜ ਕਰਨ ਦੀ ਆਗਿਆ ਦਿੰਦਾ ਹੈ, ਕਲਾਕਾਰੀ ਪੰਜਾਬ ਵਾਸੀਆਂ ਨੂੰ ਬਰਦਾਸ਼ਤ ਨਹੀਂ। ਵੀਰ ਭਗਤ ਸਿੰਘ ਦੀ ਬਸੰਤੀ ਰੰਗ ਦੀ ਪੱਗ ਤੋਂ ਲੈ ਕੇ ਉਹਨਾਂ ਦਾ ਲਫ਼ਜ਼ ਕ੍ਰਾਂਤੀ ਦਾ ਏਨਾ ਹੇਰ ਫੇਰ ਕਿਸੇ ਨੇ ਨਹੀਂ ਕੀਤਾ ਜਿੰਨਾ ਭਗਵੰਤ ਮਾਨ ਨੇ ਕੀਤਾ। ਜੇ ਭਗਤ ਸਿੰਘ ਦੇਖਦਾ ਹੁੰਦਾ ਤਾਂ ਉਹ ਵੀ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ ਸੀ। ਉਹ ਸੋਚਦਾ ਕਿ ਮੈਂ ਤਾਂ ਐਂਵੇਂ ਇਨਕਲਾਬ ਦੀਆਂ ਗੱਲਾਂ ਕਰਦਾ ਰਿਹਾ, ਅਸਲ ਕ੍ਰਾਂਤੀ ਤਾਂ ਇੰਝ ਆਉਂਦੀ ਹੈ। ਮੱਥੇ 'ਤੇ ਹੱਥ ਮਾਰਨਾ ਸੀ ਭਗਤ ਸਿੰਘ ਨੇ ਤੇ ਕੋਸਣਾ ਸੀ ਆਪਣੀ ਮੱਤ ਨੂੰ।

ਕੱਲ੍ਹ ਇੱਕ ਖ਼ਬਰ ਪੜ੍ਹੀ ਕਿ ਪੰਜਾਬ ਦੇ 740 ਦੇ ਕਰੀਬ ਸਕੂਲ ਪ੍ਰਿੰਸੀਪਲਾਂ ਤੋਂ ਵਾਂਝੇ ਨੇ। ਤੇ ਅੱਜ ਇੱਕ ਖ਼ਬਰ ਆਈ ਕਿ ਲੁਧਿਆਣੇ ਦੇ ਸਕੂਲੀ ਬੱਚਿਆਂ ਦੀ ਸਿਹਤ ਦਾਅ 'ਤੇ ਲੱਗੀ ਹੋਈ ਹੈ ਤੇ ਪੀਣ ਵਾਲੇ ਪਾਣੀ ਦੀ ਜਾਂਚ ਵਿੱਚ 81 ਸਕੂਲਾਂ ਦੇ ਸੈਂਪਲ ਫੇਲ੍ਹ ਹੋ ਗਏ ਨੇ। ਬਠਿੰਡੇ ਦੇ ਇੱਕ ਸਰਕਾਰੀ ਸਕੂਲ ਵਿੱਚ ਦੋ ਵਿਦਿਆਰਥੀ ਅਤੇ ਇੱਕ ਟੀਚਰ ਹਨ। ਮੁੱਖ ਮੰਤਰੀ ਸਾਹਿਬ ਦੀ ਮੰਨੀਏ ਕਿ ਆਹ ਖ਼ਬਰਾਂ ਵਾਲਿਆਂ ਦੀ? ਕਿਉਂਕਿ ਸਾਡੀ ਤਾਂ ਸਿੱਖਿਆ ਵਿੱਚ ਕ੍ਰਾਂਤੀ ਕਦੋਂ ਦੀ ਆ ਗਈ ਹੈ। ਤੁਹਾਨੂੰ ਯਾਦ ਹੋਣੈ ਸਿੱਖਿਆ ਵਿੱਚ ਕ੍ਰਾਂਤੀ ਉਦੋਂ ਆਈ ਸੀ ਜਦੋਂ ਸਕੂਲਾਂ ਦੇ ਰੰਗ ਬਦਲ ਕੇ ਮਾਨ ਸਰਕਾਰ ਨੇ ਆਪਣਾ ਠੱਪਾ ਲਗਾਇਆ ਸੀ। ਵੱਡੀ ਕ੍ਰਾਂਤੀ ਉਦੋਂ ਆਈ ਸੀ ਜਦੋਂ ਮੁੱਖ ਮੰਤਰੀ ਨੇ ਸਿੰਗਾਪੁਰ ਵਿੱਚ ਟਰੇਨਿੰਗ ਲੈਣ ਦੇ ਲਈ ਪ੍ਰਿੰਸੀਪਲ ਝੰਡੀ ਦੇ ਕੇ ਜਹਾਜ਼ 'ਤੇ ਚੜ੍ਹਾਏ ਸੀ। ਜੇ 740 ਦੇ ਕਰੀਬ ਸਕੂਲ ਪ੍ਰਿੰਸੀਪਲਾਂ ਤੋਂ ਵਾਂਝੇ ਨੇ ਤਾਂ ਸਿੰਗਾਪੁਰ ਵਾਲੇ ਕਿੱਥੇ ਗਏ?

ਲੰਘੇ ਦਿਨਾਂ 'ਚ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ 1.75 ਕਰੋੜ ਲੋਕ ਸਰਕਾਰੀ ਸਿਹਤ ਸੇਵਾਵਾਂ ਦਾ ਲਾਭ ਲੈ ਰਹੇ ਨੇ। ਭਾਵ ਸਿਹਤ ਕ੍ਰਾਂਤੀ ਹੀ ਹੋਈ। ਭਗਵੰਤ ਮਾਨ ਕਹਿੰਦੇ ਕਿ ਸਿਹਤ ਸੇਵਾਵਾਂ ਦੀ ਗ੍ਰਾਂਟ ਕੇਂਦਰ 1000 ਕਰੋੜ ਦੇ ਕਰੀਬ ਨਹੀਂ ਦੇ ਰਿਹਾ ਪਰ ਅਸੀਂ ਆਪਣੇ ਬਲਬੂਤੇ 'ਤੇ ਕਰ ਰਹੇ ਹਾਂ। ਭਲੇਮਾਣਸੋ ਆਪਣੇ ਲਫ਼ਜ਼ਾਂ ਨੂੰ, ਆਪਣੇ ਬਿਆਨਾਂ ਨੂੰ ਲਿਸ਼ਕਾਉਣ ਦੇ ਲਈ ਤਿੰਨ ਕਰੋੜ ਤੋਂ ਉੱਪਰ ਆਬਾਦੀ ਵਿੱਚੋਂ 1.75 ਨੂੰ ਸਿੱਧਾ ਹੀ ਬਿਮਾਰ ਠਹਿਰਾਅ ਦਿੱਤਾ। ਇਹ ਹੁੰਦੀ ਹੈ ਲਫ਼ਜ਼ਾਂ ਦੀ ਕ੍ਰਾਂਤੀ। ਜੇ ਸਰਕਾਰ ਹੀ ਏਨਾ ਕੁਝ ਕਰ ਰਹੀ ਹੈ ਫਿਰ ਤਾਂ ਪ੍ਰਾਈਵੇਟ ਹਸਪਤਾਲ ਖਾਲੀ ਹੋਣੇ ਚਾਹੀਦੇ ਨੇ ਪਰ ਪ੍ਰਾਈਵੇਟ ਹਸਪਤਾਲਾਂ ਦੇ ਕਾਲੇ ਕਾਰੋਬਾਰ ਵਿੱਚ ਦਿਨੋਂ ਦਿਨ ਲੋਕਾਂ ਨੂੰ ਲੁੱਟਣ ਵਾਲੀ ਕ੍ਰਾਂਤੀ ਆ ਰਹੀ ਹੈ।

ਲੰਘੇ ਦਿਨਾਂ ਦੇ ਵਿੱਚ ਮਾਨ ਸਾਹਿਬ ਦਾ ਬਿਆਨ ਸੀ ਕਿ ਨਸ਼ਾ ਰੋਕ ਰਹੇ ਹਾਂ, ਵੱਡੇ ਸਮੱਗਲਰ ਫੜ ਕੇ ਜੇਲ੍ਹਾਂ ਵਿੱਚ ਸੁੱਟ ਰਹੇ ਹਾਂ, ਸਜ਼ਾਵਾਂ ਦੇ ਰਹੇ ਹਾਂ। ਕਿਹੜੇ ਵੱਡੇ ਸਮੱਗਲਰ ਫੜੇ? ਕਿੰਨਾ ਨੂੰ ਸਜ਼ਾ ਮਿਲੀ? ਕਿਸੇ ਨੂੰ ਕੁਝ ਪਤਾ ਨਹੀਂ। ਇਹ ਹੁੰਦੀ ਹੈ ਲਫ਼ਜਾਂ ਦੀ ਖੇਡ। ਕਿਸੇ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਸੀ ਕਿ ਰੋਜ਼ ਕੋਤਰ ਸੌ ਝੂਠ ਬੋਲੇ ਬਿਨਾ ਆਮ ਆਦਮੀ ਪਾਰਟੀ ਨੂੰ ਸਾਹ ਨਹੀਂ ਆਉਂਦਾ, ਵੈਸੇ ਅਸੀਂ ਇਸ ਗੱਲ ਦੇ ਨਾਲ ਸਹਿਮਤ ਨਹੀਂ, ਅਸੀਂ ਆਪਣੇ ਮੁੱਖ ਮੰਤਰੀ ਦੀ ਦਿਲੋਂ ਇੱਜ਼ਤ ਕਰਦੇ ਹਾਂ। 1191 ਇੰਟੈਲੀਜੈਂਸ ਤੇ ਇਨਵੈਸਟੀਗੇਸ਼ਨ ਕਾਂਸਟੇਬਲਾਂ ਦੀ ਭਰਤੀ ਪ੍ਰਕ੍ਰਿਆ 2021 ਵਿੱਚ ਸ਼ੁਰੂ ਕੀਤੀ ਗਈ ਸੀ, ਪੇਪਰ ਰੱਦ ਹੋਇਆ। 2022 ਵਿੱਚ ਮਾਨ ਸਰਕਾਰ ਨੇ ਫੇਰ ਪੇਪਰ ਲਿਆ, ਫਿਜ਼ੀਕਲ ਹੋਇਆ, ਪਰ ਜੁਆਨਿੰਗ ਲਿਸਟ ਦੇ ਉੱਤੇ ਕ੍ਰਾਂਤੀ ਲਿਖਣਾ ਅਜੇ ਬਾਕੀ ਹੈ। ਹਾਂ ਸੱਚ, ਕੱਲ੍ਹ ਇੱਕ ਹੋਰ ਕ੍ਰਾਂਤੀ ਹੋਈ, ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰਹਿਤ ਜੀ ਵਿਦਾ ਹੋ ਗਏ ਨੇ। ਉਹਨਾਂ ਦੀ ਜਗ੍ਹਾ 'ਤੇ ਗੁਲਾਬ ਚੰਦ ਕਟਾਰੀਆ ਜੀ ਆਏ ਨੇ। ਕ੍ਰਾਂਤੀ ਤਾਂ ਕਿਹਾ ਕਿਉਂਕਿ ਬਨਵਾਰੀ ਲਾਲ ਜੀ ਨੂੰ ਵਿਦਾ ਕਰਨ ਲਈ ਭਗਵੰਤ ਮਾਨ ਨਹੀਂ ਪਹੁੰਚੇ ਪਰ ਗੁਲਾਬ ਚੰਦ ਕਟਾਰੀਆਂ ਨੂੰ ਗੁਲਾਬ ਵਾਂਗ ਖਿੜਕੇ ਜੱਫੀ ਪਾਈ। ਗੱਲਾਂ ਤਾਂ ਹੋਰ ਬਥੇਰੀਆਂ ਨੇ ਪਰ ਮੁੱਕਦੀ ਗੱਲ ਕ੍ਰਾਂਤੀ ਲਫ਼ਜ਼ ਆਮ ਆਦਮੀ ਪਾਰਟੀ ਨੇ ਇਸ ਤਰ੍ਹਾਂ ਵਰਤਿਆ ਜਿਵੇਂ ਸਬਜ਼ੀ ਦੇ ਵਿੱਚ ਆਲੂ।

# ਵਿਸ਼ਵ ਰਾਜਨੀਤੀ ਵਿੱਚ ਛਾਈਆਂ ਭਾਰਤੀ ਮੂਲ ਦੀਆਂ 6 ਔਰਤਾਂ








ਭਾਰਤੀ ਮੂਲ ਦੀਆਂ ਔਰਤਾਂ ਅੰਤਰਰਾਸ਼ਟਰੀ ਰਾਜਨੀਤੀ ਦਾ ਵੱਡਾ ਹਿੱਸਾ ਬਣੀਆਂ ਹੋਈਆਂ ਹਨ। ਊਸ਼ਾ ਵੈਂਸ ਤੋਂ ਲੈ ਕੇ ਕਮਲਾ ਹੈਰਿਸ ਤੱਕ 6 ਔਰਤਾਂ ਹਨ, ਜੋ ਵਿਸ਼ਵ ਰਾਜਨੀਤੀ ਨੂੰ ਇੱਕ ਨਵਾਂ ਆਕਾਰ ਦੇ ਰਹੀਆਂ ਹਨ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਿਕ 2013 ਵਿੱਚ ਸੰਯੁਕਤ ਰਾਜ ਦੇ ਪ੍ਰਤੀਨਿਧੀ ਸਭਾ ਵਿੱਚ ਇੱਕ ਭਾਰਤੀ ਅਮਰੀਕੀ ਮੈਂਬਰ ਸੀ। 2023 ਤੱਕ ਅਮਰੀਕੀ ਰਾਜ ਵਿਧਾਨ ਸਭਾ ਵਿੱਚ ਘੱਟੋ ਘੱਟ 50 ਭਾਰਤੀ ਮੂਲ ਦੇ ਨੁਮਾਇੰਦਿਆਂ ਦੇ ਨਾਲ ਇਹ ਵੱਡੀ ਗਿਣਤੀ ਬਣ ਗਈ। ਇਹਨਾਂ ਵਿਚੋਂ ਸਾਡਾ ਧਿਆਨ ਨਾ ਸਿਰਫ਼ ਅਮਰੀਕੀ ਰਾਜਨੀਤੀ ਵਿੱਚ ਸਗੋਂ ਸਾਰੀਆਂ ਸਰਹੱਦਾਂ ਦੇ ਪਾਰ ਭਾਰਤੀ ਮੂਲ ਦੀਆਂ ਮਹਿਲਾ ਸਿਆਸਤਦਾਨਾਂ 'ਤੇ ਹੈ।

**ਊਸ਼ਾ ਚਿਲੁਕੁਰੀ ਵੈਂਸ** : ਜੇ. ਡੀ. ਵੈਂਸ ਊਸ਼ਾ ਦਾ ਪਤੀ ਹੈ, ਜੇ ਟਰੰਪ ਰਾਸ਼ਟਰਪਤੀ ਦੀ ਚੋਣ ਜਿੱਤ ਜਾਂਦਾ ਹੈ ਤਾਂ ਜੇ. ਡੀ. ਵੈਂਸ ਉਪ ਰਾਸ਼ਟਰਪਤੀ ਹੋਵੇਗਾ ਪਰ ਉਪ ਰਾਸ਼ਟਰਪਤੀ ਉਮੀਦਵਾਰ ਨਾਲੋਂ ਜਿਆਦਾ ਦਿਲਚਸਪ ਉਸ ਦੀ ਭਾਰਤੀ ਮੂਲ ਦੀ ਪਤਨੀ ਊਸ਼ਾ ਚਿਲੁਕੁਰੀ ਹੈ। ਇਹ ਭਾਰਤੀ ਤੇਲਗੂ ਬੋਲਣ ਵਾਲੇ ਪਰਵਾਸੀਆਂ ਦੀ ਧੀ ਹੈ। ਉਸ ਨੇ ਯੇਲ ਯੂਨੀਵਰਸਿਟੀ ਤੋਂ ਇਤਿਹਾਸ ਅਤੇ ਕੈਂਬਰਿਜ਼ ਯੂਨੀਵਰਸਿਟੀ ਤੋਂ ਫਿਲਾਸਫ਼ੀ ਵਿੱਚ ਮਾਸਟਰੀ ਕੀਤੀ ਹੈ। ਉਸ ਦੇ ਪਤੀ ਦੀ ਰਾਜਨੀਤਿਕ ਸਫਲਤਾ ਵਿੱਚ ਉਸ ਦਾ ਮਹੱਤਵਪੂਰਨ ਯੋਗਦਾਨ ਮੰਨਿਆ ਜਾਂਦਾ ਹੈ। ਇਸ ਸਮੇਂ ਕਮਲਾ ਹੈਰਿਸ ਤੇ ਊਸ਼ਾ ਵਿਚਲੀ ਰਾਜਨੀਤਿਕ ਜੰਗ ਚਰਚਾ ਵਿੱਚ ਹੈ।

**ਕਮਲਾ ਹੈਰਿਸ** : ਜਨਵਰੀ 2021 ਦੇ ਵਿੱਚ ਉਸ ਨੇ ਸੰਯੁਕਤ ਰਾਜ ਦੇ ਉਪ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਸੀ। ਹੈਰਿਸ ਇਸ ਅਹੁਦੇ ਲਈ ਚੁਣੀ ਜਾਣ ਵਾਲੀ ਪਹਿਲੀ ਔਰਤ ਸੀ। ਉਸ ਨੇ ਪਹਿਲਾਂ ਸਾਨਫਰਾਂਸਿਸਕੋ ਲਈ ਜ਼ਿਲ੍ਹਾ ਅਟਾਰਨੀ ਦੇ ਨਾਲ ਨਾਲ ਕੈਲੀਫ਼ੋਰਨੀਆਂ ਰਾਜ ਦੇ ਅਟਾਰਨੀ ਜਨਰਲ ਵਜੋਂ ਕੰਮ ਕੀਤਾ ਤੇ ਹੁਣ ਬਾਈਡੇਨ ਦੇ ਚੋਣ ਮੈਦਾਨ ਵਿਚੋਂ ਬਾਹਰ ਹੋਣ ਤੋਂ ਬਾਅਦ ਅਮਰੀਕਾ ਦੀ ਰਾਸ਼ਟਰਪਤੀ ਚੋਣ ਦੇ ਉਮੀਦਵਾਰ ਵਜੋਂ ਚਰਚਾ ਦੇ ਵਿੱਚ ਹੈ।

**ਸ਼ਿਵਾਨੀ ਰਾਜਾ** : ਭਾਰਤੀ ਮੂਲ ਦੀ 29 ਸਾਲਾ ਸ਼ਿਵਾਨੀ ਰਾਜਾ ਨੇ 37 ਸਾਲਾਂ ਦੇ ਵਿੱਚ ਬ੍ਰਿਟੇਨ ਦੀ ਸੰਸਦ ਵਿੱਚ ਲੈਸਟਰ ਈਸਟ ਸੀਟ ਜਿੱਤਣ ਵਾਲੀ ਪਹਿਲੀ ਟੋਰੀ ਐਮ. ਪੀ. ਵਜੋਂ ਇਤਿਹਾਸ ਰਚਿਆ। ਸ਼ਿਵਾਨੀ ਨੇ ਹਾਲ ਹੀ ਵਿੱਚ ਯੂ. ਕੇ. ਦੀ ਸੰਸਦ ਵਿੱਚ ਪਵਿੱਤਰ ਭਗਵਤ ਗੀਤਾ 'ਤੇ ਆਪਣੀ ਵਫ਼ਾਦਾਰੀ ਦੀ ਸਹੁੰ ਚੁੱਕੀ। ਗੁਜਰਾਜ ਦੇ ਰਾਜਕੋਟ ਦੇ ਭਾਰਤੀ ਮਾਪਿਆਂ ਦੇ ਘਰ ਇਸ ਨੇ ਜਨਮ ਲਿਆ। ਇਸ ਨੇ ਮੌਂਟਫੋਰਟ ਯੂਨੀਵਰਸਿਟੀ ਤੋਂ ਫਾਰਮਾਸਿਊਟੀਕਲ ਅਤੇ ਕਾਸਮੈਟਿਕਸ ਸਾਈਂਸ ਵਿੱਚ ਡਿਗਰੀ ਕੀਤੀ ਹੈ।

**ਨਿੱਕੀ ਹੇਲੀ** : ਨਿੱਕੀ ਹੇਲੀ ਦਾ ਨਾਮ ਨਿਮਰਤਾ ਕੌਰ ਰੰਧਾਵਾ ਹੈ। ਜਨਮ ਪੰਜਾਬ ਦੇ ਵਿੱਚ ਹੋਇਆ। ਉਸ ਨੇ ਕਲੈਂਮਸਨ ਯੂਨੀਵਰਸਿਟੀ ਤੋਂ ਆਪਣੀ ਡਿਗਰੀ ਕੀਤੀ ਹੈ ਤੇ ਰਿਪਬਲਿਕਨ ਬੈਨਰ ਹੇਠ ਦੱਖਣੀ ਕੈਰੋਲੀਨਾ ਦੀ ਗਵਰਨਸ਼ਿਪ ਸੰਭਾਲਨ ਵਾਲੀ ਪਹਿਲੀ ਔਰਤ ਦੇ ਨਾਲ ਨਾਲ ਨਸਲੀ ਘੱਟਗਿਣਤੀ ਦੀ ਪਹਿਲੀ ਔਰਤ ਬਣੀ ਹੋਈ ਹੈ। ਉਹ 2018 ਦੇ ਵਿੱਚ ਅਸਤੀਫ਼ਾ ਦੇਣ ਤੋਂ ਪਹਿਲਾਂ ਆਪਣੀ ਉਮੀਦਵਾਰੀ ਦੌਰਾਨ ਸੰਯੁਕਤ ਰਾਸ਼ਟਰ ਵਿੱਚ ਟਰੰਪ ਦੀ ਅਮਰੀਕੀ ਰਾਜਦੂਤ ਵੀ ਸੀ। ਇਸ ਤੋਂ ਬਾਅਦ 2024 ਰਿਪਬਲਿੰਕਨ ਰਾਸ਼ਟਰਪਤੀ ਦੀ ਦੌੜ ਦੇ ਵਿੱਚ ਟਰੰਪ ਕੋਲੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

**ਪ੍ਰਿਅੰਕਾ ਰਾਧਾਕ੍ਰਿਸ਼ਨਨ** : ਨਿਊਜ਼ੀਲੈਂਡ ਦੀ ਪਹਿਲੀ ਭਾਰਤੀ ਮੂਲ ਦੀ ਮੰਤਰੀ ਪ੍ਰਿਅੰਕਾ ਰਾਧਾਕ੍ਰਿਸ਼ਨਨ ਦਾ ਜਨਮ ਭਾਰਤ ਵਿੱਚ ਉਤਰੀ ਪਰਾਵੂਰ ਦੇ ਵਿੱਚ ਹੋਇਆ। ਉਹ ਸਿੰਗਾਪੁਰ ਸਕੂਲ ਦੇ ਵਿੱਚ ਪੜ੍ਹੀ। ਉਚ ਸਿੱਖਿਆ ਦੇ ਲਈ ਉਹ ਨਿਊਜ਼ੀਲੈਂਡ ਗਈ। ਸਾਲ 2006 ਦੇ ਵਿੱਚ ਰਾਧਾਕ੍ਰਿਸ਼ਨਨ ਨਿਊਜੀਲੈਂਡ ਵਿੱਚ ਲੇਬਰ ਪਾਰਟੀ ਵਿੱਚ ਸ਼ਾਮਲ ਹੋ ਗਈ। 2020 ਤੋਂ 2023 ਤਕ ਕਮਿਊਨਿਟੀ ਤੇ ਵਲੰਟਰੀਅਨ ਸੈਕਟਰ ਲਈ ਮੰਤਰੀ ਵਜੋਂ ਆਰਡਰਨ ਦੀ ਉਮੀਦਵਾਰੀ ਦੇ ਤਹਿਤ ਇੱਕ ਐਮ. ਪੀ. ਬਣ ਗਈ। ਇਸ ਸਮੇਂ ਉਹ ਨਿਊਜ਼ੀਲੈਂਡ ਵਿੱਚ ਸੰਸਦ ਮੈਂਬਰ ਵਜੋਂ ਕੰਮ ਕਰ ਰਹੀ ਹੈ।

**ਅਨੀਤਾ ਆਨੰਦ** : ਤਮਿਲਨਾਡੂ ਤੇ ਪੰਜਾਬ ਤੋਂ ਭਾਰਤੀ ਮਾਪਿਆਂ ਦੇ ਘਰ ਜਨਮੀ ਅਨੀਤਾ ਆਨੰਦ ਇੱਕ ਕੈਨੇਡੀਅਨ ਵਕੀਲ ਤੇ ਸਿਆਸਤਦਾਨ ਹੈ। ਜਸਟਿਨ ਟਰੂਡੋ ਦੀ ਸਿਫਾਰਿਸ 'ਤੇ ਜੁਲਾਈ 2023 ਤੋਂ ਕੈਨੇਡੀਅਨ ਖ਼ਜ਼ਾਨਾ ਬੋਰਡ ਦੇ ਪ੍ਰਧਾਨ ਵਜੋਂ ਸੇਵਾ ਨਿਭਾਅ ਰਹੀ ਹੈ। ਵੈਚਲਰ ਆਫ ਆਰਟਸ ਤੋਂ ਲੈ ਕੇ ਇੱਕ ਮਾਸਟਰਜ ਆਫ ਲਾਅਜ ਤਕ ਉਸ ਦੇ ਨਾਮ ਦੀਆਂ ਚਾਰ ਡਿਗਰੀਆਂ ਦੇ ਨਾਲ ਆਨੰਦ ਨੇ ਯੇਲ, ਟਵੀਨਸ ਯੂਨੀਵਰਸਿਟੀ ਤੇ ਪੱਛਮੀ ਯੂਨੀਵਰਸਿਟੀ ਵਿੱਚ ਅਕਾਦਮਿਕ ਅਹੁਦਿਆਂ 'ਤੇ ਵੀ ਕੰਮ ਕੀਤਾ ਹੈ। ਇਸ ਤੋਂ ਪਹਿਲਾਂ 2021 ਦੇ ਵਿੱਚ ਰਿਡੀਊ ਹਾਲ ਦੇ ਵਿੱਚ ਰਾਸ਼ਟਰੀ ਰੱਖਿਆ ਮੰਤਰੀ ਵਜੋਂ ਸਹੁੰ ਚੁੱਕੀ ਸੀ।

ਇਹ 6 ਭਾਰਤੀ ਮੂਲ ਦੀਆਂ ਔਰਤਾਂ ਵਿਸ਼ਵ ਰਾਜਨੀਤੀ ਵਿੱਚ ਆਪਣਾ ਵੱਖਰਾ ਮੁਕਾਮ ਸਿਰਜ ਰਹੀਆਂ ਨੇ। ਬੇਗਾਨੀ ਧਰਤੀ 'ਤੇ ਜਾ ਕੇ ਆਪਣੇ ਨਾਮ ਨੂੰ ਵਿਦੇਸ਼ੀ ਸਫ਼ਾਂ ਦੇ ਵਿੱਚ ਬੁਲੰਦ ਕਰਨ ਪਿੱਛੇ ਮਿਹਨਤ, ਲਗਨ, ਇਮਾਨਦਾਰੀ ਝਲਕਦੀ ਹੈ।

# ਕਮਲਾ ਹੈਰਿਸ ਦੀ ਪ੍ਰਸਿੱਧੀ ਦਾ ਗਰਾਫ਼ ਤੇਜ਼ੀ ਨਾਲ ਉੱਪਰ ਵੱਲ ਨੂੰ ਚੜ੍ਹਿਆ

## ਇੱਕ ਤਾਜ਼ਾ ਸਰਵੇ ਅਨੁਸਾਰ ਕਮਲਾ ਬਣ ਸਕਦੀ ਹੈ ਟਰੰਪ ਲਈ ਖ਼ਤਰਾ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਚੋਣ ਮੈਦਾਨ ਛੱਡ ਗਏ ਜੋ ਬਾਈਡਨ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਨਾਮਜ਼ਦ ਕਰਨ ਤੋਂ ਬਾਅਦ ਅਮਰੀਕਾ ਵਿੱਚ ਰਾਜਸੀ ਦ੍ਰਿਸ਼ ਤੇਜੀ ਨਾਲ ਬਦਲਦਾ ਨਜ਼ਰ ਆ ਰਿਹਾ ਹੈ। ਕਮਲਾ ਹੈਰਿਸ ਦੀ ਪ੍ਰਸਿੱਧੀ ਦਾ ਗਰਾਫ਼ ਉਪਰ ਚੜ ਰਿਹਾ ਹੈ ਤੇ ਇੱਕ ਤਾਜ਼ਾ ਸਰਵੇ ਵਿੱਚ ਕਿਹਾ ਗਿਆ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਲਈ ਕਮਲਾ ਹੈਰਿਸ ਮੁਸ਼ਕਿਲਾਂ ਖੜੀਆਂ ਕਰ ਸਕਦੀ ਹੈ। ਜੋ ਬਾਈਡਨ ਨਾਲ ਬਹਿਸ ਉਪਰੰਤ ਵਿਸ਼ਵਾਸ਼ ਕੀਤਾ ਜਾ ਰਿਹਾ ਸੀ ਕਿ ਟਰੰਪ ਜਿੱਤ ਜਾਣ ਦੀ ਸਥਿਤੀ ਵਿੱਚ ਹਨ ਪਰੰਤੂ ਤੇਜੀ ਨਾਲ ਬਦਲਦੇ ਰਾਜਸੀ ਹਾਲਾਤ ਦੇ ਮੱਦੇਨਜਰ ਹੁਣ ਉਨਾਂ ਦੀ ਸਥਿਤੀ ਪਹਿਲਾਂ ਵਾਲੀ ਨਹੀਂ ਰਹੀ। ਰਾਈਟਰਜ-ਇਪਸੋਸ ਦੇ ਤਾਜ਼ਾ ਸਰਵੇਖਣ ਜੋ 22 ਜੁਲਾਈ




ਤੇ 23 ਜੁਲਾਈ ਨੂੰ ਕੀਤਾ ਗਿਆ, ਅਨੁਸਾਰ ਹੈਰਿਸ ਰਜਿਸਟਰਡ ਵੋਟਰਾਂ ਦੇ 44% ਸਮਰਥਨ ਨਾਲ ਟਰੰਪ ਤੋਂ ਅੱਗੇ ਹੈ। ਟਰੰਪ ਨੂੰ 42% ਵੋਟਰਾਂ ਦਾ ਸਮਰਥਨ ਮਿਲਿਆ ਹੈ। 5% ਵੋਟਰਾਂ ਨੇ ਕਿਹਾ ਹੈ ਕਿ ਉਹ ਕਿਸੇ ਹੋਰ ਉਮੀਦਵਾਰ ਨੂੰ ਵੋਟ ਪਾਉਣਗੇ। 4% ਵੋਟਰ ਕਿਸੇ ਵੀ ਉਮੀਦਵਾਰ ਨੂੰ ਵੋਟ ਨਾ ਪਾਉਣ ਦੇ ਹੱਕ ਵਿੱਚ ਹਨ ਜਦ ਕਿ 5% ਨੇ ਕਿਹਾ ਹੈ ਕਿ ਉਹ ਕੁਝ ਨਹੀਂ ਕਹਿ ਸਕਦੇ। ਇਸ ਸਰਵੇ ਵਿੱਚ 3% ਗਲਤੀ ਦੀ ਸੰਭਾਵਨਾ ਰਖੀ ਗਈ ਹੈ। ਇਸ ਸਰਵੇ ਦੀਆਂ ਲੱਭਤਾਂ ਅਨੁਸਾਰ ਹੈਰਿਸ ਤੇਜੀ ਨਾਲ ਸਾਬਤ ਕਦਮਾਂ ਨਾਲ ਅੱਗੇ ਵਧ ਰਹੀ ਹੈ। ਇਸ ਤੋਂ

ਪਹਿਲਾਂ ਜੁਲਾਈ ਵਿੱਚ ਹੀ ਕੀਤੇ ਇੱਕ ਸਰਵੇ ਵਿੱਚ ਹੈਰਿਸ ਤੇ ਟਰੰਪ ਨੂੰ ਬਰਾਬਰ 44% ਵੋਟਰਾਂ ਨੇ ਸਮਰਥਨ ਦਿੱਤਾ ਸੀ ਜਦ ਕਿ ਜੂਨ ਵਿੱਚ ਕੀਤੇ ਸਰਵੇ ਵਿੱਚ ਟਰੰਪ ਨੂੰ 1% ਵੋਟਾਂ ਦੀ ਬੜਤ ਹਾਸਲ ਸੀ। ਇਸੇ ਦੌਰਾਨ ਵੱਖ ਵੱਖ ਸੂਤਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕਮਲਾ ਹੈਰਿਸ ਨੇ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਲਈ ਲੋੜੀਂਦੇ ਡੈਲੀਗੇਟਾਂ ਦਾ ਸਮਰਥਨ ਪ੍ਰਾਪਤ ਕਰ ਲਿਆ ਹੈ ਤੇ ਉਸ ਨੂੰ ਅਗਲੇ ਮਹੀਨੇ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਐਲਾਨ ਦਿੱਤਾ ਜਾਵੇਗਾ। ਡੈਲੀਗੇਟਾਂ ਬਾਰੇ ਏ ਪੀ ਵੱਲੋਂ ਕੀਤੇ ਇੱਕ ਸਰਵੇ ਵਿੱਚ ਕਿਹਾ ਗਿਆ ਹੈ ਕਿ ਹੈਰਿਸ ਨੂੰ 2538 ਡੈਲੀਗੇਟਾਂ ਦਾ ਸਮਰਥਨ ਹਾਸਲ ਹੈ ਜਦ ਕਿ ਉਸ ਨੂੰ ਪਾਰਟੀ ਉਮੀਦਵਾਰ ਬਣਨ ਲਈ 1976 ਡੈਲੀਗੇਟਾਂ ਦੀ ਲੋੜ ਹੈ। ਡੈਮੋਕਰੈਟਿਕ ਨੈਸ਼ਨਲ ਕਮੇਟੀ ਦੇ ਚੇਅਰਮੈਨ ਜੈਮ ਹੈਰੀਸਨ ਨੇ ਕਿਹਾ ਹੈ ਕਿ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਦਾ ਐਲਾਨ 7 ਅਗਸਤ ਤੱਕ ਕਰ ਦਿੱਤਾ ਜਾਵੇਗਾ।

## ਮੇਰਾ ਪ੍ਰਚਾਰ ਲੋਕ ਖ਼ੁਦ ਹੀ ਕਰ ਰਹੇ ਨੇ: ਕਮਲਾ ਹੈਰਿਸ

**ਟਰੰਪ ਦੇ ਅਰਬਪਤੀਆਂ ਅਤੇ ਵੱਡੇ ਕਾਰੋਬਾਰੀਆਂ 'ਤੇ ਨਿਰਭਰ ਹੋਣ ਦਾ ਕੀਤਾ ਦਾਅਵਾ**

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਆਪਣੀ ਪਹਿਲੀ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਲਡ ਟਰੰਪ ਅਰਬਪਤੀਆਂ ਅਤੇ ਵੱਡੇ ਕਾਰੋਬਾਰੀਆਂ ਦੀ ਹਮਾਇਤ 'ਤੇ ਨਿਰਭਰ ਹਨ ਜਦਕਿ ਉਨ੍ਹਾਂ ਦਾ ਪ੍ਰਚਾਰ ਲੋਕ ਆਪਣੇ ਆਪ ਕਰ ਰਹੇ ਹਨ। ਕਮਲਾ ਹੈਰਿਸ ਨੇ ਮਿਲਵਾਕੀ 'ਚ ਕਿਹਾ ਕਿ ਟਰੰਪ ਨੇ ਕੁਝ ਮਹੀਨੇ ਪਹਿਲਾਂ ਵੱਡੀਆਂ ਤੇਲ ਕੰਪਨੀਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਦਾਨ 'ਚ ਇੱਕ ਅਰਬ ਡਾਲਰ ਲਈ ਉਨ੍ਹਾਂ ਦੀ ਬੋਲੀ ਲਗਾਉਣਗੇ।

ਉਨ੍ਹਾਂ ਆਪਣਾ ਪ੍ਰਚਾਰ ਲੋਕਾਂ ਦੀ ਤਾਕਤ 'ਤੇ ਆਧਾਰਿਤ ਹੋਣ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ, "ਦੇਸ਼ ਦਾ ਅਜਿਹਾ ਭਵਿੱਖ ਹੋਵੇਗਾ ਜਿਥੇ ਕਿਸੇ ਬੱਚੇ ਨੂੰ ਗਰੀਬੀ ਨਹੀਂ ਦੇਖਣੀ ਪਵੇਗੀ। ਜਿਥੇ ਹਰੇਕ ਕਾਮੇ ਨੂੰ ਯੂਨੀਅਨ 'ਚ ਸ਼ਾਮਲ ਹੋਣ ਦੀ ਖੁੱਲ੍ਹ ਹੋਵੇਗੀ ਅਤੇ ਹਰੇਕ ਵਿਅਕਤੀ ਨੂੰ ਢੁੱਕਵਾਂ ਇਲਾਜ ਮਿਲੇਗਾ। ਅਸੀਂ ਅਜਿਹਾ ਭਵਿੱਖ ਲੋਚਦੇ ਹਾਂ ਜਿਥੇ ਹਰੇਕ ਸੀਨੀਅਰ ਪੂਰੀ ਇੱਜ਼ਤ ਨਾਲ ਸੇਵਾਮੁਕਤ ਹੋ ਸਕੇ।" ਉਨ੍ਹਾਂ ਕਿਹਾ ਕਿ ਜਦੋਂ ਮੱਧ ਵਰਗ ਮਜ਼ਬੂਤ ਹੋਵੇਗਾ ਤਾਂ ਅਮਰੀਕਾ ਵੀ ਮਜ਼ਬੂਤ ਹੋਵੇਗਾ। ਹੈਰਿਸ ਨੇ ਦੋਸ਼ ਲਾਇਆ ਕਿ ਟਰੰਪ ਦੇਸ਼ ਨੂੰ ਪਿਛਾਂਹ ਲਿਜਾਉਣਾ ਚਾਹੁੰਦੇ ਹਨ।

## ਬਾਇਡੇਨ ਦੀ ਚੋਣ ਮੁਹਿੰਮ ਦੇ ਫੰਡ ਹੈਰਿਸ ਲਈ ਤਬਦੀਲ ਕਰਨ ਖ਼ਿਲਾਫ਼ ਸ਼ਿਕਾਇਤ



ਵਾਸ਼ਿੰਗਟਨ/ਏ.ਟੀ.ਨਿਊਜ਼ : ਟਰੰਪ ਦੇ ਪ੍ਰਚਾਰ ਦਲ ਨੇ ਸੰਘੀ ਚੋਣ ਕਮਿਸ਼ਨ ਕੋਲ ਇੱਕ ਸ਼ਿਕਾਇਤ ਦਾਇਰ ਕਰ ਕੇ ਦਲੀਲ ਦਿੱਤੀ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦੀ 2024 ਦੀ ਚੋਣ ਮੁਹਿੰਮ ਲਈ ਇਕੱਤਰ ਕੀਤੇ ਗਏ ਫੰਡਾਂ ਨੂੰ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਰਾਸ਼ਟਰਪਤੀ ਚੋਣ ਮੁਹਿੰਮ ਲਈ ਤਬਦੀਲ ਨਹੀਂ ਕੀਤਾ ਜਾ ਸਕਦਾ ਹੈ। ਇਹ ਸ਼ਿਕਾਇਤ ਟਰੰਪ ਦੀ ਚੋਣ ਮੁਹਿੰਮ ਦੇ ਜਨਰਲ ਕਾਊਂਸਲ ਡੇਵਿਡ ਵਾਰਿੰਗਟਨ ਵੱਲੋਂ ਦਾਇਰ ਕੀਤੀ ਗਈ। ਉਨ੍ਹਾਂ ਦਲੀਲ ਦਿੱਤੀ ਕਿ ਫੰਡਾਂ ਨੂੰ ਹੈਰਿਸ ਦੀ ਰਾਸ਼ਟਰਪਤੀ ਚੋਣ ਮੁਹਿੰਮ ਲਈ ਤਬਦੀਲ ਕਰਨਾ 1971 ਦੇ ਸੰਘੀ ਚੋਣ ਮੁਹਿੰਮ ਐਕਟ ਦੀ ਸਪੱਸ਼ਟ ਉਲੰਘਣਾ ਦੇ ਤੁੱਲ ਹੋਵੇਗਾ।

## ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਗੂਗਲ ਕਰ ਸਕਦਾ ਹੈ ਦਖ਼ਲਅੰਦਾਜ਼ੀ : ਮਸਕ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਅਰਬਪਤੀ ਉਦਯੋਗਪਤੀ ਐਲੋਨ ਮਸਕ ਨੇ ਸਰਚ ਇੰਜਣ ਗੂਗਲ 'ਤੇ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਦਖਲ ਦੇਣ ਦਾ ਸ਼ੱਕ ਜਤਾਇਆ ਹੈ। ਮਸਕ ਨੇ ਐਕਸ 'ਤੇ ਕਿਹਾ, ਵਾਹ, ਗੂਗਲ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਬਾਰੇ ਖੋਜਾਂ 'ਤੇ ਪਾਬੰਦੀ ਲਗਾ ਦਿੱਤੀ ਹੈ! ਚੋਣ 'ਚ ਦਖਲਅੰਦਾਜ਼ੀ ? ਉਸਨੇ ਇੱਕ ਸਕ੍ਰੀਨਸ਼ੌਟ ਨੱਥੀ ਕੀਤਾ, ਜਿਸ ਵਿੱਚ ਦਿਖਾਇਆ ਗਿਆ ਹੈ ਕਿ ਜਦੋਂ ਸਰਚ ਬਾਰ ਵਿੱਚ 'ਰਾਸ਼ਟਰਪਤੀ ਡੋਨਾਲਡ' ਟਾਈਪ ਕੀਤਾ ਜਾਂਦਾ ਹੈ, ਤਾਂ ਬ੍ਰਾਊਜ਼ਰ ਦੇ ਸੁਝਾਅ 'ਪ੍ਰੈਜ਼ੀਡੈਂਟ ਡੋਨਾਲਡ ਡਕ' ਅਤੇ 'ਪ੍ਰੈਜ਼ੀਡੈਂਟ ਡੋਨਾਲਡ ਰੀਗਨ' ਹਨ।



ਬਾਅਦ ਵਿੱਚ ਮਸਕ ਨੇ ਇੱਕ ਹੋਰ ਪੋਸਟ ਕੀਤੀ, ਜਿਸ ਵਿੱਚ ਉਸਨੇ ਕਿਹਾ ਕਿ ਜੇਕਰ ਗੂਗਲ ਅਸਲ ਵਿੱਚ ਰਾਸ਼ਟਰਪਤੀ ਚੋਣ ਵਿੱਚ ਦਖਲਅੰਦਾਜ਼ੀ ਕਰ ਰਿਹਾ ਹੈ, ਤਾਂ ਉਸ ਲਈ ਗੰਭੀਰ ਮੁਸੀਬਤ ਪੈਦਾ ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਦੀ ਚੋਣ 5 ਨਵੰਬਰ ਨੂੰ ਹੋਣ ਜਾ ਰਹੀ ਹੈ। ਡੈਮੋਕਰੇਟਿਕ ਪਾਰਟੀ ਦੀ ਨੁਮਾਇੰਦਗੀ ਮੌਜੂਦਾ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਕਰਨੀ ਸੀ, ਪਰ ਰਿਪਬਲਿਕਨ ਵਿਰੋਧੀ ਡੋਨਾਲਡ ਟਰੰਪ ਨਾਲ ਜੂਨ ਦੀ ਬਹਿਸ ਵਿੱਚ ਉਸ ਦੇ ਖਰਾਬ ਪ੍ਰਦਰਸ਼ਨ ਤੋਂ ਬਾਅਦ, ਡੈਮੋਕਰੇਟਸ ਵਿੱਚ ਉਸ ਨੂੰ ਰਾਸ਼ਟਰਪਤੀ ਦੀ ਦੌੜ ਤੋਂ ਹਟਾਉਣ ਲਈ ਤੇਜ਼ੀ ਨਾਲ ਕਾਲਾਂ ਹੋਈਆਂ। ਬਾਈਡੇਨ ਨੇ 21 ਜੁਲਾਈ ਨੂੰ ਰਾਸ਼ਟਰਪਤੀ ਦੀ ਦੌੜ ਤੋਂ ਹਟਣ ਦਾ ਫ਼ੈਸਲਾ ਕੀਤਾ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਨਾਮਜ਼ਦਗੀ ਦਾ ਸਮਰਥਨ ਕੀਤਾ।

## ਅਮਰੀਕਾ 'ਚ ਭਾਰਤੀ ਮੂਲ ਦਾ ਵਿਅਕਤੀ ਇਨਾਮ ਵਾਲੀ ਲਾਟਰੀ ਦੀ ਟਿਕਟ ਚੋਰੀ ਕਰਨ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਟੈਨੇਸੀ ਰਾਜ ਦੇ ਸ਼ਹਿਰ ਮੂਰਫ੍ਰੀਸਬੋਰੋ ਵਿੱਚ ਇੱਕ ਸਟੋਰ ਦੇ ਭਾਰਤੀ ਮੂਲ ਦੇ ਕਲਰਕ ਮੀਰ ਪਟੇਲ ਨੂੰ ਇੱਕ ਮਿਲੀਅਨ ਡਾਲਰਾਂ ਦੇ ਨਿਕਲੇ ਇਨਾਮ ਵਾਲੀ ਲਾਟਰੀ ਟਿਕਟ ਨੂੰ ਚੋਰੀ ਕਰਨ ਤੇ ਇਨਾਮ ਲੈਣ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਇਹ ਜਾਣਕਾਰੀ ਰੂਦਰਫੋਰਡ ਕਾਊਂਟੀ ਸ਼ੈਰਿਫ ਦੇ ਦਫ਼ਤਰ ਨੇ ਜਾਰੀ ਇੱਕ ਬਿਆਨ ਵਿੱਚ ਦਿੱਤੀ ਹੈ। ਦਫ਼ਤਰ ਅਨੁਸਾਰ 23 ਸਾਲਾ ਪਟੇਲ ਵਿਰੁੱਧ 2,50,000 ਡਾਲਰਾਂ ਤੋਂ ਵਧ ਚੋਰੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਜਾਂਚਕਾਰਾਂ ਅਨੁਸਾਰ ਲਾਟਰੀ ਦੀ ਟਿਕਟ ਦਾ ਅਸਲ ਮਾਲਕ ਜੋ ਆਪਣਾ ਨਾਂ ਜਨਤਿਕ ਨਹੀਂ ਕਰਨਾ ਚਹੁੰਦਾ, ਐਨਟੀਓਕ ਦਾ ਰਹਿਣ ਵਾਲਾ ਹੈ। ਉਸ ਨੇ 13 ਜੁਲਾਈ ਨੂੰ ਇੱਕ ਗੈਸ ਸਟੇਸ਼ਨ ਤੋਂ ਲਾਟਰੀ ਦੀਆਂ 2 ਟਿਕਟਾਂ ਖਰੀਦੀਆਂ

ਸਨ। ਉਸ ਨੇ ਇਹ ਦੋਵੇਂ ਟਿਕਟਾਂ ਪਟੇਲ ਨੂੰ ਦੇ ਦਿੱਤੀਆਂ, ਜੋ ਉਸ ਕੋਲ ਕਲਰਕ ਵਜੋਂ ਕੰਮ ਕਰਦਾ ਸੀ। ਇਨਾਂ ਦੋਨਾਂ ਟਿਕਟਾਂ ਉੱਪਰ ਇਨਾਮ ਨਿਕਲ ਆਇਆ। ਪਟੇਲ ਨੇ ਘੱਟ ਇਨਾਮ ਵਾਲੀ ਟਿਕਟ ਤਾਂ ਆਪਣੇ ਮਾਲਕ ਨੂੰ ਦੇ ਦਿੱਤੀ ਪਰੰਤੂ ਦੂਸਰੀ ਟਿਕਟ ਜਿਸ ਉੱਪਰ 1 ਮਿਲੀਅਨ ਡਾਲਰ ਦਾ ਇਨਾਮ ਨਿਕਲਿਆ ਸੀ ਨੂੰ ਖੁਰਦ ਬੁਰਦ ਕਰ ਦਿੱਤਾ। ਬਾਅਦ ਵਿੱਚ ਟੈਨੇਸੀ ਲਾਟਰੀ ਹੈੱਡਕੁਆਰਟਰ ਤੋਂ ਇਸ ਟਿਕਟ ਉੱਪਰ ਨਿਕਲਿਆ ਇਨਾਮ ਲੈਣ ਦਾ ਯਤਨ ਕੀਤਾ ਪਰੰਤੂ ਸ਼ੱਕ ਪੈਣ 'ਤੇ ਉਸ ਦਾ ਪਰਦਾਫਾਸ਼ ਹੋ ਗਿਆ। ਅਧਿਕਾਰੀਆਂ ਅਨੁਸਾਰ ਪਟੇਲ ਅਜੇ ਪੁਲਿਸ ਹਿਰਾਸਤ ਵਿੱਚ ਹੈ ਤੇ ਮਾਮਲੇ ਦੀ ਜਾਂਚ ਅਜੇ ਜਾਰੀ ਹੈ।



## ਕੈਲੀਫ਼ੋਰਨੀਆ ਵਾਸੀ ਜੰਗਲ ਨੂੰ ਅੱਗ ਲਾਉਣ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਕੈਲੀਫ਼ੋਰਨੀਆ ਦੇ ਇੱਕ ਵਿਅਕਤੀ ਨੂੰ ਚੀਕੋ ਨੇੜੇ ਜੰਗਲ ਨੂੰ ਅੱਗ ਲਾਉਣ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਹੈ। 24 ਘੰਟਿਆਂ ਵਿੱਚ ਹੀ ਇਹ ਅੱਗ 1,25,000 ਏਕੜ ਵਿੱਚ ਫੈਲ ਗਈ ਸੀ। ਚੀਕੋ ਅੱਗ ਜਿਸ ਨੂੰ ਪਾਰਕ ਅੱਗ ਦਾ ਨਾਂ ਦਿੱਤਾ ਗਿਆ ਹੈ, ਇਸ ਸਾਲ ਕੈਲੀਫ਼ੋਰਨੀਆ ਵਿੱਚ ਲੱਗੀ ਸਭ ਤੋਂ ਵੱਡੀ ਅੱਗ ਹੈ। ਪੁਲਿਸ ਵਿਭਾਗ ਅਨੁਸਾਰ ਰੋਨੀ ਸਟਾਊਟ (42) ਨੂੰ ਬਿਨਾਂ ਜਮਾਨਤ ਜੇਲ੍ਹ ਵਿੱਚ ਰਖਿਆ ਗਿਆ ਹੈ। ਬੂਟੇ ਕਾਊਂਟੀ ਡਿਸਟ੍ਰਿਕਟ ਅਟਾਰਨੀ ਮਾਈਕ ਰਾਮਸੇ ਨੇ ਕਿਹਾ ਹੈ ਕਿ ਸਟਾਊਟ ਨੂੰ ਰਾਹ ਜਾਂਦੇ ਲੋਕਾਂ ਨੇ ਮੌਕੇ 'ਤੇ ਕਾਬੂ ਕੀਤਾ ਹੈ।

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu
Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਡੇਰਾ ਪ੍ਰੇਮੀ ਪ੍ਰਦੀਪ ਕਲੇਰ ਦੇ ਬਿਆਨ ਕਾਰਨ ਸੁਖਬੀਰ ਗੰਭੀਰ ਸੰਕਟ ਵਿੱਚ

## ਡੇਰੇ ਦੀ ਸਿਆਸੀ ਵਿੰਗ ਨਾਲ ਜੁੜੇ ਪ੍ਰਦੀਪ ਨੇ ਕੀਤਾ ਸੌਦਾ ਸਾਧ ਤੇ ਬਾਦਲ ਪਰਿਵਾਰ ਦੇ ਗਠਜੋੜ ਦਾ ਪਰਦਾਫਾਸ਼

## 'ਸੁਖਬੀਰ ਬਾਦਲ ਨੇ ਹਿੱਕ 'ਤੇ ਹੱਥ ਮਾਰ ਕੇ ਕਿਹਾ ਸੀ ਕਿ ਸਾਰੇ ਸਿਸਟਮ ਦਾ ਮੈਂ ਬਾਬਾ ਹਾਂ'!

ਕਰੀਬ ਇੱਕ ਦਹਾਕੇ ਪਹਿਲਾਂ ਵਾਪਰੀਆਂ ਬੇਅਦਬੀ ਤੇ ਬਹਿਬਲ ਕਲਾਂ ਦੀਆਂ ਘਟਨਾਵਾਂ ਨੂੰ ਲੈ ਪੰਜਾਬ ਦੀ ਪੰਥਕ ਸਿਆਸਤ ਇੱਕ ਵਾਰ ਮੁੜ ਭਖਣ ਲੱਗੀ ਹੈ। ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਅੰਦਰ ਵੱਡੇ ਪੱਧਰ 'ਤੇ ਧੜੇਬੰਦੀ ਉਭਰ ਚੁੱਕੀ ਹੈ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਵੱਲੋਂ ਬੇਅਦਬੀ ਦੇ ਸੰਗੀਨ ਮਾਮਲਿਆਂ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਬੰਦ ਚਿੱਠੀ ਸਪਸ਼ਟੀਕਰਨ ਲਿਆ ਗਿਆ ਹੈ, ਉਸੇ ਦੌਰਾਨ ਡੇਰਾ ਮੁਖੀ ਖ਼ਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿੱਚ ਨਾ ਲਿਆਉਣ ਕਾਰਨ ਪੰਜਾਬ ਸਰਕਾਰ ਖ਼ਾਸ ਕਰ ਕੇ ਆਮ ਆਦਮੀ ਪਾਰਟੀ 'ਤੇ ਵੀ ਉਂਗਲ ਉੱਠਣ ਲੱਗੀ ਹੈ। ਇਸ ਸੰਵੇਦਨਸ਼ੀਲ ਮੁੱਦੇ ਨੂੰ ਲੈ ਕੇ ਸੂਬਾ ਸਰਕਾਰ ਖ਼ਾਸ ਕਰਕੇ 'ਆਪ' ਲੀਡਰਸ਼ਿਪ ਲਈ ਚੁਣੌਤੀ ਖੜ੍ਹੀ ਹੋ ਸਕਦੀ ਹੈ, ਕਿਉਂਕਿ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਦੋ ਲੋਕ ਸਭਾ ਹਲਕਿਆਂ ਖਡੂਰ ਸਾਹਿਬ ਅਤੇ ਫਰੀਦਕੋਟ ਵਿੱਚ ਪੰਥਕ ਸਿਆਸਤ ਨੇ ਮੋੜਾ ਕੱਟਿਆ ਹੈ।

ਆਉਣ ਵਾਲੇ ਦਿਨਾਂ ਵਿੱਚ ਪੰਥਕ ਸਿਆਸਤ ਖ਼ਾਸ ਕਰ ਕੇ ਅਕਾਲੀ ਸਿਆਸਤ ਵਿੱਚ ਹੋਰ ਵੀ ਉਥਲ ਪੁਥਲ ਦੀਆਂ ਸੰਭਾਵਨਾਵਾਂ ਹਨ।

ਡੇਰਾ ਪ੍ਰੇਮੀ ਕਲੇਰ ਦੀ ਬਿਆਨਬਾਜ਼ੀ ਨੇ ਸੁਖਬੀਰ ਲਈ ਵੱਡਾ ਸਿਆਸੀ ਤੇ ਧਰਮ ਸੰਕਟ ਖੜ੍ਹਾ ਕਰ ਦਿੱਤਾ ਹੈ। ਜਥੇਦਾਰ ਅਕਾਲ ਤਖਤ ਲਈ ਫੈਸਲਾ ਕਰਨਾ ਸੌਖਾ ਨਹੀਂ ਹੋਵੇਗਾ।

ਪੰਥਕ ਹਲਕਿਆਂ ਅਨੁਸਾਰ ਸੁਖਬੀਰ ਬਾਦਲ ਸਿੱਖ ਪੰਥ ਦਾ ਵੱਡਾ ਗੁਨਾਹਗਾਰ ਹੈ। ਸੌਦਾ ਸਾਧ ਨਾਲ ਉਸ ਦੀ ਪ੍ਰੇਮ ਕਹਾਣੀ ਦਾ ਅਟੁੱਟ ਬੰਧਨ ਸਾਹਮਣੇ ਆ ਗਿਆ ਹੈ। ਬੇਅਦਬੀਆਂ ਕਿਉਂ ਹੋਈਆਂ, ਕੋਟਕਪੂਰਾ ,ਬਹਿਬਲ ਗੋਲੀ ਕਾਂਡ ਸ਼ਾਂਤਮਈ ਸਿੱਖਾਂ ਵਿਰੁੱਧ ਕਿਉਂ ਹੋਇਆ ? ਇਸ ਦੀਆਂ ਕੜੀਆਂ ਖੁੱਲ ਗਈਆਂ ਹਨ। ਸਿੱਖ ਇਤਿਹਾਸ ਵਿੱਚ ਇਹ ਨਿਰੰਕਾਰੀ ਕਾਂਡ ਵਾਲਾ ਵਰਤਾਰਾ ਸੀ ਜੋ ਉਸ ਸਮੇਂ ਸੁਖਬੀਰ ਸਿੰਘ ਬਾਦਲ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੇ 1978 ਵਿਸਾਖੀ ਦੌਰਾਨ ਮੁੱਖ ਮੰਤਰੀ ਵਜੋਂ ਪ੍ਰਗਟਾਇਆ ਸੀ ਪਰ ਉਸ ਕਹਾਣੀ ਦੇ ਭੇਦ ਅਜੇ ਖੁੱਲ੍ਹਣੇ ਬਾਕੀ ਹਨ।

ਯਾਦ ਰਹੇ ਕਿ ਪੁਲਿਸ ਨੂੰ ਦਿੱਤੇ ਗਏ ਬਿਆਨ ਵਿੱਚ ਪ੍ਰਦੀਪ ਕਲੇਰ ਨੇ ਸੌਦਾ ਸਾਧ ਅਤੇ ਹਨੀਪ੍ਰੀਤ ਨੂੰ ਬੇਅਦਬੀ ਦਾ




ਮੁੱਖ ਮੁਲਜ਼ਮ ਦੱਸਿਆ ਸੀ । ਜਦੋਂ ਇੱਕ ਸਿੱਖ ਪ੍ਰਚਾਰਕ ਦੇ ਪ੍ਰਚਾਰ ਤੋਂ ਬਾਅਦ ਡੇਰੇ ਦੇ ਲਾਕੇਟ ਲੋਕਾਂ ਨੇ ਸੁੱਟ ਦਿੱਤੇ ਤਾਂ ਉਸ ਸਮੇਂ ਪ੍ਰਦੀਪ ਦਿੱਲੀ ਵਿੱਚ ਬਾਬੇ ਨੂੰ ਮਿਲਣ ਦੇ ਲਈ ਪਹੁੰਚਿਆ ਸੀ ਤਾਂ ਕਿਸੇ ਨੇ ਸੌਦਾ ਸਾਧ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ ਤਾਂ ਹਨੀਪ੍ਰੀਤ ਨੇ ਵੀ ਸਿੱਖਾਂ ਦਾ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨ ਦੇ ਨਿਰਦੇਸ਼ ਪੰਜਾਬ ਦੀ ਸਿਆਸੀ ਵਿੰਗ ਦੇ ਮੁਖੀ ਮਹਿੰਦਰ ਪਾਲ ਬਿੱਟੂ ਨੂੰ ਦਿੱਤੇ ਜਿਸ ਤੋਂ ਬਾਅਦ ਬੇਅਦਬੀ ਹੋਈ।

ਪਰ ਹੁਣ ਮੁਆਫ਼ੀਨਾਮੇ ਨੂੰ ਲੈ ਕੇ ਕਲੇਰ ਨੇ ਸੁਖਬੀਰ ਸਿੰਘ ਬਾਦਲ ਦੀ ਭੂਮਿਕਾ ਨੂੰ ਲੈ ਕੇ ਹੁਣ ਜਿਹੜਾ ਖ਼ੁਲਾਸਾ ਕੀਤਾ ਹੈ ਉਹ ਸੁਖਬੀਰ ਬਾਦਲ ਦੇ ਸਿਆਸੀ ਭਵਿੱਖ ਲਈ ਮੁਸੀਬਤ ਪੈਦਾ ਕਰਨ ਵਾਲਾ ਹੈ।

ਹੁਣੇ ਜਿਹੇ ਕਲੇਰ ਨੇ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਵਿਰੁੱਧ ਜਾਕੇ ਸੁਖਬੀਰ ਸਿੰਘ ਬਾਦਲ ਦੇ ਸੌਦਾ ਸਾਧ ਨੂੰ ਮੁਆਫ਼ੀ ਦਿਵਾਉਣ ਤੋਂ ਲੈ ਕੇ ਬਾਬੇ ਨਾਲ ਚੁੱਪ-ਚੁਪੀਤੇ ਕੀਤੀਆਂ ਕਈ ਮੁਲਾਕਾਤਾਂ ਬਾਰੇ ਵੱਡਾ ਖ਼ੁਲਾਸਾ ਕੀਤਾ ਹੈ । ਪ੍ਰਦੀਪ ਕਲੇਰ ਨੇ ਦਾਅਵਾ ਕੀਤਾ ਹੈ ਕਿ ਉਹ ਆਪਣੇ ਬਿਆਨ ਤੋਂ ਪਿੱਛੇ ਨਹੀਂ ਹਟਣਗੇ ਉਨ੍ਹਾਂ ਕੋਲ ਪੂਰੇ ਸੂਬਤ ਹਨ। ਇਸ ਦੌਰਾਨ ਪ੍ਰਦੀਪ ਕਲੇਰ ਨੇ ਸਿੱਖ ਭਾਈਚਾਰੇ ਕੋਲੋਂ ਸੱਚ 'ਤੇ ਖੜ੍ਹੇ ਰਹਿਣ ਦੇ ਲਈ ਸਾਥ ਦੇਣ ਦੀ ਅਪੀਲ ਵੀ ਕੀਤੀ ਹੈ ।

ਡੇਰੇ ਦੀ ਸਿਆਸੀ ਕਮੇਟੀ ਦੇ ਮੁਖੀ ਪ੍ਰਦੀਪ ਕਲੇਰ ਨੇ ਦੱਸਿਆ ਕਿ ਸਤੰਬਰ 2015 ਵਿੱਚ ਸੌਦਾ ਸਾਧ ਦਾ ਪੱਤਰ ਸ੍ਰੀ ਅਕਾਲ ਤਖਤ ਨੂੰ ਭੇਜਿਆ ਗਿਆ ਸੀ। ਮੁਆਫ਼ੀ ਨਾਮਾ ਦੀ ਘਟਨਾ ਮੇਰੇ




ਸਾਹਮਣੇ ਹੋਈ ਸੀ ਅਤੇ ਉਹ ਇਸ ਵਿੱਚ ਗਵਾਹ ਹੈ । ਕਲੇਰ ਨੇ ਦੱਸਿਆ ਕਿ ਸੌਦਾ ਸਾਧ ਦੀ ਪਹਿਲੀ ਐਮ.ਐਸ.ਜੀ. ਫ਼ਿਲਮ ਸਿੱਖ ਸੰਗਤ ਦੇ ਵਿਰੋਧ ਕਾਰਨ ਪੰਜਾਬ ਵਿੱਚ ਰਿਲੀਜ਼ ਨਹੀਂ ਹੋ ਸਕੀ ਸੀ । ਹਨੀਪ੍ਰੀਤ ਚਾਹੁੰਦੇ ਸਨ ਕਿ ਪੰਜਾਬ ਵਿੱਚ ਐਮ. ਐਸ. ਜੀ.-2 ਰਿਲੀਜ਼ ਜ਼ਰੂਰ ਹੋਵੇ ਤਾਂ ਕਿ ਉਨ੍ਹਾਂ ਨੂੰ 200 ਕਰੋੜ ਦਾ ਫਾਇਦਾ ਹੋਵੇ। ਕਲੇਰ ਨੇ ਦੱਸਿਆ ਕਿ ਉਸ ਤੋਂ ਬਾਅਦ ਸੌਦਾ ਸਾਧ ਅਤੇ ਹਨੀਪ੍ਰੀਤ ਨੇ ਮੈਨੂੰ ਅਤੇ ਬਾਬੇ ਦੇ ਪੰਜਾਬ ਵਿੱਚ ਸਿਆਸੀ ਵਿੰਗ ਦੇ ਮੁਖੀ ਹਰਸ਼ ਕਲੇਰ ਨੂੰ ਸੁਖਬੀਰ ਸਿੰਘ ਬਾਦਲ ਕੋਲ ਭੇਜਿਆ ਅਤੇ ਕਿਹਾ ਕਿ ਉਸ ਨੂੰ ਕਹੋ ਕਿ ਅਸੀਂ 2012 ਵਿੱਚ ਤੁਹਾਡੀ ਅਤੇ ਬੀਬਾ ਜੀ ਦੀ ਮਦਦ ਕੀਤੀ ਸੀ ਹੁਣ ਤੁਸੀਂ ਸਾਡੀ ਫਿਲਮ ਰਿਲੀਜ਼ ਕਰਵਾਉ । ਅਸੀਂ ਤੁਹਾਨੂੰ ਅੱਗੇ ਵੀ ਮਦਦ ਕਰਦੇ ਰਹਾਂਗੇ।

ਪ੍ਰਦੀਪ ਕਲੇਰ ਨੇ ਦੱਸਿਆ ਕਿ ਮੈਂ ਹਰਸ਼ ਧੂਰੀ ਦੇ ਨਾਲ ਹਰਸਿਮਰਤ ਕੌਰ ਬਾਦਲ ਦੀ 12 ਸਫਦਰਜੰਗ ਬੰਗਲੇ ਗਏ, ਸੁਖਬੀਰ ਸਿੰਘ ਬਾਦਲ ਸਨਿੱਚਰਵਾਰ ਅਤੇ ਐਤਵਾਰ ਉੱਥੇ ਹੀ ਮਿਲਦਾ ਸੀ। ਇਹ ਜੁਲਾਈ ਅਤੇ ਅਗਸਤ ਦਾ ਮਹੀਨਾ ਸੀ । ਅਸੀਂ ਸੁਖਬੀਰ ਬਾਦਲ ਨੂੰ ਬਾਬੇ ਦੇ ਮੈਸੇਜ ਬਾਰੇ ਜਾਣਕਾਰੀ ਦਿੱਤੀ ਤਾਂ ਸੁਖਬੀਰ ਬਾਦਲ ਨੇ ਕਿਹਾ ਮੈਂ 2012 ਵਿੱਚ ਜਦੋਂ ਸੌਦਾ ਸਾਧ ਨੂੰ ਮਿਲਿਆ ਸੀ ਤਾਂ ਮੈਂ ਬਾਬੇ ਨੂੰ ਕਿਹਾ ਸੀ,ਤੁਸੀਂ ਮੁਆਫ਼ੀ ਨਾਮਾ ਭੇਜੋ । ਕਲੇਰ ਨੇ ਕਿਹਾ ਕਿ ਬਾਬੇ ਨੂੰ ਪੰਥ ਤੋਂ ਛੇਕ ਦਿੱਤਾ ਸੀ ਇਸ ਦੇ ਬਾਵਜੂਦ ਸੁਖਬੀਰ ਬਾਦਲ ਲੁੱਕ ਕੇ ਡੇਰਾ ਸਿਰਸਾ ਸਫਿਟ ਗੱਡੀ ਵਿੱਚ ਬੈਠ ਕੇ 2012 ਵਿੱਚ ਆਇਆ ਸੀ ਤੇ ਹੁਕਮਨਾਮੇ ਦੀ ਉਲੰਘਣਾ ਕੀਤੀ। ਫਿਰ ਕਲੇਰ ਨੇ ਕਿਹਾ ਕਿ ਸੁਖਬੀਰ ਬਾਦਲ ਨੇ ਸਾਨੂੰ ਕਿਹਾ ਤੁਸੀਂ ਬਾਬੇ ਨੂੰ ਕਹੋ ਮੁਆਫ਼ੀਨਾਮੇ ਭੇਜੇ ਫਿਰ ਮੈਂ ਸਭ ਠੀਕ ਕਰਵਾ ਦੇਵਾਂਗਾ, ਜਦੋਂ ਹਰਸ਼ ਨੇ ਪੁੱਛਿਆ ਕੀ ਫਿਰ ਸਭ ਕੁਝ ਠੀਕ ਹੋ ਜਾਵੇਗਾ ਤਾਂ ਸੁਖਬੀਰ ਬਾਦਲ ਨੇ ਹਿੱਕ 'ਤੇ ਹੱਥ ਮਾਰ ਦੇ ਹੋਏ ਕਿਹਾ ਕਿ 'ਜਿਵੇਂ ਤੁਹਾਡੇ ਸਿਸਟਮ ਦਾ ਉਹ ਬਾਬਾ ਹੈ ਇੱਥੇ ਸਾਰੇ ਪੰਥਕ ਸਿਸਟਮ ਦਾ ਮੈਂ ਬਾਬਾ ਹਾਂ'। ਅਰਥਾਤ ਅਕਾਲ ਤਖਤ ਤੇ ਸਮੁੱਚੇ ਪੰਥ ਦਾ ਸਿਸਟਮ ਮੇਰੇ ਅਧੀਨ ਹੈ।

(ਬਾਕੀ ਸਫ਼ਾ 30 'ਤੇ)

## ਸੁਖਬੀਰ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਜਾ ਸਕਦੇ ਨੇ ਜਸਟਿਸ ਜ਼ੋਰਾ ਸਿੰਘ



ਬੇਅਦਬੀ ਮਾਮਲੇ ਨੂੰ ਲੈ ਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਬਾਦਲ ਸਰਕਾਰ ਵੱਲੋਂ ਬੇਅਦਬੀ ਕਾਂਡ ਦੀ ਜਾਂਚ ਬਣਾਏ ਗਏ ਜ਼ੋਰਾ ਸਿੰਘ ਕਮਿਸ਼ਨ ਦੇ ਮੁਖੀ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਪੇਸ਼ ਹੋ ਕੇ ਆਪਣੀ ਗੱਲ ਰੱਖਣਗੇ। ਉਨ੍ਹਾਂ ਨੇ ਕਿਹਾ ਕਿ ਮੇਰੀ ਰਿਪੋਰਟ ਜਨਤਕ ਨਹੀਂ ਕੀਤੀ ਗਈ ਜਦਕਿ ਉਸ ਵਿੱਚ ਸਿਆਸਤਦਾਨਾਂ, ਆਈ.ਏ.ਐਸ. ਅਤੇ ਆਈ.ਪੀ.ਐਸ. ਅਫ਼ਸਰਾਂ ਦੇ ਨਾਂ ਸਨ। ਉਨ੍ਹਾਂ ਕਿਹਾ ਕਿ ਮੇਰੀ ਰਿਪੋਰਟ ਵਿਧਾਨਸਭਾ ਵਿੱਚ ਪੇਸ਼ ਹੋਣੀ ਚਾਹੀਦੀ ਸੀ, ਐਕਸ਼ਨ ਲੈਣਾ ਜਾਂ ਨਹੀਂ ਲੈਣਾ ਉਹ ਸਰਕਾਰ ਦਾ ਫੈਸਲਾ ਹੋਣਾ ਸੀ ਪਰ ਵਿਧਾਨਸਭਾ ਵਿੱਚ ਪੇਸ਼ ਤੱਕ ਨਹੀਂ ਕੀਤੀ ਗਈ, ਇਸ ਤੋਂ ਬਾਅਦ ਕਾਂਗਰਸ ਸਰਕਾਰ ਨੇ ਵੀ ਇਸ ਨੂੰ ਟੇਬਲ ਨਹੀਂ ਕੀਤਾ ਅਤੇ ਰਣਜੀਤ ਸਿੰਘ ਕਮਿਸ਼ਨ ਕੋਲੋਂ ਮੁੜ ਤੋਂ ਜਾਂਚ ਕਰਵਾਈ।

ਰਿਟਾ. ਜਸਟਿਸ ਜ਼ੋਰਾ ਸਿੰਘ ਨੇ ਕਿਹਾ ਦੋਵੇਂ ਸਰਕਾਰਾਂ ਇਸੇ ਲਈ ਗਈਆਂ ਕਿਉਂਕਿ ਉਨ੍ਹਾਂ ਨੇ ਬੇਅਦਬੀ ਮਾਮਲੇ ਵਿੱਚ ਕੋਈ ਐਕਸ਼ਨ ਨਹੀਂ ਲਿਆ। ਇਸ ਤੋਂ ਬਾਅਦ ਮੈਂ ਆਮ ਆਦਮੀ ਪਾਰਟੀ ਨੂੰ ਵੀ ਕਿਹਾ ਕਿ ਮੇਰੀ ਰਿਪੋਰਟ ਨੂੰ ਜਨਤਕ ਕਰੋ ਤਾਂ ਕਿ ਲੋਕਾਂ ਨੂੰ ਪਤਾ ਚੱਲੇ ਕਿ ਇਸ ਰਿਪੋਰਟ ਵਿੱਚ ਕੀ ਹੈ। ਦਿੱਲੀ ਤੋਂ ਲੈ ਕੇ ਪੰਜਾਬ ਤੱਕ ਦੇ ਆਗੂਆਂ ਨੂੰ ਰਿਪੋਰਟ ਜਨਤਕ ਕਰਨ ਦੀ ਅਪੀਲ ਕੀਤੀ ਪਰ ਕਿਸੇ ਨੇ ਨਾ ਸੁਣੀ। ਸੇਵਾ ਮੁਕਤ ਜਸਟਿਸ ਜ਼ੋਰਾ ਸਿੰਘ ਨੇ ਕਿਹਾ ਕਿ ਹੁਣ ਜਦੋਂ ਮੈਂ ਵੇਖਿਆ ਕਿ ਬੇਅਦਬੀ ਮਾਮਲੇ ਵਿੱਚ ਸਾਬਕਾ ਸਿੱਟ ਮੁਖੀ ਆਰ ਐਸ ਖੱਟੜਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਪੇਸ਼ ਹੋ ਕੇ ਆਪਣੀ ਗੱਲ ਰੱਖੀ ਹੈ ਤਾਂ ਮੈਨੂੰ ਵੀ ਸ੍ਰੀ ਅਕਾਲ ਤਖਤ ਜਾ ਕੇ ਰਿਪੋਰਟ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ।

## ਬਾਦਲ ਦਲ ਨੇ ਕਿਹਾ 'ਆਪ' ਤੇ ਭਾਜਪਾ ਦੇ ਇਸ਼ਾਰੇ 'ਤੇ ਕਲੇਰ ਨੇ ਝੂਠੀ ਬਿਆਨਬਾਜ਼ੀ ਕੀਤੀ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਵਿਰਸਾ ਸਿੰਘ ਵਲਟੋਹਾ ਨੇ ਸਖ਼ਤ ਭਾਸ਼ਾ ਵਿੱਚ ਕਿਹਾ ਕਿ ਪਿਛਲੇ 10 ਸਾਲਾਂ ਤੋਂ ਸਿੱਖ ਵਿਰੋਧੀ, ਪੰਥ ਵਿਰੋਧੀ ਤੇ ਸ਼੍ਰੋਮਣੀ ਅਕਾਲੀ ਦਲ ਵਿਰੋਧੀ ਭਾਜਪਾ ਅਤੇ ਆਮ ਆਦਮੀ ਪਾਰਟੀ ਤੇ ਹੋਰਾਂ ਵੱਲੋਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀ ਚਾਲਾਂ ਚੱਲੀਆਂ ਜਾ ਰਹੀਆਂ ਹਨ। ਡੇਰਾ ਸਿਰਸਾ ਅਤੇ ਬੇਅਦਬੀ ਮਾਮਲਿਆਂ ਸਬੰਧੀ ਅਕਾਲੀ ਦਲ ਵਿਰੁੱਧ ਝੂਠਾ ਪ੍ਰਾਪੇਗੰਡਾ ਚਲਾਇਆ ਜਾ ਰਿਹਾ ਹੈ। ਵਲਟੋਹਾ ਨੇ ਪ੍ਰਦੀਪ ਕਲੇਰ 'ਤੇ ਤਿੱਖਾ ਨਿਸ਼ਾਨਾ ਸਾਧਦੇ ਕਿਹਾ ਕਿ ਉਸ ਨੂੰ ਇੱਕ ਧਾਰਮਿਕ ਸ਼ਖਸੀਅਤ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਵਲਟੋਹਾ ਨੇ ਕਿਹਾ ਕਿ ਬੇਅਦਬੀ ਕਰਨ ਵਾਲੇ ਮੁਲਜ਼ਮਾਂ ਨੂੰ ਮਹਾਨ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਅਦਾਲਤ ਵਿੱਚ ਚੱਲ ਰਿਹਾ ਹੈ, ਇਸ ਕਰਕੇ ਇਸ ਮੁੱਦੇ 'ਤੇ ਗੱਲ ਨਹੀਂ ਹੋਣੀ ਚਾਹੀਦੀ ਹੈ। ਡੇਰਾ ਸਿਰਸਾ ਪ੍ਰੇਮੀ ਪ੍ਰਦੀਪ ਕਲੇਰ, ਜਿਸ ਦੇ ਸਿਰ ਬੇਅਦਬੀਆਂ ਦਾ ਇਲਜ਼ਾਮ ਹੈ, ਸਰਕਾਰ ਇਸ ਨੂੰ ਸਰਕਾਰੀ ਗਵਾਹ ਬਣਾ ਕੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੀ ਹੈ।

## ਸੁਖਬੀਰ ਦੇ ਲਿ.ਫਾ.ਫਾ ਬੰਦ ਸਪਸ਼ਟੀਕਰਨ ਉੱਪਰ ਉੱਠੇ ਸੁਆਲ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਸੱਦੇ ਜਾਣ ਦੇ ਜਵਾਬ ਵਿੱਚ ਪੇਸ਼ ਹੋਣ ਤੋਂ ਬਾਅਦ ਸੋਸ਼ਲ ਮੀਡੀਆ ਅਤੇ ਵੱਖ ਵੱਖ ਵੈੱਬ ਚੈਨਲਾਂ ਅਤੇ ਸੋਸ਼ਲ ਮੀਡੀਆ 'ਤੇ 2 ਸਵਾਲਾਂ ਦੀ ਚਰਚਾ ਜ਼ਿਆਦਾ ਹੋ ਰਹੀ ਹੈ । ਪਹਿਲਾ ਸਵਾਲ ਕਿ ਜਦੋਂ ਸੁਖਬੀਰ ਨੇ ਆਪਣੀ ਚਿੱਠੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦਿੱਤੀ ਪਰ ਖ਼ੁਦ ਪੱਤਰਕਾਰਾਂ ਦੇ ਕਿਸੇ ਸਵਾਲ ਦਾ ਜਵਾਬ ਨਹੀਂ ਦਿੱਤਾ ਅਤੇ ਦੂਜੇ ਪਾਸੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਇਹ ਕਹਿ ਦਿੱਤਾ ਕਿ ਇਹ ਚਿੱਠੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਹੀ ਖੋਲ੍ਹੀਂ ਜਾਵੇਗੀ ਤਾਂ ਫਿਰ ਸੁਖਬੀਰ ਦੇ ਕਿਸੇ ਨਜ਼ਦੀਕੀ ਨੇ ਮੁਆਫ਼ੀ ਨਾਮੇ ਵਾਲੀ ਚਿੱਠੀ ਚੈਨਲਾਂ ਨੂੰ ਲੀਕ ਕੀਤੀ ਅਤੇ ਇਹ ਵੀ ਦੱਸਿਆ ਕਿ ਇਸ ਦੇ ਨਾਲ ਹੀ ਮਰਹੂਮ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ 17 ਅਕਤੂਬਰ 2015 ਨੂੰ ਸ੍ਰੀ ਅਕਾਲ ਤਖਤ ਸਾਹਿਬ ਨੂੰ ਲਿਖੀ ਪਛਤਾਵੇ ਦੀ ਚਿੱਠੀ ਵੀ ਸੁਖਬੀਰ ਦੇ ਜਵਾਬ ਨਾਲ ਨੱਥੀ ਹੈ ? ਜਦੋਂ ਕਿ ਬਾਗ਼ੀ ਅਕਾਲੀ ਧੜੇ ਦੇ ਨੇਤਾ ਜਥੇ. ਸੁੱਚਾ ਸਿੰਘ ਛੋਟੇਪੁਰ ,ਬੀਬੀ ਜਾਗੀਰ ਕੌਰ ਅਤੇ ਹੋਰ ਨੇਤਾ ਅਜੇ ਵੀ ਇਹ ਮੰਗ ਕਰ ਰਹੇ ਹਨ ਕਿ ਸੁਖਬੀਰ ਦੀ ਬੰਦ ਲਿਫ਼ਾਫ਼ੇ ਵਾਲੀ ਚਿੱਠੀ ਜਨਤਕ ਕੀਤੀ ਜਾਵੇ । ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਡੇਰਾ ਸਿਰਸਾ ਵੱਲੋਂ ਜਿਹੜਾ ਮੁਆਫ਼ੀ ਨਾਮਾ ਆਇਆ ਸੀ ਜਾਂ ਖ਼ੁਦ ਲਿਖਿਆ ਸੀ ਜਾਂ ਉਹ ਬੰਦ ਜਾਂ ਖੁੱਲੇ ਲਿਫਾਫੇ ਵਿੱਚ ਆਇਆ ਸੀ। ਇਹ ਭੇਦ ਬਣਿਆ ਹੋਇਆ ਹੈ। ਸੋ ਇਸ ਲਿਫਾਫਾ ਕਲਚਰ ਤੇ ਬੰਦ ਕਮਰਾ ਮੀਟਿੰਗਾਂ ਨੂੰ ਪੂਰੀ ਤਰਾਂ ਠੱਲ੍ਹ ਪਾਈ ਜਾਵੇ। ਪੰਥਕ ਹਲਕੇ ਬੰਦ ਚਿੱਠੀ ਨੂੰ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਉਲਟ ਮੰਨ ਰਹੇ ਹਨ ਕਿ ਸਿੱਖ ਪੰਥ ਵਿੱਚ ਲਿਫਾਫਾ ਕਲਚਰ ਨਹੀਂ ਹੈ। ਗੁਰੂ ਪੰਥ ਸਾਹਮਣੇ ਭੁੱਲਾਂ ਬਖ਼ਸ਼ਾਉਣ ਦੀ ਮਰਿਯਾਦਾ ਹੈ। ਸੁੱਚਾ ਸਿੰਘ ਛੋਟੇਪੁਰ ਅਤੇ ਭਾਈ ਮਨਜੀਤ ਸਿੰਘ ਨੇ ਕਿਹਾ ਕਿ ਡੇਰੇ ਦੀ ਮੁਆਫ਼ੀ ਵਿੱਚ ਸਭ ਤੋਂ ਵੱਡਾ ਹੱਥ ਸੁਖਬੀਰ ਸਿੰਘ ਬਾਦਲ ਦਾ ਹੀ ਹੈ ਤੇ ਉਹਨਾਂ ਵੱਲੋਂ ਜਿਹੜਾ ਸਪੱਸ਼ਟੀਕਰਨ ਦਿੱਤਾ ਗਿਆ ਉਹ ਲੁਕਾ ਕੇ ਨਹੀਂ ਰੱਖਿਆ ਜਾਣਾ ਚਾਹੀਦਾ ਅਤੇ ਉਸ ਨੂੰ ਤੁਰੰਤ ਜਨਤਕ ਕਰਨਾ ਚਾਹੀਦਾ ਹੈ ਤਾਂ ਜੋ ਸਿੱਖ ਪੰਥ ਵਿੱਚ ਉਸ ਦੀ ਚਰਚਾ ਹੋ ਸਕੇ ਅਤੇ ਜਿਹੜਾ ਵੀ ਫੈਸਲਾ ਹੋਵੇ ਉਹ ਸਿੱਖ ਪੰਥ ਦੇ ਆਸ਼ੇ ਮੁਤਾਬਕ ਹੋਵੇ ਅਤੇ ਨਾ ਕਿ ਡੇਰੇ ਸਿਰਸਾ ਮੁਆਫ਼ੀ ਦੇ ਫੈਸਲੇ ਵਾਂਗ ਲੁਕਾ ਕੇ ਹੋਵੇ। ਸੂਤਰਾਂ ਮੁਤਾਬਿਕ ਸੁਖਬੀਰ ਸਿੰਘ ਬਾਦਲ ਨੇ ਬੰਦ ਲਿਫਾਫੇ ਰਾਹੀਂ ਦੋ ਪੱਤਰ ਜਥੇਦਾਰ ਨੂੰ ਸੌਂਪੇ ਹਨ, ਜਿੰਨਾ ਵਿੱਚੋਂ ਇੱਕ ਪੱਤਰ ਸੁਖਬੀਰ ਸਿੰਘ ਬਾਦਲ ਦਾ ਸਪੱਸ਼ਟੀਕਰਨ, ਜਦਕਿ ਦੂਜਾ ਪੱਤਰ ਪ੍ਰਕਾਸ਼ ਸਿੰਘ ਬਾਦਲ ਵਲੋਂ 17 ਅਕਤੂਬਰ 2015 ਨੂੰ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪੇ ਗਏ ਪੱਤਰ ਦੀ ਫੋਟੋ ਕਾਪੀ ਹੈ, ਜਿਸ ਵਿੱਚ ਮਰਹੂਮ ਬਾਦਲ ਨੇ ਬੇਅਦਬੀ ਮਾਮਲਿਆਂ ਦੇ ਸਬੰਧ ਵਿੱਚ ਦੁੱਖ ਅਤੇ ਅਫ਼ਸੋਸ ਜ਼ਾਹਰ ਕਰਨ ਦੇ ਨਾਲ-ਨਾਲ ਪਸ਼ਚਾਤਾਪ ਵੀ ਕੀਤਾ। ਮੀਡੀਆ ਮੰਚਾਂ 'ਤੇ ਇਹ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ ਕਿ ਜਿਵੇਂ ਪ੍ਰਕਾਸ਼ ਸਿੰਘ ਬਾਦਲ ਦੀ 2015 ਵਾਲੀ ਪਛਤਾਵੇ ਵਾਲੀ ਚਿੱਠੀ ਬਾਰੇ ਜਿਵੇਂ ਕਿਸੇ ਨੂੰ ਪਹਿਲਾਂ ਪਤਾ ਹੀ ਨਹੀਂ ਸੀ।

(ਬਾਕੀ ਸਫ਼ਾ 30 'ਤੇ)

## ਬੇਅਦਬੀ ਮਾਮਲੇ 'ਚ 'ਆਪ' ਦੀ ਬੇਇਨਸਾਫ਼ੀ

ਸਾਬਕਾ ਪੁਲਿਸ ਅਧਿਕਾਰੀ ਨੂੰ ਵਿਸ਼ੇਸ਼ ਜਾਂਚ ਟੀਮ ਵੱਲੋਂ ਪੁਲਿਸ ਹੈਡਕੁਆਰਟਰ ਚੰਡੀਗੜ੍ਹ ਬੁਲਾ ਕੇ ਪੁੱਛਗਿੱਛ ਕਰਨੀ ਅਤੇ ਫਿਰ ਪੁਲਿਸ ਅਧਿਕਾਰੀ ਵੱਲੋਂ ਜਥੇਦਾਰ ਅਕਾਲ ਤਖ਼ਤ ਸਾਹਿਬ ਨਾਲ ਮੁਲਾਕਾਤ ਕਰਨਾ, ਇਸ ਗੱਲ ਦਾ ਸੰਕੇਤ ਹੈ ਕਿ ਆਗਾਮੀ ਦਿਨਾਂ ਵਿੱਚ ਇਹ ਵੱਡਾ ਮੁੱਦਾ ਬਣ ਸਕਦਾ ਹੈ। ਬੀਤੇ ਦਿਨੀਂ ਕਾਂਗਰਸ ਦੇ ਸੀਨੀਅਰ ਆਗੂਆਂ ਵਿਧਾਇਕ ਪਰਗਟ ਸਿੰਘ ਤੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਜਿਥੇ ਪ੍ਰੈੱਸ ਕਾਨਫਰੰਸ ਕਰ ਕੇ ਸਰਕਾਰ 'ਤੇ ਡੇਰਾ ਮੁਖੀ ਖ਼ਿਲਾਫ਼ ਅਦਾਲਤੀ ਕਾਰਵਾਈ ਸ਼ੁਰੂ ਕਰਨ ਲਈ ਪ੍ਰੋਸੀਕਿਊਸ਼ਨ ਮਨਜ਼ੂਰੀ ਨਾ ਦੇਣ ਦਾ ਦੋਸ਼ ਲਾਇਆ ਸੀ, ਉਥੇ ਸਾਬਕਾ ਪੁਲਿਸ ਅਧਿਕਾਰੀ ਰਣਬੀਰ ਸਿੰਘ ਖਟੜਾ ਨੂੰ ਵੀ ਤੰਗ ਪਰੇਸ਼ਾਨ ਕਰਨ ਦਾ ਦੋਸ਼ ਲਾਇਆ ਹੈ। ਕਾਂਗਰਸੀ ਆਗੂਆਂ ਦਾ ਦੋਸ਼ ਹੈ ਕਿ ਸਾਬਕਾ ਪੁਲਿਸ ਅਧਿਕਾਰੀ ਰਣਬੀਰ ਸਿੰਘ ਖਟੜਾ ਦੀ ਡੇਰਾ ਮੁਖੀ ਦੇ ਵਿਰੁੱਧ ਨਾ ਭੁਗਤਣ ਲਈ ਬਾਂਹ ਮਰੋੜੀ ਜਾ ਰਹੀ ਹੈ ।ਇਸੇ ਤਰ੍ਹਾਂ ਸੂਬੇ ਦੇ ਅੱਧਾ ਦਰਜਨ ਦੇ ਕਰੀਬ ਸਾਬਕਾ ਆਈ.ਏ.ਐੱਸ. ਅਧਿਕਾਰੀਆਂ ਸਵਰਨ ਸਿੰਘ ਬੋਪਾਰਾਏ, ਡਾ. ਮਨਜੀਤ ਸਿੰਘ ਰੰਧਾਵਾ, ਜੀ.ਪੀ.ਐੱਸ. ਸਾਹੀ, ਕੁਲਬੀਰ ਸਿੰਘ ਸਿੱਧੂ, ਜੀ.ਕੇ. ਸਿੰਘ ਅਤੇ ਹਰਕੇਸ਼ ਸਿੰਘ, ਸਾਬਕਾ ਡੀ.ਜੀ.ਪੀ. ਜੀ.ਐੱਸ. ਪੰਧੇਰ, ਡਾ. ਐੱਚ.ਐੱਮ. ਸਿੰਘ, ਬ੍ਰਿਗੇਡੀਅਰ ਇੰਦਰ ਮੋਹਨ ਸਿੰਘ, ਬ੍ਰਿਗੇਡੀਅਰ ਹਰਵੰਤ ਸਿੰਘ, ਕਰਨਲ ਅਵਤਾਰ ਸਿੰਘ ਹੀਰਾ, ਬ੍ਰਿਗੇਡੀਅਰ ਜੀ.ਜੇ. ਸਿੰਘ, ਡਾ. ਐੱਚਐੱਸ ਸਿੱਧੂ ਸਮੇਤ ਕਈਆਂ ਨੇ ਵੀ ਸਰਕਾਰ 'ਤੇ ਸਾਬਕਾ ਪੁਲਿਸ ਅਧਿਕਾਰੀ ਨੂੰ ਤੰਗ ਪਰੇਸ਼ਾਨ ਕੀਤੇ ਜਾਣ ਦਾ ਦੋਸ਼ ਲਾਇਆ ਸੀ।

# ...'ਤੇ ਹੁਣ ਅਮਰੀਕਾ ਵੱਲ ਨੂੰ ਚੱਲ ਪਏ ਨੇ ਕਾਫ਼ਿਲੇ !

## ਰਾਸ਼ਟਰਪਤੀ ਦੀ ਚੋਣ ਹੋਣ ਤੋਂ ਪਹਿਲਾਂ ਹੀ ਸਰਹੱਦ ਨੇੜੇ ਪਹੁੰਚਣਾ ਚਾਹੁੰਦੇ ਨੇ ਵੱਡੀ ਗਿਣਤੀ ਸ਼ਰਨਾਰਥੀ





ਵਿਸ਼ਵ ਦੀ ਮਹਾਂਸ਼ਕਤੀ ਮੰਨੇ ਜਾਂਦੇ ਅਮਰੀਕਾ ਦੇ ਡਾਲਰ ਦੀ ਉੱਚ ਕੀਮਤ, ਅਮਰੀਕਾ ਵਿੱਚ ਨਾਗਰਿਕਾਂ ਨੂੰ ਮਿਲਦੀਆਂ ਉੱਚ ਕੁਆਲਟੀ ਦੀਆਂ ਸਹੂਲਤਾਂ, ਰੁਜ਼ਗਾਰ ਦੇ ਵਧੇਰੇ ਮੌਕੇ, ਵਿਕਸਤ ਪ੍ਰਣਾਲੀਆਂ, ਅਸਮਾਨ ਛੂੰਹਦੀਆਂ ਇਮਾਰਤਾਂ, ਲੋਕਾਂ ਦਾ ਉੱਚਾ ਰਹਿਣ ਸਹਿਣ ਦੁਨੀਆਂ ਭਰ ਦੇ ਦੇਸ਼ਾਂ ਦੇ ਆਮ ਲੋਕਾਂ ਨੂੰ ਅਮਰੀਕਾ ਆਉਣ ਲਈ ਖਿੱਚਦੇ ਰਹਿੰਦੇ ਹਨ। ਇਹੋ ਕਾਰਨ ਹੈ ਕਿ ਅਮਰੀਕਾ ਵਿੱਚ ਹੋਰਨਾਂ ਦੇਸ਼ਾਂ ਤੋਂ ਆਏ ਪਰਵਾਸੀ ਤੇ ਸ਼ਰਨਾਰਥੀ ਲੋਕਾਂ ਦੀ ਗਿਣਤੀ ਦਿਨੋਂ ਦਿਨ ਵਧਦੀ ਜਾ ਰਹੀ ਹੈ। ਅਮਰੀਕਾ ਵਿੱਚ ਵਾਪਰਦੀ ਹਰ ਘਟਨਾ ਦਾ ਪੂਰੀ ਦੁਨੀਆਂ 'ਤੇ ਹੀ ਅਸਰ ਹੁੰਦਾ ਹੈ। ਇਸੇ ਕਾਰਨ ਨਵੰਬਰ ਮਹੀਨੇ ਅਮਰੀਕਾ ਵਿੱਚ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਦਾ ਅਸਰ ਹੁਣੇ ਤੋਂ ਅਨੇਕਾਂ ਦੇਸ਼ਾਂ ਵਿੱਚ ਦਿਖਾਈ ਦੇਣ ਲੱਗਿਆ ਹੈ ਅਤੇ ਇਹਨਾਂ ਦੇਸ਼ਾਂ ਦੇ ਸ਼ਰਨਾਰਥੀ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਹੋਣ ਤੋਂ ਪਹਿਲਾਂ ਹੀ ਕਾਫ਼ਿਲਿਆਂ ਦੇ ਰੂਪ ਵਿੱਚ ਅਮਰੀਕਾ ਦੀ ਧਰਤੀ ਵੱਲ ਨੂੰ ਚੱਲ ਪਏ ਹਨ। ਇਹਨਾਂ ਲੋਕਾਂ ਨੂੰ ਡਰ ਹੈ ਕਿ ਜੇ ਟਰੰਪ ਅਮਰੀਕਾ ਦਾ ਰਾਸ਼ਟਰਪਤੀ ਬਣ ਗਿਆ ਤਾਂ ਉਸ ਵੱਲੋਂ ਹੋਰਨਾਂ ਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਪਰਵਾਸੀਆਂ ਅਤੇ ਸ਼ਰਨਾਰਥੀਆਂ ਦੇ ਅਮਰੀਕਾ ਆਉਣ 'ਤੇ ਪੱਕੀ ਪਾਬੰਦੀ ਲਗਾਉਣ ਦੀ ਸੰਭਾਵਨਾ ਹੈ।



ਵਿਸ਼ਵ ਦੇ ਇੱਕ ਦਰਜ਼ਨ ਤੋਂ ਵੱਧ ਦੇਸ਼ਾਂ ਦੇ 3,000 ਤੋਂ ਵਧੇਰੇ ਲੋਕਾਂ ਦਾ ਕਾਫ਼ਿਲਾ ਇਸ ਸਮੇਂ ਦੱਖਣੀ ਮੈਕਸਿਕੋ ਸਰਹੱਦ ਤੋਂ ਅਮਰੀਕਾ ਦੇ ਵੱਲ ਵੱਧ ਰਿਹਾ ਹੈ। ਇਸ ਕਾਫ਼ਿਲੇ ਵਿੱਚ ਕਈ ਮਹਿਲਾਵਾਂ ਅਤੇ ਬੱਚੇ ਵੀ ਸ਼ਾਮਲ ਹਨ। ਇਸ ਕਾਫ਼ਿਲੇ ਵਿੱਚ ਸ਼ਾਮਲ ਲੋਕਾਂ ਦਾ ਕਹਿਣਾ ਹੈ ਕਿ ਉਹ ਨਵੰਬਰ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਦੀ ਹੋਣ ਵਾਲੀ ਚੋਣ ਤੋਂ ਪਹਿਲਾਂ ਪਹਿਲਾਂ ਅਮਰੀਕਾ ਦੀ ਸਰਹੱਦ 'ਤੇ ਪਹੁੰਚ ਜਾਣਗੇ। 55 ਸਾਲਾ ਕਿਊਬਾਈ ਪ੍ਰਵਾਸੀ ਓਸਵਾਲਡੋ ਰੇਯਨਾ 45 ਦਿਨ ਪਹਿਲਾਂ ਗਵਾਟੇਮਾਲਾ ਤੋਂ ਮੈਕਿਸਕੋ ਪਹੁੰਚੇ ਸੀ। ਉਹਨਾਂ ਦਾ ਕਹਿਣਾ ਹੈ ਕਿ ਉਹ ਅਪਰਾਧੀ ਨਹੀਂ ਹਨ। ਉਹ ਮਿਹਨਤੀ ਲੋਕ ਹਨ, ਜੋ ਜ਼ਿੰਦਗੀ ਵਿੱਚ ਅੱਗੇ ਵੱਧਣ ਲਈ ਆਪਣਾ ਦੇਸ਼ ਛੱਡ ਕੇ ਆਏ ਹਨ, ਕਿਉਂਕਿ ਆਪਣੀ ਮਾਤਰਭੂਮੀ ਵਿੱਚ ਉਹ ਕਈ ਜ਼ਰੂਰਤਾਂ ਨਾਲ ਜੂਝ ਰਹੇ ਹਨ।

ਇਸ ਕਾਫ਼ਿਲੇ ਦੇ ਮੈਕਸਿਕੋ ਸਰਹੱਦ ਤੋਂ ਅਮਰੀਕਾ ਵੱਲ ਪਰਵਾਸ ਨੂੰ ਪੰਜਾਬੀਆਂ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ, ਕਿਉਂਕਿ ਵੱਡੀ ਗਿਣਤੀ ਪੰਜਾਬੀ ਵੀ ਅਕਸਰ ਮੈਕਸਿਕੋ ਦੇ ਰਸਤੇ ਅਮਰੀਕਾ ਵਿੱਚ ਦਾਖ਼ਲ ਹੋਣ ਲਈ ਅਜਿਹੇ ਹੀ ਕਾਫ਼ਿਲਿਆਂ ਦਾ ਅੰਗ ਬਣਦੇ ਹਨ ਅਤੇ ਮੈਕਸਿਕੋ ਦੇ ਜੰਗਲਾਂ ਵਿੱਚ ਅਨੇਕਾਂ ਔਕੜਾਂ ਦਾ ਸਾਹਮਣਾ ਕਰਦਿਆਂ ਉਹ ਅਮਰੀਕਾ ਦੀ ਸਰਹੱਦ ਨੇੜੇ ਪਹੁੰਚਣ ਦਾ ਯਤਨ ਕਰਦੇ ਹਨ। ਹੁਣ ਅਨੇਕਾਂ ਪੰਜਾਬੀ ਵੀ ਅਮਰੀਕਾ ਜਾਣ ਲਈ ਕਾਹਲੇ ਪਏ ਹੋਏ ਹਨ ਅਤੇ ਅਮਰੀਕਾ ਜਾਣ ਲਈ ਹਰ ਤਰ੍ਹਾਂ ਦਾ ਯਤਨ ਕਰ ਰਹੇ ਹਨ। ਜਿਹੜੇ ਪੰਜਾਬੀ ਸਹੀ ਤਰੀਕੇ ਨਾਲ ਅਮਰੀਕਾ ਜਾਣ ਲਈ ਕਾਮਯਾਬ ਹੋ ਜਾਂਦੇ ਹਨ, ਉਹ ਤਾਂ ਅਮਰੀਕਾ ਸਹੀ ਸਲਾਮਤ ਪਹੁੰਚ ਜਾਂਦੇ ਹਨ ਪਰ ਜਿਹੜੇ ਪੰਜਾਬੀ ਸਹੀ ਤਰੀਕੇ ਨਾਲ ਅਮਰੀਕਾ ਜਾਣ ਦੇ ਯੋਗ ਨਹੀਂ ਹੁੰਦੇ ਜਾਂ ਉਹਨਾਂ ਨੂੰ ਕਿਸੇ ਕਾਰਨ ਅਮਰੀਕਾ ਦਾ ਵੀਜ਼ਾ ਨਹੀਂ ਮਿਲਦਾ ਤਾਂ ਉਹ ਫਿਰ ਟ੍ਰੈਵਲ ਏਜੰਟਾਂ ਦੇ ਰਾਹੀਂ ਮੈਕਸਿਕੋ ਪਹੁੰਚਦੇ ਹਨ ਅਤੇ ਉਥੋਂ ਕਾਫ਼ਿਲੇ ਦੇ ਰੂਪ ਵਿੱਚ ਅਮਰੀਕਾ ਵੱਲ ਨੂੰ ਚਾਲੇ ਪਾਉਂਦੇ ਹਨ।

**ਸ਼ਰਨਾਰਥੀ ਪੰਜਾਬੀਆਂ ਦੇ ਕਾਫ਼ਿਲੇ** :ਵੱਡੀ ਗਿਣਤੀ ਪੰਜਾਬੀ ਗੈਰਕਾਨੂੰਨੀ ਢੰਗ ਨਾਲ ਅਮਰੀਕਾ , ਕੈਨੇਡਾ ਅਤੇ ਹੋਰ ਵਿਕਸਤ ਮੁਲਕਾਂ ਵਿੱਚ ਜਾਣ ਲਈ 10 ਹਜ਼ਾਰ ਕਿਲੋਮੀਟਰ ਦਾ ਪੈਂਡਾ ਤੈਅ ਕਰਕੇ ਇੱਕ ਦਰਜ਼ਨ ਮੁਲਕਾਂ ਵਿਚੋਂ ਲੰਘਕੇ ਫਿਰ ਗੈਰਕਾਨੂੰਨੀ ਤਰੀਕੇ ਨਾਲ ਹੀ ਲੁਕ ਛਿਪ ਕੇ ਅਮਰੀਕਾ ਜਾਂ ਕੈਨੇਡਾ ਦਾਖਲ ਹੁੰਦੇ ਹਨ ਅਤੇ ਫਿਰ ਉਥੇ ਹੀ ਸ਼ਰਨ ਮੰਗਦੇ ਹਨ। ਗੈਰਕਾਨੂੰਨੀ ਢੰਗ ਨਾਲ ਅਮਰੀਕਾ, ਕੈਨੇਡਾ ਅਤੇ ਹੋਰ ਵਿਕਸਤ ਮੁਲਕਾਂ ਵਿੱਚ ਜਾਣ ਲਈ ਵੱਡੀ ਗਿਣਤੀ ਪੰਜਾਬੀ ਏਜੰਟਾਂ ਨੂੰ ਲੱਖਾਂ ਰੁਪਏ ਦੇ ਕੇ ਨਵੀਂ ਦਿੱਲੀ ਦੇ ਅੰਤਰਾਸ਼ਟਰੀ ਏਅਰਪੋਰਟ ਤੋਂ ਆਪਣੀਆਂ ਅੱਧ ਮੀਚੀਆਂ ਅੱਖਾਂ ਵਿੱਚ ਹੀ ਲੱਖਾਂ ਸੁਪਨੇ ਲੈ ਕੇ ਪਹਿਲੀ ਵਾਰ ਜਹਾਜ਼ ਚੜਕੇ ਸਭ ਤੋਂ ਪਹਿਲਾਂ ਬ੍ਰਾਜ਼ੀਲ ਪਹੁੰਚਦੇ ਹਨ। ਉਥੋਂ ਬੋਲੀਵੀਆ ਪਹੁੰਚ ਕੇ ਫਿਰ ਲੀਮਾ, ਪੇਰੂ ਹੁੰਦੇ ਹੋਏ ਇਕਵਾਡੋਰ, ਕੋਲੰਬੀਆ ਤੇ ਉਸ ਤੋਂ ਬਾਅਦ ਪਨਾਮਾ ਪਹੁੰਚਦੇ ਹਨ। ਪਨਾਮਾ ਤੋਂ ਇਹ ਗੈਰਕਾਨੂੰਨੀ ਪਰਵਾਸ ਕਰਨ ਵਾਲੇ ਪੰਜਾਬੀ ਫਿਰ ਕੋਸਟਾ ਪਹੁੰਚਦੇ ਹਨ, ਉਸ ਤੋਂ ਬਾਅਦ ਇਹ ਪੰਜਾਬੀ ਹੋਂਡੂਰਾਸ ਪਹੁੰਚਦੇ ਹਨ। ਹੋਂਡੂਰਾਸ ਤੋਂ ਅਗਲਾ ਸਫਰ ਤੈਅ ਕਰਕੇ ਇਹ ਗੈਰਕਾਨੂੰਨੀ ਪਰਵਾਸ ਕਰਨ ਵਾਲੇ ਪੰਜਾਬੀ ਗੁਆਟੇਮਾਲਾ ਹੁੰਦੇ ਹੋਏ ਮੈਕਸੀਕੋ ਪਹੁੰਚਦੇ ਹਨ। ਮੈਕਸੀਕੋ ਤੋਂ ਉਹਨਾਂ ਦਾ ਫਿਰ ਸਮੁੰਦਰੀ ਸਫ਼ਰ ਸ਼ੁਰੂ ਹੁੰਦਾ ਹੈ ਅਤੇ ਇਹ ਕਿਸ਼ਤੀ ਰਾਹੀਂ ਗੈਰਕਾਨੂੰਨੀ ਤਰੀਕੇ ਨਾਲ ਹੀ ਅਮਰੀਕਾ ਦੀ ਧਰਤੀ ਉੱਪਰ ਪਹੁੰਚਦੇ ਹਨ। ਇਸ ਤੋਂ ਇਲਾਵਾ ਮੈਕਸਿਕੋ ਤੋਂ ਪੈਦਲ ਹੀ ਸ਼ਰਨਾਰਥੀਆਂ ਦੇ ਅਨੇਕਾਂ ਕਾਫ਼ਿਲੇ ਅਮਰੀਕਾ ਦੀ ਸਰਹੱਦ ਵੱਲ ਰਵਾਨਾ ਹੁੰਦੇ ਹਨ, ਜਿਹਨਾਂ ਵਿੱਚ ਕਈ ਪੰਜਾਬੀ ਵੀ ਸ਼ਾਮਲ ਹੁੰਦੇ ਹਹਨ। ਇਹਨਾਂ ਵਿਚੋਂ ਕਈ ਪੰਜਾਬੀ ਤਾਂ ਅਮਰੀਕਾ ਵਿੱਚ ਲੁਕ ਛਿਪ ਕੇ ਰਹਿਣ ਦਾ ਜੁਗਾੜ ਕਰ ਲੈਂਦੇ ਹਨ , ਨਹੀਂ ਤਾਂ ਅਨੇਕਾਂ ਪੰਜਾਬੀਆਂ ਦਰਜ਼ਨ ਭਰ ਮੁਲਕਾਂ ਵਿੱਚ ਹੀ ਗੇੜੇ ਖਾਂਦਿਆਂ ਅੱਧ ਵਿਚਾਲੇ ਜਿਹੇ ਹੀ ਜਾਂ ਤਾਂ ਮੌਤ ਦੇ ਮੂੰਹ (**ਬਾਕੀ ਸਫ਼ਾ 30 'ਤੇ**)

## ਅਮਰੀਕਾ ਦੇ ਹਰ 7 ਨਾਗਰਿਕਾਂ ਵਿੱਚ ਇੱਕ ਵਿਦੇਸ਼ੀ



ਅਮਰੀਕੀ ਜਨਗਣਨਾ ਵਿਭਾਗ ਨੇ 2017 ਦੇ ਕਮਿਊਨਿਟੀ ਸਰਵੇਖਣ ਦੇ ਆਧਾਰ 'ਤੇ ਕਾਨੂੰਨੀ ਅਤੇ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਦੇ ਅੰਕੜੇ ਜਾਰੀ ਕੀਤੇ ਹਨ। ਇਸ ਮੁਤਾਬਕ ਅਮਰੀਕਾ ਦੇ ਹਰ ਸੱਤ ਨਾਗਰਿਕਾਂ ਵਿੱਚੋਂ ਇੱਕ ਵਿਦੇਸ਼ੀ ਹੈ।

ਅਮਰੀਕਾ ਦੀ ਕੁੱਲ ਆਬਾਦੀ 2016 ਵਿੱਚ 4.45 ਕਰੋੜ ਸੀ। ਕੁੱਲ ਆਬਾਦੀ ਦੇ ਹਿਸਾਬ ਨਾਲ ਇੱਥੇ ਪ੍ਰਵਾਸੀ ਨਾਗਰਿਕਾਂ ਦੀ ਗਿਣਤੀ 14% ਹੈ। ਅਮਰੀਕਾ ਵਿੱਚ ਵਸਣ ਵਾਲੇ ਪ੍ਰਵਾਸੀਆਂ ਵਿੱਚ ਭਾਰਤੀਆਂ ਦੀ ਗਿਣਤੀ ਸਭ ਤੋਂ ਵੱਧ ਹੈ। ਭਾਰਤ ਦੇ ਕੁੱਲ 8.17 ਲੱਖ ਤੋਂ ਵੱਧ ਲੋਕ ਇਸ ਸਮੇਂ ਅਮਰੀਕਾ ਵਿੱਚ ਹਨ ।ਅੰਕੜਿਆਂ ਅਨੁਸਾਰ 2016 ਵਿੱਚ ਅਮਰੀਕਾ ਦੀ ਕੁੱਲ ਆਬਾਦੀ 4.45 ਕਰੋੜ ਸੀ, ਜਿਸ ਵਿੱਚ ਕਰੀਬ ਅੱਠ ਲੱਖ ਪ੍ਰਵਾਸੀਆਂ ਦਾ ਵਾਧਾ ਹੋਇਆ ਹੈ। ਇਸ ਅਨੁਸਾਰ, ਇੱਕ ਸਾਲ ਵਿੱਚ ਅਮਰੀਕਾ ਵਿੱਚ ਪ੍ਰਵਾਸੀ ਨਾਗਰਿਕਾਂ ਦੀ ਗਿਣਤੀ ਵਿੱਚ 1.8% ਦਾ ਵਾਧਾ ਹੋਇਆ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਅਮਰੀਕਾ ਨੂੰ ਆਮ ਤੌਰ 'ਤੇ ਪ੍ਰਵਾਸੀਆਂ ਦੀ ਧਰਤੀ ਕਿਹਾ ਜਾਂਦਾ ਹੈ। ਤਾਜ਼ਾ ਅੰਕੜਿਆਂ ਅਨੁਸਾਰ ਇੱਥੇ ਵਿਦੇਸ਼ੀ ਨਾਗਰਿਕਾਂ ਦੀ ਇਹ ਗਿਣਤੀ ਪਿਛਲੇ 100 ਸਾਲਾਂ ਵਿੱਚ ਸਭ ਤੋਂ ਵੱਧ ਹੈ।

ਅਮਰੀਕਾ ਦੇ ਇਮੀਗ੍ਰੇਸ਼ਨ ਸਟੱਡੀ ਸੈਂਟਰ (ਸੀ.ਆਈ.ਐਸ.) ਨੇ ਰਿਪੋਰਟ ਦਿੱਤੀ ਕਿ 1980 ਵਿੱਚ, ਅਮਰੀਕਾ ਵਿੱਚ ਹਰ 16 ਲੋਕਾਂ ਵਿੱਚ ਇੱਕ ਵਿਅਕਤੀ ਵਿਦੇਸ਼ੀ ਸੀ। 2010 ਤੋਂ 2017 ਦਰਮਿਆਨ ਅਮਰੀਕਾ ਵਿੱਚ ਭਾਰਤੀਆਂ ਦੀ ਗਿਣਤੀ 8.30 ਲੱਖ ਵਧੀ ਹੈ। ਇਸ ਸਮੇਂ ਅਮਰੀਕਾ ਦੇ 6.77 ਲੱਖ ਨਾਗਰਿਕ ਚੀਨ, 4 ਲੱਖ ਪਾਕਿਸਤਾਨ ਅਤੇ 2.83 ਡੋਮਿਨਿਕਨ ਰੀਪਬਲਿਕ ਦੇ ਹਨ। ਜੇਕਰ ਇਸ ਵਾਧੇ ਨੂੰ ਪ੍ਰਤੀਸ਼ਤ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਨੇਪਾਲ ਇਸ ਮਾਮਲੇ ਵਿੱਚ ਸਭ ਤੋਂ ਅੱਗੇ ਹੈ ।2010 ਤੋਂ 2017 ਤੱਕ ਅਮਰੀਕਾ ਵਿੱਚ 1.52 ਲੱਖ ਨੇਪਾਲੀਆਂ ਦੀ ਗਿਣਤੀ 120% ਵਧੀ ਹੈ। ਅੰਕੜਿਆਂ ਦੇ ਅਨੁਸਾਰ, ਅਮਰੀਕਾ ਵਿੱਚ ਇਸ ਸਮੇਂ ਕੁੱਲ 95 ਲੱਖ ਪ੍ਰਵਾਸੀ ਨਾਗਰਿਕ ਹਨ। ਇਸ ਦੇ ਨਾਲ ਹੀ 2010 ਤੋਂ 2017 ਤੱਕ ਵਿਦੇਸ਼ੀਆਂ ਦੀ ਗਿਣਤੀ 46 ਲੱਖ ਵਧੀ ਹੈ।

## ਭਾਰਤ ਪਾਸਪੋਰਟ ਰੈਂਕਿੰਗ ਸੂਚੀ 'ਚ 82ਵੇਂ ਸਥਾਨ 'ਤੇ

ਸਿੰਗਾਪੁਰ ਪਾਸਪੋਰਟ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਹੈ। ਪਾਸਪੋਰਟ ਰੈਂਕਿੰਗ ਸੰਸਥਾ ਹੈਨਲੇ ਐਂਡ ਪਾਰਟਨਰਸ ਨੇ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਰੈਂਕਿੰਗ ਜਾਰੀ ਕੀਤੀ ਹੈ। ਇਸ ਸੂਚੀ 'ਚ ਭਾਰਤ ਨੂੰ 82ਵਾਂ ਸਥਾਨ ਮਿਲਿਆ ਹੈ। ਇਸ ਸਾਲ ਜਨਵਰੀ 'ਚ ਜਾਰੀ ਇੰਡੈਕਸ ਦੇ ਮੁਕਾਬਲੇ ਭਾਰਤ ਦੀ ਰੈਂਕਿੰਗ 'ਚ 3 ਸਥਾਨ ਦਾ ਵਾਧਾ ਹੋਇਆ ਹੈ। ਭਾਰਤੀ ਪਾਸਪੋਰਟ 'ਤੇ 58 ਦੇਸ਼ਾਂ 'ਚ ਵੀਜ਼ਾ ਫ੍ਰੀ ਐਂਟਰੀ ਹੈ। ਇਸ ਤੋਂ ਪਹਿਲਾਂ ਜਨਵਰੀ 'ਚ ਜਾਰੀ ਇੰਡੈਕਸ 'ਚ ਭਾਰਤ ਦੀ ਰੈਂਕਿੰਗ 5



ਸਥਾਨ ਹੇਠਾਂ ਆ ਗਈ ਸੀ। ਸਾਲ 2023 'ਚ ਭਾਰਤ 80ਵੇਂ ਸਥਾਨ 'ਤੇ ਸੀ।

ਇਸ ਸੂਚੀ 'ਚ ਸਿੰਗਾਪੁਰ ਦੇ ਪਾਸਪੋਰਟ ਨੂੰ ਪਹਿਲਾ ਸਥਾਨ ਮਿਲਿਆ ਹੈ, ਜਿਸ ਦੀ 195 ਦੇਸ਼ਾਂ 'ਚ ਵੀਜ਼ਾ ਮੁਕਤ ਵੈਧਤਾ ਹੈ। ਜਾਪਾਨ ਦੇ ਨਾਲ-ਨਾਲ ਫ਼ਰਾਂਸ, ਇਟਲੀ, ਜਰਮਨੀ ਅਤੇ ਸਪੇਨ ਦੂਜੇ ਸਥਾਨ 'ਤੇ ਹਨ, ਜਿਨ੍ਹਾਂ ਦੇ ਪਾਸਪੋਰਟ ਨਾਲ 192 ਦੇਸ਼ਾਂ ਦੀ ਵੀਜ਼ਾ ਮੁਫ਼ਤ ਯਾਤਰਾ ਕੀਤੀ ਜਾ ਸਕਦੀ ਹੈ।

ਆਸਟ੍ਰੇਲੀਆ, ਫਿਨਲੈਂਡ, ਆਇਰਲੈਂਡ, ਲਕਸਮਬਰਗ, ਨੀਦਰਲੈਂਡ, ਦੱਖਣੀ ਕੋਰੀਆ ਅਤੇ ਸਵੀਡਨ ਮੁਫ਼ਤ ਵੀਜ਼ਾ ਦਾਖ਼ਲੇ ਵਾਲੇ 191 ਦੇਸ਼ਾਂ ਵਿੱਚੋਂ ਤੀਜੇ ਸਥਾਨ 'ਤੇ ਹਨ। ਇਹ ਰੈਂਕਿੰਗ ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ ਦੇ ਅੰਕੜਿਆਂ ਦੇ ਆਧਾਰ 'ਤੇ ਜਾਰੀ ਕੀਤੀ ਗਈ ਹੈ।



## ਅਮਰੀਕਾ ਵਿੱਚ .ਗੈਰ-ਕਾਨੂੰਨੀ ਭਾਰਤੀਆਂ ਦੀ ਗਿਣਤੀ ਵਧੀ

ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀ ਪ੍ਰਵਾਸੀਆਂ ਨੂੰ ਲੈ ਕੇ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਤਾਜ਼ਾ ਰਿਪੋਰਟ ਮੁਤਾਬਕ ਅਮਰੀਕਾ ਵਿੱਚ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ। 'ਪਿਊ ਰਿਸਰਚ ਸੈਂਟਰ' ਨੇ ਅਮਰੀਕਾ 'ਚ ਗੈਰ-ਕਾਨੂੰਨੀ ਭਾਰਤੀਆਂ ਦੀ ਘੁਸਪੈਠ ਸਬੰਧੀ ਰਿਪੋਰਟ ਪੇਸ਼ ਕੀਤੀ ਹੈ। ਰਿਪੋਰਟ ਮੁਤਾਬਕ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ 'ਚ ਤੀਜੀ ਸਭ ਤੋਂ ਵੱਡੀ ਗਿਣਤੀ ਭਾਰਤੀ ਪ੍ਰਵਾਸੀਆਂ ਦੀ ਹੈ।

ਰਿਪੋਰਟ ਮੁਤਾਬਕ ਅਮਰੀਕਾ ਦੇ ਵੱਖ-ਵੱਖ ਸੂਬਿਆਂ 'ਚ 7,25,000 ਭਾਰਤੀ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਨ। ਯੂ.ਐਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਅਨੁਸਾਰ, ਪੈਦਲ ਸਰਹੱਦ ਪਾਰ ਕਰਨ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ ਪੰਜ ਗੁਣਾ ਵਾਧਾ ਹੋਇਆ ਹੈ। ਭਾਰਤ ਤੋਂ ਬਾਅਦ ਗੁਆਟੇਮਾਲਾ ਦੇ ਨਾਗਰਿਕ ਅਮਰੀਕਾ 'ਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਨ।

ਇਹ ਦੱਸਿਆ ਗਿਆ ਹੈ ਕਿ ਕੋਵਿਡ ਪਾਬੰਦੀਆਂ ਹਟਣ ਤੋਂ ਬਾਅਦ ਅਮਰੀਕਾ ਵਿੱਚ ਗੈਰ-ਦਸਤਾਵੇਜ਼ੀ ਭਾਰਤੀਆਂ ਦੀ ਗਿਣਤੀ ਵਿੱਚ ਵਾਧਾ ਦੇਖਿਆ ਗਿਆ ਹੈ। ਅਕਤੂਬਰ 2022 ਤੋਂ ਸਤੰਬਰ 2023 ਤੱਕ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਏ 96,917 ਭਾਰਤੀਆਂ ਨੂੰ ਫੜਿਆ ਗਿਆ ਹੈ।

ਇਹ ਜ਼ਰੂਰੀ ਨਹੀਂ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿੱਚ ਟਰੰਪ ਹੀ ਜੇਤੂ ਰਹਿਣ, ਟਰੰਪ ਚੋਣ ਹਾਰ ਵੀ ਸਕਦੇ ਹਨ, ਪਰ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਹੀ ਵੱਖ- ਵੱਖ ਮੁਲਕਾਂ ਤੋਂ ਅਮਰੀਕਾ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ।

# ਯੂਰਪ ਦੀ ਸੁਰੱਖਿਆ ਨੂੰ ਰੂਸ-ਚੀਨ ਤੋਂ ਖ਼ਤਰਾ

## ਅਮਰੀਕਾ ਤੇ ਨਾਟੋ ਔਖਾ, ਕਿਉਂ ਘਟਾ ਰਿਹਾ ਯੂਰਪ ਆਪਣੇ ਫ਼ੌਜੀ ਖ਼ਰਚੇ ?

## ਜਰਮਨ ਵੱਲੋਂ ਯੂਕਰੇਨ ਦੀ ਫ਼ੌਜੀ ਮਦਦ ਤੋਂ ਰੂਸ ਤੜਫ਼ਿਆ, ਜਰਮਨ ਨਿਸ਼ਾਨੇ ਉੱਪਰ

ਵਿਸ਼ਵ ਜੰਗ ਦਾ ਖ਼ਤਰਾ ਸੰਸਾਰ ਉਪਰ ਮੰਡਰਾ ਰਿਹਾ ਹੈ। ਰੂਸ- ਯੂਕਰੇਨ ਦੀ ਜੰਗ ਦੌਰਾਨ ਨਾਟੋ ਦੀ ਦਖਲ ਅੰਦਾਜ਼ੀ ਕਾਰਣ ਰੂਸ ਭੜਕਿਆ ਹੋਇਆ ਹੈ ਤੇ ਉਸ ਦੇ ਨਿਸ਼ਾਨੇ ਉੱਪਰ ਯੂਰਪ ਖਾਸ ਕਰਕੇ ਜਰਮਨ ਹੈ। ਕਦੇ ਵੀ ਇਹ ਜੰਗ ਵੱਡੇ ਪੱਧਰ ਉੱਪਰ ਭੜਕ ਸਕਦੀ ਹੈ। ਸੰਸਾਰ ਨੂੰ ਨਿਸ਼ਾਨੇ ਉੱਪਰ ਲੈ ਸਕਦੀ ਹੈ। ਦੂਜੇ ਪਾਸੇ ਸੰਸਾਰਕ ਮੰਦੀ ਕਾਰਨ ਯੂਰਪ ਨੇ ਫ਼ੌਜੀ ਖਰਚੇ ਵੱਡੀ ਪੱਧਰ ਉੱਪਰ ਘਟਾ ਦਿਤੇ ਹਨ। ਇਸ ਕਾਰਨ ਅਮਰੀਕਾ ਤੇ ਨਾਟੋ ਔਖਾ ਹੈ। ਦੋਵੇਂ ਚਾਹੁੰਦੇ ਹਨ ਕਿ ਯੂਰਪ ਫ਼ੌਜੀ ਖਰਚਿਆਂ ਵਿੱਚ ਹਿੱਸਾ ਪਾਵੇ। ਅਮਰੀਕਾ ਉੱਪਰ ਆਰਥਿਕ ਦਬਾਅ ਨਾ ਪਾਵੇ।

ਨਾਟੋ ਦੇ ਕਈ ਉਚ ਅਧਿਕਾਰੀਆਂ ਨੂੰ ਡਰ ਹੈ ਕਿ ਆਉਣ ਵਾਲੇ ਕੁਝ ਸਾਲ ਬਹੁਤ ਫੈਸਲਾਕੁੰਨ ਸਾਬਤ ਹੋ ਸਕਦੇ ਹਨ। ਅਗਲੇ ਪੰਜ ਸਾਲਾਂ ਵਿੱਚ ਜੰਗ ਦੀ ਸੰਭਾਵਨਾ ਹੋ ਸਕਦੀ ਹੈ ਜੋ ਯੂਰਪ ਨੂੰ ਲਪੇਟ ਵਿੱਚ ਲੈ ਸਕਦੀ ਹੈ।

ਯੂਕਰੇਨ ਯੁੱਧ ਅਤੇ ਨਵੰਬਰ ਵਿੱਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ, ਇਹ ਦੋਵੇਂ ਮੁੱਦੇ ਹਾਲ ਹੀ ਵਿੱਚ ਵਾਸ਼ਿੰਗਟਨ ਵਿੱਚ ਹੋਏ ਨਾਟੋ ਸੰਮੇਲਨ ਵਿੱਚ ਹਾਵੀ ਰਹੇ। ਨਾਟੋ ਦੇ ਫੌਜੀ ਯੋਜਨਾਕਾਰਾਂ ਨੇ ਮੁੱਖ ਤੌਰ 'ਤੇ ਯੂਰਪ ਵਿੱਚ ਸੁਰੱਖਿਆ ਬੁਨਿਆਦੀ ਢਾਂਚੇ ਦੀ ਵਿਗੜਦੀ ਸਥਿਤੀ ਨੂੰ ਠੀਕ ਕਰਨ ਲਈ ਲੋੜੀਂਦੀਆਂ ਵੱਡੀਆਂ ਰਕਮਾਂ ਦੇ ਮੁਲਾਂਕਣ 'ਤੇ ਵਿਚਾਰ ਕੀਤਾ। ਪਿਛਲੇ ਸਾਲ, ਨਾਟੋ ਨੇਤਾਵਾਂ ਨੇ ਵੱਡੇ ਪੱਧਰ 'ਤੇ ਰੱਖਿਆ ਸਮਰਥਾ ਨੂੰ ਸੁਧਾਰਨ ਲਈ ਸਹਿਮਤੀ ਪ੍ਰਗਟਾਈ ਸੀ। ਫਰਵਰੀ 2022 ਵਿੱਚ ਰੂਸੀ ਹਮਲੇ ਨਾਲ ਸ਼ੁਰੂ ਹੋਏ ਯੂਕਰੇਨ ਯੁੱਧ ਤੋਂ ਬਾਅਦ ਹੀ ਯੂਰਪ ਵਿੱਚ ਸੁਰੱਖਿਆ ਵਧਾਉਣ ਅਤੇ ਫ਼ੌਜੀ ਸਾਜ਼ੋ-ਸਾਮਾਨ 'ਤੇ ਭਾਰੀ ਖਰਚ ਕਰਨ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ।

ਸੀ.ਐਨ.ਐਨ. ਦੀ ਇਕ ਖ਼ਬਰ ਅਨੁਸਾਰ, ਇਸ ਸਾਲ ਫਰਵਰੀ ਵਿੱਚ, ਟਰੰਪ ਨੇ ਕਿਹਾ ਸੀ ਕਿ ਉਹ ਰੂਸ ਨੂੰ ਉਤਸ਼ਾਹਿਤ ਕਰੇਗਾ ਕਿ ਉਹ ਰੱਖਿਆ ਖਰਚਿਆਂ ਨਾਲ ਜੁੜੇ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਵਾਲੇ ਨਾਟੋ ਦੇ ਮੈਂਬਰਾਂ ਨਾਲ ਜੋ ਮਰਜ਼ੀ ਕਰੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਉਹ ਮੁੜ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਉਹ ਨਾਟੋ ਨਾਲ ਮਿਲਕੇ ਇੱਕ ਦੂਜੇ ਦੀ ਰੱਖਿਆ ਲਈ ਨਾਟੋ ਦੀ ਧਾਰਾ ਦਾ ਪਾਲਣ ਨਹੀਂ ਕਰਨਗੇ। ਅਜਿਹੇ ਵਿੱਚ ਜਰਮਨੀ ਸਮੇਤ ਕਈ ਯੂਰਪੀ ਨਾਟੋ ਮੈਂਬਰ ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਲੈ ਕੇ ਬੇਚੈਨ ਹਨ।



### ਨਾਟੋ ਕਾਨਫਰੰਸ ਵਿੱਚ ਆਈਪੀ-4 ਦੇਸ਼ ਕੀ ਕਰ ਰਹੇ ਹਨ ?

ਅਗਲੇ ਸਾਲ ਹੋਣ ਵਾਲੀ ਨਾਟੋ ਰੱਖਿਆ ਮੰਤਰੀਆਂ ਦੀ ਅਹਿਮ ਬੈਠਕ ਵਿੱਚ ਫ਼ੌਜੀ ਖਰਚਿਆਂ 'ਤੇ ਫੈਸਲਾ ਲਿਆ ਜਾ ਸਕਦਾ ਹੈ। ਇਸ ਦੇ ਤਹਿਤ ਯੂਰਪ ਦੀ ਸੁਰੱਖਿਆ ਲਈ ਮੈਂਬਰ ਦੇਸ਼ਾਂ ਨੂੰ ਰੱਖਿਆ ਢਾਂਚੇ ਦੀ ਮੁਰੰਮਤ ਵਿੱਚ ਭਾਰੀ ਖਰਚਾ ਚੁੱਕਣਾ ਪੈ ਸਕਦਾ ਹੈ। ਫਰਵਰੀ 2022 ਵਿੱਚ ਯੂਕਰੇਨ ਉੱਤੇ ਰੂਸੀ ਹਮਲਾ ਇੱਕ ਵੱਡਾ ਮੋੜ ਸਾਬਤ ਹੋਇਆ। ਦਹਾਕਿਆਂ ਬਾਅਦ ਯੁੱਧ ਯੂਰਪੀ ਦੇਸ਼ਾਂ ਦੇ ਨੇੜੇ ਆ ਚੁਕਾ ਹੈ। ਅਜਿਹੇ ਵਿੱਚ ਯੂਰਪ ਦੀ ਸੁਰੱਖਿਆ ਲਈ ਨਾਟੋ ਦੀ ਭੂਮਿਕਾ ਪਹਿਲਾਂ ਨਾਲੋਂ ਜ਼ਿਆਦਾ ਅਹਿਮ ਹੋ ਗਈ ਹੈ।

### ਨਾਟੋ ਨੂੰ ਕਿਹੜੇ ਖੇਤਰਾਂ 'ਤੇ ਧਿਆਨ ਦੇਣ ਦੀ ਲੋੜ ਹੈ ?

ਰਾਇਟਰਜ਼ ਨਿਊਜ ਏਜੰਸੀ ਨੇ ਬੀਤੇ ਦਿਨੀਂ ਇਸ ਗੁਪਤ ਯੋਜਨਾ ਬਾਰੇ ਯੂਰਪ ਦੇ 12 ਫ਼ੌਜੀ ਅਤੇ ਸਿਵਲ ਸੇਵਾ ਅਧਿਕਾਰੀਆਂ ਨਾਲ ਗੱਲ ਕੀਤੀ। ਉਸਨੇ ਛੇ ਖੇਤਰਾਂ ਦੀ ਰੂਪ ਰੇਖਾ ਦੱਸੀ ਜਿਨ੍ਹਾਂ ਨੂੰ ਨਾਟੋ ਨੇ ਸਭ ਤੋਂ ਮਹੱਤਵਪੂਰਨ ਮੰਨਿਆ ਹੈ। ਇਨ੍ਹਾਂ ਵਿੱਚ ਹਵਾਈ ਰੱਖਿਆ, ਲੰਬੀ ਦੂਰੀ ਦੀਆਂ ਮਿਜ਼ਾਈਲਾਂ, ਸੈਨਿਕਾਂ ਦੀ ਗਿਣਤੀ, ਸਾਜ਼ੋ-ਸਾਮਾਨ, ਲੌਜਿਸਟਿਕਸ ਅਤੇ ਫੌਜੀ ਆਵਾਜਾਈ ਅਤੇ ਜੰਗ ਦੇ ਮੈਦਾਨ ਵਿੱਚ ਸੁਰੱਖਿਅਤ ਡਿਜੀਟਲ ਸੰਚਾਰ ਦੀ ਘਾਟ ਵਰਗੇ ਪਹਿਲੂ ਸ਼ਾਮਲ ਹਨ।

ਮਾਹਿਰਾਂ ਮੁਤਾਬਕ ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨਾ ਨਾਟੋ ਲਈ ਧੀਵੀਂ ਪ੍ਰਕਿਰਿਆ ਸਾਬਤ ਹੋ ਸਕਦੀ ਹੈ। ਬਜਟ ਦੀਆਂ ਸੀਮਾਵਾਂ ਯੂਰਪ ਦੇ ਪ੍ਰਮੁੱਖ ਨਾਟੋ ਮੈਂਬਰਾਂ ਵਿੱਚ ਏਕਤਾ ਨੂੰ ਪ੍ਰਭਾਵਤ ਕਰ ਸਕਦੀਆਂ ਹਨ।

ਡੋਨਾਲਡ ਟਰੰਪ ਕਈ ਵਾਰ ਅਮਰੀਕਾ ਵੱਲੋਂ ਨਾਟੋ ਛੱਡਣ ਦੀ ਧਮਕੀ ਦੇ ਚੁੱਕੇ ਹਨ। ਰਾਸ਼ਟਰਪਤੀ ਵਜੋਂ ਆਪਣੇ ਕਾਰਜਕਾਲ ਦੌਰਾਨ, ਨਾਟੋ ਦੇ ਯੂਰਪੀਅਨ ਮੈਂਬਰਾਂ ਨਾਲ ਉਸਦੀ ਮੁੱਖ ਸ਼ਿਕਾਇਤ ਇਹ ਸੀ ਕਿ ਉਹਨਾਂ ਨੇ ਗਠਜੋੜ ਵਿੱਚ ਅਨੁਮਾਨਤ ਆਰਥਿਕ ਯੋਗਦਾਨ ਨਹੀਂ ਪਾਇਆ।

### ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ 'ਤੇ ਚਿੰਤਾ ਹੈ

ਆਉਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵੀ ਨਾਟੋ ਦੀ ਏਕਤਾ ਨੂੰ ਵੀ ਪ੍ਰਭਾਵਿਤ ਕਰ ਸਕਦੀਆਂ ਹਨ। ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਦੀ ਸੰਭਾਵਨਾ ਕਾਰਨ ਯੂਰਪੀ ਦੇਸ਼ ਸੁਰੱਖਿਆ ਅਤੇ ਗਠਜੋੜ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਟਰੰਪ ਨੇ ਯੂਰਪ ਦੇ ਸਹਿਯੋਗੀ ਦੇਸ਼ਾਂ 'ਤੇ ਅਮਰੀਕਾ ਦੁਆਰਾ ਦਿੱਤੀ ਜਾਣ ਵਾਲੀ ਫ਼ੌਜੀ ਸਹਾਇਤਾ ਦਾ ਫਾਇਦਾ ਉਠਾਉਣ ਦਾ ਦੋਸ਼ ਲਗਾਇਆ ਸੀ। ਉਹ ਪਹਿਲਾਂ ਵੀ ਨਾਟੋ ਦੇ ਯੂਰਪੀ ਸਹਿਯੋਗੀਆਂ ਦੀ ਢੁਕਵੀਂ ਫੰਡ ਮੁਹੱਈਆ ਨਾ ਕਰਨ ਲਈ ਆਲੋਚਨਾ ਕਰ ਚੁੱਕੇ ਹਨ।

### ਨਾਟੋ ਕਾਨਫਰੰਸ ਵਿੱਚ ਯੂਕਰੇਨ ਨੂੰ ਹੋਰ ਮਦਦ ਦੇਣ ਦਾ ਐਲਾਨ

ਵਾਸ਼ਿੰਗਟਨ ਕਾਨਫਰੰਸ ਦੌਰਾਨ ਕੁਝ ਯੂਰਪੀ ਨੇਤਾਵਾਂ ਨੇ ਖੁੱਲ੍ਹ ਕੇ ਮੰਨਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਭਾਵੇਂ ਕੋਈ ਵੀ ਜਿੱਤ ਜਾਵੇ, ਯੂਰਪ ਨੂੰ ਆਪਣੇ ਫੌਜੀ ਖਰਚੇ ਵਧਾਉਣੇ ਪੈਣਗੇ। ਬ੍ਰਿਟੇਨ ਦੇ ਰੱਖਿਆ ਮੰਤਰੀ ਜੌਹਨ ਹੇਲੀ ਨੇ ਕਿਹਾ ਕਿ ਸਾਨੂੰ ਸਵੀਕਾਰ ਕਰਨਾ ਹੋਵੇਗਾ ਕਿ ਰਾਸ਼ਟਰਪਤੀ ਚੋਣਾਂ ਦਾ ਨਤੀਜਾ ਜੋ ਵੀ ਹੋਵੇ, ਹਿੰਦ-ਪ੍ਰਸ਼ਾਂਤ ਖੇਤਰ ਨੂੰ ਲੈ ਕੇ ਅਮਰੀਕਾ ਦੀ ਤਰਜੀਹ ਤੇਜ਼ੀ ਨਾਲ ਬਦਲੇਗੀ। ਅਜਿਹੀ ਸਥਿਤੀ ਵਿੱਚ ਨਾਟੋ ਵਿੱਚ ਸ਼ਾਮਲ ਯੂਰਪੀ ਦੇਸ਼ਾਂ ਨੂੰ ਹੋਰ ਯਤਨ ਕਰਨੇ ਪੈਣਗੇ।

ਨਾਟੋ ਵਿੱਚ ਸੁਰੱਖਿਆ ਪ੍ਰਤੀ ਮੈਂਬਰ ਦੇਸ਼ਾਂ ਵਲੋਂ ਦਿੱਤੇ ਜਾਣ ਵਾਲੇ ਆਰਥਿਕ ਯੋਗਦਾਨ ਵਿੱਚ ਫਰਕ ਆਇਆ ਹੈ। ਸਾਰੇ ਸਬੰਧਤ ਮੰਨਦੇ ਹਨ ਕਿ ਨਾਟੋ ਦੀਆਂ ਸੁਰੱਖਿਆ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਅਤੇ ਇਸ ਲਈ ਵੱਡੇ ਖਰਚੇ ਦੀ ਲੋੜ ਹੋਵੇਗੀ।


ਇਹ ਸਪੱਸ਼ਟ ਹੈ ਕਿ ਵਿਦੇਸ਼ ਨੀਤੀ ਦੇ ਪੱਧਰ 'ਤੇ ਅਮਰੀਕਾ ਦੀਆਂ ਤਰਜੀਹਾਂ ਸਿਰਫ਼ ਯੂਰਪ ਤੱਕ ਹੀ ਸੀਮਤ ਨਹੀਂ ਹਨ। ਚੀਨ ਦੀ ਚੁਣੌਤੀ ਕਾਰਨ ਹਿੰਦ-ਪ੍ਰਸ਼ਾਂਤ ਖੇਤਰ 'ਤੇ ਇਸ ਦਾ ਧਿਆਨ ਹੋਰ ਵਧਣ ਦੀ ਸੰਭਾਵਨਾ ਹੈ। ਅਜਿਹੀ ਸਥਿਤੀ ਵਿੱਚ, ਬਹੁਤ ਸਾਰੇ ਮਾਹਿਰ ਇਸ ਗੱਲ ਵਲ ਧਿਆਨ ਦਿਵਾਉਂਦੇ ਹਨ ਕਿ ਯੂਰਪੀਅਨ ਦੇਸ਼ਾਂ ਨੂੰ ਆਪਣੀ ਸਮੂਹਿਕ ਸੁਰੱਖਿਆ ਲਈ ਵਧੇਰੇ ਆਤਮ-ਨਿਰਭਰ ਬਣਨਾ ਹੋਵੇਗਾ ।

### ਰੱਖਿਆ ਖਰਚ ਵਧਾਉਣਾ ਵੱਡੀ ਚੁਣੌਤੀ

ਸ਼ੀਤ ਯੁੱਧ ਦੇ ਅੰਤ ਤੋਂ ਬਾਅਦ ਪਹਿਲੀ ਵਾਰ ਨਾਟੋ ਇੰਨੀ ਜ਼ਿਆਦਾ ਸਾਵਧਾਨੀ ਵਰਤ ਰਿਹਾ ਹੈ। ਕਈ ਅਧਿਕਾਰੀਆਂ ਨੂੰ ਡਰ ਹੈ ਕਿ ਆਉਣ ਵਾਲੇ ਕੁਝ ਸਾਲ ਬਹੁਤ ਫੈਸਲਾਕੁੰਨ ਸਾਬਤ ਹੋ ਸਕਦੇ ਹਨ।

(ਬਾਕੀ ਸਫ਼ਾ 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




# ਕੀ ਜ਼ਿਮਨੀ ਚੋਣਾਂ ਤੋਂ ਡਰ ਰਹੀ ਹੈ ਭਾਜਪਾ ?

## 30 ਵਿਧਾਨ ਸਭਾ ਸੀਟਾਂ ਖਾਲੀ ਹੋਣ ਦੇ ਡੇਢ ਮਹੀਨਿਆਂ ਬਾਅਦ ਵੀ ਚੋਣ ਕਮਿਸ਼ਨ ਨੇ ਜ਼ਿਮਨੀ ਚੋਣਾਂ ਬਾਰੇ ਚੁੱਪ ਧਾਰੀ

ਦੇਸ਼ ਭਰ 'ਚ 30 ਵਿਧਾਨ ਸਭਾ ਸੀਟਾਂ ਖਾਲੀ ਹੋਣ ਦੇ ਕਰੀਬ ਡੇਢ ਮਹੀਨਿਆਂ ਬਾਅਦ ਤੱਕ ਵੀ ਚੋਣ ਕਮਿਸ਼ਨ ਨੇ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ ਨਹੀਂ ਕੀਤਾ ਹੈ। ਆਖ਼ਰ ਇਸੇ ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਦੇ ਨਾਲ ਹੀ ਸੱਤ ਰਾਜਾਂ ਦੀਆਂ 13 ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਐਲਾਨ ਕਰ ਦਿੱਤਾ ਸੀ।

ਉਦੋਂ ਸਾਰਿਆਂ ਨੂੰ ਹੈਰਾਨੀ ਹੋਈ ਸੀ ਕਿ ਆਖ਼ਰ ਹਾਲੇ ਤਿੰਨ ਮਹੀਨੇ ਤੱਕ ਚੱਲੀ ਚੋਣ ਪ੍ਰਕਿਰਿਆ ਸਮਾਪਤ ਹੋਈ ਹੈ ਤਾਂ ਅਜੇ ਤੁਰੰਤ ਕਿਉਂ ਚੋਣਾਂ ਕਰਵਾਈਆਂ ਜਾ ਰਹੀਆਂ ਹਨ?



ਪੱਛਮੀ ਬੰਗਾਲ ਦੀਆਂ ਚਾਰ ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਐਲਾਨ ਹੋਇਆ ਸੀ, ਤਾਂ ਸੂਬਾ ਸਰਕਾਰ ਨੇ ਕਮਿਸ਼ਨ ਨੂੰ ਸ਼ਿਕਾਇਤ ਕਰਦਿਆਂ ਕਿਹਾ ਸੀ ਕਿ ਉਸ ਦੇ ਇੱਥੇ 6 ਹੋਰ ਸੀਟਾਂ ਖਾਲੀ ਹੋਈਆਂ ਹਨ, ਤਾਂ ਸਾਰੀਆਂ ਚੋਣਾਂ ਇਕੱਠਿਆਂ ਹੀ ਕਿਉਂ ਨਹੀਂ ਕਰਵਾਈਆਂ ਜਾ ਰਹੀਆਂ ਹਨ? ਪਰ ਕਮਿਸ਼ਨ ਨੇ ਇਸ 'ਤੇ ਧਿਆਨ ਨਹੀਂ ਦਿੱਤਾ। ਸੱਤ ਰਾਜਾਂ ਦੀਆਂ 13 ਵਿਧਾਨ ਸਭਾ ਸੀਟਾਂ 'ਚੋਂ ਐਨ.ਡੀ.ਏ. ਸਿਰਫ਼ ਦੋ ਸੀਟਾਂ ਜਿੱਤ ਸਕੀ।

ਜ਼ਾਹਿਰ ਹੈ ਕਿ ਭਾਜਪਾ ਜ਼ਿਮਨੀ ਚੋਣਾਂ ਨੂੰ ਲੈ ਕੇ ਘਬਰਾ ਰਹੀ ਹੈ, ਕਿਉਂਕਿ ਇਸ ਵਾਰ ਜ਼ਿਆਦਾ ਸੀਟਾਂ 'ਤੇ ਜ਼ਿਮਨੀ ਚੋਣਾਂ ਹੋਣੀਆਂ ਹਨ। ਭਾਜਪਾ ਜ਼ਿਮਨੀ ਚੋਣਾਂ ਤੋਂ ਇਸ ਲਈ ਘਬਰਾ ਰਹੀ ਹੈ, ਕਿਉਂਕਿ ਅਕਤੂਬਰ 'ਚ ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ। ਜੇਕਰ ਉਸ ਤੋਂ ਪਹਿਲਾਂ ਜ਼ਿਮਨੀ ਚੋਣਾਂ ਹੁੰਦੀਆਂ ਹਨ ਅਤੇ ਨਤੀਜੇ ਮਨਮਰਜ਼ੀ ਮੁਤਾਬਿਕ ਨਹੀਂ ਆਉਂਦੇ ਹਨ ਤਾਂ ਵਿਧਾਨ ਸਭਾ ਚੋਣਾਂ 'ਚ ਮਾਹੌਲ ਵਿਗੜੇਗਾ।

ਸ਼ਾਇਦ ਇਸੇ ਲਈ ਭਾਜਪਾ ਚਾਹੁੰਦੀ ਹੈ ਕਿ ਚਾਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਨਾਲ ਹੀ ਇਨ੍ਹਾਂ ਸੀਟਾਂ 'ਤੇ ਜ਼ਿਮਨੀ ਚੋਣਾਂ ਵੀ ਹੋਣ। ਸੂਤਰਾਂ ਮੁਤਾਬਿਕ ਚੋਣ ਕਮਿਸ਼ਨ ਵੀ ਇਸ ਸੰਭਾਵਨਾ 'ਤੇ ਵਿਚਾਰ ਕਰ ਰਿਹਾ ਹੈ। ਭਾਜਪਾ ਦੀ ਘਬਰਾਹਟ ਕਾਰਨ ਹੀ ਇਸ ਵਾਰ ਲੱਗ ਰਿਹਾ ਹੈ ਕਿ ਮਹਾਰਾਸ਼ਟਰ, ਹਰਿਆਣਾ ਅਤੇ ਝਾਰਖੰਡ ਦੀਆਂ ਚੋਣਾਂ ਇਕੱਠੀਆਂ ਹੋਣਗੀਆਂ।

ਰਾਜ ਸਭਾ 'ਚ ਉੱਠੀ ਮੰਗ

## ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਨਾਂ 'ਤੇ ਰੱਖਿਆ ਜਾਵੇ ਨਵੀਂ ਦਿੱਲੀ ਸਟੇਸ਼ਨ ਦਾ ਨਾਂਅ

ਨਵੀਂ ਦਿੱਲੀ/ਏ.ਟੀ.ਨਿਊਜ਼ : ਛੱਤੀਸਗੜ੍ਹ ਤੋਂ ਰਾਜ ਸਭਾ ਸੰਸਦ ਮੈਂਬਰ ਰਣਜੀਤ ਰੰਜਨ ਨੇ ਇਕ ਅਹਿਮ ਮੁੱਦਾ ਚੁੱਕਿਆ। ਉਨ੍ਹਾਂ ਨੇ ਮੋਦੀ ਸਰਕਾਰ ਤੋਂ ਮੰਗ ਕੀਤੀ ਕਿ ਨਵੀਂ ਦਿੱਲੀ ਸਟੇਸ਼ਨ ਦਾ ਨਾਂਅ ਬਦਲ ਦਿੱਤਾ ਜਾਵੇ। ਉਨ੍ਹਾਂ ਨਵੀਂ ਦਿੱਲੀ ਸਟੇਸ਼ਨ ਦਾ ਨਾਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਕਰਨ ਦੀ ਅਪੀਲ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦਾ 9ਵੇਂ ਗੁਰੂ ਸਨ। ਨਵੀਂ ਦਿੱਲੀ ਸਟੇਸ਼ਨ ਦਾ ਨਾਂਅ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਇਸ ਲਈ ਹੋਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੀ ਸ਼ਹੀਦੀ ਪੁਰਾਣੀ ਦਿੱਲੀ ਸੀਸ ਗੰਜ ਗੁਰਦੁਆਰਾ ਸਾਹਿਬ, ਚਾਂਦਨੀ ਚੌਕ ਵਿਖੇ ਹੋਈ।



ਰਣਜੀਤ ਨੇ ਅਪੀਲ ਕੀਤੀ ਕਿ 24 ਨਵੰਬਰ 2024 ਨੂੰ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਮਨਾਇਆ ਜਾਂਦਾ ਹੈ। ਅਸੀਂ ਉਨ੍ਹਾਂ ਦੀ ਸ਼ਹੀਦੀ ਨੂੰ ਯਾਦ ਕਰਦੇ ਹਾਂ, ਉਸ ਸਮੇਂ ਜੇਕਰ ਸਰਕਾਰ ਚਾਹੇ ਤਾਂ ਨਵੀਂ ਦਿੱਲੀ ਸਟੇਸ਼ਨ ਦਾ ਨਾਂਅ ਸ੍ਰੀ ਗੁਰੂ ਤੇਗ ਬਹਾਦਰ ਜੀ ਕਰਨ ਦਾ ਐਲਾਨ ਕਰ ਸਕਦੀ ਹੈ। ਗੁਰੂ ਜੀ ਨੇ ਹਿੰਦੂ ਧਰਮ ਦੀ ਰਾਖੀ ਲਈ ਔਰੰਗਜ਼ੇਬ ਨਾਲ ਲੋਹਾ ਲਿਆ ਸੀ।

# 'ਇੰਡੀਆ' ਦੇ ਆਗੂਆਂ ਵੱਲੋਂ ਕੇਜਰੀਵਾਲ ਨੂੰ ਰਿਹਾਅ ਕਰਨ ਦੀ ਮੰਗ ਸਬੰਧੀ ਜੰਤਰ ਮੰਤਰ 'ਤੇ ਰੈਲੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਇੰਡੀਆ ਗੱਠਜੋੜ ਦੇ ਆਗੂਆਂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਵਿਗੜ ਰਹੀ ਸਿਹਤ ਦੇ ਮੱਦੇਨਜ਼ਰ ਉਨ੍ਹਾਂ ਦੀ ਰਿਹਾਈ ਦੀ ਮੰਗ ਕਰਦਿਆਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕੇਂਦਰ 'ਤੇ ਦਿੱਲੀ ਸਰਕਾਰ ਦੇ ਕੰਮ ਵਿੱਚ ਰੁਕਾਵਟ ਪਾਉਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਨ੍ਹਾਂ ਕਾਰਨਾਂ ਕਰਕੇ ਹੀ ਰਾਜਿੰਦਰ ਨਗਰ ਵਿੱਚ ਸਥਿਤ ਇੱਕ ਕੋਚਿੰਗ ਸੈਂਟਰ 'ਚ ਵਾਪਰੀ ਘਟਨਾ ਕਾਰਨ ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਕਰ ਰਹੇ ਤਿੰਨ ਵਿਦਿਆਰਥੀਆਂ ਦੀ ਮੌਤ ਹੋ ਗਈ। 'ਆਪ' ਵੱਲੋਂ ਕੀਤੀ ਗਈ ਰੋਸ ਰੈਲੀ 'ਚ 'ਭਾਰਤ ਮਾਤਾ ਕੀ ਜੈ' ਅਤੇ



'ਤਾਨਾਸ਼ਾਹੀ ਖ਼ਤਮ ਕਰੋ' ਦੇ ਨਾਅਰੇ ਵੀ ਲੱਗੇ। ਇਸ ਦੌਰਾਨ ਸੀ.ਪੀ.ਆਈ. (ਐੱਮ.ਐੱਲ.) ਲਿਬਰੇਸ਼ਨ ਦੇ ਆਗੂ ਦੀਪਾਂਕਰ ਭੱਟਾਚਾਰੀਆ ਨੇ ਕਿਹਾ ਕਿ ਤਿੰਨ ਸੀਨੀਅਰ 'ਆਪ' ਆਗੂ- ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਤੇ ਸਤੇਂਦਰ ਜੈਨ ਨੂੰ ਇੱਕ ਸਾਜਿਸ਼ ਦੇ ਹਿੱਸੇ ਵਜੋਂ ਜੇਲ੍ਹ 'ਚ ਰੱਖਿਆ ਗਿਆ ਹੈ। ਉਨ੍ਹਾਂ ਕਿਹਾ, 'ਚੁਣੇ ਗਏ ਮੁੱਖ ਮੰਤਰੀ ਜੇਲ੍ਹ ਵਿੱਚ ਹਨ। ਸੀ.ਪੀ.ਆਈ. ਦੇ ਜਨਰਲ ਸਕੱਤਰ ਡੀ ਰਾਜਾ ਨੇ ਵੀ ਮੁੱਖ ਮੰਤਰੀ ਕੇਜਰੀਵਾਲ ਦੀ ਰਿਹਾਈ ਦੀ ਮੰਗ ਕੀਤੀ। 'ਆਪ' ਦਿੱਲੀ ਦੇ ਕਨਵੀਨਰ ਗੋਪਾਲ ਰਾਏ ਨੇ ਕਿਹਾ ਕਿ ਹਿਰਾਸਤ ਦੌਰਾਨ ਸ੍ਰੀ ਕੇਜਰੀਵਾਲ ਦੇ ਸ਼ੂਗਰ ਦਾ ਪੱਧਰ ਹੇਠਾਂ ਜਾ ਰਿਹਾ ਹੈ। ਉਨ੍ਹਾਂ ਨੂੰ ਟਰਾਇਲ ਕੋਰਟ ਤੇ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਦੇ ਦਿੱਤੀ ਗਈ ਸੀ, ਪਰ ਉਨ੍ਹਾਂ ਨੂੰ ਜੇਲ੍ਹ ਵਿੱਚ ਰੱਖਣ ਦੀ ਸਾਜ਼ਿਸ਼ ਚੱਲ ਰਹੀ ਹੈ। ਇਸ ਰੈਲੀ ਮੌਕੇ ਐੱਨ.ਸੀ.ਪੀ.-ਸਪਾ ਦੇ ਮੁਖੀ ਸ਼ਰਦ ਪਵਾਰ, ਲੋਕ ਸਭਾ ਵਿੱਚ ਕਾਂਗਰਸ ਦੇ ਉਪ ਆਗੂ ਗੌਰਵ ਗੋਗੋਈ ਤੇ ਕਾਂਗਰਸ ਤੋਂ ਰਾਜ ਸਭਾ ਮੈਂਬਰ ਪ੍ਰਮੋਦ ਤਿਵਾੜੀ ਵੀ ਮੌਜੂਦ ਸਨ। ਇਸ ਦੌਰਾਨ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਕਿ ਜਦੋਂ ਵੀ ਉਹ ਸੱਤਾ ਵਿੱਚ ਆਉਣਗੇ ਤਾਂ ਉਹ ਵਿਰੋਧੀ ਧਿਰ ਦੇ ਆਗੂਆਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਏਜੰਸੀਆਂ ਨੂੰ ਖ਼ਤਮ ਕਰ ਦੇਣਗੇ। ਉਨ੍ਹਾਂ 'ਆਪ' ਕਾਰਕੁਨਾਂ ਨੂੰ ਯਕੀਨ ਦਿਵਾਇਆ ਕਿ ਉਨ੍ਹਾਂ ਦੀ ਪਾਰਟੀ ਔਖੇ ਸਮੇਂ ਵਿੱਚ ਉਨ੍ਹਾਂ ਨਾਲ ਖੜ੍ਹੀ ਹੈ।

### ਭਾਜਪਾ ਨਫ਼ਰਤ ਦੀ ਰਾਜਨੀਤੀ ਕਰ ਰਹੀ ਹੈ: ਸੁਨੀਤਾ ਕੇਜਰੀਵਾਲ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਹ ਨਫ਼ਰਤ ਦੀ ਰਾਜਨੀਤੀ ਅਤੇ ਰਾਜਧਾਨੀ ਦੇ ਵਸਨੀਕਾਂ ਦੇ ਕੰਮ ਰੋਕਣ ਦਾ ਕੰਮ ਕਰ ਰਹੀ ਹੈ ਜਦਕਿ ਉਨ੍ਹਾਂ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਤਿਹਾੜ ਵਿੱਚ ਉਨ੍ਹਾਂ ਦੇ ਪਤੀ ਦੀ ਜਾਨ ਖ਼ਤਰੇ ਵਿੱਚ ਹੈ। ਰੈਲੀ ਦੌਰਾਨ ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਦੇ ਪਤੀ ਨੂੰ ਇੱਕ ਬਿਆਨ ਦੇ ਆਧਾਰ 'ਤੇ ਆਬਕਾਰੀ ਨੀਤੀ ਕੇਸ ਵਿੱਚ ਫਸਾਇਆ ਗਿਆ।

# ਰਾਸ਼ਟਰਪਤੀ ਭਵਨ ਦੇ ਦਰਬਾਰ ਅਤੇ ਅਸ਼ੋਕ ਹਾਲ ਦਾ ਨਾਂ ਬਦਲ ਕੇ ਗਣਤੰਤਰ ਮੰਡਪ ਅਤੇ ਅਸ਼ੋਕ ਮੰਡਪ ਰੱਖਿਆ

ਨਵੀਂ ਦਿੱਲੀ/ਏ.ਟੀ.ਨਿਊਜ਼ : ਰਾਸ਼ਟਰਪਤੀ ਭਵਨ ਦੇ ਦਰਬਾਰ ਹਾਲ ਅਤੇ ਅਸ਼ੋਕਾ ਹਾਲ ਦੇ ਨਾਂ ਬਦਲ ਦਿੱਤੇ ਗਏ ਹਨ। ਉਨ੍ਹਾਂ ਦੇ ਨਾਂ ਬਦਲਣ ਦਾ ਅਧਿਕਾਰਤ ਐਲਾਨ ਰਾਸ਼ਟਰਪਤੀ ਭਵਨ 'ਚ ਕੀਤਾ। ਹੁਣ ਦਰਬਾਰ ਹਾਲ ਨੂੰ ਗਣਤੰਤਰ ਮੰਡਪ ਅਤੇ ਅਸ਼ੋਕ ਮੰਡਪ ਕਿਹਾ ਜਾਵੇਗਾ। ਅਜਿਹਾ ਕਿਉਂ ਕੀਤਾ ਗਿਆ, ਇਸ ਦਾ ਜਵਾਬ ਰਾਸ਼ਟਰਪਤੀ ਭਵਨ ਵੱਲੋਂ ਜਾਰੀ ਪ੍ਰੈਸ ਬਿਆਨ ਵਿੱਚ ਦਿੱਤਾ ਗਿਆ ਹੈ।

ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਭਵਨ, ਰਾਸ਼ਟਰਪਤੀ ਦਾ ਦਫ਼ਤਰ ਅਤੇ ਉਨ੍ਹਾਂ ਦੀ ਰਿਹਾਇਸ਼, ਰਾਸ਼ਟਰ ਦਾ ਪ੍ਰਤੀਕ ਅਤੇ ਲੋਕਾਂ ਦੀ ਅਨਮੋਲ ਵਿਰਾਸਤ ਹੈ। ਇਸ ਨੂੰ ਹੋਰ ਸਰਲ ਅਤੇ ਲੋਕਾਂ ਤੱਕ ਪਹੁੰਚਯੋਗ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਇਸ ਨੂੰ ਭਾਰਤੀ ਸੱਭਿਆਚਾਰ ਦਾ ਪ੍ਰਤੀਬਿੰਬ ਬਣਾਇਆ ਜਾ ਰਿਹਾ ਹੈ। ਅਜਿਹੇ 'ਚ ਇਹ ਜਾਣਨਾ ਜ਼ਰੂਰੀ ਹੈ ਕਿ





ਰਾਸ਼ਟਰਪਤੀ ਭਵਨ 'ਚ ਦਰਬਾਰ ਹਾਲ ਅਤੇ ਅਸ਼ੋਕ ਹਾਲ ਦੀ ਕੀ ਮਹੱਤਤਾ ਹੈ, ਉਨ੍ਹਾਂ ਦੇ ਨਾਂ ਕਿਉਂ ਬਦਲੇ ਗਏ, ਕਿਸ ਤਰ੍ਹਾਂ ਦੇ ਪ੍ਰੋਗਰਾਮਾਂ 'ਚ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ।

### ਅਸ਼ੋਕ ਹਾਲ

ਅਸ਼ੋਕ ਸ਼ਬਦ ਦਾ ਅਰਥ ਹੈ ਉਹ ਜੋ ਹਰ ਕਿਸਮ ਦੇ ਦੁੱਖਾਂ ਤੋਂ ਮੁਕਤ ਹੈ। ਭਾਵ ਉਸ ਨੂੰ ਕਿਸੇ ਕਿਸਮ ਦਾ ਕੋਈ ਦੁੱਖ ਨਹੀਂ ਹੈ। ਇਸ ਦਾ ਅਰਥ ਸਮਰਾਟ ਅਸ਼ੋਕ ਦੇ ਨਾਮ ਦਾ ਵੀ ਹੈ ਜੋ ਏਕਤਾ ਅਤੇ ਸ਼ਾਂਤੀ ਦਾ ਪ੍ਰਤੀਕ ਹੈ। ਭਾਰਤੀ ਗਣਰਾਜ ਦਾ ਰਾਸ਼ਟਰੀ ਚਿੰਨ੍ਹ ਸਾਰਨਾਥ ਵਿਖੇ ਅਸ਼ੋਕ ਦਾ ਸ਼ੇਰ ਥੰਮ ਹੈ।

ਇਸ ਹਾਲ ਦਾ ਨਾਂ ਬਦਲ ਕੇ ਅਸ਼ੋਕ ਮੰਡਪ ਰੱਖਿਆ ਗਿਆ ਹੈ ਤਾਂ ਜੋ ਭਾਸ਼ਾ ਵਿੱਚ ਇਕਸਾਰਤਾ ਹੋਵੇ। ਅੰਗਰੇਜੀਕਰਨ ਦੇ ਨਿਸ਼ਾਨ ਹਟਾਏ ਜਾ ਸਕੀਏ। ਅਸ਼ੋਕਾ ਹਾਲ ਪਹਿਲਾਂ ਬਾਲਰੂਮ ਸੀ। ਇਹ ਵਿਦੇਸ਼ੀ ਮਹਿਮਾਨਾਂ ਨੂੰ ਪ੍ਰਾਪਤ ਕਰਨ, ਰਾਸ਼ਟਰਪਤੀ ਦੁਆਰਾ ਆਯੋਜਿਤ ਰਾਜ ਦਾਅਵਤ ਅਤੇ ਭਾਰਤੀ ਪ੍ਰਤੀਨਿਧ ਮੰਡਲਾਂ ਨੂੰ ਪੇਸ਼ ਕਰਨ ਲਈ ਇੱਕ ਸਥਾਨ ਵਜੋਂ ਵਰਤਿਆ ਗਿਆ ਹੈ।

ਇਸ ਕਮਰੇ ਦੀ ਛੱਤ ਅਤੇ ਫਰਸ਼ ਦੋਵਾਂ ਦਾ ਆਪਣਾ ਹੀ ਸੁਹਜ ਹੈ। ਫਰਸ਼ ਪੂਰੀ ਤਰ੍ਹਾਂ ਲੱਕੜ ਦਾ ਹੈ। ਛੱਤ ਦੇ ਕੇਂਦਰ ਵਿੱਚ ਇੱਕ ਪੇਂਟਿੰਗ ਹੈ ਜਿਸ ਵਿੱਚ ਘੋੜਸਵਾਰ ਅਲੀ ਸ਼ਾਹ, ਫਾਰਸ ਦੇ ਸੱਤ ਸ਼ਾਸਕਾਂ ਵਿੱਚੋਂ ਦੂਜੇ, ਆਪਣੇ 22 ਪੁੱਤਰਾਂ ਦੀ ਮੌਜੂਦਗੀ 'ਚ ਇੱਕ ਸ਼ੇਰ ਦਾ ਸ਼ਿਕਾਰ ਕਰਦੇ ਹੋਏ ਦਰਸਾਇਆ ਗਿਆ ਹੈ। ਇਸ ਪੇਂਟਿੰਗ ਦੀ ਲੰਬਾਈ 5.20 ਮੀਟਰ ਅਤੇ ਚੌੜਾਈ 3.56 ਮੀਟਰ ਹੈ। ਇਹ ਪੇਂਟਿੰਗ ਫਤਿਹ ਸ਼ਾਹ ਨੇ ਖੁਦ ਇੰਗਲੈਂਡ ਦੇ ਜਾਰਜ ਚੌਥੇ ਨੂੰ ਤੋਹਫੇ ਵਜੋਂ ਦਿੱਤੀ ਸੀ।

ਵਾਇਸਰਾਏ ਇਰਵਿਨ ਦੇ ਕਾਰਜਕਾਲ ਦੌਰਾਨ, ਇਸ ਪੇਂਟਿੰਗ ਨੂੰ ਲੰਡਨ ਦੀ ਇੰਡੀਆ ਆਫਿਸ ਲਾਇਬ੍ਰੇਰੀ ਤੋਂ ਲਿਆਇਆ ਗਿਆ ਸੀ ਅਤੇ ਸਟੇਟ ਬਾਲਰੂਮ ਦੀ ਛੱਤ 'ਤੇ ਚਿਪਕਾਇਆ ਗਿਆ ਸੀ। ਇਹ ਆਪਟੀਕਲ ਭਰਮ ਜਾਂ 34 ਪ੍ਰਭਾਵ ਵਰਗਾ ਅਹਿਸਾਸ ਦਿੰਦਾ ਹੈ।

### ਦਰਬਾਰ ਹਾਲ ਵਿੱਚ ਕੀ-ਕੀ ਹੁੰਦਾ ਹੈ?

ਦਰਬਾਰ ਹਾਲ ਯਾਨੀ ਗਣਤੰਤਰ ਮੰਡਪ ਨੂੰ ਰਾਸ਼ਟਰੀ ਪੁਰਸਕਾਰਾਂ ਵਰਗੇ ਮਹੱਤਵਪੂਰਨ ਸਮਾਰੋਹਾਂ ਅਤੇ ਤਿਉਹਾਰਾਂ ਲਈ ਵਰਤਿਆ ਜਾਂਦਾ ਹੈ। ਇੱਥੇ ਦਰਬਾਰ ਦਾ ਅਰਥ ਹੈ ਭਾਰਤੀ ਹਾਕਮਾਂ ਅਤੇ ਅੰਗਰੇਜ਼ਾਂ ਦੀਆਂ ਅਦਾਲਤਾਂ ਅਤੇ ਮੀਟਿੰਗਾਂ। ਭਾਰਤ ਦੇ ਇੱਕ ਗਣਤੰਤਰ ਬਣਨ ਤੋਂ ਬਾਅਦ, ਇਸਦੀ ਸਾਰਥਕਤਾ ਖਤਮ ਹੋ ਗਈ। ਗਣਤੰਤਰ ਦਾ ਸੰਕਲਪ ਪ੍ਰਾਚੀਨ ਕਾਲ ਤੋਂ ਹੀ ਚਲਿਆ ਆ ਰਿਹਾ ਹੈ। ਇਸ ਲਈ ਇਸ ਦਾ ਨਾਂ ਬਦਲ ਕੇ ਗਣਤੰਤਰ ਮੰਡਪ ਰੱਖਿਆ ਗਿਆ ਹੈ।

### ਗਣਤੰਤਰ ਮੰਡਪ

ਦਰਬਾਰ ਹਾਲ ਦੀ ਆਪਣੀ ਵਿਲੱਖਣ ਸੁੰਦਰਤਾ ਹੈ। ਅੰਗਰੇਜ਼ਾਂ ਦੇ ਸਮੇਂ ਤੋਂ, ਇੱਥੇ ਸਨਮਾਨ ਸਮਾਰੋਹ ਆਯੋਜਿਤ ਕਰਨ ਦੀ ਪਰੰਪਰਾ ਰਹੀ ਹੈ, ਜਿਸ 'ਚ ਗਹਿਣਿਆਂ ਨਾਲ ਸਜੇ ਮਹਾਰਾਜੇ ਅਤੇ ਨਵਾਬ ਸ਼ਾਮਲ ਹੁੰਦੇ ਸਨ। ਇੱਥੇ ਰਾਸ਼ਟਰਪਤੀ ਲਈ ਸਿਰਫ਼ ਇੱਕ ਕੁਰਸੀ ਹੈ ਜੋ ਕੇਂਦਰ ਵਿੱਚ ਹੈ। ਹਾਲ ਦਾ ਕੇਂਦਰ ਗੌਤਮ ਬੁੱਧ ਦੀ ਮੂਰਤੀ ਹੈ, ਜੋ ਭਾਰਤ ਦੇ ਸੁਨਹਿਰੀ ਯੁੱਗ, ਗੁਪਤਾ ਕਾਲ ਤੋਂ ਸ਼ਾਂਤੀ ਦਾ ਪ੍ਰਤੀਕ ਹੈ। ਮੂਰਤੀ ਨੂੰ ਕਮਲ ਅਤੇ ਪੱਤਿਆਂ ਨਾਲ ਸ਼ਿੰਗਾਰਿਆ ਇੱਕ ਪਰਭਾਗ ਦੁਆਰਾ ਬਣਾਇਆ ਗਿਆ ਹੈ, ਜੋ ਸ਼ਾਂਤੀ ਅਤੇ ਬ੍ਰਹਮ ਅਨੰਦ ਦੀ ਡੂੰਘੀ ਭਾਵਨਾ ਨੂੰ ਦਰਸਾਉਂਦਾ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਬਹੁਤ ਸਮੇਂ ਬਾਅਦ ਪੰਜਾਬ ਦੇ ਹੱਕਾਂ ਲਈ ਲੋਕ ਸਭਾ ’ਚ ਉੱਠੀ ਆਵਾਜ਼

## ਚੰਨੀ ਨੇ ਸੰਸਦ ’ਚ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਮੰਗੀ ਅਤੇ ਸਿੱਧੂ ਮੂਸੇਵਾਲਾ ਤੇ ਕਿਸਾਨਾਂ ਦਾ ਮੁੱਦਾ ਚੁੱਕਿਆ

### ਪੰਜਾਬ ਦੇ ਹਿਤਾਂ ਲਈ ਪੰਜਾਬੀ ਸੰਸਦ ਮੈਂਬਰਾਂ ਨੇ ਬੁਲੰਦ ਕੀਤੀ ਅਵਾਜ਼



ਹੁਣੇ ਜਿਹੇ ਬਜਟ ਦਾ ਪਹਿਲਾ ਪ੍ਰਭਾਵ ਇਹ ਪੈਂਦਾ ਹੈ ਕਿ ਨਰਿੰਦਰ ਮੋਦੀ ਨੇ ਸਪੱਸ਼ਟ ਰੂਪ ਵਿੱਚ ਆਪਣੀ ਸਰਕਾਰ ਬਚਾਉਣ ਦੀ ਰਣਨੀਤੀ ’ਤੇ ਚਲਦਿਆਂ ਹੀ ਬਿਹਾਰ ਨੂੰ 60 ਹਜ਼ਾਰ ਕਰੋੜ ਰੁਪਏ ਅਤੇ ਆਂਧਰਾ ਪ੍ਰਦੇਸ਼ ਨੂੰ 15000 ਕਰੋੜ ਰੁਪਏ ਸਿੱਧੇ ਰੂਪ ਵਿੱਚ ਤੇ ਅਸਿੱਧੇ ਰੂਪ ਵਿੱਚ ਇਸ ਤੋਂ ਵੀ ਵਧੇਰੇ ਪ੍ਰਾਜੈਕਟ ਦੇਣ ਦੇ ਐਲਾਨ ਕੀਤੇ ਹਨ ਪਰ ਪੰਜਾਬ ਜੋ ਸਦਾ ਦੇਸ਼ ਦੀ ਹਰ ਲੜਾਈ ਵਿੱਚ ਮੋਹਰੀ ਰਿਹਾ, ਭਾਵੇਂ ਉਹ ਦੇਸ਼ ਦੀ ਆਜ਼ਾਦੀ ਦੀ ਲੜਾਈ ਸੀ ਜਾਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਦੀ ਲੜਾਈ ਅਤੇ ਭਾਵੇਂ ਉਹ ਦੇਸ਼ ਵਿਚੋਂ ਭੁੱਖਮਰੀ ਖ਼ਤਮ ਕਰਨ ਦੀ ਲੜਾਈ, ਜਿਸ ਨੂੰ ਲੜਦਿਆਂ ਪੰਜਾਬ ਦੀ ਧਰਤੀ ਰੇਗਿਸਤਾਨ ਬਣਨ ਦੇ ਕੰਢੇ ਪਹੁੰਚ ਗਈ ਹੈ, ਨੂੰ ਸਪੱਸ਼ਟ ਰੂਪ ਵਿੱਚ ਕੁਝ ਵੀ ਦੇਣ ਦਾ ਐਲਾਨ ਨਹੀਂ ਕੀਤਾ ਗਿਆ।

ਬੇਸ਼ੱਕ ਕੇਂਦਰ ਦੀਆਂ ਆਮ ਯੋਜਨਾਵਾਂ ਮੁਤਾਬਿਕ ਪੰਜਾਬ ਦੇ ਹਿੱਸੇ ਜੋ ਆਏਗਾ ਸੋ ਆਵੇਗਾ ਪਰ ਖੇਤੀ ਲਈ ਰੱਖੇ ਪੈਸਿਆਂ ਵਿਚੋਂ ਪੰਜਾਬ ਨੂੰ ਕੀ ਤੇ ਕਿੰਨਾ ਮਿਲਣਾ ਹੈ, ਕੁਝ ਸਪੱਸ਼ਟ ਨਹੀਂ। ਪੰਜਾਬ ਨੂੰ ਰੇਗਿਸਤਾਨ ਬਣਨ ਤੋਂ ਬਚਾਉਣ ਲਈ ਤੇ ਪੰਜਾਬ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚੋਂ ਕੱਢਣ ਅਤੇ ਖੇਤੀ ਵਿਭਿੰਨਤਾ ਲਈ ਕੁਝ ਵੀ ਨਹੀਂ ਰੱਖਿਆ ਗਿਆ। ਪੰਜਾਬ ਦੀ ਸਨਅਤ ਜੋ ਲਗਾਤਾਰ ਗਿਰਾਵਟ ਵੱਲ ਜਾ ਰਹੀ ਹੈ, ਲਈ ਵੀ ਕੁਝ ਨਹੀਂ ਹੈ। ਜੇ ਕੇਂਦਰ ਸਰਕਾਰ ਪੰਜਾਬ ਪ੍ਰਤੀ ਥੋੜ੍ਹਾ ਵੀ ਉਦਾਰ ਚਿੱਤ ਹੁੰਦੀ ਤਾਂ ਪੰਜਾਬ ਅਤੇ ਸਮੁੱਚੇ ਉੱਤਰ ਭਾਰਤੀ ਖਿੱਤੇ ਵਿਚ ਵਪਾਰਕ ਵਾਧੇ ਲਈ ਅਤੇ ਇਨ੍ਹਾਂ ਰਾਜਾਂ ਦੀ ਆਰਥਿਕ ਤਰੱਕੀ ਲਈ ਪੰਜਾਬ ਦੀਆਂ ਹੁਸੈਨੀਵਾਲਾ ਤੇ ਅਟਾਰੀ ਸਰਹੱਦਾਂ ਰਾਹੀਂ ਪਾਕਿਸਤਾਨ, ਅਫ਼ਗਾਨਿਸਤਾਨ, ਇਰਾਨ ਤੇ ਅੱਗੇ ਤੁਰਕੀ ਤੇ ਯੂਰਪ ਤੱਕ ਸਸਤਾ ਸੜਕੀ ਰਸਤਾ ਖੋਲ੍ਹਣ ਲਈ ਸੰਜੀਦਾ ਕੋਸ਼ਿਸ਼ ਕਰਨ ਦਾ ਭਰੋਸਾ ਤਾਂ ਦੇ ਹੀ ਸਕਦੀ ਸੀ, ਇਸ ’ਤੇ ਤਾਂ ਕੋਈ ਖਾਸ ਖਰਚਾ ਵੀ ਨਹੀਂ ਸੀ ਹੋਣਾ। ਇਕੱਲੇ ਪਾਕਿਸਤਾਨ ਨਾਲ ਹੀ ਵਪਾਰ ਖੁੱਲ੍ਹਣ ਨਾਲ ਪੰਜਾਬ ਦੀ ਖੇਤੀ ਨੂੰ ਕਾਫ਼ੀ ਲਾਭ ਹੋ ਸਕਦਾ ਹੈ। ਜਦੋਂ ਕਿ ਇਹ ਵਪਾਰ ਗੁਜਰਾਤ ਤੇ ਮਹਾਰਾਸ਼ਟਰ ਦੀਆਂ ਬੰਦਰਗਾਹਾਂ ਤੋਂ ਹੁਣ ਵੀ ਹੋ ਰਿਹਾ ਹੈ ਪਰ ਪੰਜਾਬ ਤੋਂ ਕਿਉਂ ਨਹੀਂ।

ਰਹੀ ਗੱਲ ਇਸ ਬਹਾਨੇ ਦੀ ਕਿ ਪਾਕਿਸਤਾਨ ਦੀ ਸਰਹੱਦ ਤੋਂ ਤਸਕਰੀ ਹੁੰਦੀ ਹੈ ਤਾਂ ਕੀ ਇਹ ਤਸਕਰੀ ਹੁਣ ਨਹੀਂ ਹੋ ਰਹੀ ? ਵੈਸੇ ਜੇ ਅੰਕੜਿਆਂ ’ਤੇ ਨਿਗ੍ਹਾ ਮਾਰੀ ਜਾਵੇ ਤਾਂ ਨਸ਼ੇ ਦੀਆਂ ਵੱਡੀਆਂ ਖੇਪਾਂ ਤਾਂ ਗੁਜਰਾਤ ਰਾਹੀਂ ਹੀ ਆਉਂਦੀਆਂ ਹਨ, ਪੰਜਾਬ ਰਾਹੀਂ ਨਹੀਂ।

ਇਹ ਖ਼ੁਸ਼ੀ ਦੀ ਗੱਲ ਹੈ ਕਿ ਦੇਰ ਨਾਲ ਹੀ ਸਹੀ ਪੰਜਾਬ ਦੇ ਸੰਸਦ ਮੈਂਬਰ ਨੀਂਦ ਵਿਚੋਂ ਜਾਗੇ ਹਨ। ਬੀਤੇ ਦਿਨ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਦੇ ਘਰ ਪੰਜਾਬ ਦੇ ਸੰਸਦ ਮੈਂਬਰਾਂ ਦੀ ਇਕ ਮੀਟਿੰਗ ਹੋਈ, ਜਿਸ ਵਿੱਚ ਭਾਵੇਂ ਪੰਜਾਬ ਦੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ, ਅਕਾਲੀ ਦਲ ਦੇ ਬੀਬਾ ਹਰਸਿਮਰਤ ਕੌਰ, ਆਜ਼ਾਦ ਮੈਂਬਰ ਭਾਈ ਸਰਬਜੀਤ ਸਿੰਘ ਅਤੇ 2 ਕਾਂਗਰਸੀ ਸੰਸਦ ਮੈਂਬਰ ਨਹੀਂ ਪਹੁੰਚੇ । ਇਸ ਮੀਟਿੰਗ ਦੇ ਸੂਤਰਧਾਰ ਵਜੋਂ ਸਾਬਕਾ ਐਮ.ਪੀ. ਤਰਲੋਚਨ ਸਿੰਘ ਅਤੇ ਭਾਜਪਾ ਦੇ ਇੱਕ ਪੰਜਾਬੀ ਨੇਤਾ ਤੇ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦਾ ਸ਼ਾਮਿਲ ਹੋਣਾ ਵੀ ਚੰਗਾ ਸੰਕੇਤ ਹੈ, ਪਰ ਹੋਰ ਵੀ ਖ਼ੁਸ਼ੀ ਦੀ ਗੱਲ ਇਹ ਹੈ ਕਿ ਪੰਜਾਬੀ ਸੰਸਦ ਮੈਂਬਰਾਂ ਦੀ ਇਸ ਮੀਟਿੰਗ ਵਿੱਚ ਚੰਡੀਗੜ੍ਹ ਤੋਂ ਲੋਕ ਸਭਾ ਸਭਾ ਮੈਂਬਰ ਮਨੀਸ਼ ਤਿਵਾੜੀ ਵੀ ਪਹੁੰਚੇ ਤੇ ਉਨ੍ਹਾਂ ਬੜੇ ਜ਼ੋਰਦਾਰ ਢੰਗ ਨਾਲ ਪੰਜਾਬ ਦੇ ਹੱਕ ਵਿੱਚ ਇੱਕਠੇ ਹੋ ਕੇ ਆਵਾਜ਼ ਉਠਾਉਣ ਦੀ ਗੱਲ ਕਹੀ।

ਪੰਜਾਬ ਦੇ ਸੰਸਦ ਮੈਂਬਰਾਂ ਨੇ ਤਸਲੀਯੋਗ ਮਸਲੇ ਸੰਸਦ ਵਿੱਚ ਉਠਾਏ ਹਨ। ਬਠਿੰਡਾ ਤੋਂ ਸਾਂਸਦ ਹਰਸਿਮਰਤ ਕੌਰ ਬਾਦਲ ਨੇ ਬਜਟ ’ਤੇ ਬੋਲਦਿਆਂ ਕਿਹਾ ਕਿ ਸਿਰਫ ਦੋ ਸੂਬਿਆਂ ਨੂੰ ਮੁੱਖ ਰੱਖ ਕੇ ਬਜਟ ਨੂੰ ਬਣਾਇਆ ਗਿਆ ਹੈ। ਉਨ੍ਹਾਂ ਵੱਡਾ ਦੋਸ਼ ਲਗਾਉਂਦਿਆਂ ਕਿਹਾ ਕਿ ਇਸ ਬਜਟ ਵਿੱਚ ਕੁਦਰਤੀ ਆਫ਼ਤ ਅਤੇ ਧਰਮ ਦੇ ਨਾਮ ’ਤੇ ਵੀ ਪੱਖਪਾਤ ਕੀਤਾ ਗਿਆ ਹੈ। ਇੱਥੋਂ ਤੱਕ ਕਿ ਸ੍ਰੀ ਦਰਬਾਰ ਸਾਹਿਬ ਨਾਲ ਵੀ ਪੱਖਪਾਤ ਦਾ ਰਵੱਈਆ ਅਪਣਾਇਆ ਗਿਆ ਹੈ।

ਇਸ ਦੇ ਨਾਲ ਹੀ ਹਰਸਿਮਰਤ ਕੌਰ ਬਾਦਲ ਨੇ ਮੰਗ ਕੀਤੀ ਕਿ ਪੰਜਾਬ ਦੇ ਉਦਯੋਗ ਨੂੰ ਬਚਾਉਣ ਲਈ ਵਾਘਾ ਬਾਰਡਰ ਨੂੰ ਖੋਲਿਆ ਜਾਵੇ ।ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਹਿਮਾਚਲ ਨੂੰ ਇਹ ਸਰਕਾਰ ਹੜ੍ਹ ਪ੍ਰਬੰਧਨ ਲਈ ਮਦਦ ਦੇ ਸਕਦੀ ਹੈ ਪਰ ਪੰਜਾਬ ਵਿੱਚ ਜਦੋਂ ਹੜ੍ਹ ਕਹਿਰ ਮਚਾਉਂਦੇ ਹਨ ਤਾਂ ਉਸ ਲਈ ਕੇਂਦਰ ਸਰਕਾਰ ਕੋਈ ਮਦਦ ਨਹੀਂ ਕਰਦੀ। ? ਪਰ ਜਦੋਂ ਪੰਜਾਬ ਕੋਲ ਪਾਣੀ ਦੀ ਕਮੀ ਹੁੰਦੀ ਹੈ ਤਾਂ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਐਸ.ਵਾਈ.ਐਲ. ਨਹਿਰ ਬਣਾਉਣ ਲਈ ਜ਼ੋਰ ਪਾਉਂਦੀ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਨੇ 70 ਸਾਲ ਪਹਿਲਾਂ ਰਿਪੇਰੀਅਨ ਕਾਨੂੰਨ ਨੂੰ ਛਿਕੇ ਟੰਗ ਕੇ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਦੇ ਦਿੱਤਾ ਹੈ ਪਰ ਉਸ ਦੀ ਕੀਮਤ ਇੱਕ ਸਾਲ ਵਿੱਚ ਤੈਅ ਕਰਨ ਦੀ ਬਜਾਏ ਅਜੇ ਤੱਕ ਤੈਅ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਜਾਂ ਉਸ ਨਹਿਰ ਨੂੰ ਬੰਦ ਕੀਤਾ ਜਾਵੇ ਜਾਂ ਫਿਰ ਉਸ ਦਾ ਬਣਦਾ ਪੈਸਾ ਪੰਜਾਬ ਨੂੰ ਦਿੱਤਾ ਜਾਵੇ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਬਜਟ ’ਤੇ ਚਰਚਾ ਕਰਦਿਆਂ ਆਰਥਿਕ ਪੱਖੋਂ ਦੇਸ਼ ਨੂੰ ਮੰਦਹਾਲ ਕਰਨ ਦਾ ਭਾਜਪਾ ’ਤੇ ਤਾਨਾਸ਼ਾਹ ਹੋਣ ਦਾ ਦੋਸ਼ ਲਾਉਂਦਿਆ ਅਤੇ ਕਿਹਾ ਕਿ ਦੇਸ਼ ਵਿੱਚ ਅਣਐਲਾਨੀ ਐਮਰਜੈਂਸੀ ਲੱਗੀ ਹੋਈ ਹੈ । ਅੰਮ੍ਰਿਤਪਾਲ ਸਿੰਘ ਨੂੰ ਐੱਨ. ਐੱਸ. ਏ. ਲਗਾ ਕੇ ਜੇਲ੍ਹ ਵਿੱਚ ਰੱਖਿਆ ਗਿਆ ਹੈ। ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਚੋਣਾਂ ਦੌਰਾਨ ਵਿੱਚ ਖਡੂਰ ਸਾਹਿਬ ਸੀਟ ਤੋਂ ਵੱਡੀ ਜਿੱਤ ਹਾਸਲ ਕੀਤੀ ਹੈ। ਲੋਕਾਂ ਨੇ ਉਨ੍ਹਾਂ ਨੇ ਪਾਰਲੀਮੈਂਟ ਭੇਜਿਆ, ਇਸ ਦੇ ਬਾਵਜੂਦ ਉਹ ਜੇਲ੍ਹ ਵਿੱਚ ਹੈ। ਖਡੂਰ ਸਾਹਿਬ ਹਲਕੇ ਦੇ ਲੋਕਾਂ ਦੀ ਆਵਾਜ਼ ਜੇਲ੍ਹ ਵਿੱਚ ਬੰਦ ਹੈ ਇਸ ਹਲਕੇ ਦੀਆਂ ਮੁਸ਼ਕਲਾਂ ਨੂੰ ਕੌਣ ਸਾਂਸਦ ਵਿੱਚ ਪਹੁੰਚਾਏਗਾ ਜਦਕਿ ਇੱਥੋਂ ਦਾ ਐੱਮ. ਪੀ. ਜੇਲ੍ਹ ਵਿੱਚ ਬੰਦ ਹੈ।

ਚੰਨੀ ਨੇ ਕਿਸਾਨਾਂ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਪੰਜਾਬ ਕੋਈ ਵਿਦੇਸ਼ੀ ਧਰਤੀ ’ਤੇ ਨਹੀਂ ਸਗੋਂ ਦੇਸ਼ ਦੀ ਹੀ ਧਰਤੀ ’ਤੇ ਹੈ ਪਰ ਫਿਰ ਵੀ ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਬਾਰਡਰ ’ਤੇ ਪੱਕੀਆਂ ਰੋਕਾਂ ਲਗਾ ਦਿੱਤੀਆਂ ਗਈਆਂ। ਚੰਨੀ ਨੇ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦਾ ਵੀ ਮੁੱਦਾ ਉਠਾਉਂਦਿਆਂ ਕਿਹਾ ਕਿ ਐਮਰਜੈਂਸੀ ਇਹ ਵੀ ਹੈ ਕਿ ਇੱਕ ਮਸ਼ਹੂਰ ਨੌਜਵਾਨ ਗਾਇਕ ਨੂੰ ਮਾਰ ਦਿੱਤਾ ਜਾਂਦਾ ਹੈ। (**ਬਾਕੀ ਸਫ਼ਾ 30 ’ਤੇ**)

# ਪੰਜਾਬ ਦੀ ਧਰਤੀ ਹੇਠਲਾ ਪਾਣੀ ਮਲੀਨ, ਪੰਜਾਬ ਸਰਕਾਰ ਨੇ ਮੀਟੀਆਂ ਅੱਖਾਂ

## ਪਾਣੀ ਵਿੱਚ ਗੰਧਲਾਪਣ, ਦੂਸ਼ਿਤ ਕਣ ਤੇ ਆਰਸੈਨਿਕ, ਯੂਰੇਨੀਅਮ, ਸਿੱਕਾ ਜਿਹੀਆਂ ਭਾਰੀ ਮਿਲ ਰਹੀਆਂ ਨੇ ਧਾਤਾਂ





ਪੰਜਾਬ ਦੇਸ਼ ਦੇ ਉਨ੍ਹਾਂ ਨੌਂ ਰਾਜਾਂ ਸ਼ਾਮਿਲ ਹੈ ਜਿਨ੍ਹਾਂ ਵਿੱਚ ਐਤਕੀਂ ਮੌਨਸੂਨ ਦੇ ਮੀਂਹ ਬਹੁਤ ਘੱਟ ਪਏ ਹਨ। ਸੂਬੇ ਵਿੱਚ ਜੂਨ ਮਹੀਨੇ ਦੌਰਾਨ ਮੀਂਹ ਦੀ ਕਮੀ 77 ਫ਼ੀਸਦੀ ਦਰਜ ਕੀਤੀ ਗਈ ਸੀ; ਜੁਲਾਈ ਵਿੱਚ ਇਸ ਸਥਿਤੀ ਵਿੱਚ ਕੋਈ ਬਹੁਤਾ ਸੁਧਾਰ ਨਹੀਂ ਆ ਸਕਿਆ। ਰਿਪੋਰਟਾਂ ਆਈਆਂ ਹਨ ਕਿ ਗਹਿਰੇ ਸਮੁੰਦਰ ਵਿੱਚ ‘ਲਾ ਨੀਨਾ’ ਵਰਤਾਰੇ ਦੀ ਪੂਰਨਤਾ ਵਿੱਚ ਦੇਰੀ ਹੋਣ ਕਰ ਕੇ ਮੌਨਸੂਨ ਦਾ ਮਿਜ਼ਾਜ ਵਿਗੜ ਗਿਆ ਹੈ ਅਤੇ ਟੁੱਟਵੇਂ ਰੂਪ ਵਿੱਚ ਹੀ ਮੀਂਹ ਪੈ ਰਹੇ ਹਨ। ਸਿਰਫ ਛੇ ਰਾਜਾਂ ਵਿੱਚ ਹੀ ਅਜੇ ਤੱਕ ਔਸਤ ਨਾਲੋਂ ਜਿਆਦਾ ਮੀਂਹ ਪਏ ਹਨ। ਮਾਹਿਰਾਂ ਦਾ ਖਿਆਲ ਹੈ ਕਿ ‘ਲਾ ਨੀਨਾ’ ਵਰਤਾਰਾ ਬਣਨ ਨਾਲ ਆਉਣ ਵਾਲੇ ਦਿਨਾਂ ਵਿੱਚ ਮੀਂਹਾਂ ਦਾ ਦੌਰ ਤੇਜ਼ ਹੋਣ ਦੀ ਸੰਭਾਵਨਾ ਹੈ।

ਦੇਸ਼ ਦੀ ਖ਼ੁਰਾਕ ਵਿਵਸਥਾ ਮੁੱਖ ਤੌਰ ’ਤੇ ਪੰਜਾਬ ਦੀ ਖੇਤੀਬਾੜੀ ’ਤੇ ਟਿਕੀ ਹੋਈ ਹੈ ਪਰ ਇਸ ਨੂੰ ਦੇਸ਼ ਦਾ ਢਿੱਡ ਭਰਨ ਦੀ ਬਹੁਤ ਵੱਡੀ ਕੀਮਤ ਤਾਰਨੀ ਪੈ ਰਹੀ ਹੈ। ਝੋਨੇ ਦੀ ਫ਼ਸਲ ਨੂੰ ਪਾਲਣ ਲਈ ਬਹੁਤ ਜਿਆਦਾ ਪਾਣੀ ਦੀ ਲੋੜ ਪੈਂਦੀ ਹੈ ਅਤੇ ਤ੍ਰਾਸਦੀ ਇਹ ਹੈ ਕਿ ਇਸ ਦੀ ਪੂਰਤੀ ਪੰਜਾਬ ਨੂੰ ਜ਼ਮੀਨ ਹੇਠਲਾ ਪਾਣੀ ਕੱਢ ਕੇ ਕਰਨੀ ਪੈ ਰਹੀ ਹੈ।

ਕੇਂਦਰੀ ਭੂ-ਜਲ ਬੋਰਡ ਦੇ ਮਾਹਿਰਾਂ ਦਾ ਅਨੁਮਾਨ ਹੈ ਕਿ ਸਾਲ 2039 ਤਕ ਧਰਤੀ ਹੇਠਲੇ ਪਾਣੀ ਦਾ ਪਧਰ 1,000 ਫ਼ੁਟ ਤਕ ਹੇਠਾਂ ਚਲਾ ਜਾਵੇਗਾ। ਜੇ ਇਸ ਪਾਣੀ ਦੀ ਵਰਤੋਂ ਇੰਨੇ ਵੱਡੇ ਪਧਰ ’ਤੇ ਹੀ ਜਾਰੀ ਰਹੀ, ਤਾਂ ਪੰਜਾਬ ਦੀ ਸੈਂਟਰੀਫ਼ਿਊਗਲ ਪੰਪਿੰਗ ਪ੍ਰਣਾਲੀ ਨਕਾਰਾ ਹੋ ਕੇ ਰਹਿ ਜਾਵੇਗੀ ਤੇ ਇੰਨੀ ਜ਼ਿਆਦਾ ਡੂੰਘਾਈ ਤੋਂ ਪਾਣੀ ਕੱਢਣ ਲਈ ਕਿਸਾਨਾਂ ਕੋਲ ਸਬਮਰਸੀਬਲ ਪੰਪਾਂ ਦੀ ਵਰਤੋਂ ਤੋਂ ਇਲਾਵਾ ਹੋਰ ਕੋਈ ਚਾਰਾ ਬਾਕੀ ਨਹੀਂ ਰਹਿ ਜਾਵੇਗਾ।

ਭਾਖੜਾ ਬੰਨ੍ਹ ਦੀ ਗੋਬਿੰਦ ਸਾਗਰ ਝੀਲ ’ਚ ਪਾਣੀ ਦਾ ਪੱਧਰ 55 ਫ਼ੁਟ ਹੇਠਾਂ ਚਲਾ ਗਿਆ ਹੈ, ਜਦ ਕਿ ਰਣਜੀਤ ਸਾਗਰ ਬੰਨ੍ਹ ਦੀ ਝੀਲ ਦਾ ਪਾਣੀ 100 ਫ਼ੁਟ ਤਕ ਹੇਠਾਂ ਚਲਾ ਗਿਆ ਹੈ। ਅਜਿਹਾ ਇਨ੍ਹੀਂ ਦਿਨੀਂ ਸਖ਼ਤ ਗਰਮੀ ਅਤੇ ਮਾਨਸੂਨ ਦੇ ਕਮਜ਼ੋਰ ਪੈਣ ਕਾਰਨ ਹੋਇਆ ਹੈ।

ਪਿਛਲੇ ਵਰ੍ਹੇ ਗੋਬਿੰਦ ਸਾਗਰ ਝੀਲ ਵਿੱਚ ਪਾਣੀ ਦਾ ਪੱਧਰ 1,654.8 ਫ਼ੁਟ ਸੀ ਪਰ ਹੁਣ ਇਹ ਘਟ ਕੇ 1600.2 ਫ਼ੁਟ ਰਹਿ ਗਿਆ ਹੈ। ਉਧਰ ਰਣਜੀਤ ਸਾਗਰ ਬੰਨ੍ਹ ਦੀ ਝੀਲ ਦਾ ਪਾਣੀ ਪਿਛਲੇ ਸਾਲ ਦੇ 1,720.3 ਫ਼ੁਟ ਦੇ ਮੁਕਾਬਲੇ ਘਟ ਕੇ 1,617.7 ਫ਼ੁਟ ਰਹਿ ਗਿਆ ਹੈ। ਇਸੇ ਤਰ੍ਹਾਂ ਪੌਂਗ ਬੰਨ੍ਹ ਦਾ ਪਾਣੀ ਵੀ ਇਸ ਵਾਰ 59 ਫ਼ੁਟ ਘਟ ਗਿਆ ਹੈ।

ਉਪਰੋਂ ਪੰਜਾਬ ਵਿੱਚ ਬਿਜਲੀ ਦੀ ਮੰਗ ਇਸ ਵੇਲੇ 15,000 ਮੈਗਾਵਾਟ ਤਕ ਪੁੱਜ ਗਈ ਹੈ। ਬਿਜਲੀ ਦੀ ਮੰਗ ਪੂਰੀ ਕਰਨ ਲਈ ਪਣ-ਬਿਜਲੀ ਪ੍ਰਾਜੈਕਟ ਅਪਣੇ ਪੂਰੀ ਸਮਰਥਾ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਲਈ ਪਾਣੀ ਦਾ ਪੱਧਰ ਘਟਣਾ ਅਪਣੇ-ਆਪ ਵਿੱਚ ਇੱਕ ਵੱਡੀ ਸਮੱਸਿਆ ਹੈ। ਉਂਝ ਵੀ ਪੰਜਾਬ ’ਚ ਧਰਤੀ ਹੇਠਲੇ ਪਾਣੀ ਦਾ ਪਧਰ ਨਿੱਤ ਦਿਨ ਘਟਦਾ ਜਾ ਰਿਹਾ ਹੈ। ਨਹਿਰਾਂ ਵਿੱਚ ਪਾਣੀ ਬਹੁਤ ਘੱਟ ਵਗ ਰਿਹਾ ਹੈ। ਇੰਝ ਖੇਤੀਬਾੜੀ ਦੀਆਂ ਲਾਗਤਾਂ ਵਿੱਚ ਹੋਰ ਵਾਧਾ ਹੋਵੇਗਾ ਤੇ ਅਨਾਜ ਦੇ ਉਤਪਾਦਨ ਵਿੱਚ ਕਮੀ ਵੀ ਆਵੇਗੀ। ਅਨਾਜ ਮਹਿੰਗਾ ਤਾਂ ਹੋਵੇਗਾ ਹੀ। ਰਾਜ ਦੇ ਜ਼ਿਆਦਾਤਰ ਗ਼ਰੀਬ ਕਿਸਾਨ ਅਪਣੀਆਂ ਫ਼ਸਲਾਂ ਨੂੰ ਸਿੰਜਣ ਲਈ ਨਹਿਰੀ ਪਾਣੀ ’ਤੇ ਹੀ ਨਿਰਭਰ ਹੁੰਦੇ ਹਨ। ਆਖ਼ਰੀ ਕੋਨਿਆਂ ਵਾਲੇ ਪਿੰਡਾਂ ਵਿੱਚ ਅਕਸਰ ਪਾਣੀ ਨਹੀਂ ਪੁੱਜਦਾ। ਪਰ ਬਰਸਾਤਾਂ ਦੇ ਦਿਨਾਂ ’ਚ ਨਹਿਰਾਂ ਇੰਨੀਆਂ ਜ਼ਿਆਦਾ ਭਰ ਜਾਂਦੀਆਂ ਹਨ ਕਿ ਉਹ ਹੜ੍ਹ ਲਿਆ ਕੇ ਤਬਾਹੀ ਮਚਾ ਦਿੰਦੀਆਂ ਹਨ।

60ਵਿਆਂ ਦੇ ਅੱਧ ਦੌਰਾਨ ਜਦੋਂ ਪੰਜਾਬ ਵਿੱਚ ਹਰਾ ਇਨਕਲਾਬ ਆਇਆ, ਤਦ ਬਹੁਤੇ ਸਥਾਨਾਂ ’ਤੇ ਖ਼ੂਹਾਂ ਤੇ ਹਲਟਾਂ ਨਾਲ ਖੇਤ ਸਿੰਜੇ ਜਾਂਦੇ ਸਨ। ਫਿਰ ਛੇਤੀ ਹੀ ਉਨ੍ਹਾਂ ਦੀ ਜਗ੍ਹਾ ਟਿਊਬਵੈੱਲਾਂ ਨੇ ਲੈ ਲਈ ਤੇ ਹੁਣ ਸਬਮਰਸੀਬਲਾਂ ਨੇ ਧਰਤੀ ਹੇਠੋਂ ਪਾਣੀ ਕੱਢ-ਕੱਢ ਕੇ ਉਸ ਦਾ ਪੱਧਰ ਬਹੁਤ ਜ਼ਿਆਦਾ ਨੀਵਾਂ ਕਰ ਛਡਿਆ ਹੈ। ਹਰੇ ਇਨਕਲਾਬ ਵੇਲੇ ਰਾਜ ਵਿੱਚ ਟਿਊਬਵੈੱਲਾਂ ਦੀ ਵਰਤੋਂ ਸਿਰਫ਼ 22 ਫ਼ੀ ਸਦੀ ਸੀ, ਜੋ 1996 ’ਚ ਵਧ ਕੇ 57 ਫ਼ੀ ਸਦੀ ਹੋ ਗਈ ਸੀ। ਉਧਰ ਪੰਜਾਬ ਦੇ ਕਿਸਾਨ ਛੇਤੀ ਕਿਤੇ ਕਣਕ ਤੇ ਝੋਨੇ ਦੇ ਚੱਕਰ ਵਿਚੋਂ ਨਿਕਲਣਾ ਹੀ ਨਹੀਂ ਚਾਹੁੰਦੇ। ਨਾ ਹੀ ਸਰਕਾਰਾਂ ਸਹਿਯੋਗੀ ਬਣ ਰਹੀਆਂ ਹਨ। ਵਧ ਪਾਣੀ ਪੀਣ ਵਾਲੀਆਂ ਫ਼ਸਲਾਂ ਬੀਜਣ ਤੋਂ ਸੂਬੇ ਦੇ ਕਿਸਾਨਾਂ ਨੂੰ ਗੁਰੇਜ਼ ਕਰਨਾ ਹੀ ਹੋਵੇਗਾ। ਅਜਿਹੇ ਹਾਲਾਤ ’ਚ ਸਾਨੂੰ ਸਭਨਾਂ ਨੂੰ ਪਾਣੀ ਦੀ ਵਰਤੋਂ ਬਹੁਤ ਧਿਆਨ ਨਾਲ ਕਰਨ ਦੀ ਜ਼ਰੂਰਤ ਹੋਵੇਗੀ।

ਨਾਸਾ ਦੀ ਸੰਸਥਾ ‘ਗ੍ਰੈਵਿਟੀ ਰਿਕਵਰੀ ਐਂਡ ਕਲਾਈਮੇਟ ਐਕਸਪੈਰੀਮੈਂਟ’ (ਗਰੇਸ) ਨੇ 2009 ਵਿੱਚ ਪਤਾ ਲਗਾਇਆ ਸੀ ਕਿ ਉੱਤਰੀ ਭਾਰਤ ਵਿੱਚ ਪਿਛਲੇ ਇੱਕ ਦਹਾਕੇ ਤੋਂ ਜ਼ਮੀਨ ਹੇਠਲੇ ਪਾਣੀ ਦੀ ਸਤਹ ਵਿੱਚ ਹਰ ਸਾਲ ਇੱਕ ਫੁੱਟ ਦੀ ਕਮੀ ਆ ਰਹੀ ਹੈ। ਇਸ ਚਿਤਾਵਨੀ ਤੋਂ ਐਨੇ ਸਾਲ ਬੀਤ ਜਾਣ ਦੇ ਬਾਵਜੂਦ ਕਿਸੇ ਵੀ ਸਰਕਾਰ ਵੱਲੋਂ ਜ਼ਮੀਨ ਹੇਠਲੇ ਪਾਣੀ ਦੀ ਸਥਿਤੀ ਨੂੰ ਸੰਭਾਲਣ ਲਈ ਕੋਈ ਠੋਸ ਹੰਭਲਾ ਨਹੀਂ ਮਾਰਿਆ ਗਿਆ ਸਗੋਂ ਇਸ ਅਰਸੇ ਦੌਰਾਨ ਪਾਣੀ ਦੀ ਖ਼ਪਤ ਅਤੇ ਬਰਬਾਦੀ ਵਿੱਚ ਹੋਰ ਤੇਜ਼ੀ ਆਈ ਹੈ।ਇਸੇ ਦੌਰਾਨ ਇੱਕ ਕੇਂਦਰੀ ਰਿਪੋਰਟ ਮੁਤਾਬਿਕ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਵਿੱਚ ਜ਼ਹਿਰੀਲੇ ਅੰਸ਼ ਦੀ ਮਾਤਰਾ ਖ਼ਤਰਨਾਕ ਹੱਦ ਤੱਕ ਹੈ। ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਜ਼ਮੀਨ ਹੇਠਲੇ ਨਾਈਟ੍ਰੇਟ, ਸੰਖੀਆ, ਸਿਲੇਨੀਅਮ, ਕ੍ਰੋਮੀਅਮ, ਮੈਂਗਨੀਜ਼, ਨਿਕਲ, ਕੈਡਮੀਅਮ, ਸ਼ੀਸ਼ਾ ਅਤੇ ਯੂਰੇਨੀਅਮ ਜਿਹੇ ਖ਼ਤਰਨਾਕ ਤੱਤ ਮਿਲੇ ਹਨ। ਇਸ ਕਰ ਕੇ ਅੱਜ ਪੰਜਾਬ ਦੇ ਲੋਕਾਂ ਦਾ ਵੱਡਾ ਹਿੱਸਾ ਕੈਂਸਰ, ਪੀਲੀਆ, ਦਮਾ ਅਤੇ ਚਮੜੀ ਦੇ ਰੋਗਾਂ ਦੀ ਲਪੇਟ ਵਿੱਚ ਆ ਗਿਆ ਹੈ। ਕੁਝ ਮਾਹਿਰਾਂ ਦਾ ਖਿਆਲ ਹੈ ਕਿ ਖੇਤੀਬਾੜੀ ਲਈ ਰਸਾਇਣਕ ਖਾਦਾਂ ਦੀ ਵਰਤੋਂ ਕਰ ਕੇ ਜ਼ਮੀਨ ਹੇਠਲੇ ਪਾਣੀ ਵਿੱਚ ਇਨ੍ਹਾਂ ਜ਼ਹਿਰੀਲੇ ਤੱਤਾਂ ਦੀ ਮਾਤਰਾ ਵਧ ਰਹੀ ਹੈ।

(**ਬਾਕੀ ਸਫ਼ਾ 30 ’ਤੇ**)

# ਕੇਂਦਰ ਸਰਕਾਰ ਦੱਸੇ ਕੀ ਪੰਜਾਬ ਦੇਸ ਦਾ ਹਿੱਸਾ ਨਹੀਂ ?

## ਬਜਟ ਵਿੱਚ ਕਿਉਂ ਕੀਤਾ ਗਿਆ ਵਿਤਕਰਾ ?



ਬਘੇਲ ਸਿੰਘ ਧਾਲੀਵਾਲ
99142-58142

ਪੰਜਾਬ ਦੀ ਅਰਥ ਵਿਵਸਥਾ ਚੰਗੀ ਨਹੀ ਹੈ। ਇਸ ਦਾ ਕਾਰਨ ਕੇਂਦਰੀ ਸਰਕਾਰਾਂ ਦੀਆਂ ਪੰਜਾਬ ਪ੍ਰਤੀ ਨੀਤੀਆਂ ਵਿੱਚ ਇਮਾਨਦਾਰੀ ਦਾ ਨਾ ਹੋਣਾ ਹੈ। ਜਿਸ ਦੀ ਬਦੌਲਤ ਪੰਜਾਬ ਵਿਚੋਂ ਉਦਯੋਗ ਲਗਭਗ ਖਤਮ ਹੋ ਗਿਆ, ਕਿਉਂਕਿ ਉਦਯੋਗਿਕ ਅਦਾਰਿਆਂ ਨੇ ਪੰਜਾਬ ਦੀ ਥਾਂ ਦੂਜੇ ਸੂਬਿਆਂ ਵਿੱਚ ਕਾਰੋਬਾਰ ਸਥਾਪਤ ਕਰ ਲਏ। ਫਲ਼ਸਰੂਪ ਬੇਰੋਜ਼ਗਾਰੀ ਵਧ ਗਈ ਅਤੇ ਇਸ ਦਰਮਿਆਨ ਹੀ ਨਸ਼ਿਆਂ ਵਰਗੀ ਅਲਾਮਤ ਨੇ ਆਪਣੀ ਪਕੜ ਬਣਾ ਲਈ। ਪੰਜਾਬ ਦੀ ਸੂਝਵਾਨ ਜੁਆਨੀ ਹਿਜਰਤ ਕਰਨ ਲਈ ਮਜਬੂਰ ਹੋ ਗਈ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਆਪਣੇ ਤੀਜੇ ਕਾਰਜਕਾਲ ਦਾ ਪਹਿਲਾ ਬਜਟ ਪੇਸ਼ ਕੀਤਾ ਜਾ ਚੁੱਕਾ ਹੈ। ਬਜਟ ਪੇਸ਼ ਕਰਦਿਆਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਜਿੱਥੇ ਦੋ ਹੀ ਸੂਬਿਆਂ ਬਿਹਾਰ ਅਤੇ ਆਂਧਰਾ ਪ੍ਰਦੇਸ 'ਤੇ ਜਿਆਦਾ ਧਿਆਨ ਕੇਂਦਰਿਤ ਰੱਖਿਆ, ਓਥੇ ਕੁੱਝ ਹੋਰ ਸੂਬਿਆਂ ਦਾ ਵੀ ਜ਼ਿਕਰ ਕੀਤਾ, ਜਿੰਨ੍ਹਾਂ ਵਿੱਚ ਉੜੀਸਾ, ਝਾਰਖੰਡ, ਹਿਮਾਚਲ ਪ੍ਰਦੇਸ, ਉਤਰਾਖੰਡ, ਅਸਾਮ ਅਤੇ ਸ਼ਿਕਮ ਸਾਮਲ ਹਨ। ਉਪਰੋਕਤ ਸੂਬਿਆਂ ਨੂੰ ਹੜਾਂ ਅਤੇ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਆਰਥਿਕ ਮਦਦ ਦੇਣ ਦਾ ਐਲਾਨ ਕੇਂਦਰੀ ਵਿੱਤ ਮੰਤਰੀ ਵੱਲੋਂ ਕੀਤਾ ਗਿਆ, ਪਰ ਪੰਜਾਬ ਵਰਗੇ ਸੂਬੇ ਨੂੰ ਅਣਗੌਲਿਆ ਕਰਨਾ ਹਾਕਮਾਂ ਦੀ ਸੌੜੀ ਸੋਚ ਨੂੰ ਸਪੱਸ਼ਟ ਕਰਦਾ ਹੈ। ਪੰਜਾਬ ਸਰਹੱਦੀ ਸੂਬਾ ਹੋਣ ਦੇ ਨਾਲ ਨਾਲ ਕੁਦਰਤੀ ਅਤੇ ਗੈਰ ਕੁਦਰਤੀ ਆਫਤਾਂ ਦੀ ਮਾਰ ਵੀ ਝੱਲ ਰਿਹਾ ਹੈ, ਜਿਸ ਵਿੱਚ ਪੰਜਾਬ ਦੇ ਹਿੱਸੇ ਸਿਰਫ ਨੁਕਸਾਨ ਝੱਲਣਾ ਆਉਂਦਾ ਹੈ, ਬਦਲੇ ਵਿੱਚ ਕੇਂਦਰ ਨੇ ਕਦੇ ਵੀ ਕੋਈ ਰਾਹਤ ਪ੍ਰਦਾਨ ਨਹੀ ਕੀਤੀ। ਮਸਲਨ ਪੰਜਾਬ ਦੇ ਪਾਣੀ ਧੱਕੇ ਨਾਲ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਮੁਫਤ ਵਿੱਚ ਦਿੱਤੇ ਜਾ ਰਹੇ ਹਨ, ਪਰ ਜਦੋਂ ਹੜ ਆਉਂਦੇ ਹਨ ਤਾਂ ਉਹਦਾ ਨੁਕਸਾਨ ਇਕੱਲੇ ਪੰਜਾਬ ਦੇ ਲੋਕਾਂ ਨੂੰ ਝੱਲਣਾ ਪੈਂਦਾ ਹੈ। ਪੰਜਾਬ ਦੇ ਕੁਦਰਤੀ ਸਰੋਤਾਂ 'ਤੇ ਕੇਂਦਰ ਨੇ ਧੱਕੇ ਨਾਲ ਆਪਣੇ ਅਧਿਕਾਰ ਜਮਾ ਲਏ ਹੋਏ ਹਨ, ਜਦੋਂ ਕਿ ਪੰਜਾਬ ਦੇ ਪੱਲੇ ਸਿਰਫ ਤੇ ਸਿਰਫ ਕੁਦਰਤੀ ਅਤੇ ਗੈਰ ਕੁਦਰਤੀ ਖੁਆਰੀਆਂ ਹੀ ਰਹਿ ਗਈਆਂ ਹਨ। ਗੈਰ ਕੁਦਰਤੀ ਆਫਤਾਂ, ਜਿਵੇਂ ਪੰਜਾਬ ਦੀਆਂ ਡੈਮਾਂ ਦਾ ਪ੍ਰਬੰਧ ਖੋਹ ਕੇ ਕੋਇਲੇ ਦੇ ਥਰਮਲ ਪੰਜਾਬ ਦੇ ਮੱਥੇ ਮਾਰ ਦਿੱਤੇ ਗਏ ਹਨ। ਪੰਜਾਬ ਦੇ ਪਾਣੀਆਂ ਤੋਂ ਮੁਫਤ ਵਿੱਚ ਤਿਆਰ ਹੁੰਦੀ ਬਿਜਲੀ ਦਿੱਲੀ ਨੂੰ ਦੇ ਦਿੱਤੀ ਗਈ ਅਤੇ ਪੰਜਾਬ ਥਰਮਲ ਪਲਾਟਾਂ ਦੀ ਮਹਿੰਗੀ ਬਿਜਲੀ 'ਤੇ ਨਿਰਭਰ ਹੋ ਕੇ ਰਹਿ ਗਿਆ ਹੈ।

ਏਥੇ ਹੀ ਬੱਸ ਨਹੀ, ਨਹਿਰੀ ਪਾਣੀ ਦੀ ਥਾਂ ਮਹਿੰਗੀ ਬਿਜਲੀ ਨਾਲ ਚੱਲਣ ਵਾਲੇ ਟਿਊਬਵੈਲ ਤੋਹਫੇ ਦੇ ਰੂਪ ਵਿੱਚ ਪੰਜਾਬ ਨੂੰ ਦਿੱਤੇ ਗਏ, ਤਾਂ ਕਿ ਧਰਤੀ ਹੇਠਲਾ ਅੰਮ੍ਰਿਤ ਵਰਗਾ ਪਾਣੀ ਬਰਬਾਦ ਕੀਤਾ ਜਾ ਸਕੇ ਅਤੇ ਪੰਜਾਬੀ ਕਿਸਾਨਾਂ ਨੂੰ ਆਤਮ ਨਿਰਭਰਤਾ ਵਾਲੀਆਂ ਫਸਲਾਂ ਤੋਂ ਹਟਾ ਕੇ ਦੇਸ ਦੇ ਅੰਨ ਭੰਡਾਰ ਨੂੰ ਭਰਨ ਲਈ ਕਣਕ ਅਤੇ ਝੋਨੇ ਤੇ ਐਮ.ਐਸ.ਪੀ. ਦੇ ਕੇ ਉਪਰੋਕਤ ਦੋ ਫਸਲਾਂ ਬੀਜਣ ਲਈ ਉਕਸਾਇਆ ਗਿਆ ਜਾਂ ਇਹ ਕਹਿਣਾ ਵੀ ਜਾਇਜ ਹੋਵੇਗਾ ਕਿ ਮਜਬੂਰ ਕਰ ਦਿੱਤਾ, ਕਿਉਂਕਿ ਪੰਜਾਬ ਨੂੰ ਆਤਮ ਨਿਰਭਰ ਬਨਾਉਣ ਵਾਲੀਆਂ ਫਸਲਾਂ, ਜਿੰਨਾਂ ਵਿੱਚ ਦਾਲਾਂ, ਮੱਕੀ, ਬਾਜਰਾ, ਜਵਾਰ, ਛੋਲੇ, ਤਿਲ , ਗਵਾਰਾ ਆਦਿ ਹਰ ਇੱਕ ਉਹ ਫਸਲ ਸ਼ਾਮਲ ਹੈ, ਜਿਹੜੀ ਘਰੇਲੂ ਲੋੜਾਂ ਦੀ ਪੂਰਤੀ ਕਰਦੀ ਹੈ, ਉਨ੍ਹਾਂ ਦੇ ਮੰਡੀਕਰਨ ਨੂੰ ਬਹੁਤ ਗਹਿਰੀ ਸਾਹਿਸ਼ ਤਹਿਤ ਅਪੰਗ ਕਰ ਦਿੱਤਾ ਗਿਆ, ਤਾਂ ਕਿ ਕਿਸਾਨ ਖੁਦ ਹੀ ਨਿਰਾਸ਼ ਹੋ ਕੇ ਉਪਰੋਕਤ ਫਸਲਾਂ ਬੀਜਣ ਦਾ ਵਿਚਾਰ ਤਿਆਗ ਦੇਣ, ਜਿਸ ਦੀ ਬਦੌਲਤ ਅੱਜ ਪੰਜਾਬ ਪੀਣ ਵਾਲੇ ਪਾਣੀ ਤੋ ਵੀ ਵਾਂਝਾ ਹੋਣ ਦੀ ਕਗਾਰ 'ਤੇ ਖੜਾ ਹੈ ਅਤੇ ਆਪਣੀਆਂ ਆਤਮ ਨਿਰਭਰ ਬਨਾਉਣ ਵਾਲੀਆਂ ਫਸਲਾਂ ਤੋ ਦੂਰ ਕਰ ਦਿੱਤੇ ਜਾਣ ਕਰਕੇ ਕਰਜੇ ਦੇ ਅਜਿਹੇ ਜੰਜਾਲ ਵਿੱਚ ਫਸ ਕੇ ਰਹਿ ਗਿਆ ਹੈ, ਜਿਸ ਵਿੱਚੋਂ ਨਿਕਲਣ ਦਾ ਕੋਈ ਰਾਹ ਵੀ ਨਹੀ ਲੱਭ ਰਿਹਾ, ਲਿਹਾਜ਼ਾ ਖੁਦਕੁਸ਼ੀਆਂ ਦੀ ਦਰ ਵਿੱਚ ਦਿਨ ਪ੍ਰਤੀ ਦਿਨ ਵਾਧਾ ਦਰਜ ਕੀਤਾ ਜਾ ਰਿਹਾ ਹੈ।



ਜੇਕਰ ਸਮੁੱਚੇ ਭਾਰਤ ਦੀ ਕਿਸਾਨੀ ਦੀ ਗੱਲ ਕੀਤੀ ਜਾਵੇ, ਤਾਂ ਇਹ ਕਹਿਣਾ ਕੋਈ ਗਲਤ ਨਹੀ ਹੋਵੇਗਾ ਕਿ ਸਮੁੱਚੇ ਦੇਸ਼ ਅੰਦਰ ਹੀ ਕਿਸਾਨੀ ਦੀ ਹਾਲਤ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੇ ਵਾਲੀ ਬਣੀ ਹੋਈ ਹੈ, ਕਿਉਂਕਿ ਕਾਰਪੋਰੇਟ ਜਗਤ ਜ਼ਮੀਨਾਂ ਹੜੱਪਣ ਲਈ ਬਜਿੱਦ ਹੈ, ਲਿਹਾਜ਼ਾ ਹਕੂਮਤ ਕਿਸਾਨੀ ਦੇ ਸੰਕਟ ਨੂੰ ਹੱਲ ਕਰਨ ਲਈ ਸੰਜੀਦਾ ਨਹੀਂ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ 1995 ਤੋਂ 2022 ਦਰਮਿਆਨ 3,96,912 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ, ਜਦੋਂਕਿ 2023,2024 ਦੇ ਦੁਖਾਂਤ ਅਜੇ ਬਾਕੀ ਹਨ, ਇਸ ਦੇ ਬਾਵਜੂਦ ਵੀ ਸਰਕਾਰ ਕਹਿੰਦੀ ਹੈ ਕਿ ਖੇਤੀ ਸੈਕਟਰ ਸੰਕਟ ਵਿੱਚ ਨਹੀਂ ਹੈ। ਜਿੱਥੇ ਦੇਸ਼ ਦੀ ਸਮੁੱਚੀ ਕਿਸਾਨੀ ਹਕੂਮਤੀ ਬੇਰੁਖੀ ਦਾ ਸੰਤਾਪ ਹੰਢਾ ਰਹੀ ਹੈ, ਓਥੇ ਪੰਜਾਬ ਦੀ ਹਾਲਤ ਹੋਰ ਵੀ ਬਦਤਰ ਇਸ ਕਰਕੇ ਹੈ ਕਿਉਂਕਿ ਕੇਂਦਰ ਨੇ ਕਦੇ ਵੀ ਪੰਜਾਬ ਨੂੰ ਆਪਣਾ ਹਿੱਸਾ ਨਹੀ ਸਮਝਿਆ।

ਪੰਜਾਬ ਨੂੰ ਹਮੇਸ਼ਾਂ ਬੇਗਾਨਗੀ ਦਾ ਅਹਿਸਾਸ ਕਰਵਾ ਕੇ ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਫਿਰ ਵੀ ਦੇਸ਼ ਦੀਆਂ ਹੱਦਾਂ ਸਰਹੱਦਾਂ ਤੇ ਪੰਜਾਬ ਦੇ ਜਵਾਨ ਹਿੱਕ ਡਾਹ ਕੇ ਲੜਦੇ ਹਨ, ਨਤੀਜੇ ਵਜੋਂ ਆਏ ਦਿਨ ਦੇਸ਼ ਦੀਆਂ ਹੱਦਾਂ ਤੋ ਪੰਜਾਬੀ ਨੌਜਵਾਨਾਂ ਦੀਆਂ ਲਾਸ਼ਾਂ ਤਿਰੰਗੇ ਵਿੱਚ ਲਿਪਟ ਕੇ ਪੰਜਾਬ ਆ ਰਹੀਆਂ ਹਨ। ਇਹ ਕਿੱਥੋਂ ਦੀ ਦਿਆਨਤਦਾਰੀ ਹੈ ਕਿ ਦੇਸ ਉਪਰ ਬਾਹਰੀ ਸੰਕਟਾਂ ਦਾ ਮੁਕਾਬਲਾ ਕਰਨ ਲਈ ਪੰਜਾਬ ਨੂੰ ਵਰਤਿਆ ਜਾਵੇ, ਇੱਥੋਂ ਦੇ ਗੱਭਰੂਆਂ ਨੂੰ ਬਲੀ ਦੇ ਬੱਕਰੇ ਬਣਾ ਕੇ ਦੇਸ਼ ਦੀਆਂ ਹੱਦਾਂ ਉੱਪਰ ਸਭ ਤੋਂ ਅਗਲੀ ਕਤਾਰ ਵਿੱਚ ਰੱਖਿਆ ਜਾਵੇ, ਪਰ ਜਦੋਂ ਉਨ੍ਹਾਂ ਦੇ ਅਧਿਕਾਰਾਂ ਦੀ ਗੱਲ ਆਵੇ, ਪੰਜਾਬ ਦੀ ਆਰਥਿਕ ਮੰਦਹਾਲੀ ਦੀ ਗੱਲ ਆਵੇ, ਤਾਂ ਚੁੱਪ ਵੱਟ ਲਈ ਜਾਵੇ।

ਅਜਿਹੀ ਵਿਤਕਰੇਬਾਜੀ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖੁਦ ਹੀ ਖੰਡਿਤ ਕਰਨ ਦਾ ਕਾਰਨ ਬਣ ਸਕਦੀ ਹੈ। ਪੰਜਾਬ ਅੱਜ ਤਕਰੀਬਨ 2,82000 ਕਰੋੜ ਤੋਂ ਵੱਧ ਦੇ ਕਰਜੇ ਦੀ ਮਾਰ ਝੱਲ ਰਿਹਾ ਹੈ, ਫਿਰ ਵੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਕੇ ਅਣਗੌਲਿਆ ਕਰਨਾ ਭਾਰਤੀ ਹਾਕਮਾਂ ਨੂੰ ਸ਼ੋਭਾ ਨਹੀ ਦਿੰਦਾ। ਸੋ ਚੰਗਾ ਹੁੰਦਾ ਜੇਕਰ ਪੰਜਾਬ ਦੀ 1947 ਤੋਂ ਲੈ ਕੇ ਅੱਜ ਤੱਕ ਦੀ ਕਾਰਗੁਜ਼ਾਰੀ ਨੂੰ ਨਜਰਅੰਦਾਜ਼ ਨਾ ਕਰਕੇ ਪੰਜਾਬ ਨੂੰ ਵੀ ਦੇਸ ਦਾ ਹਿੱਸਾ ਸਮਝਿਆ ਜਾਂਦਾ ਅਤੇ ਬਾਕੀ ਉਹਨਾਂ ਸੂਬਿਆਂ ਨੂੰ ਵੀ ਉਨ੍ਹਾਂ ਦਾ ਹੱਕ ਦਿੱਤਾ ਜਾਂਦਾ, ਜਿੰਨਾਂ ਨੂੰ ਸਿਰਫ ਇਸ ਕਰਕੇ ਬਜ਼ਟ ਵਿੱਚ ਉਨ੍ਹਾਂ ਦੇ ਹੱਕਾਂ ਤੋ ਵਾਂਝਾ ਰੱਖਿਆ ਗਿਆ ਹੈ, ਕਿਉਂਕਿ ਉਨ੍ਹਾਂ ਸੂਬਿਆਂ ਵਿੱਚ ਭਾਜਪਾ ਦੀ ਅਗਵਾਈ ਜਾਂ ਸਰਪ੍ਰਸਤੀ ਵਾਲੀ ਸਰਕਾਰ ਨਹੀ ਹੈ। ਸੋ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਭਵਿੱਖ ਦੀਆਂ ਨੀਤੀਆਂ ਤੈਅ ਕਰਨ ਸਮੇਂ ਇਹ ਯਕੀਨੀ ਬਣਾਇਆ ਜਾਵੇ ਕਿ ਸੂਬਿਆਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝੇ ਨਾ ਰੱਖਿਆ ਜਾਵੇ, ਇਹ ਦੇਸ਼ ਹਿੱਤ ਵਿੱਚ ਜਰੂਰੀ ਹੋਵੇਗਾ।

# ਵਿਦੇਸ਼ੀ ਧਰਤੀ 'ਤੇ ਸਿੱਖ ਨੌਜਵਾਨ ਨੇ ਟਰਾਜਿਟ ਪੀਸ ਅਫ਼ਸਰ ਬਣ ਕੇ ਪੰਜਾਬ ਦਾ ਚਮਕਾਇਆ ਨਾਂਅ

ਦਸੂਹਾ/ਏ.ਟੀ.ਨਿਊਜ਼ : ਪਿੰਡ ਸੱਗਲਾਂ ਦੇ ਇਕਬਾਲਪ੍ਰੀਤ ਸਿੰਘ ਵਿਰਕ ਪੁੱਤਰ ਰਣਜੀਤ ਸਿੰਘ ਧਰਮੀ ਫੌਜੀ ਨੇ ਕੈਲਗਰੀ ਕੈਨੇਡਾ ਵਿਖੇ ਟਰਾਜਿਟ ਪੀਸ ਅਫ਼ਸਰ ਬਣ ਕੇ ਪਿੰਡ ਦਾ ਨਾਂ ਚਮਕਾਇਆ ਹੈ। ਇਕਬਾਲਪ੍ਰੀਤ ਸਿੰਘ ਵਿਰਕ ਨੇ ਦੱਸਿਆ ਕਿ ਉਸ ਨੇ ਇਲੈਕਟਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ ਦਾ 3 ਸਾਲ ਦਾ ਡਿਪਲੋਮਾ ਕੀਤਾ ਤੇ ਕੈਨੇਡਾ ਵਿਖੇ ਪੱਕੇ ਤੌਰ 'ਤੇ ਆ ਗਿਆ ਹੈ।



ਉਸਨੇ ਦੱਸਿਆ ਕਿ ਉਸ ਨੇ ਕੈਨੇਡਾ ਵਿਖੇ ਪਬਲਿਕ ਸੇਫਟੀ ਪ੍ਰੋਫੈਸ਼ਨਲ ਡਿਪਲੋਮਾ ਹਾਸਲ ਕੀਤਾ ਤੇ ਲਗਾਤਾਰ 5 ਸਾਲ ਸਿਕਿਊਰਟੀ ਸੁਪਰਵਾਈਜ਼ਰ ਦੇ ਤੌਰ 'ਤੇ ਕੰਮ ਕੀਤਾ ਤੇ 2 ਸਾਲ ਕਨੇਡੀਅਨ ਰੇਲਵੇ ਵਿੱਚ ਨੌਕਰੀ ਕੀਤੀ। ਉਸਨੇ ਦੱਸਿਆ ਕਿ ਉਸ ਨੇ ਇਸ ਪੋਸਟ ਨੂੰ ਹਾਸਲ ਕਰਨ ਲਈ ਆਪਣੇ ਪਿਤਾ ਰਣਜੀਤ ਸਿੰਘ ਧਰਮੀ ਫੌਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਖ਼ਤ ਮਿਹਨਤ ਕੀਤੀ।

ਇਕਬਾਲਪ੍ਰੀਤ ਨੇ ਦੱਸਿਆ ਕਿ ਟੀ.ਪੀ ਅਫ਼ਸਰ ਵਜੋਂ ਉਸਦੀ ਨਿਯੁਕਤੀ 26 ਜੁਲਾਈ ਨੂੰ ਹੋ ਚੁੱਕੀ ਹੈ ਜਦਕਿ ਉਹ 12 ਅਗਸਤ ਨੂੰ ਬਤੌਰ ਟੀ.ਪੀ.ਅਫਸਰ ਵਜੋਂ ਆਪਣੀਆਂ ਸੇਵਾਵਾਂ ਸ਼ੁਰੂ ਕਰੇਗਾ। ਇਸ ਮੌਕੇ ਉਸਦੇ ਪਿਤਾ ਰਣਜੀਤ ਸਿੰਘ ਧਰਮੀ ਫੌਜੀ ਨੇ ਦੱਸਿਆ ਕਿ ਇਕਬਾਲ ਪ੍ਰੀਤ ਸਿੰਘ ਆਪਣੇ ਦਾਦਾ ਜੀ ਸਵਰਗਵਾਸੀ ਚਰਨ ਸਿੰਘ ਜੋ ਇੰਡੀਅਨ ਆਰਮੀ ਵਿੱਚ ਨੌਕਰੀ ਕਰਦੇ ਸਨ ਉਹਨਾਂ ਕੋਲੋਂ ਸੇਧ ਪ੍ਰਾਪਤ ਕਰਕੇ ਇਸ ਅਹੁਦੇ 'ਤੇ ਪਹੁੰਚਿਆ ਹੈ।

# 2027 ਲਈ ਪੰਜਾਬ ਦੇ ਸਿਆਸੀ ਕਿਲ੍ਹੇ ਨੂੰ ਫਤਹਿ ਕਰਨ ਲਈ ਭਾਜਪਾ ਮਾਲਵਾ ਵਿੱਚ ਹੋਈ ਸਰਗਰਮ

## ਭਾਜਪਾ ਬਦਲ ਸਕਦੀ ਹੈ ਪੰਜਾਬ ਭਾਜਪਾ ਦਾ ਪ੍ਰਧਾਨ

## ਤਰੁਣ ਚੁੱਘ, ਅਰਵਿੰਦ ਖੰਨਾ ਅਤੇ ਕੇਵਲ ਸਿੰਘ ਢਿੱਲੋਂ ਦੇ ਨਾਂਅ ਦੀ ਚਰਚਾ





ਜਲੰਧਰ/ਏ.ਟੀ.ਨਿਊਜ਼ : ਪੰਜਾਬ ਵਿੱਚ ਭਾਜਪਾ ਦਾ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਹੋਏ ਤੋੜ ਵਿਛੋੜੇ ਅਤੇ ਫਿਰ ਪੰਜਾਬ ਸਿਆਸਤ 'ਚ ਤਾਜ਼ਾ ਉਥਲ ਪੁਥਲ ਤੋਂ ਬਾਅਦ ਪੰਜਾਬ ਵਿੱਚ ਭਾਵੇਂ ਭਾਜਪਾ ਦਾ ਵੋਟ ਫ਼ੀਸਦੀ ਕਾਫ਼ੀ ਵੱਧ ਕੇ ਪਾਰਟੀ ਮਜ਼ਬੂਤ ਹੋਈ ਹੈ ਪਰ ਇਸ ਸਭ ਦੇ ਬਾਵਜੂਦ ਉਹ ਜਿੱਤ ਦੇ ਮਿਥੇ ਨਿਸ਼ਾਨੇ ਤੋਂ ਦੂਰ ਰਹਿ ਰਹੀ ਹੈ। ਹੁਣ ਭਾਜਪਾ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਨਿਸ਼ਾਨਾ ਮਿੱਥ ਕੇ ਪੰਜਾਬ ਦੀ ਸੱਤਾ ਪ੍ਰਾਪਤ ਕਰਨ ਲਈ ਸਿਆਸਤ ਵਿੱਚ ਅਹਿਮ ਸਥਾਨ ਰੱਖਣ ਵਾਲੇ ਮਾਲਵਾ ਖ਼ਿੱਤੇ ਦੇ ਟਿੱਬਿਆਂ ਵਿਚੋਂ ਲੰਘ ਕੇ ਮਜ਼ਬੂਤ ਧਰਾਤਲ ਵੱਲ ਵਧਣ ਦੀ ਤਾਕ ਵਿੱਚ ਹੈ। 2020 ਵਿੱਚ ਕਿਸਾਨ ਅੰਦੋਲਨ ਕਾਰਨ ਫਸੇ ਪੇਚ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਤੋੜ ਵਿਛੋੜਾ ਹੋ ਗਿਆ, ਉਪਰੰਤ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੇ ਇਕੱਲੇ ਆਪਣੇ ਦਮ 'ਤੇ ਪੰਜਾਬ ਵਿੱਚ 72 ਸੀਟਾਂ 'ਤੇ ਚੋਣ ਲੜੀ ਇਸ ਵਿੱਚ ਭਾਵੇਂ 2 ਹਲਕਿਆਂ ਵਿਚ ਹੀ ਉਸ ਨੂੰ ਜਿੱਤ ਪ੍ਰਾਪਤ ਹੋਈ ਪਰ ਇਸ ਚੋਣ ਉਪਰੰਤ ਭਾਜਪਾ ਨੇ ਪੰਜਾਬ 'ਚ ਆਪਣੇ ਬਲਬੂਤੇ 'ਤੇ ਚੋਣ ਲੜਨ ਦਾ ਤਜਰਬਾ ਹਾਸਲ ਕਰ ਲਿਆ ਸੀ।

ਇਸ ਤੋਂ ਬਾਅਦ ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਜਿਥੇ ਦੂਜੇ ਨੰਬਰ 'ਤੇ ਆਈ ਉੱਥੇ ਹੁਣ ਵਿਧਾਨ ਸਭਾ ਦੀ ਜਲੰਧਰ ਜ਼ਿਮਨੀ ਚੋਣ ਵਿੱਚ ਸਖ਼ਤ ਲੜਾਈ ਤੋਂ ਬਾਅਦ ਭਾਜਪਾ ਫਿਰ ਦੂਜੇ ਨੰਬਰ 'ਤੇ ਰਹੀ ਹੈ। ਇਸ ਨਾਲ ਪਾਰਟੀ ਅੰਦਰ ਭਵਿੱਖ ਨੂੰ ਲੈ ਕੇ ਹੌਸਲਾ ਬੁਲੰਦ ਹੋਇਆ ਹੈ ਜਿਸ ਕਰਕੇ ਭਾਜਪਾ ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਹਿਲੇ ਨੰਬਰ 'ਤੇ ਆਉਣ ਲਈ ਪੱਬਾਂ ਭਾਰ ਹੈ।

ਪੰਜਾਬ ਵਿੱਚ ਸੱਤਾ ਦੀ ਪ੍ਰਾਪਤੀ ਲਈ ਹੁਣ ਭਾਜਪਾ ਮਾਲਵਾ ਖੇਤਰ ਦੇ ਅੰਕੜਿਆਂ ਦੇ ਹਿਸਾਬ ਕਿਤਾਬ ਲਗਾਉਣ ਵਿੱਚ ਲੱਗੀ ਹੋਈ ਹੈ। ਅੰਕੜਿਆਂ ਮੁਤਾਬਿਕ ਪੰਜਾਬ ਦੀਆਂ ਕੁੱਲ 13 ਲੋਕ ਸਭਾ ਸੀਟਾਂ 'ਚੋਂ 8 ਸੀਟਾਂ ਇਕੱਲੇ ਮਾਲਵੇ ਵਿੱਚ ਆਉਂਦੀਆਂ ਹਨ।

ਇਸੇ ਤਰ੍ਹਾਂ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿਚੋਂ 69 ਵਿਧਾਨ ਸਭਾ ਸੀਟਾਂ ਇਕੱਲੇ ਮਾਲਵੇ ਖ਼ਿੱਤੇ 'ਚ ਆਉਂਦੀਆਂ ਹਨ। ਇਸ ਕਰਕੇ ਪੰਜਾਬ ਵਿੱਚ ਸਰਕਾਰ ਬਣਾਉਣ ਲਈ ਇਸ ਖ਼ਿੱਤੇ ਦੇ ਅੰਕੜਿਆਂ ਦੀ ਖੇਡ ਵਿੱਚ ਅਹਿਮ ਰੋਲ ਰਿਹਾ ਹੈ। ਕਾਂਗਰਸ ਅਤੇ ਅਕਾਲੀ ਦਲ ਬਾਦਲ ਨੇ ਹਮੇਸ਼ਾ ਮਾਲਵਾ ਖ਼ਿੱਤੇ ਦੀਆਂ ਸੀਟਾਂ ਨਾਲ ਹੀ ਸੱਤਾ ਦਾ ਸੁੱਖ ਭੋਗਿਆ ਹੈ। ਇਸੇ ਕਰਕੇ ਹੀ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਗਿਆਨੀ ਜ਼ੈਲ ਸਿੰਘ, ਸੁਰਜੀਤ ਸਿੰਘ ਬਰਨਾਲਾ, ਬੇਅੰਤ ਸਿੰਘ, ਹਰਚਰਨ ਸਿੰਘ ਬਰਾੜ, ਰਾਜਿੰਦਰ ਕੌਰ ਭੱਠਲ ਨੂੰ ਮਾਲਵਾ 'ਚੋਂ ਮੁੱਖ ਮੰਤਰੀ ਵਜੋਂ ਅਗਵਾਈ ਦਾ ਮੌਕਾ ਮਿਲਦਾ ਰਿਹਾ ਹੈ।

(ਬਾਕੀ ਸਫ਼ਾ 31 'ਤੇ)

# ਲੋਕਾਂ ਨੂੰ ਚੋਰੀਆਂ ਤੋਂ ਨਿਜ਼ਾਤ ਦਿਵਾਉਣ ਲਈ ਸਿੱਖ ਇੰਜੀਨੀਅਰ ਨੇ ਬਣਾਇਆ ਸਾਫਟਵੇਅਰ

## ਚੋਰੀ ਤੋਂ ਪਹਿਲਾਂ ਮਾਲਕ ਨੂੰ ਕਰੇਗਾ ਸਾਵਧਾਨ

ਤਰਨਤਾਰਨ/ਏ.ਟੀ.ਨਿਊਜ਼ : ਸਥਾਨਕ ਸ਼ਹਿਰ ਦੇ ਨਿਵਾਸੀ ਸਾਫਟਵੇਅਰ ਇੰਜੀਨੀਅਰ ਵੱਲੋਂ ਲੋਕਾਂ ਨੂੰ ਚੋਰੀਆਂ ਤੋਂ ਨਿਜ਼ਾਤ ਦਿਵਾਉਣ ਲਈ ਪਹਿਲ ਕਦਮੀ ਕਰਦੇ ਹੋਏ ਇੱਕ ਵਿਸ਼ੇਸ਼ ਕਿਸਮ ਦਾ ਸਾਫਟਵੇਅਰ ਪ੍ਰਾਜੈਕਟ ਤਿਆਰ ਕਰ ਦਿੱਤਾ ਗਿਆ ਹੈ, ਜੋ ਚੋਰਾਂ ਨੂੰ ਉਨ੍ਹਾਂ ਦੇ ਮਕਸਦ ਵਿੱਚ ਕਾਮਯਾਬ ਹੋਣ ਤੋਂ ਰੋਕ ਦੇਵੇਗਾ। ਇੰਨਾ ਹੀ ਨਹੀਂ ਚੋਰਾਂ ਵੱਲੋਂ ਘਰ ਵਿੱਚ ਦਸਤਕ ਦੇਣ ਤੋਂ ਪਹਿਲਾਂ ਹੀ ਮਾਲਕ ਨੂੰ ਅਲਰਟ ਕਰ ਦੇਵੇਗਾ। ਜ਼ਿਕਰਯੋਗ ਹੈ ਕਿ ਇਹ ਤਿਆਰ ਕੀਤਾ ਗਿਆ ਸਾਫਟਵੇਅਰ ਪ੍ਰਾਜੈਕਟ ਜ਼ਿਆਦਾ ਮਹਿੰਗਾ ਵੀ ਨਹੀਂ ਦੱਸਿਆ ਜਾ ਰਿਹਾ ਹੈ, ਜਿਸ ਨੂੰ ਆਮ ਲੋਕ ਆਪਣੇ ਕੀਮਤੀ ਘਰਾਂ ਦੇ ਸਾਮਾਨ ਨੂੰ ਚੋਰੀ ਹੋਣ ਤੋਂ ਬਚਾਉਣ ਲਈ ਆਸਾਨੀ ਨਾਲ ਲਗਵਾ ਸਕਦੇ ਹਨ। ਸਥਾਨਕ ਗੁਰੂ ਤੇਗ ਬਹਾਦਰ ਨਗਰ ਦੇ ਨਿਵਾਸੀ ਮਨਪ੍ਰੀਤ ਸਿੰਘ ਸੰਧੂ ਨੇ ਦੱਸਿਆ ਕਿ ਵੱਖ-ਵੱਖ ਕੰਪਨੀਆਂ ਦੇ ਤਿਆਰ ਕੀਤੇ ਗਏ ਸਾਊਂਡ ਸਪੀਕਰ ਡਿਵਾਈਸ ਦੇ ਨਾਲ ਉਨ੍ਹਾਂ ਨੇ ਇਕ ਸਾਫਟਵੇਅਰ ਨੂੰ ਜੋੜਦੇ ਹੋਏ ਅਜਿਹਾ ਸਾਫਟਵੇਅਰ ਪ੍ਰੋਜੈਕਟ ਤਿਆਰ ਕਰ ਦਿੱਤਾ ਹੈ ਜੋ ਘਰਾਂ ਵਿੱਚ ਚੋਰੀਆਂ ਨੂੰ ਰੋਕਣ ਵਿੱਚ ਕਾਫੀ ਹੱਦ ਤੱਕ ਕਾਮਯਾਬ ਹੋ ਰਿਹਾ ਹੈ।



ਮਨਪ੍ਰੀਤ ਸੰਧੂ ਨੇ ਦਾਅਵਾ ਕਰਦੇ ਹੋਏ ਦੱਸਿਆ ਕਿ ਇਹ ਸਾਫਟਵੇਅਰ ਘਰਾਂ ਵਿੱਚ ਰਹਿਣ ਵਾਲੇ ਬਜ਼ੁਰਗਾਂ ਅਤੇ ਬੱਚਿਆਂ ਵੱਲੋਂ ਇਸ ਦੀ ਆਸਾਨੀ ਨਾਲ ਵਰਤੋਂ ਕਰਦੇ ਹੋਏ ਚੋਰਾਂ ਨੂੰ ਚੋਰੀ ਕਰਨ ਤੋਂ ਰੋਕਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸਾਫਟਵੇਅਰ ਦੀ ਤਕਨੀਕ ਰਾਹੀਂ ਘਰਾਂ ਦੀਆਂ ਕੰਧਾਂ ਉਪਰ ਸੈਂਸਰ ਲਗਾਏ ਗਏ ਹਨ, ਜਦੋਂ ਹੀ ਕੋਈ ਵੀ ਚੋਰ ਦੀਵਾਰ ਉਪਰ ਆਪਣੇ ਹੱਥ ਰੱਖਦੇ ਹੋਏ ਅੰਦਰ ਦਾਖਲ ਹੋਣ ਦੀ

(ਬਾਕੀ ਸਫ਼ਾ 30 'ਤੇ)

# ਹੁਣ ਜਾਗਰੂਕ ਸਿੱਖਾਂ ਦੀਆਂ ਨਜ਼ਰਾਂ ਟਿਕੀਆਂ ਜਥੇਦਾਰਾਂ ਦੇ ਫ਼ੈਸਲੇ ’ਤੇ

ਅੰਮ੍ਰਿਤਸਰ/ਏ.ਟੀ.ਨਿਊਜ਼ : ਸੌਦਾ ਸਾਧ ਨੂੰ ਬਿਨ ਮੰਗੀ ਮਾਫ਼ੀ ਦੇਣ ਅਤੇ ਸੁੱਚਾ ਸਿੰਘ ਲੰਗਾਹ ਵਲੋਂ ਨਿਮਾਣਾ ਸਿੱਖ ਬਣ ਕੇ ਅਕਾਲ ਤਖ਼ਤ ਤੋਂ ਮਾਫ਼ੀ ਮੰਗਣ ਤੋਂ ਇਲਾਵਾ ਵੱਖ ਵੱਖ ਸਮੇਂ ਤਖ਼ਤਾਂ ਦੇ ਜਥੇਦਾਰਾਂ ਦੀ ਕਾਰਗੁਜ਼ਾਰੀ ਦੀ ਚਰਚਾ ਚਲੀ, ਪੰਥਦਰਦੀਆਂ ਵਿਰੁੱਧ ਹੁਕਮਨਾਮੇ ਜਾਰੀ ਕਰਨ ਅਤੇ ਡੇਰੇਦਾਰਾਂ ਵਿਰੁੱਧ ਜਾਰੀ ਹੋਏ ਹੁਕਮਨਾਮਿਆਂ ਦੇ ਬਾਵਜੂਦ ਅਕਾਲੀ ਆਗੂਆਂ ਵਲੋਂ ਅਖੌਤੀ ਡੇਰੇਦਾਰਾਂ ਦੀਆਂ ਚੌਂਕੀਆਂ ਭਰਨ ਦੀਆਂ ਖ਼ਬਰਾਂ ਬਾਹਰ ਆ ਜਾਣ ਦੇ ਬਾਵਜੂਦ ਤਖ਼ਤਾਂ ਦੇ ਜਥੇਦਾਰਾਂ ਦੀ ਬੇਵਸੀ ਅਤੇ ਲਾਚਾਰੀ ਸਾਹਮਣੇ ਆਉਣ ਦੀ ਤਰ੍ਹਾਂ ਹੁਣ ਬਾਦਲ ਦਲ ਤੋਂ ਨਰਾਜ਼ ਧੜੇ ਦੀ ਸ਼ਿਕਾਇਤ ’ਤੇ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖ਼ਤ ’ਤੇ ਤਲਬ ਕਰਨ ਮੌਕੇ ਸੁਖਬੀਰ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਲੋਂ ਇਕੋ ਸਮੇਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਬੰਦ ਲਿਫ਼ਾਫ਼ਾ ਸਪੱਸ਼ਟੀਕਰਨ ਸੌਂਪਣ ਦੀਆਂ ਘਟਨਾਵਾਂ ਦੀ ਪੰਥਕ ਹਲਕਿਆਂ ਵਿੱਚ ਚਰਚਾ ਛਿੜਨੀ ਸੁਭਾਵਕ ਹੈ।



ਪਿਛਲੇ ਸਮੇਂ ਵਿੱਚ ਇਕ ਤੋਂ ਵੱਧ ਵਾਰ ਸੁਖਬੀਰ ਸਿੰਘ ਬਾਦਲ ਨੇ ਜੇ ਗ਼ਲਤੀ ਹੋਈ, ਕਹਿ ਕੇ ਮਾਫ਼ੀ ਮੰਗੀ, ਜੋੜਿਆਂ ਦੀ ਸੇਵਾ ਕੀਤੀ ਪਰ ਹੁਣ ਫਿਰ ਨਰਾਜ਼ ਧੜੇ ਵਲੋਂ ਲਾਏ ਦੋਸ਼ਾਂ ਤੋਂ ਬਾਅਦ ਕੀ ਸੁਖਬੀਰ ਸਿੰਘ ਬਾਦਲ ਸਾਰੀਆਂ ਗ਼ਲਤੀਆਂ ਅਤੇ ਪੰਥ ਨਾਲ ਧ੍ਰੋਹ ਕਮਾਉਣ ਵਾਲੀਆਂ ਬੱਜਰ ਗ਼ਲਤੀਆਂ ਦੀ ਮਾਫ਼ੀ ਮੰਗਣਗੇ ਜਾਂ ਸਪੱਸ਼ਟੀਕਰਨ ਦੇ ਉਕਤ ਵਰਤਾਰੇ ਦੇ ਜਨਤਕ ਹੋਣ ਤੋਂ ਬਾਅਦ ਕੋਈ ਨਵਾਂ ਅਧਿਆਏ ਸ਼ੁਰੂ ਹੋਵੇਗਾ ? ਕਿਉਂਕਿ ਸੁਖਬੀਰ ਬਾਦਲ ਨੇ ਅਪਣੇ ਸਾਥੀਆਂ ਸਮੇਤ ਅਕਾਲ ਤਖ਼ਤ ’ਤੇ ਪੇਸ਼ ਹੋਣ ਤੋਂ ਇੱਕ ਦਿਨ ਪਹਿਲਾਂ ਕੋਰ ਕਮੇਟੀ ਭੰਗ ਕਰ ਦਿਤੀ ਸੀ। ਜ਼ਿਕਰਯੋਗ ਹੈ ਕਿ ਬਾਦਲ ਦਲ ਦਾ ਵਿਰੋਧ ਕਰਨ ਵਾਲਿਆਂ ਵਿੱਚ ਸ਼ਾਮਲ ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ ਤੇ ਸਿਕੰਦਰ ਸਿੰਘ ਮਲੂਕਾ ਵਰਗੇ ਆਗੂ ਕੋਰ ਕਮੇਟੀ ਦੇ ਮੈਂਬਰ ਸਨ।

ਨਰਾਜ਼ ਧੜੇ ਵੱਲੋਂ ਬੀਬੀ ਜਗੀਰ ਕੌਰ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੱਚ ਸਾਹਮਣੇ ਲਿਆਉਣ ਦੀ ਅਪੀਲ ਕਰਦਿਆਂ ਆਖਿਆ ਹੈ ਕਿ ਹੁਣ ਜਥੇਦਾਰ ਕੋਲ ਸਬੂਤ ਪਹੁੰਚ ਗਏ ਹਨ, ਦੇਖਣਾ ਹੋਵੇਗਾ ਕਿ ਜਥੇਦਾਰਾਂ ਵੱਲੋਂ ਸਬੂਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾਵੇਗਾ ਜਾਂ ਸਜ਼ਾ ਸੁਣਾਈ ਜਾਵੇਗੀ ? ਬੀਬੀ ਜਗੀਰ ਕੌਰ ਨੇ ਅਪਣੇ ਦੋਸ਼ਾਂ ਨੂੰ ਫਿਰ ਦੁਹਰਾਇਆ ਕਿ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਨੂੰ ਇੱਕ ਨਿਜੀ ਕੰਪਨੀ ਦੀ ਤਰ੍ਹਾਂ ਚਲਾਇਆ, ਜਿਵੇਂ ਕੰਪਨੀ ਵਿੱਚ ਸੀ.ਈ.ਓ. ਮਨਮਾਨੀ ਕਰਦਾ ਹੈ, ਬਾਦਲ ਨੇ ਪਾਰਟੀ ਨੂੰ ਉਸੇ ਤਰ੍ਹਾਂ ਚਲਾਇਆ ਹੈ। ਪੰਥਕ ਹਲਕਿਆਂ ਦੀਆਂ ਨਜ਼ਰਾਂ ਅਕਾਲ ਤਖ਼ਤ ਦੇ ਫ਼ੈਸਲੇ ’ਤੇ ਟਿਕੀਆਂ ਹੋਈਆਂ ਹਨ ਅਤੇ ਪੰਥਕ ਹਲਕਿਆਂ ਵਿੱਚ ਵੱਖ ਵੱਖ ਕਿਸਮ ਦੀ ਚਰਚਾ ਹੈ ਕਿ ਕੀ ਸੁਖਬੀਰ ਸਿੰਘ ਬਾਦਲ ਸਾਰੀਆਂ ਗ਼ਲਤੀਆਂ ਅਤੇ ਗੁਨਾਹਾਂ ਦੀ ਮਾਫੀ ਮੰਗਣਗੇ ? ਕੀ ਉਹ ਅਪਣੇ ਉਪਰ ਲੱਗੇ ਦੋਸ਼ਾਂ ਨੂੰ ਝੂਠੇ ਸਾਬਤ ਕਰਨਗੇ ? ਕੀ ਉਹ ਸਪੱਸ਼ਟੀਕਰਨ ਰਾਹੀਂ ਵਿਰੋਧੀਆਂ ਨੂੰ ਘੇਰਨਗੇ ?

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਰਾਏ ਬੁਲਾਰ ਜੀ ਦੇ ਵੰਸ਼ਜਾਂ ਨੂੰ ਵੀਜ਼ਾ ਜਾਰੀ ਕਰੇ ਸਰਕਾਰ : ਐਡਵੋਕੇਟ ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸ਼ਰਧਾਲੂ ਰਾਏ ਬੁਲਾਰ ਜੀ ਦੇ ਪਾਕਿਸਤਾਨ ਵਿੱਚ ਰਹਿੰਦੇ ਚਾਰ ਵੰਸ਼ਜ ਪਰਿਵਾਰਾਂ ਨੂੰ ਗੁਰੂ ਸਾਹਿਬ ਜੀ ਦੇ ਨਵੰਬਰ ਮਹੀਨੇ ਵਿੱਚ ਆ ਰਹੇ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਲਈ ਭਾਰਤ ਆਉਣ ਦਾ ਸੱਦਾ ਭੇਜਿਆ ਹੈ। ਰਾਏ ਬੁਲਾਰ ਜੀ ਦੇ ਵੰਸ਼ਜ ਰਾਏ ਮੁਹੰਮਦ ਸਲੀਮ ਭੱਟੀ ਸਮੇਤ ਚਾਰ ਪਰਿਵਾਰਾਂ ਨੂੰ ਭੇਜੇ ਗਏ ਸੱਦਾ ਪੱਤਰ ਵਿੱਚ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਇਸ ਸਾਲ 15 ਨਵੰਬਰ 2024 ਨੂੰ ਅੰਮ੍ਰਿਤਸਰ, ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ, ਬਟਾਲਾ, ਦਿੱਲੀ, ਨਾਨਕਮੱਤਾ ਉਤਰਾਖੰਡ ਵਿਖੇ ਸਥਿਤ ਕਈ ਗੁਰਧਾਮਾਂ ’ਤੇ ਮਨਾਇਆ ਜਾ ਰਿਹਾ ਹੈ, ਇਸ ਲਈ ਰਾਏ ਬੁਲਾਰ ਜੀ ਦੇ ਵੰਸ਼ਜ ਪਰਿਵਾਰ 1 ਤੋਂ 30 ਨਵੰਬਰ



2024 ਦੇ ਵਿਚਕਾਰ ਭਾਰਤ ਆ ਕੇ ਗੁਰੂ ਸਾਹਿਬ ਦੇ ਪ੍ਰਕਾਸ਼ ਗੁਰਪੁਰਬ ਦੇ ਸਮਾਗਮਾਂ ਵਿਚ ਸ਼ਮੂਲੀਅਤ ਕਰਨ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਪਰਿਵਾਰਾਂ ਦੇ ਭਾਰਤ ਪਹੁੰਚਣ ਉੱਤੇ ਉਨ੍ਹਾਂ ਦੀ ਰਿਹਾਇਸ਼ ਅਤੇ ਯਾਤਰਾ ਦੇ ਸਾਰੇ ਖਰਚੇ ਦਾ ਪ੍ਰਬੰਧ ਕਰਨ ਦੀ ਵੀ ਗੱਲ ਆਖੀ ਹੈ।ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਰਾਏ ਬੁਲਾਰ ਜੀ ਦੇ ਵੰਸ਼ਜਾਂ ਨੂੰ ਵੀਜ਼ੇ ਜਾਰੀ ਕਰ ਕੇ ਭਾਰਤ ਆਉਣ ਦੀ ਇਜਾਜ਼ਤ ਦੇਵੇ ਤਾਂ ਜੋ ਉਹ ਇੱਧਰ ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਸ਼ਾਮਲ ਹੋ ਸਕਣ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਈ ਗਈ ਰਾਏ ਬੁਲਾਰ ਜੀ ਦੀ ਤਸਵੀਰ ਨੂੰ ਯਾਦਗਾਰ ਵਜੋਂ ਨਿਹਾਰ ਸਕਣ। ਉਨ੍ਹਾਂ ਕਿਹਾ ਕਿ ਰਾਏ ਬੁਲਾਰ ਜੀ ਦੇ ਪਰਿਵਾਰ ਦਾ ਸਿੱਖਾਂ ਨਾਲ ਆਪਸੀ ਸਤਿਕਾਰ ਵਾਲਾ ਰਿਸ਼ਤਾ ਹੈ ਕਿਉਂਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸ਼ਰਧਾਲੂ ਵਜੋਂ ਰਾਏ ਬੁਲਾਰ ਜੀ ਦਾ ਇਤਿਹਾਸ ’ਚ ਮਹੱਤਵਪੂਰਨ ਸਥਾਨ ਹੈ। ਉਨ੍ਹਾਂ ਕਿਹਾ ਕਿ ਇਸ ਪਰਿਵਾਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਕਈ ਵਾਰ ਸੱਦਾ ਪੱਤਰ ਦੇਣ ਅਤੇ ਸਰਕਾਰ ਨੂੰ ਲਿਖਣ ਦੇ ਬਾਵਜੂਦ ਇਨ੍ਹਾਂ ਨੂੰ ਵੀਜ਼ਾ ਨਹੀਂ ਦਿੱਤਾ ਗਿਆ ਸੀ ਅਤੇ ਹੁਣ ਸਰਕਾਰ ਨੂੰ ਇਸ ਉੱਤੇ ਸੰਜੀਦਗੀ ਨਾਲ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸਾਲ 2022 ਵਿੱਚ ਜਦੋਂ ਰਾਏ ਬੁਲਾਰ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਈ ਗਈ ਸੀ ਤਾਂ ਉਸ ਵਕਤ ਵੀ ਸ਼੍ਰੋਮਣੀ ਕਮੇਟੀ ਨੇ ਪਰਿਵਾਰ ਨੂੰ ਭਾਰਤ ਆਉਣ ਦਾ ਸੱਦਾ ਭੇਜਿਆ ਸੀ ਪਰ ਭਾਰਤੀ ਵੀਜ਼ੇ ਨਾ ਮਿਲਣ ਕਰ ਕੇ ਉਹ ਆ ਨਹੀਂ ਸਕੇ ਸਨ।

ਐਡਵੋਕੇਟ ਧਾਮੀ ਨੇ ਆਸ ਪ੍ਰਗਟਾਈ ਕਿ ਸਰਕਾਰ ਇਸ ਵਾਰ ਰਾਏ ਬੁਲਾਰ ਜੀ ਦੇ ਵੰਸ਼ਜਾਂ ਨੂੰ ਭਾਰਤ ਆਉਣ ਲਈ ਵੀਜ਼ੇ ਜਾਰੀ ਕਰ ਕੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰੇਗੀ। ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਲਿਆਨ ਦਾਸ ਜੀ ਰਾਏ ਬੁਲਾਰ ਜੀ ਦੇ ਕੋਲ ਨੌਕਰੀ ਕਰਦੇ ਸਨ। ਰਾਏ ਬੁਲਾਰ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸ਼ਰਧਾਲੂ ਸਨ, ਜਿਨ੍ਹਾਂ ਨੇ ਛੋਟੀ ਉਮਰ ਵਿੱਚ ਹੀ ਗੁਰੂ ਸਾਹਿਬ ਅੰਦਰ ਰੱਬੀ ਜੋਤ ਦੀ ਪਛਾਣ ਕਰ ਲਈ ਸੀ। ਰਾਏ ਬੁਲਾਰ ਜੀ ਨੇ ਆਪਣੀ ਜਾਇਦਾਦ ਵਿੱਚੋਂ ਹਜ਼ਾਰਾਂ ਏਕੜ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਕਰ ਦਿੱਤੀ ਸੀ, ਜੋ ਕਿ ਇਸ ਸਮੇਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਨਾਂ ਹੈ।


## ‘ਸਿੱਖਾਂ ਨੂੰ ਅਤਿਵਾਦੀ ਕਹਿਣ ਵਾਲੇ ਪੁਲਿਸ ਅਧਿਕਾਰੀ ਖ਼ਿਲਾਫ਼ ਕਾਰਵਾਈ ਕਰੇ ਯੂਪੀ ਸਰਕਾਰ’

ਅੰਮ੍ਰਿਤਸਰ/ਏ.ਟੀ.ਨਿਊਜ਼ : ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ’ਚ ਬੀਤੇ ਦਿਨੀਂ ਪੁਲਿਸ ਅਧਿਕਾਰੀ ਵੱਲੋਂ ਸਿੱਖਾਂ ਨੂੰ ਅਤਿਵਾਦੀ ਕਹਿ ਕੇ ਬੁਲਾਉਣ ਦੀ ਘਟਨਾ ’ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਸਿੱਖਾਂ ਦੀਆਂ ਕੁਰਬਾਨੀਆਂ ਕਾਰਨ ਹੀ ਭਾਰਤ ਦਾ ਸੱਭਿਆਚਾਰ ਸੁਰੱਖਿਅਤ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੀ ਸਰਕਾਰ ਸਬੰਧਤ ਅਧਿਕਾਰੀ ਖਿਲਾਫ਼ ਸਖ਼ਤ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਸਿੱਖ ਹਮੇਸ਼ਾ ਹੀ ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਹਨ। ਕੁਦਰਤੀ ਆਫ਼ਤਾਂ ਸਮੇਂ ਸਿੱਖਾਂ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਪੂਰੀ ਦੁਨੀਆਂ ਨੇ ਸਲਾਹਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਭਾਰਤ ਵਿੱਚ ਘੱਟ ਗਿਣਤੀਆਂ ਅਤੇ ਖਾਸ ਕਰਕੇ ਸਿੱਖਾਂ ’ਤੇ ਨਫਰਤੀ ਹਮਲੇ ਕੀਤੇ ਜਾ ਰਹੇ ਹਨ। ਉਨ੍ਹਾਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਅਜਿਹੇ ਪੁਲਿਸ ਅਧਿਕਾਰੀ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇ।

## ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਸਿੱਖਾਂ ਵਿੱਚ ਵੋਟਾਂ ਬਣਾਉਣ ਦਾ ਰੁਝਾਨ ਨਹੀਂ

### ਰਜਿਸਟ੍ਰੇਸ਼ਨ ਕਰਵਾਉਣ ਵਾਲੇ ਸਿੱਖਾਂ ਦੀ ਗਿਣਤੀ ਪਿਛਲੀਆਂ ਚੋਣਾਂ ਮੁਕਾਬਲੇ ਲਗਭਗ ਅੱਧੀ ਰਹਿ ਗਈ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਗਾਮੀ ਚੋਣਾਂ ਲਈ ਵੋਟਾਂ ਬਣਾਉਣ ਵਾਸਤੇ ਰਜਿਸਟ੍ਰੇਸ਼ਨ ਕਰਵਾਉਣ ਵਾਲੇ ਸਿੱਖਾਂ ਦੀ ਗਿਣਤੀ ਪਿਛਲੀਆਂ ਚੋਣਾਂ ਮੁਕਾਬਲੇ ਲਗਪਗ ਅੱਧੀ ਰਹਿ ਗਈ ਹੈ। ਇਸ ਦਾ ਵੱਡਾ



ਕਾਰਨ ਸਿੱਖਾਂ ਵਿੱਚ ਵੋਟਰ ਬਣਨ ਦਾ ਮੱਠਾ ਰੁਝਾਨ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਭਾਰਤ ਸਰਕਾਰ ਦੁਆਰਾ ਬਣਾਏ ਗਏ ਗੁਰਦੁਆਰਾ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ ਕਰਵਾਈਆਂ ਜਾਂਦੀਆਂ ਹਨ। ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਵਲੋਂ ਵੋਟਰਾਂ ਦੀ ਰਜਿਸਟ੍ਰੇਸ਼ਨ ਦੀ ਆਖ਼ਰੀ ਮਿਤੀ ਨੂੰ ਤਿੰਨ ਵਾਰ ਅੱਗੇ ਵਧਾਉਣ ਦੇ ਬਾਵਜੂਦ, 25 ਜੁਲਾਈ ਤੱਕ ਕੁੱਲ ਰਜਿਸਟਰਡ ਵੋਟਰਾਂ ਦੀ ਗਿਣਤੀ 27.87 ਲੱਖ ਹੈ ਜਦੋਂਕਿ 2011 ਵਿੱਚ ਹੋਈਆਂ ਪਿੱਛਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਲਗਪਗ 52 ਲੱਖ ਵੋਟਰ ਸਨ। ਵੋਟਰਾਂ ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ 21 ਅਕਤੂਬਰ, 2023 ਨੂੰ ਸ਼ੁਰੂ ਹੋਈ ਸੀ ਅਤੇ ਸ਼ੁਰੂ ਵਿੱਚ ਆਖ਼ਰੀ ਮਿਤੀ 15 ਨਵੰਬਰ 2023 ਸੀ। ਵੋਟਰਾਂ ਦੇ ਮੱਠੇ ਹੁੰਗਾਰੇ ਨੂੰ ਦੇਖਦੇ ਹੋਏ, ਇਸ ਸਬੰਧੀ ਤਰੀਕ ਨੂੰ ਅੱਗੇ ਵਧਾ ਕੇ 29 ਫਰਵਰੀ, 2024 ਅਤੇ ਫਿਰ 30 ਅਪਰੈਲ 2024 ਕਰ ਦਿੱਤਾ ਗਿਆ ਸੀ। ਅੰਤ ਵਿੱਚ ਹੁਣ ਆਖ਼ਰੀ ਮਿਤੀ 31 ਜੁਲਾਈ ਨਿਰਧਾਰਤ ਕੀਤੀ ਗਈ ਹੈ। ਇਸ ਸਬੰਧ ਵਿੱਚ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਤੋਂ 21 ਸਾਲ ਤੋਂ ਵੱਧ ਉਮਰ ਦੇ ‘ਸਾਬਤ ਸੂਰਤ’ ਸਿੱਖ ਵੋਟਰ ਬਣਾਏ ਜਾ ਰਹੇ ਹਨ। ਪਤਿਤ ਸਿੱਖ ਵੋਟਰ ਨਹੀਂ ਬਣ ਸਕਦੇ ਹਨ। ਵੋਟਰਾਂ ਦੀ ਰਜਿਸਟ੍ਰੇਸ਼ਨ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ 1959 ਦੇ ਨਿਯਮ ਤਿੰਨ ਤਹਿਤ ਕੀਤੀ ਜਾਂਦੀ ਹੈ। ਰਜਿਸਟ੍ਰੇਸ਼ਨ ਦਾ ਕੰਮ ਇਸ ਵੇਲੇ ਪਟਵਾਰੀਆਂ ਅਤੇ ਬਲਾਕ ਪੱਧਰੀ ਅਫ਼ਸਰਾਂ ਦੁਆਰਾ ਕੀਤਾ ਜਾ ਰਿਹਾ ਹੈ।

# ਪ੍ਰੋ. ਮਨਜੀਤ ਸਿੰਘ ਨੇ ਬਾਦਲ ਧੜੇ ’ਤੇ ਲਗਾਏ ਦੋਸ਼

## ਸੰਨ 1995 ਵਿੱਚ ਬਾਦਲ ਧੜੇ ਨੇ ਨਹੀਂ ਸਵੀਕਾਰਿਆ ਸੀ ਪੰਥਕ ਏਕਤਾ ਨੂੰ

ਪਟਿਆਲਾ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਕਿਹਾ ਹੈ ਕਿ 1995 ਵਿੱਚ ਪੰਥਕ ਏਕਤਾ ਦੀ ਚੱਲੀ ਗੱਲ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਸਵੀਕਾਰ ਨਹੀਂ ਸੀ ਕੀਤਾ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਵੀ ਪਿੱਠ ਦਿਖਾ ਦਿੱਤੀ ਸੀ। ਪ੍ਰੋ. ਮਨਜੀਤ ਸਿੰਘ ਨੇ ਇੱਥੇ ਗੱਲਬਾਤ ਕਰਦਿਆਂ ਪੰਥਕ ਸਮਾਜ ਵਿੱਚ ਚੱਲ ਰਹੀਆਂ ਚਰਚਾਵਾਂ ਕਿ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰੋ. ਮਨਜੀਤ ਸਿੰਘ ਦੀ ਬੇਇੱਜ਼ਤੀ ਕੀਤੀ ਸੀ, ਨੂੰ ਕੋਰਾ ਝੂਠ ਦੱਸਿਆ। ਉਨ੍ਹਾਂ ਮੌਜੂਦਾ ਅਕਾਲੀ ਦਲ ਦੇ ਸੰਕਟ ਬਾਰੇ ਕਿਹਾ ਕਿ ਜਦੋਂ ਤੱਕ ਮੌਜੂਦਾ ਲੀਡਰਸ਼ਿਪ ਤਿਆਗ ਦੀ ਭਾਵਨਾ ਨਾਲ ਕੁਰਸੀ ਦਾ ਮੋਹ ਨਹੀਂ ਛੱਡਦੀ, ਉਦੋਂ ਤੱਕ ਅਕਾਲੀ ਦਲ ਮੁੜ ਪੈਰਾਂ ਸਿਰ ਨਹੀਂ ਹੋ ਸਕੇਗਾ।

ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ 1995 ਵਿੱਚ ਦੂਜਾ ਖ਼ਾਲਸਾ ਮਾਰਚ ਸ੍ਰੀ ਹਰਿਗੋਬਿੰਦਪੁਰ ਤੋਂ ਦਮਦਮਾ ਸਾਹਿਬ ਤੱਕ ਕੀਤਾ ਗਿਆ ਸੀ। ਇਸ ਵਿੱਚ ਸਾਰੇ ਆਗੂ ਸ਼ਾਮਲ ਹੋਏ ਸਨ। ਉਦੋਂ ਪੰਥ ਨੇ ਕਿਹਾ ਸੀ ਕਿ ਸਾਰੇ ਅਕਾਲੀ ਦਲਾਂ ਨੂੰ ਇਕਮੰਚ ’ਤੇ ਇਕੱਠੇ ਕਰੋ। ਮਾਰਚ ਦੀ ਸਮਾਪਤੀ ਤੋਂ ਬਾਅਦ ਰਾਤ ਨੂੰ ਦੀਵਾਨ ਵਿੱਚ ਸਿਮਰਨਜੀਤ ਸਿੰਘ



ਮਾਨ, ਕੈਪਟਨ ਅਮਰਿੰਦਰ ਸਿੰਘ, ਤੋਤਾ ਸਿੰਘ, ਸੁਰਜੀਤ ਸਿੰਘ ਬਰਨਾਲਾ ਆਦਿ ਨੇ ਸਾਰੇ ਅਕਾਲੀ ਦਲਾਂ ਦੀ ਏਕਤਾ ਬਾਰੇ ਮੰਚ ਤੋਂ ਕਿਹਾ ਸੀ। ਉਸ ਮਗਰੋਂ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਏਕਤਾ ਦੀ ਗੱਲ ਚੱਲੀ ਸੀ। ਦੀਵਾਨ ਸਮਾਪਤ ਹੋਣ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਬੁਲਾ ਕੇ ਕਿਹਾ ਸੀ, ਇਨ੍ਹਾਂ ਵਿੱਚ ਏਕਤਾ ਮੁਸ਼ਕਿਲ ਹੈ ਕਿਉਂਕਿ ਇਨ੍ਹਾਂ ’ਚੋਂ ਹਰ ਕੋਈ ਪ੍ਰਧਾਨ ਬਣਨਾ ਚਾਹੁੰਦਾ ਹੈ। ਸ੍ਰੀ ਬਾਦਲ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਤੇ ਗੁਰਚਰਨ ਸਿੰਘ ਟੌਹੜਾ ਨੂੰ ਇਕੱਠੇ ਬਿਠਾ ਦਿਓ।

ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਜਦੋਂ ਅੰਮ੍ਰਿਤਸਰ ਐਲਾਨਨਾਮੇ ਬਾਰੇ ਪੰਥਕ ਸਫ਼ਾ ਵਿੱਚ ਗੱਲ ਚੱਲ ਰਹੀ ਸੀ ਤਾਂ ਪੰਥਕ ਏਕਤਾ ਦੀ ਗੱਲ ਨੇ ਜ਼ੋਰ ਫੜਿਆ ਸੀ। ਉਸ ਵੇਲੇ ਸਾਰੇ ਅਕਾਲੀ ਦਲਾਂ ਦੇ ਆਗੂਆਂ ਨੂੰ ਬੁਲਾਇਆ ਗਿਆ ਸੀ ਪਰ ਪ੍ਰਕਾਸ਼ ਸਿੰਘ ਬਾਦਲ ਨਹੀਂ ਸਨ ਆਏ। ਇਸ ਮਗਰੋਂ ਸ੍ਰੀ ਬਾਦਲ ਨੂੰ ਸਖ਼ਤੀ ਨਾਲ ਕਿਹਾ ਗਿਆ ਸੀ ਕਿ ਉਹ ਸ੍ਰੀ ਅਕਾਲ ਤਖ਼ਤ ਨੂੰ ਪਿੱਠ ਨਹੀਂ ਦਿਖਾ ਸਕਦੇ ਤਾਂ ਉਹ ਆਪਣੇ ਨਾਲ ਹਜ਼ਾਰਾਂ ਅਕਾਲੀ ਵਰਕਰਾਂ ਨੂੰ ਲੈ ਕੇ ਅਕਾਲ ਤਖ਼ਤ ਸਾਹਿਬ ਆਏ ਸਨ। ਪਰ ਜਦੋਂ ਬਾਕੀ ਆਗੂ ਲੰਗਰ ਛਕਣ ਲੱਗੇ ਤਾਂ ਬਾਹਰ ਬਲਵਿੰਦਰ ਸਿੰਘ ਭੂੰਦੜ ਬੋਲ ਰਹੇ ਸਨ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਮਨਜੀਤ ਸਿੰਘ ਨੇ ਸਾਨੂੰ ਆਪਣਾ ਵੱਖਰਾ ਅਕਾਲੀ ਦਲ ਬਣਾਉਣ ਦੀ ਹਾਮੀ ਭਰ ਦਿੱਤੀ ਹੈ, ਜੋ ਸਰਾਸਰ ਝੂਠ ਸੀ। ਇਸ ਤੋਂ ਬਾਅਦ ਉਹ (ਪ੍ਰੋ. ਮਨਜੀਤ ਸਿੰਘ) ਬਾਹਰ ਆਏ ਤੇ ਸੰਗਤ ਨੂੰ ਕਿਹਾ ਸੀ ਕਿ ਪ੍ਰਕਾਸ਼ ਸਿੰਘ ਬਾਦਲ ਦਾ ਖੇਮਾ ਝੂਠ ਬੋਲ ਰਿਹਾ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਏਕਤਾ ਦੀ ਗੱਲ ਨਹੀਂ ਮੰਨ ਰਿਹਾ। ਇਸ ਕਰ ਕੇ ਅੱਜ ਤੋਂ ਬਾਅਦ ਪੰਥਕ ਸੰਗਤ ਬਾਦਲ ਖੇਮੇ ਨੂੰ ਕੋਈ ਸਹਿਯੋਗ ਨਾ ਕਰੇ। ਇਕ ਦਿਨ ਬਾਅਦ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਕੈਪਟਨ ਕੰਵਲਜੀਤ ਸਿੰਘ, ਕੁਲਦੀਪ ਸਿੰਘ ਵਡਾਲਾ, ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ, ਸੇਵਾ ਸਿੰਘ ਸੇਖਵਾਂ ਨਹੀਂ ਚਾਹੁੰਦੇ ਸਨ ਕਿ ਪੰਥਕ ਏਕਤਾ ਹੋਵੇ ਜਦੋਂਕਿ ਉਹ (ਬਾਦਲ) ਇਸ ਲਈ ਰਾਜ਼ੀ ਸਨ।

## ਸ਼੍ਰੋਮਣੀ ਕਮੇਟੀ ਚੋਣਾਂ ਲੜੇਗੀ ਸਰਬਜੀਤ ਸਿੰਘ ਖ਼ਾਲਸਾ ਦੀ ਪਤਨੀ ਸੰਦੀਪ ਕੌਰ

ਫਰੀਦਕੋਟ/ਏ.ਟੀ.ਨਿਊਜ਼: ਫਰੀਦਕੋਟ ਤੋਂ ਜਿੱਤੇ ਸਾਂਸਦ ਸਰਬਜੀਤ ਸਿੰਘ ਖ਼ਾਲਸਾ ਨੇ ਵੱਡਾ ਐਲਾਨ ਕਰ ਦਿੱਤਾ ਹੈ। ਸਰਬਜੀਤ ਸਿੰਘ ਖਾਲਸਾ ਨੇ ਦੱਸਿਆ ਕਿਹਾ ਕਿ ਉਨ੍ਹਾਂ ਦੀ ਪਤਨੀ ਸੰਦੀਪ ਕੌਰ ਸ਼੍ਰੋਮਣੀ ਕਮੇਟੀ ਚੋਣ ਲੜੇਗੀ। ਸਰਬਜੀਤ ਸਿੰਘ ਨੇ ਕਿਹਾ ਕਿ ਅਸੀਂ ਅਕਾਲੀ ਦਲ ਦੇ ਨਾਲ ਪਾਰਟੀ ਦਾ ਨਾਮ ਜੋੜ ਕੇ ਰਖਾਂਗੇ।

ਸਰਬਜੀਤ ਸਿੰਘ ਖ਼ਾਲਸਾ ਨੇ ਕਿਹਾ ਕਿ ਉਨ੍ਹਾਂ ਆਪਣੀ ਪਤਨੀ ਨੂੰ ਕਦੇ ਨਹੀਂ ਰੋਕਿਆ, ਜੇਕਰ ਉਹ ਸਿਆਸਤ ’ਚ ਆਉਣ ਚਾਹੁੰਦੇ ਹਨ ਤਾਂ ਜੀ ਸਦਕੇ ਆ ਸਕਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜ਼ਿਮਨੀ ਚੋਣ ’ਚ ਲੜਾਉਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਚੋਣਾਂ ਲੜਾਉਣਗੇ। ਹਾਲਾਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਸੰਗਤ ਵੀ ਇਹੀ ਚਾਹੁੰਦੀ ਹੈ ਕਿ ਉਨ੍ਹਾਂ ਦੀ ਪਤਨੀ ਸਿਆਸਤ ਵਿੱਚ ਆਉਣ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਪੰਜਾਬ ਦੇ ਵਿਕਾਸ ਲਈ ਅੱਗੇ ਆਉਣ ਐਨ.ਆਰ.ਆਈ.ਪੰਜਾਬੀ

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨੂੰ ਮਾਣ ਹੈ ਕਿ ਇਸ ਦੇ ਲਾਡਲੇ ਪੁੱਤਰ ਬਹੁਤ ਮਿਹਨਤੀ ਹਨ। ਜਿਥੇ ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੇ ਅੰਨ ਭੰਡਾਰ ਨੂੰ ਭਰਿਆ ਹੈ, ਉਥੇ ਵੱਡੀ ਗਿਣਤੀ ਪੰਜਾਬੀ ਫ਼ੌਜ ਵਿੱਚ ਸੇਵਾ ਕਰਕੇ ਦੇਸ਼ ਦੀ ਸੁਰੱਖਿਆ ਕਰ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਵੱਡੀ ਗਿਣਤੀ ਪੁੱਤਰ ਦੁਨੀਆਂ ਦੇ ਵੱਖ- ਵੱਖ ਮੁਲਕਾਂ ਜਾ ਕੇ ਵਸੇ ਹੋਏ ਹਨ। ਵਿਦੇਸ਼ਾਂ ਵਿੱਚ ਜਾ ਕੇ ਇਹਨਾਂ ਪੰਜਾਬੀਆਂ ਨੇ ਆਪਣੀ ਸਖ਼ਤ ਮਿਹਨਤ ਨਾਲ ਬਹੁਤ ਤਰੱਕੀ ਕੀਤੀ ਹੈ।

ਇਹਨਾਂ ਵਿਚੋਂ ਅਨੇਕਾਂ ਐਨ.ਆਰ.ਆਈ. ਪੰਜਾਬੀਆਂ ਨੇ ਵਿੱਤੀ ਸਹਾਇਤਾ ਦੇ ਕੇ ਆਪਣੇ ਪਿੰਡਾਂ ਦੇ ਸਰਬਪੱਖੀ ਵਿਕਾਸ ਵਿੱਚ ਵੀ ਯੋਗਦਾਨ ਪਾਇਆ ਹੈ। ਐਨ.ਆਰ.ਆਈ. ਪੰਜਾਬੀਆਂ ਵੱਲੋਂ ਆਪਣੇ ਪਿੰਡਾਂ ਵਿੱਚ ਬਣਾਈਆਂ ਹੋਈਆਂ ਆਲੀਸ਼ਾਨ ਕੋਠੀਆਂ ਪੰਜਾਬ ਦੀ ਸ਼ਾਨ ਹਨ। ਇਹਨਾਂ ਕੋਠੀਆਂ ਦੀ ਛੱਤਾਂ 'ਤੇ ਬਣੇ ਹੋਏ ਜਹਾਜ਼ ਅਤੇ ਟੈਂਕ ਐਨ.ਆਰ.ਆਈ.ਪੰਜਾਬੀਆਂ ਦੀ ਅਮੀਰੀ ਦੀ ਗਵਾਹੀ ਭਰਦੇ ਹਨ।

ਇਸ ਤੋਂ ਇਲਾਵਾ ਵੱਡੀ ਗਿਣਤੀ ਐਨ.ਆਰ.ਆਈ.ਪੰਜਾਬੀ ਪੰਜਾਬ ਵਿੱਚ ਰਹਿੰਦੇ ਆਪਣੇ ਪਰਿਵਾਰਾਂ ਨੂੰ ਬਹੁਤ ਪੈਸਾ ਵੀ ਭੇਜਦੇ ਹਨ, ਜਿਸ ਕਾਰਨ ਪੰਜਾਬ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ। ਜੇ ਐਨ.ਆਰ.ਆਈ. ਪੰਜਾਬੀ ਪੰਜਾਬ ਵਿੱਚ ਆਪਣੇ ਘਰਾਂ ਦੇ ਨਾਲ ਨਾਲ ਆਪਣੇ ਪਿੰਡਾਂ ਦਾ ਵੀ ਵਿਕਾਸ ਕਰਨ ਵਿੱਚ ਯੋਗਦਾਨ ਪਾਉਣ ਤਾਂ ਪਿੰਡਾਂ ਦਾ ਮੁਹਾਂਦਰਾ ਬਦਲ ਸਕਦਾ ਹੈ। ਪੰਜਾਬ ਦੇ ਅਨੇਕਾਂ ਪਿੰਡ ਅਜਿਹੇ ਹਨ, ਜਿਥੇ ਕਿ ਵਿਕਾਸ ਦੀ ਹਨੇਰੀ ਅਜੇ ਨਹੀਂ ਝੁੱਲੀ ਅਤੇ ਇਹ ਪਿੰਡ ਬੁਨਿਆਦੀ ਸਹੂਲਤਾਂ ਤੋਂ ਵੀ ਸੱਖਣੇ ਹਨ। ਇਹਨਾਂ ਪਿੰਡਾਂ 'ਤੇ ਅਜੇ ਤੱਕ ਕਿਸੇ ਵੀ ਸਰਕਾਰ ਦੀ ਸਵੱਲੀ ਨਜ਼ਰ ਨਹੀਂ ਪਈ। ਇਸ ਤੋਂ ਇਲਾਵਾ ਪਿੰਡਾਂ ਵਿਚਲੀਆਂ ਧੜੇਬੰਦੀਆਂ ਵੀ ਅਕਸਰ ਪਿੰਡਾਂ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਬਣ ਜਾਂਦੀਆਂ ਹਨ। ਜੇ ਇੱਕ ਧਿਰ ਪਿੰਡ ਦਾ ਵਿਕਾਸ ਕਰਵਾਉਣ ਲੱਗਦੀ ਹੈ ਤਾਂ ਦੂਜੀ ਧਿਰ ਤੁਰੰਤ ਅੜਿੱਕਾ ਡਾਹ ਦਿੰਦੀ ਹੈ, ਇਸ ਕਾਰਨ ਵੀ ਅਨੇਕਾਂ ਪਿੰਡ ਪਿਛੜੇ ਹੋਏ ਹਨ।

ਜੇ ਐਨ.ਆਰ.ਆਈ. ਪੰਜਾਬੀ ਪੰਜਾਬ ਦੇ ਪਿੰਡਾਂ ਦੀ ਬਾਂਹ ਫੜ ਲੈਣ ਜਾਂ ਪਿੰਡਾਂ ਨੂੰ ਗੋਦ ਲੈ ਲੈਣ ਤਾਂ ਇਹਨਾਂ ਪਿੰਡਾਂ ਦੀ ਜੂਨ ਵੀ ਸੁਧਰ ਸਕਦੀ ਹੈ। ਐਨ.ਆਰ.ਆਈ. ਪੰਜਾਬੀ ਘੱਟੋ-ਘੱਟ ਆਪਣੇ ਜੱਦੀ ਪਿੰਡਾਂ ਵਿੱਚ ਤਾਂ ਵਿਕਾਸ ਕੰਮ ਕਰਵਾਉਣ ਲਈ ਉਪਰਾਲੇ ਕਰ ਸਕਦੇ ਹਨ। ਇਹ ਠੀਕ ਹੈ ਕਿ ਪੰਜਾਬ ਵਿੱਚ ਅਨੇਕਾਂ ਖੇਡ ਮੇਲੇ ਐਨ.ਆਰ.ਆਈ. ਪੰਜਾਬੀਆਂ ਦੇ ਸਹਿਯੋਗ ਨਾਲ ਹੀ ਹੁੰਦੇ ਹਨ। ਇਸੇ ਤਰ੍ਹਾਂ ਜੇ ਐਨ.ਆਰ.ਆਈ. ਪੰਜਾਬੀ ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਵਾਉਣ, ਸੀਵਰੇਜ ਪਾਉਣ ਤੇ ਹੋਰ ਬੁਨਿਆਦੀ ਸਹੂਲਤਾਂ ਦੇਣ ਲਈ ਆਪਣਾ ਯੋਗਦਾਨ ਪਾ ਸਕਦੇ ਹਨ। ਇਸ ਤੋਂ ਇਲਾਵਾ ਹਰ ਪਿੰਡ ਵਿੱਚ ਕਮਿਊਨਿਟੀ ਸੈਂਟਰ, ਸਾਂਝੀਆਂ ਧਰਮਸਾਲ਼ਾਵਾਂ ਜਾਂ ਅਜਿਹੇ ਹੀ ਹੋਰ ਅਦਾਰੇ ਖੋਲ੍ਹੇ ਜਾ ਸਕਦੇ ਹਨ, ਜਿਥੇ ਕਿ ਆਮ ਪਿੰਡ ਵਾਸੀ ਆਪਣੇ ਵਿਆਹ- ਸ਼ਾਦੀਆਂ ਤੇ ਹੋਰ ਸਮਾਗਮ ਕਰ ਸਕਣ। ਇਸ ਤਰ੍ਹਾਂ ਇਹਨਾਂ ਪਿੰਡਾਂ ਦੇ ਵਸਨੀਕਾਂ ਦਾ ਹੋਟਲਾਂ ਅਤੇ ਮੈਰਿਜ ਪੈਲਿਸਾਂ ਦਾ ਵੱਡਾ ਖਰਚਾ ਬਚੇਗਾ।

ਪੰਜਾਬ ਵਿੱਚ ਇਸ ਸਮੇਂ ਬਰਸਾਤ ਦਾ ਮੌਸਮ ਚੱਲ ਰਿਹਾ ਹੈ। ਇਸ ਮੌਸਮ ਨੂੰ ਨਵੇਂ ਪੌਦੇ ਲਗਾਉਣ ਲਈ ਬਿਲਕੁਲ ਢੁਕਵਾਂ ਮੰਨਿਆ ਜਾਂਦਾ ਹੈ। ਐਨ.ਆਰ.ਆਈ. ਪੰਜਾਬੀ ਹਰ ਪਿੰਡ ਵਿੱਚ ਪੌਦੇ ਲਗਾਉਣ ਲਈ ਆਪਣਾ ਯੋਗਦਾਨ ਦੇ ਸਕਦੇ ਹਨ। ਇਸ ਤੋਂ ਇਲਾਵਾ ਐਨ.ਆਰ.ਆਈ.ਪੰਜਾਬੀ ਪਿੰਡਾਂ ਵਿੱਚ ਪਈਆਂ ਆਪਣੀਆਂ ਜ਼ਮੀਨਾਂ ਦੇ ਕੁਝ ਹਿੱਸੇ 'ਤੇ ਫਲਾਂ ਵਾਲੇ ਵੱਖ- ਵੱਖ ਬੂਟੇ ਲਗਾ ਕੇ ਉਥੇ ਬਾਗ ਲਗਵਾ ਸਕਦੇ ਹਨ ਤਾਂ ਕਿ ਪਿੰਡ ਵਾਸੀਆਂ ਨੂੰ ਸੈਰ ਕਰਨ ਲਈ ਪ੍ਰਬੰਧ ਹੋ ਸਕੇ ਅਤੇ ਬੱਚਿਆਂ ਨੂੰ ਖਾਣ ਲਈ ਫਲ ਮਿਲਣ। ਇਹਨਾਂ ਬਾਗਾਂ ਦੀ ਦੇਖ ਭਾਲ ਲਈ ਕੋਈ ਵਿਅਕਤੀ ਰੱਖਿਆ ਜਾ ਸਕਦਾ ਹੈ। ਪੰਜਾਬ ਦੇ ਪਲੀਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਲਈ ਪੰਜਾਬ ਵਿੱਚ ਵੱਧ ਤੋਂ ਵੱਧ ਪੌਦੇ ਲਗਾਏ ਜਾਣ ਦੀ ਲੋੜ ਮਹਿਸੂਸ ਹੋ ਰਹੀ ਹੈ। ਇਸ ਕੰਮ ਲਈ ਐਨ.ਆਰ.ਆਈ. ਪੰਜਾਬੀ ਬਹੁਤ ਵੱਡਾ ਸਹਿਯੋਗ ਦੇ ਸਕਦੇ ਹਨ। ਉਹ ਆਪਣੀਆਂ ਖਾਲੀ ਪਈਆਂ ਜ਼ਮੀਨਾਂ ਤੇ ਵੱਖ ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਵੱਡੀ ਗਿਣਤੀ ਵਿੱਚ ਪੌਦੇ ਲਗਵਾ ਸਕਦੇ ਹਨ। ਇਸ ਤੋਂ ਇਲਾਵਾ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਤੇ ਵੀ ਵੱਡੀ ਗਿਣਤੀ ਵਿੱਚ ਪੌਦੇ ਲਗਾਏ ਜਾ ਸਕਦੇ ਹਨ। ਪਿੰਡਾਂ ਦੀਆਂ ਸਾਂਝੀਆਂ ਥਾਂਵਾਂ ਅਤੇ ਖੇਤਾਂ ਵਿਚਲੀਆਂ ਮੋਟਰਾਂ 'ਤੇ ਵੀ ਵੱਡੀ ਗਿਣਤੀ ਪੌਦੇ ਲਗਾਏ ਜਾ ਸਕਦੇ ਹਨ। ਭਾਵੇਂ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਨੂੰ ਕਿਹਾ ਹੈ ਕਿ ਉਹ ਆਪਣੀਆਂ ਮੋਟਰਾਂ 'ਤੇ ਵਧ ਤੋਂ ਵੱਧ ਪੌਦੇ ਲਗਾਉਣ। ਪੌਦੇ ਲਗਾਉਣ ਵਿੱਚ ਜੇ ਐਨ.ਆਰ.ਆਈ. ਪੰਜਾਬੀ ਹਰ ਕਿਸਮ ਦਾ ਸਹਿਯੋਗ ਦੇਣ ਤਾਂ ਪੰਜਾਬ ਮੁੜ ਹਰਿਆ ਭਰਿਆ ਹੋ ਸਕਦਾ ਹੈ।

ਪੰਜਾਬ ਦੇ ਜ਼ਮੀਨੀ ਪਾਣੀ ਨੂੰ ਬਚਾਉਣ ਲਈ ਐਨ.ਆਰ.ਆਈ.ਪੰਜਾਬੀ ਆਪਣਾ ਸਹਿਯੋਗ ਦੇ ਸਕਦੇ ਹਨ। ਐਨ.ਆਰ.ਆਈ. ਪੰਜਾਬੀਆਂ ਵੱਲੋਂ ਦਿੱਤੀ ਜਾਣ ਵਾਲੀ ਆਰਥਿਕ ਮਦਦ ਨਾਲ ਪਿੰਡਾਂ ਵਿੱਚ ਅਲੋਪ ਹੋਏ ਛੱਪੜਾਂ ਤੇ ਟੋਭਿਆਂ ਨੂੰ ਮੁੜ ਪੁੱਟਿਆ ਜਾ ਸਕਦਾ ਹੈ, ਜਿਥੇ ਕਿ ਬਰਸਾਤੀ ਪਾਣੀ ਦੀ ਸੰਭਾਲ ਹੋ ਸਕੇ। ਇਹਨਾਂ ਟੋਭਿਆਂ ਤੇ ਛੱਪੜਾਂ ਵਿੱਚ ਇਕੱਤਰ ਹੋਇਆ ਪਾਣੀ ਹੌਲੀ ਹੌਲੀ ਸਿੰਮ ਕੇ ਧਰਤੀ ਹੇਠਾਂ ਚਲਿਆ ਜਾਂਦਾ ਹੈ ਜਿਸ ਕਾਰਨ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਵੀ ਸੁਧਾਰ ਹੋਵੇਗਾ ਅਤੇ ਧਰਤੀ ਹੇਠਲੇ ਪਾਣੀ ਦੇ ਖ਼ਤਮ ਹੋਣ ਦੇ ਖ਼ਤਰੇ ਟਲ ਜਾਣਗੇ। ਇਸ ਤੋਂ ਇਲਾਵਾ ਐਨ.ਆਰ.ਆਈ. ਪੰਜਾਬੀ ਪੰਜਾਬ ਦੇ ਕਿਸਾਨਾਂ ਨੂੰ ਪ੍ਰੇਰ ਕੇ ਝੋਨੇ ਦੀ ਖੇਤੀ ਘੱਟ ਕਰਨ ਲਈ ਮਨਾ ਸਕਦੇ ਹਨ। ਮਾਹਿਰ ਕਹਿੰਦੇ ਹਨ ਕਿ ਝੋਨੇ ਦੀ ਫ਼ਸਲ ਪਾਣੀ ਬਹੁਤ ਪੀਂਦੀ ਹੈ, ਜਿਸ ਕਾਰਨ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋਂ ਦਿਨ ਹੇਠਾਂ ਹੁੰਦਾ ਜਾ ਰਿਹਾ ਹੈ। ਕਿਸਾਨਾਂ ਨੂੰ ਝੋਨੇ ਦੀ ਥਾਂ ਹੋਰ ਬਦਲਵੀਂਆਂ ਫ਼ਸਲਾਂ ਦੀ ਬਿਜਾਈ ਲਈ ਐਨ.ਆਰ.ਆਈ. ਪੰਜਾਬੀ ਆਰਥਿਕ ਸਹਾਇਤਾ ਦੇ ਸਕਦੇ ਹਨ। ਇਸ ਤੋਂ ਇਲਾਵਾ ਐਨ.ਆਰ.ਆਈ. ਪੰਜਾਬੀ ਪਿੰਡਾਂ ਵਿੱਚ ਖੇਤੀ ਆਧਾਰਿਤ ਛੋਟੇ ਉਦਯੋਗ ਵੀ ਲਗਾ ਸਕਦੇ ਹਨ।

ਚਾਹੀਦਾ ਤਾਂ ਇਹ ਹੈ ਕਿ ਪੰਜਾਬ ਵਿਚੋਂ ਨਸ਼ਾ, ਬੇਰੁਜ਼ਗਾਰੀ, ਹਰ ਤਰ੍ਹਾਂ ਦਾ ਪ੍ਰਦੂਸ਼ਣ, ਵਾਤਾਵਰਣ ਵਿੱਚ ਆਇਆ ਵਿਗਾੜ, ਪੀਣ ਵਾਲੇ ਸਾਫ ਪਾਣੀ ਦੀ ਘਾਟ, ਧਰਤੀ ਹੇਠਲੇ ਪਾਣੀ ਦਾ ਘੱਟ ਹੋਣਾ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਐਨ.ਆਰ.ਆਈ ਪੰਜਾਬੀ ਪੰਜਾਬ ਦੇ ਵਸਨੀਕਾਂ ਨੂੰ ਪੂਰਾ ਸਹਿਯੋਗ ਦੇਣ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਨੁਹਾਰ ਬਦਲ ਸਕਦੀ ਹੈ।

# ਵੋਟ-ਬਟੋਰੂ ਛਲਾਵੇ ਭਰਪੂਰ ਬਜਟ-2024



ਗੁਰਮੀਤ ਸਿੰਘ ਪਲਾਹੀ
9815802070




ਦੇਸ਼ ਭਾਰਤ ਵਿੱਚ ਬਣਾਏ-ਉਸਾਰੇ ਜਾ ਰਹੇ ਇਸ ਕਿਸਮ ਦੇ ਮਾਹੌਲ ਦਾ ਜ਼ਿੰਮੇਵਾਰ ਕੌਣ ਹੈ, ਜਿਥੇ ਦੇਸ਼ ਦਾ ਬਜਟ ਬਨਾਉਣ, ਪੇਸ਼ ਕਰਨ ਵੇਲੇ ਵੀ ਕੁਝ ਸੂਬਿਆਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ ਤੇ ਕੁਝ ਸੂਬਿਆਂ ਨੂੰ ਗੱਫੇ ਦਿੱਤੇ ਗਏ ਹਨ। ਕੀ ਇਹ ਸੰਘੀ ਸਟੇਟ ਭਾਰਤ ਦੇ ਸੰਘੀ ਢਾਂਚੇ 'ਤੇ ਵੱਡੀ ਸੱਟ ਨਹੀਂ ਹੈ? ਸੂਬੇ ਦਾ ਧਰਤੀ ਹੇਠਲਾ ਪਾਣੀ ਘੱਟ ਰਿਹਾ ਹੈ ਅਤੇ ਸੂਬਾ ਆਰਥਿਕ ਐਮਰਜੈਂਸੀ ਦੇ ਕੰਢੇ ਪੁੱਜ ਚੁੱਕਾ ਹੈ, ਇਹੋ ਜਿਹੇ ਹਾਲਤਾਂ 'ਚ ਇਹ ਸੂਬਾ ਜਿਸਨੇ ਸਦਾ ਦੇਸ਼ ਨੂੰ ਵੱਡਾ ਅੰਨ ਭੰਡਾਰ ਦਿੱਤਾ, ਵਿਸ਼ੇਸ਼ ਪੈਕੇਜ ਦਾ ਹੱਕਦਾਰ ਨਹੀਂ?

ਆਪਣੇ ਆੜੀ ਆਂਧਰਾ-ਬਿਹਾਰ ਨੂੰ ਤਾਂ 73,900 ਕਰੋੜ ਰੁਪਏ ਦੀ ਬਜਟ ਵਿੱਚ ਖ਼ਾਸ ਵਿਵਸਥਾ ਕੀਤੀ ਗਈ ਹੈ, ਪਰ ਸਰਹੱਦੀ ਸੂਬੇ ਪੰਜਾਬ ਅਤੇ ਬੰਗਾਲ ਦੇ ਹੱਥ ਖਾਲੀ ਹਨ। ਕੇਂਦਰ ਸਰਕਾਰ ਤੋਂ ਵਿਸ਼ੇਸ਼ ਪੈਕਜ ਦੀ ਝਾਕ ਲਗਾਈ ਬੈਠੇ ਪੰਜਾਬ, ਜੋ ਖੇਤੀ ਸੰਕਟ ਹੰਢਾ ਰਿਹਾ ਹੈ, ਨਾਰਕੋ ਅਤਿਵਾਦ ਦਾ ਜਿਥੇ ਪ੍ਰਕੋਪ ਹੈ, ਸਨੱਅਤੀ ਖੇਤਰ ਨੂੰ ਜਿਥੇ ਮੁਸ਼ਕਿਲਾਂ ਦਰਪੇਸ਼ ਹਨ, ਪੱਲੇ ਕੁਝ ਵੀ ਨਹੀਂ ਪਿਆ। ਪੰਜਾਬ 'ਚ ਖੇਤੀ ਕਰਜ਼ਾ ਅਤੇ ਕਿਸਾਨ ਖ਼ੁਦਕੁਸ਼ੀਆਂ ਵੱਡੇ ਮਸਲੇ ਹਨ। ਕਿਸਾਨ ਐਮ.ਐਸ.ਪੀ ਗਰੰਟੀ ਕਾਨੂੰਨ ਮੰਗਦੇ ਹਨ, ਕਿਸਾਨਾਂ ਤੇ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਚਾਹੁੰਦੇ ਹਨ।

ਦੇਸ਼ ਦੇ ਮੌਜੂਦਾ ਵੋਟ-ਬਟੋਰੂ ਬਜ਼ਟ-2024 ਦਾ ਫ਼ਾਇਦਾ ਕਿਸ ਨੂੰ ਹੋਏਗਾ? ਕੀ ਆਮ ਲੋਕਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਗਰੀਬੀ ਹੰਢਾ ਰਹੇ ਹਨ। ਮਹਿੰਗਾਈ ਦੀ ਮਾਰ ਝੱਲ ਰਹੇ ਹਨ। ਕੀ ਨੌਜਵਾਨਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਬੇਰੁਜ਼ਗਾਰੀ ਦੀ ਦਲਦਲ 'ਚ ਫਸੇ ਹੋਏ ਹਨ। ਹੱਥ ਡਿਗਰੀਆਂ ਹਨ, ਪਰ ਰੁਜ਼ਗਾਰ ਨਹੀਂ। ਬੇਬਸੀ 'ਚ ਪ੍ਰਵਾਸ ਦੇ ਰਾਹ ਹਨ। ਕੀ ਦੇਸ਼ ਦੇ ਮੱਧ ਵਰਗੀ ਲੋਕਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਮਹਿੰਗਾਈ 'ਚ ਨਪੀੜੇ ਜਾ ਰਹੇ ਹਨ। ਜਿਹੜੇ ਆਮਦਨ ਕਰ 'ਚ ਛੋਟ ਨਾਲ ਹੀ ਸੰਤੁਸ਼ਟ ਹੋ ਜਾਂਦੇ ਹਨ।

ਜਾਂ ਫਿਰ ਇਸਦਾ ਫ਼ਾਇਦਾ ਸਿਰਫ਼ ਦੇਸ਼ ਦਾ ਕਾਰਪੋਰੇਟ ਸੈਕਟਰ ਲਏਗਾ, ਜਿਸ ਦੀਆਂ ਝੋਲੀਆਂ ਇਸ ਬਜ਼ਟ ਨੇ ਭਰ ਦਿੱਤੀਆਂ ਹਨ ਜਾਂ ਵਿਦੇਸ਼ੀ ਕੰਪਨੀਆਂ ਨੂੰ ਫਾਇਦਾ ਹੋਏਗਾ। ਜਿਹਨਾਂ ਦਾ ਟੈਕਸ ਘਟਾ ਦਿੱਤਾ ਗਿਆ ਹੈ।

ਬਜਟ ਵਿੱਚ ਅਸਲੀਅਤ ਨਾਲੋਂ ਛਲਾਵਾ ਵੱਧ ਹੈ। ਕਹਿਣ ਨੂੰ ਤਾਂ ਪਹਿਲੀ ਵਾਰ ਰੁਜ਼ਗਾਰ ਪ੍ਰਾਪਤ ਕਰਨ ਵਾਲੇ 50 ਲੱਖ ਨੌਜਵਾਨਾਂ ਨੂੰ ਤਿੰਨ ਕਿਸ਼ਤਾਂ ਵਿੱਚ 15000 ਰੁਪਏ ਪ੍ਰਤੀ ਮਿਲਣਗੇ ਤੇ ਇਹ ਇੱਕ ਲੱਖ ਰੁਪਏ ਦੀ ਮਾਸਿਕ ਨੌਕਰੀ ਵਾਲਿਆਂ ਨੂੰ ਮਿਲਣਗੇ ਪਰ ਦੇਸ਼ ਦੀ ਕੁਲ ਅਸਿਖਿਅਤ ਨੌਜਵਾਨ ਵਸੋਂ, ਜੋ ਕੁੱਲ ਰੁਜ਼ਗਾਰ ਪ੍ਰਾਪਤ ਕਰਨ ਯੋਗ ਆਬਾਦੀ ਦਾ 51.4 ਫ਼ੀਸਦੀ ਹੈ, ਕੀ ਬਣੇਗਾ ? ਇਸ ਬਾਰੇ ਬਜ਼ਟ ਚੁੱਪ ਹੈ।

ਬਜਟ ਵਿੱਚ ਸਿੱਖਿਆ ਨੂੰ ਤਰਜੀਹ ਦੇਣ ਦੀ ਗੱਲ ਕੀਤੀ ਗਈ ਹੈ, ਪਰ ਸਿੱਖਿਆ ਦਾ ਬਜ਼ਟ 9000 ਕਰੋੜ ਘਟਾ ਦਿੱਤਾ ਗਿਆ ਹੈ। ਉਂਜ ਭਾਵੇਂ ਸਿੱਖਿਆ ਪ੍ਰਾਪਤੀ ਦੀ ਦਰ ਯੂਨੀਵਰਸਿਟੀ ਪੱਧਰ ਤੱਕ ਚਾਰ ਗੁਣਾਂ ਵਧੀ ਪਰ ਪਿਛਲੇ ਦਸ ਸਾਲਾਂ ਵਿੱਚ ਬੇਰੁਜ਼ਗਾਰੀ ਦਰ 5.4 ਫ਼ੀਸਦੀ ਤੋਂ ਵਧਕੇ 9.2 ਫ਼ੀਸਦੀ ਹੋ ਗਈ ਹੈ। ਬਜਟ ਵਿੱਚ ਮੁਢਲੀ ਸਿੱਖਿਆ ਲਈ ਰਕਮ ਥੋੜੀ ਵਧਾਈ ਗਈ ਹੈ, ਪਰ ਉੱਚ ਸਿੱਖਿਆ ਉੱਤੇ ਆਰਾ ਚਲਾ ਦਿੱਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਦੇਸ਼ ਤੋਂ ਬਾਹਰ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਲਈ 10 ਲੱਖ ਦਾ ਕਰਜ਼ਾ ਦੇਣ ਦਾ ਪ੍ਰਾਵਾਧਾਨ ਕੀਤਾ ਗਿਆ ਹੈ। ਕੀ ਦੇਸ਼ ਦੀ ਨੌਜਵਾਨਾਂ ਨੂੰ ਸਿਆਣੇ ਬਨਣ ਤੋਂ ਰੋਕਣ ਲਈ ਕੋਈ ਵਿਉਂਤ ਬੁਣੀ ਜਾ ਰਹੀ ਹੈ? ਅੱਜ ਜਦੋਂ ਦੇਸ਼ ਦਾ ਨੌਜਵਾਨ ਹੁਨਰ ਰਹਿਤ ਹੈ, ਰੁਜ਼ਗਾਰ ਰਹਿਤ ਹੈ, ਸਰਕਾਰ ਦੀ ਵੱਧ ਤਵੱਜੋ ਚਾਹੁੰਦਾ ਹੈ।

ਸਿਹਤ ਦਾ ਬਜ਼ਟ 13 ਫ਼ੀਸਦੀ ਵਧਾਕੇ 90,958 ਕਰੋੜ ਕਰ ਦਿੱਤਾ ਗਿਆ, ਆਯੂਸ਼ਮਾਨ ਭਾਰਤ ਬੀਮਾ ਯੋਜਨਾ ਰਾਸ਼ੀ ਵੀ 1.4 ਫ਼ੀਸਦੀ ਵਧੀ ਹੈ, ਪਰ ਕੋਈ ਨਵੀਂ ਸਿਹਤ ਸਕੀਮ ਚਾਲੂ ਨਹੀਂ ਕੀਤੀ ਗਈ। ਆਯੁਸ਼ਮਾਨ ਭਾਰਤ ਸਿਹਤ ਸਕੀਮ ਪਹਿਲਾਂ ਹੀ ਡਾਕਟਰੀ ਮਾਫੀਆ ਦੀ ਸ਼ਿਕਾਰ ਹੈ ਅਤੇ ਲੋਕ ਸਿਹਤ ਪੱਖੋਂ ਪਹਿਲਾਂ ਹੀ ਸੰਤਾਪ ਹੰਢਾ ਰਹੇ ਹਨ।

ਖੇਤੀ ਖੇਤਰ ਨੂੰ ਨਵੀਆਂ ਸੌਗਾਤਾਂ ਦੇਣ ਦੀ ਗੱਲ ਕੀਤੀ ਗਈ ਹੈ, ਦੋ ਸਾਲਾਂ 'ਚ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਲਈ ਉਤਸ਼ਾਹਤ ਕਰਨਾ ਮਿਥਿਆ ਗਿਆ ਹੈ। ਪਰ ਕਿਸਾਨਾਂ ਦੇ ਭਲੇ ਵਾਲੀਆਂ ਅਤੇ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਡਾ: ਸਵਾਮੀਨਾਥਨ ਦੀ ਰਿਪੋਰਟ ਬਾਰੇ ਚੁੱਪੀ ਰੜਕਦੀ ਹੈ ਤੇ ਖੇਤੀ ਬਜ਼ਟ 'ਤੇ ਕਿਸਾਨ ਆਗੂ ਰਾਕੇਸ਼ ਟਕੇਤ ਦੇ ਸ਼ਬਦਾਂ 'ਚ 'ਬਜਟ ਨਾਲ ਕਿਸਾਨਾਂ ਨੂੰ ਖੇਤੀ ਦਾ ਸਮਾਨ ਵੇਚਣ ਵਾਲਿਆਂ ਨੂੰ ਫਾਇਦਾ ਹੋਵੇਗਾ', ਅਸਲ ਸੱਚਾਈ ਪ੍ਰਗਟ ਕਰਦਾ ਹੈ।

ਦੇਸ਼ ਦੀ ਆਬਾਦੀ 140 ਕਰੋੜ ਤੋਂ ਪਾਰ ਕਰ ਚੁੱਕੀ ਹੈ। ਖੇਡਾਂ 'ਚ ਦੇਸ਼ ਦੀਆਂ ਪ੍ਰਾਪਤੀਆਂ ਵੱਡੀਆਂ ਹੋਣੀਆਂ ਲੋੜੀਂਦੀਆਂ ਹਨ, ਪਰ ਇਸ ਵਰ੍ਹੇ ਖੇਡਾਂ ਦਾ ਬਜਟ 45 ਕਰੋੜ ਵਧਾਇਆ ਗਿਆ ਹੈ। ਜਦਕਿ ਉਲੰਪਿਕ ਸਿਰ ਉੱਤੇ ਹੈ ਅਤੇ ਖੇਡਾਂ 'ਚ ਦੇਸ਼ ਪਹਿਲਾਂ ਹੀ ਫਾਡੀ ਹੈ। ਐਡੀ ਵੱਡੀ ਆਬਾਦੀ ਦੇ ਖਿਡਾਰੀ ਮਸਾਂ ਦਰਜਨਾਂ ਭਰ ਮੈਡਲ ਲੈਣ 'ਚ ਕਾਮਯਾਬ ਰਹਿੰਦੇ ਹਨ।

ਲੋਕ ਸਭਾ ਵਿੱਚ ਮੌਜੂਦਾ ਸਰਕਾਰ ਦੇ ਹੱਕ ਵਿੱਚ ਚੰਗੇ ਨਤੀਜੇ ਨਹੀਂ ਆਏ ਸਨ, ਕਿਉਂਕਿ ਸਰਕਾਰ ਨੇ ਆਮ ਲੋਕਾਂ ਦੀ ਪਰਵਾਹ ਨਹੀਂ ਸੀ ਕੀਤੀ, ਨਿੱਜੀਕਰਨ ਕਰਦਿਆਂ, ਕਾਰਪੋਰੇਟਾਂ ਨੂੰ ਵੱਧ ਫ਼ਾਇਦਾ ਦਿੱਤਾ ਸੀ। ਕਹਿਣ ਨੂੰ ਤਾਂ ਭਾਵੇਂ ਦੇਸ਼ ਨੂੰ ਵਿਕਸਤ ਬਨਾਉਣ ਲਈ ਬੁਨਿਆਦੀ ਢਾਂਚਾ ਸੁਧਾਰਣ ਦੀ ਗੱਲ ਸਰਕਾਰ ਕਰਦੀ ਰਹੀ ਹੈ। ਪਰ ਇਸ ਨਾਲ ਆਮ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ ਹੋਇਆ। ਅਮੀਰ ਗਰੀਬ ਦਾ ਪਾੜਾ ਵਧਿਆ ਤੇ ਹੁਣ ਵੀ ਇਹੋ ਨੀਤੀ ਜਾਰੀ ਹੈ।

ਬਜ਼ਟ-2024 ਵਿੱਚ ਕ੍ਰਾਂਤੀਕਾਰੀ ਉਪਾਵਾਂ ਦੀ ਕਮੀ ਦਿਸਦੀ ਹੈ। ਆਮਦਨ ਕਰ ਕਾਨੂੰਨ ਦੀ ਸਮੀਖਿਆ ਦਾ ਬਜਟ ਵਿੱਚ ਵਾਅਦਾ ਹੈ। ਸ਼ਹਿਰੀਕਰਨ ਦੀ ਤੇਜ਼ ਰਫ਼ਤਾਰ ਕਰਨ ਦੀਆਂ ਗੱਲਾਂ ਵੀ ਕੀਤੀਆਂ ਗਈਆਂ ਹਨ ਪਰ ਦੇਸ਼ ਦੀ ਅਬਾਦੀ ਜੋ ਅਗਲੇ ਪੰਜ-ਛੇ ਸਾਲਾਂ 'ਚ 40 ਫ਼ੀਸਦੀ ਤੱਕ ਹੋ ਜਾਵੇਗੀ ਉਸਦੇ ਵਿਕਾਸ ਵੱਲ ਧਿਆਨ ਨਹੀਂ ਦਿੱਤਾ ਹੈ।

ਪੇਂਡੂ ਵਿਕਾਸ ਯੋਜਨਾਵਾਂ ਦੇ ਮਾਮਲੇ 'ਚ ਸਰਕਾਰੀ ਬਜਟ ਦੀ ਬੇਰੁਖ਼ੀ ਸਾਹਮਣੇ ਦਿਖਦੀ ਹੈ। ਭਾਵੇਂ ਕਿ ਕਿਹਾ ਗਿਆ ਹੈ ਕਿ ਸਰਕਾਰ ਵੱਡੀਆਂ 20 ਯੋਜਨਾਵਾਂ ਉੱਤੇ 10.76 ਲੱਖ ਕਰੋੜ ਖ਼ਰਚੇਗੀ ਜਿਸ ਵਿੱਚ ਗਰੀਬ ਕਲਿਆਣ ਅੰਨ ਯੋਜਨਾ ਲਈ 2.05 ਲੱਖ ਕਰੋੜ ਰੱਖੇ ਗਏ ਹਨ। ਪਰ ਕੀ ਇਹ ਨੌਜਵਾਨਾਂ ਜਾਂ ਦੇਸ਼ ਦੇ ਆਮ ਆਦਮੀ ਦੀ ਜ਼ਿੰਦਗੀ ਦਾ ਪੱਧਰ ਉੱਚਾ ਕਰਨ ਯੋਗ ਹਨ? ਅਜ਼ਾਦੀ ਦੇ ਵੱਡੇ ਦਹਾਕੇ ਗੁਜ਼ਾਰਨ ਬਾਅਦ ਅੱਜ ਵੀ ਅਸੀਂ ਮੁੱਢਲੀਆਂ ਸਹੂਲਤਾਂ ਦੇਣ ਦੇ ਪੜਾਅ 'ਚ ਹੀ ਘੁੰਮ ਰਹੇ ਹਾਂ।

ਬਜਟ ਤੋਂ ਮੁਲਾਜ਼ਮ ਪ੍ਰੇਸ਼ਾਨ ਹੈ। ਮਜ਼ਦੂਰ, ਕਿਸਾਨ ਤਬਕੇ ਨੂੰ ਕੋਈ ਰਾਹਤ ਨਹੀਂ ਮਿਲੀ, ਕੋਈ ਉਮੀਦ ਵੀ ਨਹੀਂ ਜਾਗੀ। ਖੇਤੀ/ਕਿਸਾਨਾਂ ਲਈ ਬਜਟ 3.15 ਫੀਸਦੀ ਹੈ, ਜਦਕਿ ਕਿਸਾਨ ਦੇਸ਼ ਦੀ ਅਬਾਦੀ ਦਾ 50 ਫੀਸਦੀ ਹਿੱਸਾ ਹਨ। ਕੀ ਮੁੱਠੀ ਭਰ ਇਹੋ ਜਿਹਾ ਰੁਜ਼ਗਾਰ ਨੌਜਵਾਨਾਂ ਨੂੰ ਕੋਈ ਰਾਹਤ ਦੇ ਸਕੇਗਾ?

ਸਬ ਕਾ ਸਾਥ, ਸਬ ਕਾ ਸਾਥ ਨਿਭਾਉਣ ਦਾ ਵਾਇਦਾ ਕਰਨ ਵਾਲੀ ਸਰਕਾਰ ਵੱਲੋਂ ਫੌੜੀਆਂ ਵਾਲੀ ਮੋਦੀ ਸਰਕਾਰ ਨੇ ਆਪਣੀਆਂ ਫੌੜੀਆਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਹੈ। ਸਾਥ ਕਾ ਸਾਥ ਛੱਡ ਕੇ ਮੋਦੀ ਸਰਕਾਰ ਨੇ ਆਪਣੀ ਨਾਕਾਮੀ ਦਾ ਸਬੂਤ ਦਿੱਤਾ ਹੈ। ਔਰਤਾਂ, ਗਰੀਬਾਂ ਲਈ ਬਜ਼ਟ ਦੀ ਚੁੱਪੀ। ਖਾਦਾਂ 'ਤੇ ਸਬਸਿਡੀ 'ਚ ਕਟੌਤੀ ਬਦਲਾ ਖੋਰੀ ਵਾਲਾ ਚਿਹਰਾ ਦਿਖਾਉਂਦੀ ਨਜ਼ਰ ਆ ਰਹੀ ਹੈ।

ਮੋਦੀ ਸਰਕਾਰ ਆਪਣੇ ਬਜਟ ਨੂੰ ਰੁਜ਼ਗਾਰ ਮੁਖੀ ਹੋਣ ਦਾ ਦਾਅਵਾ ਕਰਦੀ ਹੈ। ਬਜ਼ਟ ਵਿੱਚ ਅਨੇਕਾਂ ਵਾਰ ਰੁਜ਼ਗਾਰ ਸ਼ਬਦ ਦਾ ਜ਼ਿਕਰ ਹੈ ਪਰ ਇਹ ਸਿਰਫ਼ ਫੋਕਾ ਖਿਆਲ ਹੈ। ਸਰਕਾਰੀ ਨੌਕਰੀਆਂ ਤਾਂ ਪਹਿਲਾਂ ਹੀ ਗਾਇਬ ਹਨ। ਕੰਪਨੀਆਂ ਦਾ ਢਿੱਡ ਭਰਨ ਲਈ ਅਪ੍ਰੈਂਟਿਸਸ਼ਿਪ ਦੇ ਨਾਮ ਉੱਤੇ ਭਾਰੀ ਰਕਮਾਂ ਉਹਨਾਂ ਨੂੰ ਦੇ ਕੇ ਨੌਜਵਾਨਾਂ ਨੂੰ ਫੁਸਲਾਉਣ ਦਾ ਇਹ ਯਤਨ ਸਾਬਤ ਹੋਏਗਾ।

ਗੱਠਜੋੜ ਦੀਆਂ ਮਜ਼ਬੂਰੀਆਂ ਦੀ ਛਾਪ ਵਾਲਾ ਇਸ ਬਜਟ ਦੀ ਟੇਕ ਕਹਿਣ ਨੂੰ ਤਾਂ ਖੇਤੀਬਾੜੀ ਉੱਤੇ ਰੱਖੀ ਗਈ ਹੈ, ਪਰ ਇਸ ਵਾਸਤੇ ਵੱਡੀਆਂ ਚੁਣੌਤੀਆਂ ਸਰਕਾਰ ਸਾਹਮਣੇ ਰਹਿਣਗੀਆਂ।

ਆਮ ਤੌਰ 'ਤੇ ਬਜਟ ਨਵੀਆਂ ਸੇਧਾਂ ਦੀ ਪਟਾਰੀ ਹੁੰਦਾ ਹੈ। (ਦੇਸ਼ ਸਾਹਮਣੇ ਵੱਡੀ ਚੁਣੌਤੀ ਰੁਜ਼ਗਾਰ ਦੀ ਹੈ। ਨਾ ਬਰਾਬਰੀ ਦੀ ਹੈ।) ਨਾਗਰਿਕ ਦੀਆਂ ਮੁੱਖ ਸਮੱਸਿਆਵਾਂ ਬਜਟ ਦਾ ਕੇਂਦਰੀ ਧੁਰਾ ਹੋਣਾ ਹੁੰਦਾ ਹੈ। ਪਰ ਜਿਸ ਢੰਗ ਨਾਲ ਓਪਰੇ ਜਿਹੇ 18ਵੀਂ ਲੋਕ ਸਭਾ ਵਿੱਚ ਬਜਟ ਪੇਸ਼ ਕੀਤਾ ਗਿਆ, ਉਹ ਨਿਰਾਸ਼ਾਜਨਕ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਦੇਸ਼ ਦੀ ਮੁੱਖ ਸਮੱਸਿਆਵਾਂ ਤੋਂ ਕਿਨਾਰਾ ਕਰਨ ਵਾਲਾ ਹੈ।

ਕੁਝ ਤੱਥ ਵੇਖੋ ਪਰਖੋ। ਪੇਂਡੂ ਵਿਕਾਸ ਬਜਟ ਵਾਧਾ 3.93 ਫੀਸਦੀ ਹੀ ਹੈ। ਪੇਂਡੂ ਰੁਜ਼ਗਾਰ ਲਈ 8000 ਕਰੋੜ ਹਨ। ਵਿਕਾਸ ਅਤੇ ਖੋਜ ਖਰਚਿਆਂ ਲਈ ਵਾਧਾ 0.8 ਫੀਸਦੀ ਹੈ। ਕਾਰਪੋਰੇਟ ਟੈਕਸ 40ਫੀਸਦੀ ਤੋਂ 35ਫੀਸਦੀ ਕਰ ਦਿੱਤਾ ਗਿਆ ਹੈ। ਸਿਹਤ ਸੇਵਾਵਾਂ ਲਈ ਕੋਈ ਨਵਾਂ ਪ੍ਰਬੰਧ ਨਹੀਂ। ਸਿਹਤ ਬਜਟ ਵੀ ਘਟਿਆ ਹੈ।

ਪੂਰੀ ਘੋਖ ਉਪਰੰਤ ਇਹ ਬਜ਼ਟ ਪਿਛਲੇ ਬਜਟਾਂ ਵਾਂਗਰ ਸਿਰਫ਼ ਅੰਕੜਿਆਂ ਦੀ ਖੇਡ ਹੈ। ਭਾਵੇਂ ਤਰਜੀਹਾਂ ਦਾ ਵਿਖਿਆਨ ਬਜਟ ਵਿੱਚ ਹੈ। ਪਰ ਛਲਾਵਾ ਭਰਪੂਰ ਇਹ ਬਜਟ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਵਰਗਾ ਹੈ। ਇਹ ਇਸ ਤੱਥ ਤੋਂ ਸਾਬਤ ਹੁੰਦਾ ਹੈ ਕਿ ਜਿਹੜਾ ਵਿਸ਼ੇਸ਼ ਪੈਕੇਜ ਆਂਧਰਾ ਤੇ ਬਿਹਾਰ ਲਈ ਦਿੱਤਾ ਗਿਆ ਹੈ ਉਹ ਵਿਦੇਸ਼ੀ ਏਜੰਸੀਆਂ ਦੇ ਕਰਜ਼ੇ ਦਿਵਾਉਣ ਤੱਕ ਸੀਮਤ ਹੈ।

# ਕੀ ਰਣਨੀਤੀ 'ਚ ਬਦਲਾਵ ਨਾਲ ਹੀ ਬਣ ਸਕੇਗਾ ਭਾਜਪਾ ਦਾ ਬਿਹਤਰ ਬਦਲ ?



ਡਾ. ਸੁਰਿੰਦਰ ਮੰਡ
94173 24543



ਨਰਿੰਦਰ ਮੋਦੀ ਸਿਰਫ ਆਪਣੀ ਰਣਨੀਤੀ ਤੇ ਦਾਅਪੇਚ ਨੀਤੀ ਦੇ ਬਲਬੂਤੇ ਫਿਰ ਤੀਜੀ ਵਾਰ ਸਰਕਾਰ ਬਣਾਉਣ ਵਿੱਚ ਸਫਲ ਹੈ, ਵਰਨਾ ਚੋਣ ਤਾਂ ਹਾਰੀ ਪਈ ਸੀ । ਮੋਦੀ ਨੇ ਉੜੀਸਾ, ਆਂਧਰਾ ਅਤੇ ਬਿਹਾਰ ਵਿਚ ਦਰੁਸਤ ਦਾਅਪੇਚ ਨੀਤੀ ਚੱਕਰ ਚਲਾਇਆ, ਭਾਵੇਂ ਕਿ ਮਹਾਂਰਾਸ਼ਟਰਾ ਵਾਲਾ ਭਲਵਾਨੀ ਦਾਅ ਪੁੱਠਾ ਵੀ ਪਿਆ।

ਜਦਕਿ ਕਾਂਗਰਸ ਬਿਹਾਰ ਬੰਗਾਲ ਉੜੀਸਾ ਆਂਧਰਾ ਤਿਲੰਗਾਨਾ ਵਿੱਚ ਹਾਲਾਤ ਅਨੁਸਾਰ ਚੱਲਣ ਪੱਖੋਂ ਫੇਲ੍ਹ ਸਾਬਤ ਹੋਈ ਹੈ, ਨਹੀਂ ਤਾਂ ਸਰਕਾਰ ਬਣੀ ਪਈ ਸੀ। ਅਤੇ ਅੱਜ ਵੀ ਚਿੰਤਨ ਕਰਦੀ ਨਜ਼ਰ ਨਹੀਂ ਆਉਂਦੀ ਤੇ ਫੋਕੀ ਹਵਾ 'ਚ ਉੱਡੀ ਫਿਰਦੀ ਹੈ।

ਵੇਖੋ ਕਿਵੇਂ ਮੋਦੀ ਨੇ ਐਨ ਆਖਰੀ ਮੌਕੇ ਆਂਧਰਾ 'ਚ ਚੰਦਰ ਬਾਬੂ ਨਾਇਡੂ ਹੋਰਾਂ ਨਾਲ 26 ਵਿਚੋਂ ਸਿਰਫ਼ ਚਾਰ ਸੀਟਾਂ ਲੈ ਕੇ ਸਮਝੌਤਾ ਕੀਤਾ ਅਤੇ ਗਠਜੋੜ ਵਜੋਂ ਉਹਨਾਂ ਦੀਆਂ ਜਿੱਤੀਆਂ 19 ਸੀਟਾਂ ਦਾ ਸਮਰਥਨ ਲਿਆ। ਜਦਕਿ ਕਾਂਗਰਸ ਆਂਧਰਾ ਦੇ ਮੁੱਖ ਮੰਤਰੀ ਜਗਨ ਮੋਹਨ ਰੈਡੀ ਨਾਲ ਜਿਵੇਂ ਕਿਵੇਂ ਆਖਰੀ ਮੌਕੇ ਅਜਿਹਾ ਹੀ ਸਮਝੌਤਾ ਕਰ ਸਕਦੀ ਸੀ, ਉਹ ਤਾਂ ਇਹਨਾਂ ਦੇ ਹੀ ਸਾਬਕਾ ਮੁੱਖ ਮੰਤਰੀ ਦਾ ਮੁੰਡਾ ਹੈ, ਪਰ ਹਉਮੈ ਵਸ ਕੁਛ ਨਾ ਕੀਤਾ। ਸਗੋਂ ਉਸਦੀ ਭੈਣ ਨੂੰ ਤੋੜਕੇ ਇਕੱਲੇ ਬਦਲ ਬਣਨ ਦਾ ਭਰਮ ਪਾਲਦੇ ਰਹੇ। ਪਹਿਲਾਂ ਅਕਲ ਹੁੰਦੀ ਤਾਂ ਇਸਦੇ ਮੁੱਖ ਮੰਤਰੀ ਬਾਪ ਰਾਜ ਸ਼ੇਖਰ ਰੈਡੀ ਦੀ ਹੈਲੀਕਾਪਟਰ ਹਾਦਸੇ ਵਿੱਚ ਮੌਤ ਉਪਰੰਤ ਹੀ ਇਸਨੂੰ ਮੁੱਖ ਮੰਤਰੀ ਬਣਾ ਕੇ ਪਾਰਟੀ ਟੁੱਟਣੋ ਬਚਾ ਲੈਂਦੇ। ਜਦਕਿ ਦੂਜੇ ਪਾਸੇ ਮੋਦੀ ਨੇ ਹਰ ਪੱਖੋਂ ਆਪਣੇ ਘੋਰ ਵਿਰੋਧੀ, ਮੁਸਲਿਮ ਪੱਖੀ ਨਾਇਡੂ ਨਾਲ ਹੱਥ ਮਿਲਾਉਣ ਨੂੰ ਮਿੰਟ ਨਾ ਲਾਇਆ।

'ਇੰਡੀਆ' ਗਠਜੋੜ ਤਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਪਹਿਲਕਦਮੀ 'ਤੇ ਹੀ ਬਣਿਆ ਸੀ। ਉਹ ਚਾਰ ਮਹੀਨੇ ਗਠਜੋੜ ਦੀ ਮੀਟਿੰਗ ਕਰਨ ਦੀ ਦੁਹਾਈ ਦਿੰਦਾ ਰਿਹਾ ਤੇ ਰਾਹੁਲ ਗਾਂਧੀ ਹੁਰੀਂ ਮਹੀਨਿਆਂ ਬੱਧੀ ਯਾਤਰਾ 'ਚ ਮਸ਼ਰੂਫ ਰਹੇ। ਜੇ ਮੀਟਿੰਗ ਕੀਤੀ ਕੀਤੀ ਤਾਂ ਗਠਜੋੜ ਦੇ ਕੁਝ ਛੋਹਦੇ ਤੇ ਹੋਛੇ ਲੀਡਰਾਂ ਨੇ ਬਿਨਾ ਮਤਲਬ ਖੜਗੇ ਦਾ ਨਾਮ ਲੀਡਰ ਵਜੋਂ ਉਛਾਲ ਕੇ ਨਿਤੀਸ਼ ਨੂੰ ਚਿੜਾਇਆ। ਕਾਂਗਰਸ ਨੇ ਮੀਸਣੀ ਚੁੱਪ ਧਾਰੀ ਰੱਖੀ। ਆਮ ਲੋਕਾਂ ਨੂੰ ਵੀ ਲੱਗਾ ਕਿ ਇਹ ਸੁਸਤ ਵੀ ਨੇ ਅਤੇ ਗਠਜੋੜ ਧਰਮ ਸਮਝ ਲਈ ਗੰਭੀਰ ਸੁਹਿਰਦ ਵੀ ਨਹੀਂ। ਨਿਤੀਸ਼ ਪਾਲਾ ਬਦਲ ਕੇ ਮੋਦੀ ਵੱਲ ਤੁਰ ਗਿਆ, ਕੁਝ ਮਜਬੂਰੀਆਂ ਵੀ ਹੋਣਗੀਆਂ ਪਰ ਨਿਤੀਸ਼ ਦੇ 'ਇੰਡੀਆ' ਛੱਡਣ ਵਿੱਚ ਬਹੁਤਾ ਯੋਗਦਾਨ ਇਹਨਾਂ ਨੇ ਖੁਦ ਹੀ ਪਾਇਆ। ਨਿਤੀਸ਼ ਕਾਰਨ ਬਿਹਾਰ ਦਾ ਚੋਣ ਨਤੀਜਾ(31ਸੀਟਾਂ) ਮੋਦੀ ਸਰਕਾਰ ਬਣਨ ਦਾ ਵੱਡਾ ਕਾਰਨ ਬਣਿਆ। ਜਦੋਂ ਗੱਡੀ ਪਲੇਟਫਾਰਮ ਤੋਂ ਤੁਰ ਗਈ ਤਾਂ ਜਿਹੜੇ ਲੋਕ ਨਿਤੀਸ਼ ਨੂੰ 'ਇੰਡੀਆ' ਦਾ ਕਨਵੀਨਰ ਬਣਨੋ ਰੋਕਣ ਲਈ ਇਲਤਾਂ ਕਰਦੇ ਸਨ, ਉਹ ਉਸਨੂੰ ਫਿਰ ਏਧਰ ਆ ਕੇ ਪ੍ਰਧਾਨ ਮੰਤਰੀ ਬਣਾਉਣ ਲਈ ਤਰਲੋ ਮੱਛੀ ਹੁੰਦੇ ਵੇਖੇ ਗਏ। ਹੁਣ ਵੀ ਨਿਤੀਸ਼ ਦੇ ਵਾਪਸ ਮੁੜ ਆਉਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਕਿਸੇ ਪਿੰਡ ਦੀ ਬੁੜ੍ਹੀ ਨੂੰ ਵੀ ਪੁੱਛੋ ਤਾਂ ਦੱਸਦੂ ਕਿ 'ਪੁੱਤ ਹੁਣ ਐਵੈਂ ਸਿਆਸੀ ਯੱਭਲ ਖੋਤੀਆਂ ਮਾਰ ਰਹੇ ਨੇ'। ਉੜੀਸਾ ਦਾ ਮੁੱਖ ਮੰਤਰੀ ਨਵੀਨ ਪਟਨਾਇਕ ਦਸ ਸਾਲ ਮੋਦੀ ਸਰਕਾਰ ਦਾ ਸੰਸਦ ਵਿੱਚ ਸੇਵਾਦਾਰ ਰਿਹਾ। ਹੁਣ ਭਾਜਪਾ ਤੇ ਉਸਦਾ ਮੁੱਖ ਮੁਕਾਬਲਾ ਸੀ। ਕਾਂਗਰਸ ਨੂੰ ਕਿਸੇ ਵੀ ਕੀਮਤ ਉੱਤੇ ਉਸ ਨਾਲ ਸੀਟ ਸਮਝੌਤਾ ਕਰਨਾ ਬਣਦਾ ਸੀ। ਪਰ ਜ਼ੀਰੋ ਯਤਨ। ਜਦਕਿ ਮੋਦੀ ਨੇ ਆਖਿਰ ਤਕ ਉਸ ਨਾਲ ਚੋਣ ਸਮਝੌਤੇ ਦਾ ਡਰਾਮਾ ਰਚਿਆ। ਐਨ ਆਖਰੀ ਦਿਨ ਨਾਂਹ ਕੀਤੀ। ਤਿਕੋਨੇ ਮੁਕਾਬਲੇ 'ਚ ਭਾਜਪਾ 21 ਵਿਚੋਂ 20 ਸੀਟਾਂ ਲੈ ਗਈ। ਕਾਂਗਰਸ ਅਤੇ ਨਵੀਨ ਪਟਨਾਇਕਦੀਆਂ ਮਿਲਾ ਕੇ 10 ਫੀਸਦੀ ਵੋਟਾਂ ਭਾਜਪਾ ਨਾਲੋਂ ਵੱਧ ਹੋਣ ਦੇ ਬਾਵਜੂਦ ਇਹਨਾਂ ਦੇ ਹੱਥ ਵਿੱਚ ਛਣਕਣਾਂ ਆਇਆ।

ਹੁਣ ਦੋਵੇਂ ਬੇਫੈਦਾ ਬੇਮੌਕਾ ਮੀਟਿੰਗਾਂ ਕਰਦੇ ਫਿਰਦੇ। ਤੇ ਮੋਦੀ ਉਪਰੋਕਤ ਤਿੰਨਾਂ ਸੂਬਿਆਂ (ਬਿਹਾਰ, ਆਂਧਰਾ, ਉੜੀਸਾ) ਵਿੱਚ ਆਪਣੀ ਕੂਟਲਨੀਤੀ ਸਦਕਾ ਤੀਜੀ ਵਾਰ ਪ੍ਰਧਾਨ ਮੰਤਰੀ ਬਣਿਆ ਬੈਠਾ। ਅਜੇ ਹੋਰ ਵੇਖਿਓ ਭਾਜਪਾ ਦੀਆਂਲਚਕਾਂ ਤੇ ਲਿੱਚਬਾਜੀਆਂ।

ਬੰਗਾਲ ਤਿਲੰਗਾਨਾ ਵਿੱਚ 'ਇੰਡੀਆ' ਇਕੱਠਾ ਲੜਦਾ ਤਾਂ ਸਾਰੀਆਂ ਸੀਟਾਂ ਜਿੱਤ ਸਕਦਾ ਸੀ। ਪਰ ਦੂਰ ਦੀ ਸੋਚ ਤੋਂ ਊਣੇ ਸਨ। । ਬੰਗਾਲ ਵਿੱਚ ਕਾਂਗਰਸ ਨੇ ਵੱਧ ਸੀਟਾਂ ਮੰਗਣ 'ਤੇ ਸਹਿਯੋਗੀ ਮਮਤਾ ਨਾਲੋਂ ਸਮਝੌਤਾ ਤੋੜਿਆ। ਤਿਲੰਗਾਨਾ'ਚ ਟੀ.ਆਰ.ਐੱਸ ਵਾਲਾ ਚੰਦਰ ਸ਼ੇਖਰ ਰਾਓ ਵੀ ਤਾਂ ਬੀ.ਜੇ.ਪੀ ਦਾ ਸਤਾਇਆ ਸੀ, ਉਸਨੂੰ ਨਾਲ ਲੈਂਦੇ। ਰਾਓ ਤਾਂ ਕਿਸਾਨ ਅੰਦੋਲਨ ਵੇਲੇ ਤੋਂ ਭਾਜਪਾ ਦੇ ਖਿਲਾਫ ਸੀ ਤੇ ਦਿੱਲੀ ਧਰਨੇ ਵੀ ਮਾਰਦਾ ਰਿਹਾ। ਇੰਝ ਦੋਵਾਂ ਸੂਬਿਆਂ ਦੀਆਂ17 ਸੀਟਾਂ ਭਾਜਪਾ ਨੂੰ ਜਿਤਾਈਆਂ।

ਬਜਟ ਵਿੱਚ ਮੋਦੀ ਨੇ ਜਿਹੜੇ ਬੰਗਾਲ ਵੱਲ ਨੂੰ ਜਾਂਦੀਆਂ ਸੜਕਾਂ ਲਈ ਬਿਹਾਰ ਨੂੰ ਪੈਸੇ ਦਿੱਤੇ ਹਨ, ਉਹ ਬੰਗਾਲ ਨੂੰ ਤੋੜ ਕੇ ਦੋ ਸੂਬਿਆਂ ਵਿੱਚ ਵੰਡਣ ਦੀ ਮੁਹਿੰਮ ਦਾ ਹਿਸਾ ਹੋ ਸਕਦਾ ਹੈ। ਬੰਗਾਲ ਦੇ ਬਿਹਾਰ ਵਾਲੇ ਪਾਸੇ ਜਿੱਧਰ ਭਾਜਪਾ ਜਿੱਤੀ 9 ਸੀਟਾਂ, ਉਸਨੂੰ ਵੱਖਰਾ ਸੂਬਾ ਬਣਾਉਣ ਦੀ ਸਾਜਿਸ਼ ਕਰ ਸਕਦੀ ਮੋਦੀ ਸਰਕਾਰ।

ਸੋ ਸਾਰੀ ਗੁਣ੍ਹਾਂ ਘਟਾਓ ਕਰ ਲਓ, ਭਾਜਪਾ ਦੇ ਪੱਲੇ ਸਿਰਫ 150 ਸੀਟਾਂ ਤੋਂ ਵੀ ਘੱਟ ਸਨ, ਬਾਕੀ ਸਭ ਕਾਂਗਰਸ ਦੀ ਉਪਰੋਕਤ ਸਿਆਸੀ ਨਾਸਮਝੀ ਹਉਮੈ ਅਤੇ ਸੁਸਤੀ ਕਾਰਨ ਮਿਲੀਆਂ।

ਏਨੀਆਂ ਵੀ ਇਸ ਕਰਕੇ ਕਿ ਕਾਂਗਰਸ ਨੇ ਭਾਜਪਾ ਨਾਲ ਸਿੱਧੇ ਮੁਕਾਬਲੇ ਵਾਲੇ ਆਪਣੇ ਸੂਬਿਆਂ( ਮੱਧ ਪ੍ਰਦੇਸ, ਹਿਮਾਚਲ, ਉਤਰਾਖੰਡ, ਛੱਤੀਸਗੜ੍ਹ, ਗੁਜਰਾਤ) ਵਿਚੋਂ ਸਿਰਫ ਇੱਕ ਸੀਟ ਜਿੱਤੀ ਹੈ। ਆਂਧਰਾ ਉੜੀਸਾ ਵਿੱਚ ਵੀ ਜ਼ੀਰੋ ਹੈ। ਯਾਨੀ 121 ਸੀਟਾਂ ਵਿਚੋਂ ਇੱਕ ਜਿੱਤੀ ਕਾਂਗਰਸ। ਬੜ੍ਹਕਾਂ ਕਾਹਦੀਆਂ ? ਜੇ ਅਗਲੇ ਦਿਨੀ ਕਾਂਗਰਸ ਇਹਨੀਂ ਥਾਈਂ ਪੂਰੀ ਗੰਭੀਰ ਹੋ ਕੇ ਨਵੇਂ ਲੋਕ ਪੱਖੀ ਰੰਗ ਵਿੱਚ ਅਸਲ ਮੁੱਦਿਆਂ ਉੱਤੇ ਸੰਘਰਸ਼ ਦੇ ਮੈਦਾਨ ਵਿਚ ਨਿੱਤਰ ਪਵੇ ਤਾਂ ਭਾਜਪਾ 100 ਸੀਟਾਂ ਤੋਂ ਥੱਲੇ ਰਹੂ ।ਇਸੇ ਲਈ ਕਾਂਗਰਸ ਨੂੰ ਐਵੇਂ ਜਿੱਤ ਦੇ ਫੁਕਰੇ ਡੰਕੇ ਵਜਾਉਣ ਦੀ ਬਜਾਏ ਚਿੰਤਨ ਫਿਕਰ ਕਰਨਾ ਚਾਹੀਦਾ ਕਿ ਅੱਗੋਂ ਲਈ ਵੀ ਜੇ ਕਾਂਗਰਸ ਆਪਣੇ ਨਾਲ ਮੁਕਾਬਲੇ ਵਾਲੇ ਸੂਬਿਆਂ ਦੀ ਪਾਰਟੀ ਜਥੇਬੰਦੀ ਅਤੇ ਸਰਗਰਮੀ ਵੱਲ ਏਨਾ ਕੁ ਹੀ ਧਿਆਨ ਦਿੰਦੀ ਰਹੀ ਤਾਂ ਸਮਝੋ ਭਾਜਪਾ ਦੀ ਜਿੱਤ ਦਾ ਕਾਰਨ ਸਿਰਫ ਕਾਂਗਰਸ ਇਵੇਂ ਹੀ ਬਣਦੀ ਰਹੇਗੀ। ਲੰਮੀਆਂ ਯਾਤਰਾਵਾਂ ਨੇ ਰਾਹੁਲ ਗਾਂਧੀ ਦੀ ਲੀਡਰਸ਼ਿਪ ਨੂੰ ਪਾਰਟੀ ਅੰਦਰਲੀ ਚੁਣੌਤੀ ਫਿਲਹਾਲ ਖਤਮ ਕਰ ਦਿੱਤੀ ਹੈ ਅਤੇ ਪੱਪੂ ਵਾਲਾ ਪ੍ਰਭਾਵ ਵੀ ਖਤਮ ਕਰ ਦਿੱਤਾ ਹੈ। ਉਹ ਪਹਿਲੋਂ ਨਾਲੋਂ ਵੱਧ ਸਰਗਰਮ ਵੀ ਹੈ। ਪਰ ਦਿੱਖ ਪੱਖੋਂਠਹਿਰੇ ਹੋਏ, ਆਮ ਗੱਲਬਾਤ ਵਿੱਚ ਡੂੰਘੇ,

(ਬਾਕੀ ਸਫ਼ਾ 31 'ਤੇ)

# ਮਨੁੱਖੀ ਆਬਾਦੀ ਅਤੇ ਦਰਪੇਸ਼ ਚੁਣੌਤੀਆਂ



ਰਣਜੀਤ ਸਿੰਘ ਕੁਕੀ



ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਕੁਦਰਤ ਦੇ ਖੇਤਰ ਵਿੱਚ ਕਿੰਨੇ ਲੋਕ ਅਜੇ ਵੀ ਵਿਸ਼ਵਾਸ ਕਰਦੇ ਹਨ ਕਿ ਮਨੁੱਖੀ ਆਬਾਦੀ ਦਾ ਟਾਈਮ-ਬੰਬ ਟਿੱਕ-ਟਿੱਕ ਕਰ ਰਿਹਾ ਹੈ। ਮੈਲਥੁਸੀਅਨ ਥਿਊਰੀ ਵਜੋਂ ਜਾਣਿਆ ਜਾਂਦਾ ਹੈ, ਇਹ ਵਿਚਾਰ ਕਿ ਸਾਡੀ ਆਬਾਦੀ ਤੇਜ਼ੀ ਨਾਲ ਵਧੇਗੀ ਜਦੋਂ ਤੱਕ ਇਹ ਕੁਦਰਤੀ ਸ਼ਕਤੀਆਂ ਦੁਆਰਾ ਸਹੀ ਨਹੀਂ ਹੁੰਦੀ ਹੈ, ਨਿਰੰਤਰ ਅਤੇ ਵਿਆਪਕ ਰਹਿੰਦਾ ਹੈ। ਸਾਡਾ ਵਰਲਡ ਇਨ ਡੇਟਾ, ਇੱਕ ਮੁਫਤ ਔਨਲਾਈਨ ਓਪਨਸੋਰਸ ਪਲੇਟਫਾਰਮ, ਇੱਕ ਵੱਖਰੀ ਕਹਾਣੀ ਦੱਸਦਾ ਹੈ। ਆਕਸਫੋਰਡ ਯੂਨੀਵਰਸਿਟੀ ਅਤੇ ਗਲੋਬਲ ਚੇਂਜ ਡੇਟਾ ਲੈਬ ਦੇ ਖੋਜਕਰਤਾਵਾਂ ਦੁਆਰਾ ਸਾਂਝੇ ਤੌਰ 'ਤੇ ਚਲਾਇਆ ਜਾਣ ਵਾਲਾ ਇਹ ਪਲੇਟਫਾਰਮ ਇਹ ਪੁਸ਼ਟੀ ਕਰਦਾ ਹੈ ਕਿ ਵਿਸ਼ਵ ਦੀ ਮਨੁੱਖੀ ਆਬਾਦੀ ਅਸਲ ਵਿੱਚ ਸੰਪੂਰਨ ਸੰਖਿਆ ਵਿੱਚ ਵੱਧ ਰਹੀ ਹੈ (ਅਸੀਂ ਪਿਛਲੇ ਨਵੰਬਰ ਵਿੱਚ ਅੱਠ ਬਿਲੀਅਨ ਦੇ ਅੰਕੜੇ ਨੂੰ ਛੂਹ ਲਿਆ ਹੈ) ਪਰ ਇੰਟਰਐਕਟਿਵ 'ਤੇ ਆਪਣੇ ਕਰਸਰ ਨੂੰ ਸੰਸਾਰ ਦੇ ਨਕਸ਼ੇ ਉੱਪਰ ਬਿਲਕੁਲ ਕਿਸੇ ਵੀ ਦੇਸ਼ ਉੱਤੇ ਹੋਵਰ ਕਰਕੇ ਦੇਖੋ ਅਤੇ ਤੁਸੀਂ ਦੇਖੋਗੇ ਕਿ ਹਰ ਇੱਕ ਦੀ ਜਨਮ ਦਰ ਹੇਠਾਂ ਵੱਲ ਹੈ। ਇੱਥੋਂ ਤੱਕ ਕਿ ਬਹੁਤ ਉੱਚੀ ਜਨਮ ਦਰ ਵਾਲੇ ਦੇਸ਼ਾਂ ਵਿੱਚ ਵੀ ਕਰਵ ਹਨ ਜੋ ਹੇਠਾਂ ਆਉਣੇ ਸ਼ੁਰੂ ਹੋ ਰਹੇ ਹਨ, ਹਾਲਾਂਕਿ ਜ਼ਿਆਦਾਤਰ ਨਾਲੋਂ ਹੌਲੀ ਹੌਲੀ। ਖਾਸ ਤੌਰ 'ਤੇ, ਹਾਲਾਂਕਿ, ਇਹ ਉਹੀ ਦੇਸ਼ ਹਨ ਜਿੱਥੇ ਬਾਲ ਮੌਤ ਦਰ ਦੀ ਸਭ ਤੋਂ ਵੱਧ ਦਰ ਹੈ: ਅਫਗਾਨਿਸਤਾਨ, ਚਾਡ, ਕਾਂਗੋ ਲੋਕਤੰਤਰੀ ਗਣਰਾਜ, ਮਾਲੀ, ਸੀਰੀਆ, ਅਤੇ ਖਾਸ ਕਰਕੇ ਯਮਨ।

ਜਿਵੇਂ ਕਿ ਮਨੁੱਖਾਂ ਦੇ ਸੰਬੰਧ ਵਿੱਚ ਵਿਸ਼ਵ ਦੀ ਆਬਾਦੀ ਨੇ ਬਾਲ ਮੌਤ ਦਰ ਵਿੱਚ ਕਮੀ ਦਾ ਅਨੁਭਵ ਕੀਤਾ ਹੈ - 1800 ਵਿੱਚ 30 ਪ੍ਰਤੀਸ਼ਤ ਤੋਂ ਵੱਧ ਦੀ ਦਰ ਤੋਂ ਅੱਜ ਵਿਸ਼ਵ ਔਸਤ 3 ਪ੍ਰਤੀਸ਼ਤ ਤੱਕ - ਅਤੇ ਸੀਲਾਂ ਵਾਂਗ, ਜਦੋਂ ਬਾਲ ਮੌਤ ਦਰ ਘਟਦੀ ਹੈ, ਜਨਮ ਦਰ ਘੱਟ ਜਾਂਦੀ ਹੈ। ਇਸ ਲਈ ਜੇਕਰ ਜਨਮ ਦਰ ਘਟ ਰਹੀ ਹੈ, ਤਾਂ ਮਨੁੱਖੀ ਆਬਾਦੀ ਅਜੇ ਵੀ ਸੰਪੂਰਨ ਅੰਕੜਿਆਂ ਵਿੱਚ ਕਿਉਂ ਵਧ ਰਹੀ ਹੈ ? ਤੇਲ ਦੇ ਟੈਂਕਰ ਨੂੰ ਰੋਕਣ ਦੀ ਬਜਾਏ, ਜਨਸੰਖਿਆ ਦੀ ਗਤੀ ਦਾ ਮਤਲਬ ਹੈ ਕਿ ਸਮੁੱਚੇ ਸੰਖਿਆਵਾਂ ਨੂੰ ਕੋਰਸ ਦੀ ਪਾਲਣਾ ਕਰਨ ਲਈ ਕੁਝ ਪੀੜ੍ਹੀਆਂ ਲੱਗਦੀਆਂ ਹਨ। ਔਰਤਾਂ ਘੱਟ ਬੱਚੇ ਪੈਦਾ ਕਰ ਰਹੀਆਂ ਹਨ, ਅਤੇ ਜਿਵੇਂ-ਜਿਵੇਂ ਉਹ ਆਪਣੇ ਬੱਚੇ ਪੈਦਾ ਕਰਨ ਦੇ ਸਾਲਾਂ ਵਿੱਚ ਅੱਗੇ ਵਧਦੀਆਂ ਹਨ, ਅਗਲੀ ਪੀੜ੍ਹੀ ਇੱਕ ਛੋਟਾ ਸਮੂਹ ਹੋਵੇਗਾ, ਜਿਸ ਵਿੱਚ ਬੱਚੇ ਵੀ ਘੱਟ ਹੋਣਗੇ। ਆਖਰਕਾਰ ਆਬਾਦੀ ਦੀ ਗਤੀ ਰੁਕਣ ਲਈ ਹੌਲੀ ਹੋ ਜਾਵੇਗੀ। ਦੇਸ਼ਾਂ ਦੇ ਜਨਸੰਖਿਆ ਇਤਿਹਾਸ ਤੋਂ ਇੱਕ ਵੱਡਾ ਸਬਕ ਇਹ ਹੈ ਕਿ ਤੇਜ਼ੀ ਨਾਲ ਆਬਾਦੀ ਦੇ ਵਾਧੇ ਦੀ ਮਿਆਦ ਅਸਥਾਈ ਹੁੰਦੀ ਹੈ, ਅਵਰ ਵਰਲਡ ਇਨ ਡੇਟਾ ਦੇ ਸੰਸਥਾਪਕ ਅਤੇ ਨਿਰਦੇਸ਼ਕ ਮੈਕਸ ਰੋਜ਼ਰ ਲਿਖਦੇ ਹਨ। ਸੰਸਾਰ ਇੱਕ ਨਵੇਂ ਸੰਤੁਲਨ ਵਿੱਚ ਦਾਖਲ ਹੋ ਰਿਹਾ ਹੈ ਅਤੇ ਤੇਜ਼ੀ ਨਾਲ ਆਬਾਦੀ ਦਾ ਵਾਧਾ ਖਤਮ ਹੋ ਰਿਹਾ ਹੈ। ਜਿਹੜੇ ਲੋਕ ਕੁਦਰਤ ਤੇ ਭੀੜ-ਭੜੱਕੇ ਵਾਲੇ ਮਨੁੱਖੀ ਸੰਸਾਰ ਦੇ ਪ੍ਰਭਾਵ ਬਾਰੇ ਚਿੰਤਤ ਰਹਿੰਦੇ ਹਨ, ਬਿਹਤਰ ਮਹਾਂਮਾਰੀ ਦੀ ਇੱਛਾ ਰੱਖਣ ਦੀ ਬਜਾਏ, ਇੱਕ ਵਧੇਰੇ ਦੇਖਭਾਲ ਵਾਲੀ ਪਹੁੰਚ ਬਾਲ ਮੌਤ ਦਰ ਨੂੰ ਰੋਕਣ ਦੀ ਕੋਸ਼ਿਸ਼ ਕਰਨਾ ਅਤੇ ਕੁਦਰਤੀ ਸ਼ਕਤੀਆਂ ਨੂੰ ਲੋਕਾਂ ਅਤੇ ਗ੍ਰਹਿ ਵਿਚਕਾਰ ਬਿਹਤਰ ਸੰਤੁਲਨ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰਨਾ ਹੋਵੇਗਾ।

ਇੱਕ ਨਵੀਂ ਰਿਪੋਰਟ ਦੇ ਲੇਖਕਾਂ ਦੇ ਅਨੁਸਾਰ, ਲੰਬੇ ਸਮੇਂ ਤੋਂ ਡਰਾਉਣਾ ਜਨਸੰਖਿਆ ਬੰਦ ਨਹੀਂ ਹੋ ਸਕਦਾ ਹੈ। ਇਸ ਰਿਪੋਰਟ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ ਮਨੁੱਖੀ ਸੰਖਿਆ ਪਹਿਲਾਂ ਦੀ ਭਵਿੱਖਬਾਣੀ ਨਾਲੋਂ ਘੱਟ ਅਤੇ ਜਲਦੀ ਹੋਵੇਗੀ। ਕਲੱਬ ਆਫ਼ ਰੋਮ ਦੁਆਰਾ ਸ਼ੁਰੂ ਕੀਤਾ ਗਿਆ ਅਧਿਐਨ ਦਿਖਾਉਂਦਾ ਹੈ ਕਿ ਮੌਜੂਦਾ ਰੁਝਾਨਾਂ ਦੇ ਅਧਾਰ 'ਤੇ ਵਿਸ਼ਵ ਦੀ ਆਬਾਦੀ ਸਦੀ ਦੇ ਮੱਧ ਤੋਂ ਪਹਿਲਾਂ 8.8 ਬਿਲੀਅਨ ਦੇ ਉੱਚੇ ਪੱਧਰ 'ਤੇ ਪਹੁੰਚ ਜਾਵੇਗੀ, ਫਿਰ ਤੇਜ਼ੀ ਨਾਲ ਘਟੇਗੀ। ਜੇਕਰ ਸਰਕਾਰਾਂ ਔਸਤ ਆਮਦਨ ਅਤੇ ਸਿੱਖਿਆ ਦੇ ਪੱਧਰ ਨੂੰ ਵਧਾਉਣ ਲਈ ਅਗਾਂਹਵਧੂ ਕਦਮ ਚੁੱਕਦੀਆਂ ਹਨ ਤਾਂ ਸਿਖਰ ਅਜੇ ਵੀ ਪਹਿਲਾਂ ਆ ਸਕਦਾ ਹੈ। ਨਵੀਆਂ ਭਵਿੱਖਬਾਣੀਆਂ ਗਲੋਬਲ ਵਾਤਾਵਰਨ ਲਈ ਚੰਗੀ ਖ਼ਬਰ ਹਨ। ਇੱਕ ਵਾਰ ਜਨਸੰਖਿਆ ਦੇ ਉਭਾਰ 'ਤੇ ਕਾਬੂ ਪਾ ਲਿਆ ਗਿਆ ਤਾਂ ਸੰਬੰਧਿਤ ਸਮਾਜਿਕ ਅਤੇ ਰਾਜਨੀਤਿਕ ਤਣਾਅ ਦੇ ਨਾਲ-ਨਾਲ ਕੁਦਰਤ ਅਤੇ ਮਾਹੌਲ 'ਤੇ ਦਬਾਅ, ਸੌਖਾ ਹੋਣਾ ਸ਼ੁਰੂ ਹੋ ਜਾਣਾ ਚਾਹੀਦਾ ਹੈ। ਘਟਦੀ ਆਬਾਦੀ ਨਵੀਆਂ ਸਮੱਸਿਆਵਾਂ ਵੀ ਪੈਦਾ ਕਰ ਸਕਦੀ ਹੈ, ਜਿਵੇਂ ਕਿ ਇੱਕ ਸੁੰਗੜਦੀ ਕਰਮਚਾਰੀ ਸ਼ਕਤੀ ਅਤੇ ਇੱਕ ਬੁਢਾਪੇ ਵਾਲੇ ਸਮਾਜ ਨਾਲ ਸਬੰਧਿਤ ਸਿਹਤ ਸੰਭਾਲ 'ਤੇ ਵਧੇਰੇ ਤਣਾਅ, ਜਿਵੇਂ ਕਿ ਜਾਪਾਨ ਅਤੇ ਦੱਖਣੀ ਕੋਰੀਆ ਵਰਗੇ ਦੇਸ਼ ਸਾਹਮਣਾ ਕਰ ਰਹੇ ਹਨ।

ਰਿਪੋਰਟ ਦੇ ਲੇਖਕਾਂ ਵਿੱਚੋਂ ਇੱਕ, ਬੈਨ ਕੈਲੇਗਰੀ ਨੇ ਕਿਹਾ ਕਿ ਖੋਜਾਂ ਆਸ਼ਾਵਾਦੀ ਹੋਣ ਦਾ ਕਾਰਨ ਸਨ - ਪਰ ਇੱਕ ਕੈਚ ਸੀ। ਇਹ ਸਾਨੂੰ ਇਹ ਵਿਸ਼ਵਾਸ ਕਰਨ ਦਾ ਸਬੂਤ ਦਿੰਦਾ ਹੈ ਕਿ ਆਬਾਦੀ ਬੰਬ ਬੰਦ ਨਹੀਂ ਹੋਵੇਗਾ, ਪਰ ਸਾਨੂੰ ਅਜੇ ਵੀ ਵਾਤਾਵਰਣ ਦੇ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਨੂੰ ਵੱਧ ਖਪਤ ਅਤੇ ਵੱਧ ਉਤਪਾਦਨ ਦੇ ਮੌਜੂਦਾ ਵਿਕਾਸ ਪੈਰਾਡਾਈਮ ਨੂੰ ਹੱਲ ਕਰਨ ਲਈ ਬਹੁਤ ਸਾਰੇ ਯਤਨਾਂ ਦੀ ਲੋੜ ਹੈ, ਜੋ ਕਿ ਆਬਾਦੀ ਨਾਲੋਂ ਵੱਡੀਆਂ ਸਮੱਸਿਆਵਾਂ ਹਨ। ਪਿਛਲੇ ਅਧਿਐਨਾਂ ਨੇ ਇੱਕ ਗੰਭੀਰ ਤਸਵੀਰ ਪੇਂਟ ਕੀਤੀ ਹੈ। ਪਿਛਲੇ ਸਾਲ, ਸੰਯੁਕਤ ਰਾਸ਼ਟਰ ਨੇ ਅੰਦਾਜ਼ਾ ਲਗਾਇਆ ਸੀ ਕਿ ਵਿਸ਼ਵ ਦੀ ਆਬਾਦੀ ਸਦੀ ਦੇ ਮੱਧ ਤੱਕ 9.7 ਬਿਲੀਅਨ ਤੱਕ ਪਹੁੰਚ ਜਾਵੇਗੀ ਅਤੇ ਇਸ ਤੋਂ ਬਾਅਦ ਕਈ ਦਹਾਕਿਆਂ ਤੱਕ ਵਧਦੀ ਰਹੇਗੀ। ਨਵਾਂ ਪ੍ਰੋਜੈਕਸ਼ਨ, ਸੋਮਵਾਰ ਨੂੰ ਜਾਰੀ ਕੀਤਾ ਗਿਆ, ਵਾਤਾਵਰਣ ਵਿਗਿਆਨ ਅਤੇ ਆਰਥਿਕ ਸੰਸਥਾਵਾਂ ਦੇ ਸਮੂਹ ਅਰਥ ਫਾਰ ਕਲੈਕਟਿਵ ਦੁਆਰਾ ਕੀਤਾ ਗਿਆ ਸੀ, ਜਿਸ ਵਿੱਚ ਪੋਟਸਡੈਮ ਇੰਸਟੀਚਿਊਟ ਫਾਰ ਕਲਾਈਮੇਟ ਇਮਪੈਕਟ ਰਿਸਰਚ, ਸਟਾਕਹੋਮ ਰੇਸੀਲੈਂਸ ਸੈਂਟਰ ਅਤੇ ਬੀਆਈ ਨਾਰਵੇਜਿਅਨ ਬਿਜ਼ਨਸ ਸਕੂਲ ਸ਼ਾਮਲ ਹਨ। ਇਹਨਾਂ ਨੂੰ 50 ਸਾਲ ਤੋਂ ਵੱਧ ਸਮਾਂ ਪਹਿਲਾਂ ਕਲੱਬ ਆਫ਼ ਰੋਮ ਦੁਆਰਾ ਵਿਕਾਸ ਦੇ ਅਧਿਐਨ ਲਈ ਇਸ ਦੀਆਂ ਮੁੱਖ ਸੀਮਾਵਾਂ ਦੀ ਪਾਲਣਾ ਕਰਨ ਲਈ ਨਿਯੁਕਤ ਕੀਤਾ ਗਿਆ ਸੀ। ਰਿਪੋਰਟ ਇੱਕ ਨਵੀਂ ਕਾਰਜਪ੍ਰਣਾਲੀ 'ਤੇ ਅਧਾਰਤ ਹੈ ਜਿਸ ਵਿੱਚ ਸਮਾਜਿਕ ਅਤੇ ਆਰਥਿਕ ਕਾਰਕਾਂ ਨੂੰ ਸ਼ਾਮਲ ਕੀਤਾ ਗਿਆ ਹੈ ਜੋ ਜਨਮ ਦਰ 'ਤੇ ਸਾਬਤ ਪ੍ਰਭਾਵ ਪਾਉਂਦੇ ਹਨ, ਜਿਵੇਂ ਕਿ ਸਿੱਖਿਆ ਦੇ ਪੱਧਰ ਨੂੰ ਵਧਾਉਣਾ, ਖਾਸ ਤੌਰ 'ਤੇ ਔਰਤਾਂ ਲਈ, ਅਤੇ ਆਮਦਨ ਵਿੱਚ ਸੁਧਾਰ ਕਰਨਾ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਜਿਹੀਆਂ ਨੀਤੀਆਂ ਨੂੰ ਕਿਸ ਹੱਦ ਤੱਕ ਅਪਣਾਇਆ ਜਾਂਦਾ ਹੈ। ਆਮ ਤੌਰ 'ਤੇ ਵਪਾਰਕ ਮਾਮਲੇ ਵਿੱਚ, ਇਹ ਮੌਜੂਦਾ ਨੀਤੀਆਂ ਦੀ ਭਵਿੱਖਬਾਣੀ ਕਰਦਾ ਹੈ ਕਿ 2046 ਵਿੱਚ ਆਲਮੀ ਆਬਾਦੀ ਦੇ ਵਾਧੇ ਨੂੰ 9 ਬਿਲੀਅਨ ਤੋਂ ਘੱਟ ਤੱਕ ਸੀਮਤ ਕਰਨ ਲਈ ਅਤੇ ਫਿਰ 2100 ਵਿੱਚ 7.3 ਬਿਲੀਅਨ ਤੱਕ ਸੀਮਤ ਕਰਨਾ ਹੋਵੇਗਾ।

(ਬਾਕੀ ਸਫ਼ਾ 31 'ਤੇ)

# ਸਰਕਾਰੀ ਦਹਿਸ਼ਤ ਦਾ ਸਬੂਤ ਕਾਲੇ ਕਾਨੂੰਨ ਬਨਾਮ ਯੂ.ਏ.ਪੀ.ਏ.

ਜਸਵੰਤ ਜੀਰਖ

ਪਿਛਲੇ 10 ਸਾਲਾਂ ਤੋਂ ਦੇਸ਼-ਧ੍ਰੋਹ ਦੇ ਕੇਸ ਲਗਾਤਾਰ ਵਧ ਰਹੇ ਹਨ। ਯੂ.ਏ.ਪੀ.ਏ. ਤਹਿਤ ਕਿੰਨੇ ਹੀ ਬੁੱਧੀਜੀਵੀ, ਰੰਗ ਕਰਮੀ, ਵਕੀਲ, ਡਾਕਟਰ, ਪੱਤਰਕਾਰ ਆਦਿ ਜੇਲ੍ਹਾਂ ਵਿੱਚ ਬੰਦ ਕੀਤੇ ਗਏ ਹਨ ਅਤੇ ਅੱਜ ਤੱਕ ਕੀਤੇ ਜਾ ਰਹੇ ਹਨ। ਬਿਨਾ ਕੋਈ ਮੁਕੱਦਮਾ ਚਲਾਏ ਸਾਲਾਂ ਬੱਧੀ ਜੇਲ੍ਹ ਵਿੱਚ ਬੰਦ ਰਹਿਣ ਕਾਰਨ ਕਈਆਂ ਦੀ ਸਿਹਤ ਬਹੁਤ ਨਾਜ਼ਕ ਦੌਰ ਵਿੱਚੋਂ ਲੰਘ ਰਹੀ ਹੈ। ਫਾਦਰ ਸਟੈਨ ਸਵਾਮੀ ਵਰਗੇ ਜੇਲ੍ਹ ਵਿੱਚ ਹੀ ਦਮ ਤੋੜ ਚੁੱਕੇ ਹਨ। ਇਹ ਉਹ ਲੋਕ ਹਨ ਜਿਨ੍ਹਾਂ ਨੇ ਭਾਰਤੀ ਲੋਕਾਂ ਉੱਪਰ ਹੋ ਰਹੇ ਸਰਕਾਰੀ ਤੇ ਗੈਰ-ਸਰਕਾਰੀ ਦਮਨ ਦੇ ਅਸਲ ਕਾਰਨ ਸਮਝ ਕੇ ਉਨ੍ਹਾਂ ਪ੍ਰਤੀ ਲੋਕਾਂ ਵਿੱਚ ਜਾਗ੍ਰਿਤੀ ਫੈਲਾ ਕੇ ਜ਼ਿੰਮੇਵਾਰ ਲੋਕਾਂ ਦੇ ਚਿਹਰੇ ਸਮਾਜ ਸਾਹਮਣੇ ਲਿਆਉਣ ਵਿੱਚ ਆਪਣੀ ਤੀਖਣ ਬੁੱਧੀ ਦੀ ਵਰਤੋਂ ਕਰਦਿਆਂ ਅਹਿਮ ਜ਼ਿੰਮੇਵਾਰੀ ਨਿਭਾਈ।

ਮਾਮਲਾ ਭਾਵੇਂ ਭੀਮਾ ਕੋਰੇਗਾਓਂ ਦਾ ਹੋਵੇ, ਦਿੱਲੀ ਦੇ ਸ਼ਾਹੀਨ ਬਾਗ਼ ਜਾਂ ਦਿੱਲੀ ਯੂਨੀਵਰਸਿਟੀ ਦਾ ਜਾਂ ਫਿਰ ਦੇਸ਼ ਵਿੱਚ ਮਨੀਪੁਰ ਵਰਗਾ ਕੋਈ ਹੋਰ ਖੇਤਰ ਹੋਵੇ; ਇਨ੍ਹਾਂ ਵਿੱਚ ਅਕਸਰ ਸਾਹਮਣੇ ਆਉਂਦਾ ਰਿਹਾ ਹੈ ਕਿ ਪੀੜਤ ਧਿਰ ਦੀ ਹੱਕੀ ਆਵਾਜ਼ ਦਬਾਉਣ ਲਈ ਹਮੇਸ਼ਾ ਧਰਮ ਆਧਾਰਿਤ ਫਿਰਕੂ ਰੰਗਤ ਰਾਹੀਂ ਛਲ ਕਪਟ ਤੇ ਸੱਤਾ ਦੇ ਬਲ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਕਿਸੇ ਵੀ ਤਰ੍ਹਾਂ ਦੇਸ਼-ਧ੍ਰੋਹ ਤੋਂ ਘੱਟ ਨਹੀਂ। ਮਨੀਪੁਰ ਵਿੱਚ ਪੁਲਿਸ ਦੀ ਹਾਜ਼ਰੀ ਵਿੱਚ ਹੁੱਲੜਬਾਜ਼ਾਂ ਦਾ ਔਰਤਾਂ ਨੂੰ ਨਿਰਵਸਤਰ ਕਰ ਕੇ ਸੜਕਾਂ 'ਤੇ ਘੁਮਾਉਣਾ ਕੀ ਦਰਸਾਉਂਦਾ ਹੈ? ਸ਼ਾਹੀਨ ਬਾਗ਼ ਵਿੱਚ ਮਹਿਲਾਵਾਂ ਦੇ ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ਼ ਵਿੱਢੇ ਸੰਘਰਸ਼ ਮੌਕੇ ਕਈ ਹੋਰ ਇਨਸਾਫ਼ ਪਸੰਦ ਜਥੇਬੰਦੀਆਂ ਨੇ ਵੀ ਹਮਾਇਤ ਕੀਤੀ। ਇਸ ਦੌਰਾਨ ਸਰਕਾਰੀ ਬਲਾਂ ਦੀ ਵਰਤੋਂ ਕਰਦਿਆਂ ਜਿੱਥੇ ਸਰਗਰਮ ਕਾਰਕੁਨਾਂ ਖ਼ਿਲਾਫ਼ ਕਈ ਸੰਗੀਨ ਕੇਸ ਦਰਜ ਕੀਤੇ ਗਏ ਪਰ ਜਿਹੜੇ ਸ਼ਰ੍ਹੇ ਆਮ ਡਰਾਉਣ ਧਮਕਾਉਣ ਦੀ ਦਹਿਸ਼ਤ ਪਾ ਕੇ 'ਦੇਸ਼ ਦੇ ਗ਼ੱਦਾਰੋ ਕੋ, ਗੋਲੀ ਮਾਰੋ...' ਵਰਗੇ ਨਾਅਰੇ ਲਾ ਰਹੇ ਸਨ, ਉਨ੍ਹਾਂ ਨੂੰ ਦਹਿਸ਼ਤ ਪਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ। ਅਸਲ ਵਿੱਚ ਦਹਿਸ਼ਤ ਪਾਉਣ ਵਾਲੇ ਇਹ ਲੋਕ ਦੇਸ਼-ਧ੍ਰੋਹ ਵਰਗੇ ਕੇਸਾਂ ਦੇ ਹੱਕਦਾਰ ਸਨ ਪਰ ਅਫ਼ਸੋਸ! ਸਰਕਾਰੀ ਸਰਪ੍ਰਸਤੀ ਹੇਠ ਅਜਿਹੀ ਬੁਰਛਾਗਰਦੀ ਸ਼ਰ੍ਹੇ ਆਮ ਹੁੰਦੀ ਦੇਖੀ ਗਈ।

ਇਸੇ ਤਰ੍ਹਾਂ ਭੀਮਾ ਕੋਰੇਗਾਓਂ ਘਟਨਾ ਵਿੱਚ ਮੁੱਖ ਦੋਸ਼ੀਆਂ ਦੀ ਬਜਾਇ ਉਨ੍ਹਾਂ ਲੋਕਾਂ ਖ਼ਿਲਾਫ਼ ਦੇਸ਼-ਧ੍ਰੋਹ ਵਰਗੇ ਕੇਸ ਸਰਕਾਰੀ ਸ਼ਹਿ ਹੇਠ ਦਰਜ ਕਰ ਲਏ ਗਏ ਜਿਹੜੇ ਉਸ ਵੇਲੇ ਉੱਥੇ ਹਾਜ਼ਰ ਵੀ ਨਹੀਂ ਸਨ। ਜਸਟਿਸ (ਸੇਵਾਮੁਕਤ) ਕੋਲਸੇ ਪਾਟਿਲ ਵਰਗੇ ਸਮਾਜ ਚਿੰਤਕ ਬੁੱਧੀਜੀਵੀ ਭਾਵੇਂ ਸਭ ਕੁਝ ਸਪਸ਼ਟ ਕਰ ਚੁੱਕੇ ਹਨ ਪਰ ਇਸ ਦੇ ਬਾਵਜੂਦ ਹਕੂਮਤੀ ਜਬਰ ਬਰਕਰਾਰ ਹੈ। ਅਮਰੀਕਾ ਦੀ ਇੱਕ ਏਜੰਸੀ ਇਹ ਸਿੱਧ ਕਰ ਚੁੱਕੀ ਹੈ ਕਿ ਇਸ ਕੇਸ ਬਾਰੇ ਝੂਠਾ ਬਿਰਤਾਂਤ ਸਿਰਜਣ ਲਈ ਇੱਕ ਸਮਾਜਿਕ ਕਾਰਕੁਨ ਦੇ ਕੰਪਿਊਟਰ ਵਿੱਚ ਬਾਹਰੋਂ ਦਸਤਾਵੇਜ਼ ਫਿੱਟ ਕੀਤੇ ਗਏ ਜਿਸ ਨੂੰ ਆਧਾਰ ਬਣਾ ਕੇ ਦੇਸ਼-ਧ੍ਰੋਹ ਦਾ ਕੇਸ ਬਣਾਇਆ ਗਿਆ ਪਰ ਇਸ ਮਾਮਲੇ ਦੀ ਵਿਗਿਆਨਿਕ ਆਧਾਰ 'ਤੇ ਹੋਰ ਛਾਣ-ਬੀਣ ਕਰਨ ਤੋਂ ਕਿਨਾਰਾ ਕੀਤਾ ਗਿਆ। ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ.ਐੱਨ. ਸਾਈ ਬਾਬਾ ਜੋ ਸਰੀਰਕ ਤੌਰ 'ਤੇ 90% ਅਪਾਹਜ ਹੈ, ਵਰਗੇ ਬੁੱਧੀਜੀਵੀ ਕਾਰਕੁਨਾਂ ਨੂੰ ਵੀ ਦੇਸ਼-ਧ੍ਰੋਹੀ ਕਰਾਰ ਦੇ ਕੇ ਜੇਲ੍ਹ 'ਚ ਬੰਦ ਰੱਖਿਆ ਗਿਆ। ਪ੍ਰੋ. ਸਾਈ ਬਾਬਾ ਮਨੁੱਖੀ ਤੇ ਜਮਹੂਰੀ ਹੱਕ ਕੁਚਲਣ ਖ਼ਿਲਾਫ਼ ਆਵਾਜ਼ ਉਠਾਉਣ ਲਈ ਜਾਣੇ ਜਾਂਦੇ ਹਨ।



ਦਿੱਲੀ ਯੂਨੀਵਰਸਿਟੀ ਵਿੱਚ ਫਿਰਕੂ ਟੋਲਿਆਂ ਅਤੇ ਪੁਲਿਸ ਨੇ ਕਿੰਨੇ ਹੀ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ। ਕਈਆਂ ਨੂੰ ਗੰਭੀਰ ਸੱਟਾਂ ਵੀ ਲੱਗੀਆਂ ਪਰ ਕੇਸ ਵੀ ਵਿਦਿਆਰਥੀਆਂ ਖ਼ਿਲਾਫ਼ ਹੀ ਦਰਜ ਕਰ ਲਏ ਗਏ। ਯੂਨੀਵਰਸਿਟੀ ਵਿੱਚ ਧਰਮ ਆਧਾਰਿਤ ਫਿਰਕਾਪ੍ਰਸਤ ਟੋਲਿਆਂ ਅਤੇ ਪੁਲਿਸ ਬਲ ਦੇ ਜ਼ੋਰ ਵਿਦਿਆਰਥੀਆਂ ਉੱਪਰ ਤਸ਼ੱਦਦ ਕਰ ਕੇ ਦਨਦਨਾਉਣ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨਾ ਕੀ ਸਿੱਧ ਕਰਦਾ ਹੈ? ਇਕ ਪਾਸੇ 2022 ਤੱਕ ਦੇਸ਼ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਫਰਮਾਨ ਜਾਰੀ ਕੀਤੇ ਗਏ, ਦੂਜੇ ਪਾਸੇ ਕਿਸਾਨਾਂ ਦੀ ਬਜਾਇ ਕਾਰਪੋਰੇਟਾਂ ਦੀ ਆਮਦਨ ਦੁੱਗਣੀ ਹੀ ਨਹੀਂ, ਕਈ ਗੁਣਾ ਵਧਾਉਣ ਲਈ ਤਿੰਨ ਖੇਤੀ ਕਾਨੂੰਨ ਲਿਆਉਣੇ ਕੀ ਦੇਸ਼/ਲੋਕਾਂ ਨਾਲ ਧੋਖਾ ਨਹੀਂ? ਕੀ ਅਜਿਹਾ ਧੋਖਾ ਕਰਨ ਵਾਲਿਆਂ ਖ਼ਿਲਾਫ਼ ਦੇਸ਼-ਧ੍ਰੋਹ ਦਾ ਕੇਸ ਨਹੀਂ ਬਣਦਾ? ਇਸ ਧੋਖੇ ਖ਼ਿਲਾਫ਼ ਦਿੱਲੀ ਦੀਆਂ ਬਰੂਹਾਂ ਅਤੇ ਚਾਰੇ ਪਾਸੇ ਲੱਗੇ ਕਿਸਾਨ ਮੋਰਚੇ ਨੇ ਸਰਕਾਰੀ ਮਨਸੂਬਿਆਂ ਬਾਰੇ ਲੋਕਾਂ ਦੀ ਸੋਝੀ ਵਿਕਸਿਤ ਕਰਨ ਲਈ ਜੋ ਹਿੱਸਾ ਪਾਇਆ, ਉਹ ਇਤਿਹਾਸਿਕ ਹੋ ਨਿੱਬੜਿਆ ਹੈ। ਇੱਕ ਸਾਲ ਤੋਂ ਵੀ ਵੱਧ ਸਮਾਂ ਚੱਲੇ ਇਸ ਸੰਘਰਸ਼ ਨੇ ਸਰਕਾਰੀ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਲਈ ਕੀਤੀ ਜਾਂਦੀ ਤਿਕੜਮਬਾਜ਼ੀ ਜਿਸ ਢੰਗ ਨਾਲ ਸਾਹਮਣੇ ਲਿਆਂਦੀ, ਉਸ ਨੇ ਦੇਸ਼ ਨੂੰ ਬਚਾਉਣ ਵਾਲਿਆਂ ਅਤੇ ਦੇਸ਼ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇ ਕੇ ਅੰਨ੍ਹਾ ਮੁਨਾਫਾ ਕਮਾਉਣ ਦੀਆਂ ਖੁੱਲ੍ਹਾਂ ਦੇਣ ਵਾਲੀਆਂ ਨੀਤੀਆਂ ਨੂੰ ਸਮਝਣ ਵਿੱਚ ਅਹਿਮ ਰੋਲ ਨਿਭਾਇਆ। ਘੋਲ ਨੂੰ ਲੀਹੋਂ ਲਾਹੁਣ ਲਈ ਜੋ ਸਰਕਾਰੀ ਸਾਜ਼ਿਸ਼ਾਂ ਸਾਹਮਣੇ ਆਈਆਂ, ਉਹ ਸਾਰੀਆਂ ਦੇਸ਼ ਵਿਰੋਧੀ ਕਾਰਵਾਈਆਂ ਸਨ ਜੋ ਸਰਕਾਰੀ ਸਰਪ੍ਰਸਤੀ ਹੇਠ ਦੇਸ਼ ਵਿਰੋਧੀ ਅਨਸਰਾਂ ਰਾਹੀਂ ਵਾਰ-ਵਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਅਜਿਹੀਆਂ ਸਾਜ਼ਿਸ਼ਾਂ ਘੜਨ ਵਾਲਿਆਂ ਖ਼ਿਲਾਫ਼ ਦੇਸ਼-ਧ੍ਰੋਹ ਤਾਂ ਕੀ, ਕੋਈ ਆਮ ਕੇਸ ਵੀ ਦਰਜ ਨਹੀਂ ਹੋਇਆ। ਕਿੰਨੇ ਹੀ ਕਿਸਾਨ ਇਸ ਘੋਲ ਦੌਰਾਨ ਗ਼ਲਤ ਸਰਕਾਰੀ ਨੀਤੀਆਂ ਦਾ ਸ਼ਿਕਾਰ ਹੋ ਕੇ ਕੁਰਬਾਨੀਆਂ ਦੇ ਗਏ ਪਰ ਸਰਕਾਰ ਨੇ ਇਨ੍ਹਾਂ ਦੀ ਗਿਣਤੀ ਰੱਖਣ ਦੀ ਵੀ ਲੋੜ ਨਹੀਂ ਸਮਝੀ। ਕੀ ਆਪਣੇ ਹੀ ਦੇਸ਼ ਵਾਸੀਆਂ ਨਾਲ ਅਜਿਹਾ ਵਰਤਾਓ ਦੇਸ਼-ਧ੍ਰੋਹ ਨਹੀਂ?

ਗੁਜਰਾਤ ਕਤਲੇਆਮ ਦੌਰਾਨ ਬਿਲਕੀਸ ਬਾਨੋ ਨਾਲ ਬਲਾਤਕਾਰ ਹੋਇਆ, ਉਸ ਦੀ ਬੱਚੀ ਨੂੰ ਵੀ ਕਤਲ ਕੀਤਾ ਗਿਆ; ਲੰਮੀ ਅਦਾਲਤੀ ਲੜਾਈ ਤੋਂ ਬਾਅਦ ਦੋਸ਼ੀਆਂ ਨੂੰ ਸਜ਼ਾ ਦਿਵਾਈ ਗਈ ਪਰ ਗੁਜਰਾਤ ਦੀ ਭਾਜਪਾ ਸਰਕਾਰ ਨੇ ਦੋਸ਼ੀਆਂ ਨੂੰ ਚੰਗੇ ਵਿਹਾਰ ਦਾ ਸਰਟੀਫਿਕੇਟ ਦੇ ਕੇ ਜੇਲ੍ਹ 'ਚੋਂ ਰਿਹਾਈ ਕਰਵਾ ਦਿੱਤੀ। ਜਦੋਂ ਉਹ ਜੇਲ੍ਹ ਤੋਂ ਬਾਹਰ ਆਏ ਤਾਂ ਉਨ੍ਹਾਂ ਦਾ ਸਵਾਗਤ ਮਠਿਆਈ ਵੰਡ ਕੇ ਅਤੇ ਗੱਲਾਂ ਵਿੱਚ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ। ਕੀ ਇਹ ਕਾਰਵਾਈ ਦੇਸ਼-ਧ੍ਰੋਹੀ ਤੋਂ ਘੱਟ ਹੈ? ਬਾਅਦ ਵਿੱਚ ਜਦੋਂ ਇਨਸਾਫ ਪਸੰਦ ਲੋਕਾਂ ਨੇ ਇਸ ਬੇਨਿਯਮੀ ਖ਼ਿਲਾਫ਼ ਆਵਾਜ਼ ਉਠਾਈ ਤਾਂ ਇਨ੍ਹਾਂ ਦੋਸ਼ੀਆਂ ਨੂੰ ਦੁਬਾਰਾ ਜੇਲ੍ਹ ਤਾਂ ਭੇਜ ਦਿੱਤਾ ਗਿਆ ਪਰ ਉਨ੍ਹਾਂ ਨੂੰ ਬਰੀ ਕਰਵਾਉਣ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ।

ਸੋ, ਸਪਸ਼ਟ ਹੈ ਕਿ ਇਸ ਦੇਸ਼ ਵਿੱਚ ਸੱਤਾ ਦੇ ਜ਼ੋਰ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਦੋਸ਼ੀਆਂ ਨੂੰ ਬਰੀ ਕਰਨ ਅਤੇ ਨਿਰਦੋਸ਼ਾਂ ਦੀਆਂ ਜ਼ਮਾਨਤਾਂ ਵੀ ਨਾ ਹੋਣ ਦੇਣ ਲਈ ਝੂਠੇ ਬਿਰਤਾਂਤ ਸਿਰਜੇ ਜਾਣ ਲਈ ਸਰਕਾਰੀ ਹੱਥ ਵਰਤੇ ਜਾ ਰਹੇ ਹਨ ਜਿਸ ਨੂੰ ਕਿਸੇ ਵੀ ਤਰ੍ਹਾਂ ਦੇਸ਼ ਦੇ ਹਿਤ ਵਿੱਚ ਨਹੀਂ ਕਿਹਾ ਜਾ ਸਕਦਾ।

ਇਸ ਤੋਂ ਬਿਨਾ ਦੇਸ਼ ਦੇ ਕਮਾਊ ਪਬਲਿਕ ਅਦਾਰੇ ਜੋ ਲੋਕਾਂ ਦੀ ਕਿਰਤ ਕਮਾਈ ਅਤੇ ਉਨ੍ਹਾਂ ਦੇ ਦਿੱਤੇ ਟੈਕਸਾਂ ਦੇ ਸਰਮਾਏ ਨਾਲ ਉਸਾਰੇ ਗਏ ਸਨ, ਨੂੰ ਬਿਨਾਂ ਲੋਕਾਂ ਦੀ ਰਾਏ ਲਿਆਂ ਨਿੱਜੀ ਹੱਥਾਂ ਵਿੱਚ ਦੇ ਦਿੱਤਾ ਗਿਆ। ਇਨ੍ਹਾਂ ਵਿੱਚ ਸਿਹਤ, ਸਿੱਖਿਆ, ਹਵਾਈ ਅੱਡੇ, ਟੈਲੀਫੋਨ, ਰੇਲ, ਬਿਜਲੀ, ਟਰਾਂਸਪੋਰਟ ਆਦਿ ਅਦਾਰੇ ਗਿਣਨ ਯੋਗ ਹਨ; ਇੱਥੋਂ ਤੱਕ ਕਿ ਸਿੱਖਿਆ ਤੇ ਸਿਹਤ ਜੋ ਦੇਸ਼ ਦੇ ਲੋਕਾਂ ਲਈ ਬਹੁਤ ਹੀ ਮਹੱਤਵਪੂਰਨ ਅਦਾਰੇ ਹਨ, ਨੂੰ ਵੀ ਵੱਡੀ ਪੱਧਰ 'ਤੇ ਨਿੱਜੀ ਕਰਨ ਰਾਹੀਂ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕਰ ਕੇ ਨਿੱਜੀ ਮੁਨਾਫੇ ਕਮਾਉਣ ਦੇ ਸਾਧਨਾਂ ਵਿੱਚ ਤਬਦੀਲ ਕਰ ਦਿੱਤਾ ਗਿਆ। ਇਹ ਅਸਲ ਵਿੱਚ ਦੇਸ਼/ਲੋਕ ਵਿਰੋਧੀ ਕਾਰਵਾਈਆਂ ਹਨ। ਦੇਸ਼ ਦੀ ਤਰੱਕੀ ਵਿੱਚ ਆਮ ਮਨੁੱਖ ਲਈ ਚੰਗੀ ਸਿੱਖਿਆ ਅਤੇ ਚੰਗੀ ਸਿਹਤ ਬੇਹੱਦ ਜ਼ਰੂਰੀ ਹੈ ਜਿਸ ਦਾ ਪ੍ਰਬੰਧ ਕਰਨਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ ਪਰ ਅਫ਼ਸੋਸ ਕਿ ਸਰਕਾਰ ਇਹ ਜ਼ਿੰਮੇਵਾਰੀ ਨਿਭਾਉਣ ਤੋਂ ਭੱਜ ਗਈ ਹੈ।

ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਸਾਹਮਣੇ ਆਇਆ ਕਿ ਕਿਵੇਂ ਵੱਡੀਆਂ ਕੰਪਨੀਆਂ ਪਾਸੋਂ ਚੋਣ ਬਾਂਡਾਂ ਰਾਹੀਂ ਹਜ਼ਾਰਾਂ ਕਰੋੜ ਦੇ ਫੰਡ ਲੈ ਕੇ ਬਦਲੇ ਵਿੱਚ ਉਨ੍ਹਾਂ ਨੂੰ ਵੱਡੇ-ਵੱਡੇ ਕਾਰੋਬਾਰੀ ਠੇਕੇ ਦਿੱਤੇ ਗਏ। ਕੀ ਇਹ ਦੇਸ਼-ਧ੍ਰੋਹ ਨਹੀਂ? ਕੀ ਦੇਸ਼ ਦੀ ਤਰੱਕੀ ਇਸ ਤਰ੍ਹਾਂ ਹੋਵੇਗੀ? ਲੋਕ ਦੇਸ਼ ਦੀ ਸਰਕਾਰ ਦੇਸ਼ ਚਲਾਉਣ ਲਈ ਚੁਣਦੇ ਹਨ ਜਾਂ ਇਸ ਨੂੰ ਵੇਚਣ ਲਈ? ਕੀ ਇਨ੍ਹਾਂ ਸਵਾਲਾਂ ਦੇ ਜਵਾਬ ਮੰਗਣਾ ਦੇਸ਼-ਧ੍ਰੋਹ ਹੈ? ਇਹ ਸਵਾਲ ਉਠਾਉਣੇ ਹਰ ਦੇਸ਼ ਹਿਤੈਸ਼ੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਰਕਾਰ ਸਾਹਮਣੇ ਅਜਿਹੇ ਸਵਾਲ ਖੜ੍ਹੇ ਕਰ ਕੇ ਦੇਸ਼ ਦੇ ਹਿੱਤ ਵਿੱਚ ਆਵਾਜ਼ ਉਠਾਏ ਅਤੇ ਸਰਕਾਰ ਇਨ੍ਹਾਂ ਦਾ ਜਵਾਬ ਦੇ ਕੇ ਸਪਸ਼ਟ ਕਰਨ ਲਈ ਪਾਬੰਦ ਹੋਵੇ।

ਹੁਣ ਜਦੋਂ ਲੋਕ ਅਜਿਹੇ ਸਵਾਲ ਉਠਾ ਰਹੇ ਹਨ ਤਾਂ ਉਨ੍ਹਾਂ ਦੀ ਜ਼ੁਬਾਨਬੰਦੀ ਲਈ ਅੰਗਰੇਜ਼ ਵੇਲੇ ਦੇ ਕਾਨੂੰਨ ਖਤਮ ਕਰਨ ਦੇ ਬਹਾਨੇ ਤਿੰਨ ਅਜਿਹੇ ਕਾਨੂੰਨ ਅਜਿਹੇ ਲਿਆਂਦੇ ਗਏ ਜੋ ਦੇਸ਼ ਵਿੱਚ ਮਨੁੱਖ ਦੇ ਬਚਦੇ ਜਮਹੂਰੀ ਹੱਕਾਂ ਨੂੰ ਵੀ ਖਤਮ ਕਰਨ ਦੀ ਵਕਾਲਤ ਕਰਦੇ ਹਨ ਅਤੇ ਦੇਸ਼ ਨੂੰ ਪੁਲੀਸ ਰਾਜ ਵਿੱਚ ਤਬਦੀਲ ਕਰਨ ਦਾ ਰਾਹ ਖੋਲ੍ਹਦੇ ਹਨ। ਇਨ੍ਹਾਂ ਖ਼ਿਲਾਫ਼ ਪੰਜਾਬ ਅਤੇ ਕਈ ਹੋਰ ਸੂਬਿਆਂ ਵਿੱਚ ਲੋਕ ਆਵਾਜ਼ ਉਠਾ ਰਹੇ ਹਨ ਜੋ ਦੇਸ਼ ਵਿੱਚ ਜਮਹੂਰੀ ਹੱਕਾਂ ਦੀ ਰਾਖੀ ਲਈ ਬੇਹੱਦ ਜ਼ਰੂਰੀ ਹੈ। ਕਿਰਤੀ ਲੋਕਾਂ ਦੀ ਕਮਾਈ ਰਾਹੀਂ ਕੀਤੀ ਦੇਸ਼ ਉਸਾਰੀ ਨੂੰ ਕੁਝ ਕੁ ਘਰਾਣਿਆਂ ਦੇ ਮੁਨਾਫੇ ਵਧਾਉਣ ਲਈ ਦੇਸ਼ ਨੂੰ ਉਨ੍ਹਾਂ ਦੇ ਹਵਾਲੇ ਕਰਨ ਤੋਂ ਸਿਰਫ ਲੋਕ ਸੰਘਰਸ਼ ਹੀ ਰੋਕ ਸਕਦੇ ਹਨ। ਅਜਿਹੇ ਸੰਘਰਸ਼ ਰੋਕਣ ਲਈ ਹੀ ਇਹ ਕਾਨੂੰਨ ਲਿਆਂਦੇ ਗਏ ਹਨ। ਕੀ ਦੇਸ਼ ਨੂੰ ਕਾਰਪੋਰੇਟਾਂ ਦੀ ਲੁੱਟ ਤੋਂ ਬਚਾਉਣ ਵਾਲਿਆਂ ਖ਼ਿਲਾਫ਼ ਅਜਿਹੇ ਕਾਨੂੰਨ ਲਾਗੂ ਕਰਨਾ ਦੇਸ਼-ਧ੍ਰੋਹ ਨਹੀਂ? ਇਸ ਲਈ ਅੱਜ ਦੇਸ਼ ਨੂੰ ਕਾਰਪੋਰੇਟ ਪੱਖੀ ਨੀਤੀਆਂ ਦੇ ਪੰਜੇ 'ਚੋਂ ਕੱਢਣ ਲਈ ਉਨ੍ਹਾਂ ਦੇ ਵਿਰੋਧ ਵਿੱਚ ਵੱਡੇ ਸੰਘਰਸ਼ਾਂ ਲਈ ਖੜ੍ਹੇ ਹੋਣਾ ਹੀ ਦੇਸ਼ ਭਗਤੀ ਹੈ ਜਿਸ ਨੂੰ ਹਾਕਮ ਧਿਰ ਉਲਟਾ ਦੇਸ਼-ਧ੍ਰੋਹ ਕਹਿ ਭੰਡਦੀ ਹੈ।

# ਨੁਕਸਦਾਰ ਵਿੱਦਿਅਕ ਢਾਂਚਾ ਸੁਧਾਰਨ ਦੀ ਲੋੜ

ਸਿਮਰਨਦੀਪ ਕੌਰ ਬੇਦੀ



ਅਸੀਂ ਅਕਸਰ ਦੇਸ਼ 'ਚ ਬਦਲਾਅ ਤੇ ਵਿਕਾਸ ਦੀ ਮੰਗ ਕਰਦੇ ਹਾਂ ਪਰ ਵਿਕਾਸ ਤਾਂ ਹੀ ਸੰਭਵ ਹੈ ਜੇ ਵਿੱਦਿਅਕ ਢਾਂਚੇ 'ਚ ਬਦਲਾਅ ਲਿਆਂਦਾ ਜਾਵੇਗਾ। ਬੇਸ਼ੱਕ ਭਾਰਤ ਨੇ ਹੁਣ ਕਾਫ਼ੀ ਤਰੱਕੀ ਕਰ ਲਈ ਹੈ ਅਤੇ ਚੰਦ 'ਤੇ ਵੀ ਆਪਣੇ ਕਦਮ ਜਮਾ ਲਏ ਹਨ ਪਰ ਤ੍ਰਾਸਦੀ ਦੀ ਗੱਲ ਇਹ ਹੈ ਕਿ ਤਕਨਾਲੋਜੀ ਦੇ ਯੁੱਗ ਦੌਰਾਨ ਵੀ ਭਾਰਤੀ ਵਿਦਿਆਰਥੀ ਕੇਵਲ ਪੰਨੇ ਕਾਲ਼ੇ ਕਰਨ ਤੇ ਤੋਤੇ ਵਾਂਗ ਰਟਣ ਲੱਗੇ ਹੋਏ ਹਨ। ਉਹ ਲੋੜ ਨਾਲੋਂ ਵਧੇਰੇ ਭਾਰੀ ਬਸਤਿਆਂ ਦਾ ਵਜ਼ਨ ਚੁੱਕ ਰਹੇ ਹਨ ਅਤੇ ਨਕਲ ਦਾ ਸਹਾਰਾ ਲੈ ਕੇ ਵਧੇਰੇ ਅੰਕ ਹਾਸਲ ਕਰਨ ਤੱਕ ਸੀਮਤ ਹਨ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦਾ ਬੋਲੋੜਾ ਸਿਲੇਬਸ ਬੱਚੇ ਦੇ ਮਾਨਸਿਕ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ। ਵਿੱਦਿਅਕ ਅਦਾਰਿਆਂ ਵੱਲੋਂ ਵਿਦਿਆਰਥੀ ਦੇ ਦਿਲੋ-ਦਿਮਾਗ 'ਚ ਵਧੇਰੇ ਅੰਕ ਹਾਸਲ ਕਰਨ ਅਤੇ ਪਹਿਲੇ ਦਰਜੇ 'ਤੇ ਆਉਣ ਦੀ ਗੱਲ ਬਿਠਾ ਦਿੱਤੀ ਜਾਂਦੀ ਹੈ। ਇਸ ਕਾਰਨ ਵਧੇਰੇ ਅੰਕ ਹਾਸਲ ਕਰਨ ਦੀ ਦੌੜ 'ਚ ਬੱਚਾ ਸਕੂਲ ਤੋਂ ਪਰਤ ਕੇ ਘਰ ਆ ਕੇ ਵੀ ਕੇਵਲ ਕਿਤਾਬਾਂ ਖੋਲ੍ਹ ਕੇ ਬੈਠਾ ਰਹਿੰਦਾ ਹੈ ਅਤੇ ਸਮਾਜ ਨਾਲੋਂ ਟੁੱਟ ਕੇ ਕਿਤਾਬੀ ਕੀੜਾ ਬਣ ਜਾਂਦਾ ਹੈ। ਵਿੱਦਿਅਕ ਅਦਾਰਿਆਂ ਅਤੇ ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਬੱਚੇ ਨੂੰ ਸਮਝਾਇਆ ਜਾਵੇ ਕਿ ਪੜ੍ਹਾਈ ਦਾ ਮਤਲਬ ਕੇਵਲ ਪੰਨੇ ਕਾਲ਼ੇ ਕਰਨਾ ਅਤੇ ਵਧੇਰੇ ਅੰਕ ਹਾਸਲ ਕਰ ਕੇ ਮੈਰਿਟ ਸੂਚੀ 'ਚ ਆਉਣਾ ਨਹੀਂ ਹੈ ਬਲਕਿ ਅਸਲ ਪੜ੍ਹਾਈ ਉਹ ਹੈ ਜੋ ਤੁਹਾਨੂੰ ਦੁਨੀਆਦਾਰੀ ਤੋਂ ਵਾਕਫ਼ ਕਰਵਾ ਕੇ ਸਮਾਜ ਵਿਚ ਵਿਚਰਨਾ ਸਿਖਾਵੇ। ਅਜੋਕੇ ਅਧਿਆਪਕ ਵਿਦਿਆਰਥੀਆਂ ਨੂੰ ਕਿਤਾਬੀ ਪਾਠ ਤਾਂ ਪੜ੍ਹਾ ਦਿੰਦੇ ਹਨ ਪਰ ਸਮਾਜ ਵਿਚ ਵਿਚਰਨ ਦਾ ਪਾਠ ਸਿਖਾਉਣਾ ਭੁੱਲ ਜਾਂਦੇ ਹਨ। ਇਸ ਕਾਰਨ ਬੇਸ਼ੱਕ ਵਿਦਿਆਰਥੀ ਉੱਚ ਡਿਗਰੀਆਂ ਤਾਂ ਹਾਸਲ ਕਰ ਲੈਂਦੇ ਹਨ ਪਰ ਭਵਿੱਖ 'ਚ ਆਤਮ-ਵਿਸ਼ਵਾਸ ਦੀ ਘਾਟ ਕਾਰਨ ਹੋਰਾਂ ਨਾਲ ਗੱਲਬਾਤ ਕਰਨ ਤੋਂ ਝਿਜਕਦੇ ਹਨ ਤੇ ਸਮਾਜ 'ਚ ਸਹੀ ਤਰੀਕੇ ਨਾਲ ਵਿਚਰਨ ਤੋਂ ਅਸਮਰੱਥ ਰਹਿੰਦੇ ਹਨ।

ਅਜਿਹੇ ਵਿੱਦਿਅਕ ਢਾਂਚੇ ਦੀ ਲੋੜ ਹੈ ਜੋ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ 'ਤੇ ਜ਼ੋਰ ਦੇਵੇ। ਕਿਤਾਬੀ ਪੜ੍ਹਾਈ ਤੋਂ ਇਲਾਵਾ ਖੇਡਾਂ, ਆਰਟ ਐਂਡ ਕ੍ਰਾਫਟ, ਗੀਤ-ਸੰਗੀਤ, ਨਾਚ, ਆਪਸੀ ਵਿਚਾਰ-ਵਟਾਂਦਰਾ, ਭਖਦੇ ਮੁੱਦਿਆਂ 'ਤੇ ਬਹਿਸ ਵਿਚ ਵੀ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਜਾਵੇ ਤੇ ਇਨ੍ਹਾਂ ਵਿਸ਼ਿਆਂ ਦੇ ਅੰਕ ਵੀ ਸਾਲਾਨਾ ਇਮਤਿਹਾਨ ਦੇ ਨਤੀਜੇ ਵਿਚ ਜੋੜੇ ਜਾਣ ਤਾਂ ਜੋ ਵਿਦਿਆਰਥੀ ਇਨ੍ਹਾਂ ਸਰਗਰਮੀਆਂ 'ਚ ਵਧ-ਚੜ੍ਹ ਕੇ ਹਿੱਸਾ ਲੈਣ ਅਤੇ ਉਨ੍ਹਾਂ ਨੂੰ ਆਪਣਾ ਲੁਕਿਆ ਹੋਇਆ ਹੁਨਰ ਦਿਖਾਉਣ ਦਾ ਮੌਕਾ ਮਿਲ ਸਕੇ। ਇਸ ਤੋਂ ਇਲਾਵਾ ਵੇਦਾਂ-ਗ੍ਰੰਥਾਂ ਅਤੇ ਗੁਰਬਾਣੀ ਦਾ ਗਿਆਨ ਵੀ ਉਨ੍ਹਾਂ ਨੂੰ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਬਚਪਨ ਤੋਂ ਹੀ ਬੱਚਾ ਧਰਮ ਨੂੰ ਸਮਝਣ ਵਿਚ ਸਮਰੱਥ ਹੋ ਸਕੇ ਅਤੇ ਧਰਮ ਨਾਲ ਜੁੜ ਸਕੇ। ਵਿੱਦਿਅਕ ਅਦਾਰਿਆਂ ਨੂੰ ਵਿਦਿਆਰਥੀ ਦੇ ਲੁਕੇ ਹੋਏ ਹੁਨਰ ਨੂੰ ਅੱਗੇ ਲਿਆਉਣ ਦਾ ਮੰਦਰ ਸਮਝਿਆ ਜਾਂਦਾ ਹੈ। ਇਸ ਲਈ ਅਜਿਹੀ ਵਿੱਦਿਆ ਨੀਤੀ ਤਿਆਰ ਕੀਤੀ ਜਾਵੇ ਜਿਸ ਵਿੱਚ ਬੱਚੇ ਨੂੰ ਪ੍ਰਾਇਮਰੀ ਜਮਾਤ ਪਾਸ ਕਰਨ ਉਪਰੰਤ ਹੀ ਉਸ ਦੀ ਰੁਚੀ ਅਤੇ ਉਸ ਦੀ ਜ਼ਿੰਦਗੀ ਦਾ ਟੀਚਾ ਪੁੱਛ ਲਿਆ ਜਾਵੇ ਅਤੇ ਉਸ ਨੂੰ ਉਸ ਦੀ ਰੁਚੀ ਅਤੇ ਟੀਚੇ ਮੁਤਾਬਕ ਹੀ ਵਿੱਦਿਆ ਮੁਹੱਈਆ ਕਰਵਾਈ ਜਾਵੇ। ਤ੍ਰਾਸਦੀ ਦੀ ਗੱਲ ਇਹ ਹੈ ਕਿ ਅਕਸਰ ਦੇਖਣ ਵਿਚ ਆਉਂਦਾ ਹੈ ਕਿ ਵੱਡੇ-ਵੱਡੇ ਨਾਮਵਰ ਵਿੱਦਿਅਕ ਅਦਾਰਿਆਂ ਤੋਂ ਬਾਹਰ ਨਿਕਲ ਕੇ ਵੀ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਦਾ ਟੀਚਾ ਪਤਾ ਨਹੀਂ ਲੱਗਦਾ ਜਿਸ ਕਾਰਨ ਉਨ੍ਹਾਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਜਦ ਜ਼ਿੰਦਗੀ 'ਚ ਕੁਝ ਹੱਥ-ਪੱਲੇ ਨਹੀਂ ਲੱਗਦਾ ਤਾਂ ਫਿਰ ਹਾਰ ਕੇ ਵਿਦੇਸ਼ ਜਾਣ ਦਾ ਰਸਤਾ ਚੁਣਦੇ ਹਨ। ਸੋ, ਬਦਲਦੇ ਸਮੇਂ ਦੀ ਰਫ਼ਤਾਰ ਨੂੰ ਦੇਖਦਿਆਂ ਵਿੱਦਿਅਕ ਪ੍ਰਣਾਲੀ 'ਚ ਬਦਲਾਅ ਲਿਆ ਕੇ ਪ੍ਰੈਕਟੀਕਲ ਵਿਧੀ ਦੀ ਮਦਦ ਨਾਲ ਵਿਦਿਆਰਥੀਆਂ ਨੂੰ ਵਿੱਦਿਆ ਮੁਹੱਈਆ ਕਰਵਾਈ ਜਾਵੇ ਤਾਂ ਜੋ ਬੋਲੋੜੇ ਸਿਲੇਬਸ ਦੇ ਬੋਝ ਕਾਰਨ ਵਿਦਿਆਰਥੀ ਪੜ੍ਹਾਈ ਤੋਂ ਦੂਰ ਨਾ ਨੱਸਣ। ਦੂਜੇ ਪਾਸੇ ਬੱਚੇ ਨੂੰ ਆਪਣੀ ਮਾਤ-ਭਾਸ਼ਾ 'ਚ ਨਿਪੁੰਨ ਬਣਾਉਣ ਲਈ ਉਸ ਨੂੰ ਪ੍ਰਾਇਮਰੀ ਪੱਧਰ ਤੱਕ ਉਸ ਦੀ ਮਾਤ-ਭਾਸ਼ਾ 'ਚ ਹੀ ਵਿੱਦਿਆ ਮੁਹੱਈਆ ਕਰਵਾਉਣੀ ਚਾਹੀਦੀ ਹੈ ਤੇ ਪ੍ਰਾਇਮਰੀ ਪੱਧਰ ਤੋਂ ਉਪਰੰਤ ਅੰਗਰੇਜ਼ੀ ਸਿਖਾਉਣ 'ਤੇ ਜ਼ੋਰ ਦੇਣਾ ਚਾਹੀਦਾ ਹੈ। ਬੱਚਾ ਆਪਣੀ ਮਾਂ-ਬੋਲੀ 'ਚ ਪੜ੍ਹ-ਲਿਖ ਕੇ ਤੇਜ਼ੀ ਨਾਲ ਗਿਆਨ ਹਾਸਲ ਕਰ ਸਕਦਾ ਹੈ। ਵਿਦੇਸ਼ੀ ਭਾਸ਼ਾ ਸਿੱਖਣ ਦੀ ਆੜ ਹੇਠ ਬੱਚਾ ਆਪਣੀ ਖ਼ੁਦ ਦੀ ਬੋਲੀ ਸਿੱਖਣ 'ਚ ਵੀ ਅਸਮਰੱਥ ਰਹਿੰਦਾ ਹੈ ਜਿਸ ਕਾਰਨ ਉਹ ਆਪਣੀ ਮਾਤ-ਭਾਸ਼ਾ 'ਚ ਮੁਹਾਰਤ ਹਾਸਲ ਨਹੀਂ ਕਰ ਪਾਉਂਦਾ। ਸਰਕਾਰ ਨੂੰ ਅਪੀਲ ਹੈ ਕਿ ਭਾਰਤੀ ਵਿੱਦਿਅਕ ਪ੍ਰਣਾਲੀ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਲੋੜੀਂਦੇ ਬਦਲਾਅ ਕੀਤੇ ਜਾਣ। ਜੇ ਵਿੱਦਿਅਕ ਪ੍ਰਣਾਲੀ 'ਚ ਬਦਲਾਅ ਲਿਆਂਦਾ ਜਾਵੇਗਾ ਤਾਂ ਹੀ ਦੇਸ਼ ਦੇ ਬਾਕੀ ਖੇਤਰਾਂ 'ਚ ਬਦਲਾਅ ਤੇ ਵਿਕਾਸ ਦੀ ਕਿਰਨ ਦਿਖਾਈ ਦੇਵੇਗੀ।

# ਦੁਪਹਿਰਾ, ਚੋਪਹਿਰਾ ਸਮਾਗਮ ਦੀ ਨਵੀਂ ਪਿਰਤ ਗੁਰਮਤਿ ਵਿਰੋਧੀ, ਅੰਧ-ਵਿਸ਼ਵਾਸ ਦਾ ਮੱਕੜਜਾਲ਼

ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ
95920-93472

ਧੰਨ ਗੁਰੂ ਨਾਨਕ ਦੇਵ ਜੀ ਨੇ ਅਗਿਆਨਤਾ ਦੀ ਕਾਲੀ-ਬੋਲ਼ੀ ਰਾਤ ਦਾ ਖ਼ਾਤਮਾ ਗੁਰਬਾਣੀ ਗਿਆਨ ਸੂਰਜ ਨਾਲ ਕੀਤਾ ਹੈ। ਇਹ ਉਹ ਗਿਆਨ ਦਾ ਸੂਰਜ ਹੈ ਜਿਸ ਨੇ ਸਦਾ ਚੜ੍ਹੇ ਰਹਿਣਾ ਹੈ ਭਾਵ ਪ੍ਰਕਾਸ਼ਮਾਨ ਰਹਿਣਾ ਹੈ। ਕਿਸੇ ਵੀ ਅੰਧ ਵਿਸ਼ਵਾਸ, ਕਰਮ-ਕਾਂਡ, ਭਰਮ-ਭੇਖ ਤੇ ਗੁਰੂ-ਦੰਭ ਆਦਿ ਨੇ ਇਸ ਗਿਆਨ ਸੂਰਜ ਨੂੰ ਲੁਕਾ-ਛੁਪਾ ਨਹੀਂ ਸਕਣਾ। ਗੁਰੂ ਸਿੱਖਿਆ ਮਨੁੱਖ ਨੂੰ ਕੇਵਲ ਤੇ ਕੇਵਲ ਇੱਕੋ-ਇੱਕ ਰੱਬ ਨਾਲ ਜੋੜਦੀ ਏ।

ਐਸੇ ਸਰਬ ਕਲਾ ਸਮਰੱਥ ਰੱਬ 'ਤੇ ਪੂਰਨ ਵਿਸ਼ਵਾਸ ਰੱਖਣ, ਪਿਆਰ ਕਰਨ, ਸਮਰਪਣ ਦਾ ਲਾਸਾਨੀ ਉਪਦੇਸ਼ ਨਿਰੰਤਰ ਦ੍ਰਿੜ੍ਹ ਕਰਵਾਉਂਦੀ ਹੈ। ਮਨੁੱਖੀ ਮਨਾਂ ਵਿੱਚ ਅਡੰਬਰਵਾਦੀਆਂ, ਭੇਖਧਾਰੀਆਂ ਵੱਲੋਂ ਸਦੀਆਂ ਤੋਂ ਪ੍ਰਚਾਰੇ-ਫੈਲਾਏ ਹੋਏ ਹਰ ਪ੍ਰਕਾਰ ਦੇ ਅੰਧ ਵਿਸ਼ਵਾਸ, ਕਰਮ-ਕਾਂਡਾਂ ਨੂੰ ਹਮੇਸ਼ਾ-ਹਮੇਸ਼ਾ ਲਈ ਗੁਰਬਾਣੀ ਗੁਰ ਉਪਦੇਸ਼ ਨਾਲ ਦੂਰ ਕਰਨ ਦਾ ਪਰਉਪਕਾਰ ਕਰਦੀ ਰਹੀ ਹੈ।

ਅਸੀਂ ਦੇਖਦੇ ਹਾਂ ਕਿ ਅੰਧ-ਵਿਸ਼ਵਾਸ ਕਰਮ-ਕਾਂਡਾਂ ਦੇ ਧਾਰਨੀ ਅਡੰਬਰ ਵਾਦੀਆਂ ਨੇ ਸਮੇਂ-ਸਮੇਂ ਗੁਰੂ ਨੂੰ ਪਿਆਰ ਕਰਨ ਵਾਲੀ ਸਿੱਖ ਸੰਗਤ ਦੇ ਮਨਾਂ ਵਿੱਚ ਭਰਮ-ਭੁਲੇਖੇ ਪਾਉਣ ਲਈ ਕਈ ਪ੍ਰਕਾਰ ਦੇ ਯਤਨ ਕੀਤੇ ਹਨ ਤੇ ਲਗਾਤਾਰ ਕਰ ਵੀ ਰਹੇ ਹਨ।

ਗੁਰਮਤਿ ਵਿੱਚ ਭੇਖ ਭਰਮ ਤੇ ਸਮੇਂ ਆਦਿ ਦਾ ਕੋਈ ਵੀ ਭਰਮ-ਭੁਲੇਖਾ ਨਹੀਂ ਹੈ। ਗੁਰੂ ਬਚਨ ਹਨ " ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥" ਸਤਿਗੁਰੂ ਜੀ ਦਾ ਜੀਵਨ ਇਤਿਹਾਸ ਪੜ੍ਹੀਏ, ਵਿਚਾਰੀਏ ਤਾਂ ਗੁਰੂ ਵੱਲੋਂ ਅੰਧ-ਵਿਸ਼ਵਾਸ ਦੇ ਖ਼ਾਤਮੇ ਦਾ ਵਾਰ-ਵਾਰ ਜ਼ਿਕਰ ਮਿਲਦਾ ਹੈ। ਪਹਿਲੀ ਪਾਤਸ਼ਾਹੀ ਤੋਂ ਦਸਵੀਂ ਪਾਤਸ਼ਾਹੀ ਨੇ ਪੂਰੇ ਸੰਸਾਰ ਦੇ ਮਨੁੱਖਾਂ ਨੂੰ ਰੱਬੀ ਵਿਸ਼ਵਾਸ, ਪ੍ਰਭੂ ਪਿਆਰ, ਮਨੁੱਖੀ ਬਰਾਬਰਤਾ ਦਾ ਉਪਦੇਸ਼ ਦ੍ਰਿੜ੍ਹ ਕਰਵਾ ਕੇ ਕੁਦਰਤਿ ਕੇ ਸਭ ਬੰਦੇ ਵਾਲੀ ਅਗੰਮੀ ਸਮਝ ਭਰੀ।

ਸਚਿਆਰ ਹੋਣ ਤੇ ਕੂੜ ਦੀ ਕੰਧ ਤੋੜਨ ਦੀ ਜੁਗਤਿ ਨੂੰ ਸਮਝਾਇਆ। ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈ ਸਾਰਾ॥ ਜਬ ਇਹ ਗਹੈ ਬਿਪਰਨ ਕੀ ਰੀਤ॥ ਮੈ ਨ ਕਰੋਂ ਇਨ ਕੀ ਪ੍ਰਤੀਤ॥ ਦਾ ਉਪਦੇਸ਼ ਵੀ ਰੂਪਮਾਨ ਹੈ।

ਸਿੱਖੀ ਕੇਵਲ ਗੁਰਬਾਣੀ ਸਿਧਾਂਤ ਦੀ ਪਾਲਕ-ਸੰਭਾਲਕ ਹੈ ਤੇ ਇਸ ਦੇ ਅਮਲ ਦੀ ਧਾਰਨੀ ਹੈ। ਇਸ ਵਿੱਚ ਨਾ ਸ਼ਖ਼ਸੀ (ਵਿਅਕਤੀ ਦਾ) ਪ੍ਰਭਾਵ ਹੈ, ਨਾ ਪੂਜਾ ਹੈ। ਨਾ ਡੇਰਾ, ਨਾ ਡੇਰੇਦਾਰ ਦੀ ਗੁੰਜਾਇਸ਼ ਹੈ। ਨਾ ਸੰਪਰਦਾ ਦੀ ਕੋਈ ਥਾਂ ਹੈ। ਗੁਰੂ ਜੀ ਨੇ ਖ਼ਾਲਸਾ ਪੰਥ ਤਿਆਰ ਕੀਤਾ ਹੈ। ਉਸ ਨੂੰ ਹੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਸੰਸਾਰ ਦਾ ਸਭ ਤੋਂ ਨਿਰਮਲ ਨਿਆਰਾ ਪੰਥ ਹੈ ਖ਼ਾਲਸਾ ਪੰਥ। ਜਾਤੀ ਲੋਭ-ਲਾਲਚ ਕਰਕੇ ਲੰਮੇ ਸਮੇਂ ਤੋਂ ਖ਼ਾਲਸਾ ਜੀਵਨ ਜੁਗਤਿ ਦੀ ਨਿਰਮਲਤਾ ਨੂੰ ਖ਼ਤਮ ਕਰਨ ਦੀਆਂ ਪਾਖੰਡਵਾਦੀਆਂ ਤੇ ਕਰਮ-ਕਾਂਡੀਆਂ ਵੱਲੋਂ ਕਰਮ-ਕਿਰਿਆਵਾਂ ਹੁੰਦੀਆਂ ਹਨ।

ਸੁਚੇਤ ਖ਼ਾਲਸਾ ਪੰਥ ਇਨ੍ਹਾਂ ਸਭ ਢਾਹ ਲਾਊ ਕੰਮਾਂ, ਯਤਨਾਂ ਨੂੰ ਤਬਾਹ ਕਰਦਾ ਆਇਆ ਹੈ। 'ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥' ਦੇ ਵਾਰਸ ਸਿੱਖ ਕਹਾਉਣ ਵਾਲਿਆਂ ਨੂੰ ਸਿੱਖੀ ਭੇਖ ਵਾਲੇ ਹੀ ਸਭ ਤੋਂ ਵੱਧ ਢਾਹ ਲਾਉਣ ਦਾ ਅਪਰਾਧ ਕਰਦੇ ਦਿਖਾਈ ਦਿੰਦੇ ਹਨ। ਇਨ੍ਹਾਂ ਅਡੰਬਰਵਾਦੀਆਂ ਲਈ ਪੰਥ ਪ੍ਰਮਾਣਿਤ ਸਿੱਖ ਰਹਿਤ-ਮਰਿਆਦਾ ਦੀ ਕੋਈ ਅਹਿਮੀਅਤ ਨਹੀਂ। ਇਹ ਅਣਮੱਤੀਆਂ, ਮਨਮੱਤੀਆਂ ਦੀ ਪੈਰਵੀ ਕਰਦੇ ਹਨ। ਜਾਤੀ ਮਾਣ-ਸਨਮਾਨ ਖ਼ਾਤਰ ਅਡੰਬਰਵਾਦੀ ਅੱਖਾਂ ਬੰਦ ਕਰ ਕੇ ਪ੍ਰਚਾਰ-ਪ੍ਰਸਾਰ ਕਰਨ ਲਈ ਸਾਰੇ ਸਾਧਨ ਝੋਕ ਦੇਂਦੇ ਹਨ।

ਪਿਛਲੇ ਕੁਝ ਸਮੇਂ ਤੋਂ ਦੁਪਹਿਰਾ ਚੋਪਹਿਰਾ ਸਮਾਗਮ ਦੀ ਨਵੀਂ ਪਿਰਤ ਸਥਾਪਤ ਕਰ ਕੇ ਪ੍ਰਚਾਰੀ-ਪ੍ਰਸਾਰੀ ਜਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਸਿੱਖ ਰਹਿਤ ਮਰਿਆਦਾ ਤਿਆਰ ਕਰਵਾ ਕੇ ਪੰਥਕ ਪ੍ਰਵਾਨਗੀ ਲੈਣ ਵਾਲੀ ਸੰਸਥਾ ਹੈ, ਉਸ ਦੇ ਨੱਕ ਹੇਠ ਤਥਾ ਪ੍ਰਬੰਧ ਹੇਠਲੇ ਅਸਥਾਨ 'ਤੇ ਐਸਾ ਹੋ ਰਿਹਾ ਹੈ।

ਗੁਰਮਤਿ ਵਿੱਚ ਕਿਸੇ ਪ੍ਰਕਾਰ ਦੇ ਵਹਿਮ, ਭਰਮ-ਭਲੇਖੇ, ਭੇਖ, ਪਖੰਡ, ਕਰਮਕਾਂਡ, ਸ਼ਖ਼ਸੀ ਪੂਜਾ ਤੇ ਹੋਰ ਵੀ ਕਿਸੇ ਪ੍ਰਕਾਰ ਦੇ ਅੰਧ ਵਿਸ਼ਵਾਸੀ ਕਰਮ ਲਈ ਕੋਈ ਥਾਂ ਨਹੀਂ ਹੋ ਸਕਦੀ। ਅੱਜ ਦੇਸ਼-ਵਿਦੇਸ਼ ਵਿੱਚ ਵਸਦੇ ਸਿੱਖ ਕਹਾਉਣ ਵਾਲਿਆਂ ਨੂੰ ਜੋ ਖ਼ੁਦ ਗੁਰਮਤਿ ਤੋਂ ਵਾਕਫ਼ ਨਹੀਂ, ਉਹ ਭਾਵੇਂ ਪ੍ਰਬੰਧਕ ਹਨ ਜਾਂ ਸੰਗਤ, ਬਹੁਤ ਵੱਡੇ ਪੱਧਰ 'ਤੇ ਇਨ੍ਹਾਂ ਅਡੰਬਰਵਾਦੀਆਂ ਨੇ ਬੜੇ ਮਿੱਠੇ ਸਹਿਜ ਮੱਤੀਏ ਫ਼ਰੇਬੀ ਢੰਗ ਨਾਲ ਆਪਣੇ ਮੱਕੜਜਾਲ਼ ਵਿੱਚ ਫਸਾ ਲਿਆ। ਇਨ੍ਹਾਂ ਨੇ ਹਰ ਕਿਰਿਆ ਨੂੰ ਮਨਾਉਂਤਾ ਸ਼ਰਧਾ ਦੀ ਚਾਸ਼ਣੀ ਚੜ੍ਹਾ ਕੇ ਪ੍ਰਚਾਰਿਆ ਹੈ। ਜੇ ਕੋਈ ਪੰਥਕ ਸਿੱਖ ਰਹਿਤ ਮਰਿਆਦਾ ਤੇ ਗੁਰਮਤਿ ਸਿਧਾਂਤਾਂ ਦੀ ਗੱਲ ਰੱਖਣ ਦਾ ਹੀਆ ਕਰਦਾ ਹੈ ਭਾਵੇਂ ਉਹ ਪ੍ਰਬੰਧਕ ਹੈ ਜਾਂ ਪ੍ਰਚਾਰਕ, ਉਨ੍ਹਾਂ ਦੀ ਲਾਹ-ਪਾਹ ਲਈ ਭੋਲੀ ਤੇ ਗੁਮਰਾਹ ਕਰ ਲਈ ਗਈ ਸਿੱਖ ਸੰਗਤ ਨੂੰ ਰੱਜ ਕੇ ਵਰਤਿਆ ਜਾਂਦਾ ਹੈ। ਐਸੇ ਮਹਾਨ ਪੰਥ ਪ੍ਰਸਤ ਸੇਵਕਾਂ ਨੂੰ ਕੌਮੀ ਗ਼ਦਾਰ/ ਗੁਰੂ ਨਿੰਦਕ ਆਦਿ ਜਾਂ ਪੰਥ ਵਿਰੋਧੀ ਜਥੇਬੰਦੀਆਂ ਜਾਂ ਕਿਸੇ ਹੋਰ ਨਾਲ ਜੋੜਨ ਦੀਆਂ ਕਰਤੂਤਾਂ ਕੀਤੀਆਂ ਜਾਂਦੀਆਂ ਹਨ। ਅੱਜ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਨੂੰ ਹਕੀਕੀ ਰੂਪ ਵਿਚ ਪ੍ਰਚਾਰਨ ਦੀ ਥਾਂ ਵਿਅਕਤੀਗਤ ਪ੍ਰਭਾਵ ਵਾਲੀਆਂ ਕਲਪਿਤ ਕਹਾਣੀਆਂ ਨੂੰ ਗੁਰ ਇਤਿਹਾਸ ਨੂੰ ਦਰਕਿਨਾਰ ਕਰ ਕੇ ਪਹਿਲ ਦੇ ਆਧਾਰ 'ਤੇ ਪ੍ਰਚਾਰਿਆ ਜਾਂਦਾ ਹੈ। ਗੁਰਬਾਣੀ ਗਿਆਨ ਚਾਨਣ ਨਾਲ ਸਿੱਖ ਜਗਿਆਸੂ ਦੀ ਸੁਰਤਿ ਨੂੰ ਜੁੜਨ ਹੀ ਨਹੀਂ ਦਿੱਤਾ ਜਾਂਦਾ।

ਗੁਰਸਿੱਖ ਨੇ ਕਿਵੇਂ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਪ੍ਰਤੀ ਸਮਰਪਿਤ ਹੋ ਕੇ ਜਿਊਣਾ ਹੈ, ਇਹ ਗੱਲ ਉਸ ਦੇ ਜ਼ਿਹਨ ਵਿੱਚ ਵਸਾਉਣ ਤੋਂ ਭੱਜਿਆ ਜਾਂਦਾ ਹੈ। ਵੱਖ-ਵੱਖ ਸ਼ਹਿਰਾਂ, ਕਸਬਿਆਂ, ਪਿੰਡਾਂ, ਸੂਬਿਆਂ ਤੇ ਦੇਸ਼-ਵਿਦੇਸ਼ ਵਿੱਚ ਨਵੇਂ ਢੰਗ ਦਾ ਕਰਮ-ਕਾਂਡ ਦੁਪਹਿਰੇ-ਚੁਪਹਿਰੇ ਦੇ ਰੂਪ 'ਚ ਜੰਗਲ ਦੀ ਅੱਗ ਵਾਂਗ ਅੱਗੇ ਤੋਂ ਅੱਗੇ ਫੈਲਾਇਆ ਜਾ ਰਿਹਾ ਹੈ। ਬੀਬੀਆਂ ਵੱਡੀ ਤਾਦਾਦ ਵਿੱਚ ਇਨ੍ਹਾਂ ਅਡੰਬਰਵਾਦੀਆਂ ਦੀਆਂ ਸ਼ਿਕਾਰ ਹੋਈਆਂ ਹਨ।

ਇਤਿਹਾਸਕ ਗੁਰਦੁਆਰੇ ਸਾਹਿਬਾਨ ਤੇ ਗੁਰਦੁਆਰਾ ਸਿੰਘ ਸਭਾ ਅਸਥਾਨਾਂ ਦੇ ਪ੍ਰਬੰਧਕ ਤੇ ਸੰਗਤਾਂ ਬਹੁਤੇ ਥਾਈਂ ਅੱਖਾਂ ਬੰਦ ਕਰ ਕੇ ਇਨ੍ਹਾਂ ਅੱਗੇ ਸਿਰ ਸੁੱਟ ਕੇ ਖ਼ਾਮੋਸ਼ ਹੋ ਚੁੱਕੇ ਹਨ। ਕਈ ਥਾਵਾਂ ਤੋਂ ਜਾਗਰੂਕ ਸਿੱਖ ਇਸ ਭਾਰੂ ਤੇ ਸਿਧਾਂਤ ਮਾਰੂ ਕਰਮ ਦਾ ਵਿਰੋਧ ਕਰਦੇ ਹਨ ਤਾਂ ਉਨ੍ਹਾਂ ਦੀ ਸੁਣਵਾਈ ਲਈ ਸਭ ਦਰਵਾਜ਼ੇ ਹੀ ਬੰਦ ਮਿਲਣ ਲੱਗੇ ਹਨ।

ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖ਼ਤਾਂ ਦੇ ਜੱਥੇਦਾਰ, ਇਤਿਹਾਸਕ ਗੁਰਦੁਆਰਾ ਸਾਹਿਬ, ਸਿੰਘ ਸਭਾਵਾਂ ਦੇ ਪ੍ਰਬੰਧਕ, ਸਿੱਖ ਇਸਤਰੀ ਸਭਾਵਾਂ ਦੇ ਆਗੂ, ਰਾਗੀ, ਗ੍ਰੰਥੀ, ਪ੍ਰਚਾਰਕ, ਢਾਡੀ, ਕਵੀ-ਕਵੀਸ਼ਰ ਆਦਿ ਨਿੱਜੀ ਰੋਜ਼ੀ-ਰੋਟੀ ਖ਼ਾਤਰ ਚੁੱਪ ਰਹਿਣਗੇ ਤਾਂ ਸਾਰੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੇਣਦਾਰ ਹੋਣਗੇ। ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਦੀ ਮਾਣ-ਮਰਿਆਦਾ ਦਾ ਨਿਰਾਦਰ ਕਰਨ ਦੇ ਦੋਸ਼ੀ ਮੰਨੇ ਜਾਣਗੇ।

# ਮਹਿੰਗਾਈ ਕੋਈ ਕੁਦਰਤੀ ਵਰਤਾਰਾ ਨਹੀਂ, ਇਹ ਹਾਕਮਾਂ ਦੀ ਦੇਣ ਹੈ

ਰਾਜਿੰਦਰ ਕੌਰ ਚੋਹਕਾ

ਕੇਂਦਰ ਦੀ ਬੀ.ਜੇ.ਪੀ. (ਹੁਣ ਐਨ.ਡੀ.ਏ.) ਦੀ ਸਰਕਾਰ ਪਿਛਲੇ ਕਈਆਂ ਸਾਲਾਂ ਤੋਂ ਇਹ ਪ੍ਰਚਾਰ ਕਰਦੀ ਆ ਰਹੀ ਹੈ ਕਿ ਦੇਸ਼ ਦੇ ਅੰਦਰ ਕੀਮਤਾਂ ਕਾਬੂ ਹੇਠ ਹਨ ਅਤੇ 'ਮਹਿੰਗਾਈ' ਘੱਟ ਰਹੀ ਹੈ। ਪਰ ਇਨ੍ਹਾਂ ਬਿਆਨਾਂ ਦੇ ਉਲਟ ਰਿਜ਼ਰਵ ਬੈਂਕ ਦਾ ਇਹ ਕਥਨ ਹੈ, ਕਿ ਖੁਦਰਾ ਦੀ ਮਹਿੰਗਾਈ 4ਫ਼ੀਸਦੀ ਤੋਂ ਹੇਠਾਂ ਲਿਆਉਣ ਲਈ ਪੂਰੀਆਂ ਕੋਸ਼ਿਸ਼ਾਂ ਜਾਰੀ ਹਨ। ਜ਼ਮੀਨੀ ਸੱਚਾਈ ਕੁਝ ਹੋਰ ਹੀ ਹੈ। ਜੂਨ, 2024 ਦੇ ਮਹੀਨੇ ਵਿੱਚ ਅਨਾਜ ਦੀਆਂ ਕੀਮਤਾਂ ਵਿੱਚ 8.75 ਫ਼ੀਸਦੀ, ਫਲਾਂ ਦੀਆਂ ਕੀਮਤਾਂ ਵਿੱਚ 7.15 ਫ਼ੀਸਦੀ, ਸਬਜ਼ੀਆਂ ਦੀਆਂ ਕੀਮਤਾਂ ਵਿੱਚ 29.32 ਫ਼ੀਸਦੀ ਅਤੇ ਦਾਲਾਂ ਦੀਆਂ ਕੀਮਤਾਂ ਵਿੱਚ 16.07-ਫੀ ਸਦ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਤੋਂ ਬਿਨਾਂ ਇੱਕ ਗਰੀਬ ਨੂੰ ਚੁੱਲ੍ਹਾ ਤਪਾਉਣ ਲਈ ਰਸੋਈ ਗੈਸ, ਬਾਲਣ ਅਤੇ ਪਾਣੀ ਦੀ ਲੋੜ ਹੁੰਦੀ ਹੈ। ਰਸੋਈ ਗੈਸ ਦੀਆਂ ਕੀਮਤਾਂ ਵੀ ਕਈ ਗੁਣਾਂ, ਵਾਰ-ਵਾਰ ਵਧਾਈਆਂ ਗਈਆਂ ਹਨ। ਅੱਜ ! ਪੰਜ ਜੀਆਂ ਦਾ ਪ੍ਰੀਵਾਰ ਜਿਹੜਾ ਇੱਕ ਦਿਨ 'ਚ 2 ਤੋਂ 2.5 ਡਾਲਰ ਕਮਾਉਂਦਾ ਹੈ, ਉਸ ਦਾ ਚੁੱਲ੍ਹਾ ਤਪਣਾ ਬਹੁਤ ਹੀ ਮੁਸ਼ਕਿਲ ਹੋ ਰਿਹਾ ਹੈ। ਭਾਵੇਂ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਦੇਸ਼ ਦੀ ਆਰਥਿਕ ਵਿਕਾਸ ਦਾ ਘੋੜਾ ਦੁਨੀਆਂ ਵਿੱਚ ਫਸਟ ਆਉਣ ਵਾਲੀ ਲਾਈਨ ਦੇ ਨੇੜੇ-ਤੇੜੇ ਪੁੱਜਣ ਦੀਆਂ ਸੀਟੀਆਂ ਵਜਾਈਆਂ ਜਾ ਰਹੀਆਂ ਨੇ, ਪਰ ! ਦੇਸ਼ ਦੇ 80 ਕਰੋੜ ਤੋਂ ਵੀ ਵੱਧ ਅਵਾਮ ਅਤਿ ਦੀ ਇਸ ਮਹਿੰਗਾਈ ਵਿੱਚ ਦੋ ਟੁੱਕ ਦੀ ਰੋਟੀ ਤੋਂ ਆਤੁਰ ਹੁਣ ਸਰਕਾਰੀ ਰੋਟੀ ਵੱਲ ਝਾਕਦੇ ਨਜ਼ਰ ਆਉਂਦੇ ਹਨ। ਅੱਜ ਮਹਿੰਗਾਈ ਵਿੱਚ ਇਹ ਵਾਧਾ ਉੱਪਰ ਨੂੰ ਟੀਸੀ ਵੱਲ ਜਾ ਰਿਹਾ ਹੈ। ਪਰ ! ਹਾਕਮੀ ਦਾਅਵੇ ਮਹਿੰਗਾਈ ਰੋਕਣ ਅਤੇ ਕਾਬੂ ਕਰਨ ਵਿੱਚ ਅਸਫ਼ਲ ਹੋਏ ਨਜ਼ਰ ਆਉਂਦੇ ਹਨ।

ਮੋਦੀ ਸਰਕਾਰ ਦੀਆਂ ਮੌਜੂਦਾ ਨੀਤੀਆਂ ਜੋ ਪੂੰਜੀਵਾਦੀ ਕਾਰਪੋਰੇਟੀ ਅਤਿ ਦੀ ਫਿਰਕਾ ਪ੍ਰਸਤ ਪੱਖੀ ਲੀਹਾਂ 'ਤੇ ਚਲ ਰਹੀਆਂ ਹਨ, ਉਹ ਹੁਣ ਦੇਸ਼ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਅਤੇ ਮਹਿੰਗਾਈ ਨੂੰ ਕਾਬੂ ਰੱਖਣ ਵਿੱਚ ਅਸਫ਼ਲ ਨਜ਼ਰ ਆ ਰਹੀਆਂ ਹਨ। ਸਗੋਂ 'ਤੇ ਸਰਕਾਰ ਦੀਆਂ ਇਨ੍ਹਾਂ ਨੁਕਸਦਾਰ ਨੀਤੀਆਂ ਕਾਰਨ ਹੀ ਦੇਸ਼ ਦੀ ਇੱਕ ਟ੍ਰਿਲੀਅਨ ਡਾਲਰ ਦੀ ਸਮੁੱਚੀ ਸੰਪਤੀ 71-ਅਰਬਪਤੀਆਂ ਦੇ ਕਬਜ਼ੇ ਵਿੱਚ ਇਕੱਠੀ ਹੋ ਗਈ ਹੈ। ਦੇਸ਼ ਦੀ ਪੂੰਜੀ ਦਾ ਵਹਾਅ ਇਨ੍ਹਾਂ ਅਰਬਪਤੀਆਂ ਦੇ ਹੱਕਾਂ 'ਚ ਇਕੱਠਾ ਹੋਣ ਕਾਰਨ, ਦੇਸ਼ ਦੀ ਮੰਡੀ ਵੀ ਇਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਹੈ। ਇਹੀ ਮੁੱਖ ਕਾਰਨ ਹੈ ਕਿ ਦੇਸ਼ ਅੰਦਰ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਗ੍ਰਾਫ ਦਾ ਉਪਰ ਜਾਣਾ ਅਤੇ ਵਧਣਾ ਇਨ੍ਹਾਂ ਦੇ ਹੱਥਾਂ ਵਿੱਚ ਹੈ। ਮੰਡੀ ਅੰਦਰ ਕਾਬਜ਼ ਇਹ ਪੂੰਜੀਪਤੀ ਇਨਪੁੱਟ ਲਾਗਤਾਂ 'ਚ ਵਾਧਾ ਕਰਕੇ ਮਹਿੰਗਾਈ ਦਾ ਇੱਕ ਚੱਕਰ ਚਲਾ ਰੱਖਦੇ ਹਨ। ਜਿਸ ਨਾਲ ਥੋਕ ਮੁੱਲ-ਸੂਚਕ ਅੰਕ ਮਹਿੰਗਾਈ ਉੱਪਰ ਹੀ ਜਾਂਦੀ ਰਹਿੰਦੀ ਹੈ। ਕਿਉਂਕਿ ਹਾਕਮਾਂ ਦੀ ਸਰਪ੍ਰਸਤੀ ਹੇਠ ਇਹ ਲੋਕ ਮਨਮਾਨੀਆਂ ਕਰਦੇ ਹਨ ਅਤੇ ਅਥਾਹ ਮੁਨਾਫ਼ਿਆਂ ਲਈ ਅਵਾਮ (ਆਮ ਲੋਕਾਂ) ਦਾ ਹਰ ਤਰ੍ਹਾਂ ਸ਼ੋਸ਼ਣ ਕਰਦੇ ਹਨ। "ਰਿਜ਼ਰਵ ਬੈਂਕ" ਦਾ ਮੰਨਣਾ ਹੈ, ਕਿ ਆਉਂਦੇ ਕੁਝ ਹਫਤਿਆਂ ਦੇ ਬਾਅਦ ਮਹਿੰਗਾਈ ਘੱਟ




ਸਕਦੀ ਹੈ। ਜਦਕਿ ਕੌਮੀ ਅੰਕੜਾ ਵਿਭਾਗ ਦੇ ਅਨੁਸਾਰ ਖਾਧ (ਖੁਰਾਕੀ ਵਸਤਾਂ) ਮਹਿੰਗਾਈ 9.36 ਫ਼ੀਸਦੀ ਤੱਕ ਪਹੁੰਚ ਗਈ ਹੈ, ਜੋ ਮਈ-2024 ਵਿੱਚ 8.69- ਫੀਸਦੀ ਸੀ। ਥੋਕ ਮਹਿੰਗਾਈ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਵੱਧ ਰਹੀ ਹੈ। ਅਜਿਹੀ ਮਹਿੰਗਾਈ ਨਾਲ ਤਰਾਹ-ਤਰਾਹ ਕਰ ਰਹੀ ਜਨਤਾ ਨੂੰ ਕਦੋਂ ਰਾਹਤ ਮਿਲੇ ਅਤੇ ਕਦੋਂ ਤੱਕ ਸੁਧਾਰ ਦੀਆਂ ਸੰਭਾਵਨਾਵਾਂ ਹੋਣਗੀਆਂ, ਦਾ ਸਰਕਾਰ ਨੇ ਕੋਈ ਵੀ ਤੇ ਕਿਸੇ ਵੀ ਪ੍ਰਕਾਰ ਦੀਆਂ ਕਿਆਸ ਅਰਾਈਆਂ ਦਾ ਕੋਈ ਵੀ ਪੇਸ਼ਬੰਦੀਆਂ ਨਹੀਂ ਕੀਤੀਆਂ ਹਨ ਅਤੇ ਨਾ ਹੀ ਸਰਕਾਰ ਨੂੰ ਅਜੇ ਇਸ ਦੀ ਕੋਈ ਵੀ ਚਿੰਤਾ ਜਾਪਦੀ ਹੈ। ਕੱਚੇ ਤੇਲ ਅਤੇ ਕੁਦਰਤੀ ਗੈਸ ਦੀਆਂ ਕੀਮਤਾਂ ਕਦੋਂ ਘਟਣਗੀਆਂ, ਦਾ ਵੀ ਕੋਈ ਪਤਾ ਨਹੀਂ ਹੈ ? ਸੰਸਾਰ ਵਿੱਚ ਅੱਜ ਜਿਸ ਤਰ੍ਹਾਂ ਸੰਘਰਸ਼ਾਂ ਦਾ ਹਾਲਾਤ 'ਤੇ ਮੰਦੀ ਦੀ ਦੌਰ ਮੰਡਰਾ ਰਿਹਾ ਹੈ, ਦੇ ਦੌਰਾਨ ਵੀ ਹਾਕਮਾਂ ਵੱਲੋਂ ਕੀਮਤਾਂ ਨੂੰ ਘਟਾਉਣ ਦਾ ਕੋਈ ਵੀ ਦਾਅਵਾ ਨਹੀਂ ਕੀਤਾ ਜਾ ਰਿਹਾ ਹੈ।

ਸਨਅਤੀ, ਉਸਾਰੀ ਖੇਤਰ ਅਤੇ ਬਿਜਲੀ ਖੇਤਰ ਵਿੱਚ ਵੀ ਮਹਿੰਗਾਈ ਵਧਣ ਦੇ ਆਸਾਰ ਸਾਫ਼ ਦਿਸ ਰਹੇ ਹਨ। ਇਸੇ ਤਰ੍ਹਾਂ ਕੋਲੇ ਦੇ ਉਤਪਾਦਨ ਵਿੱਚ ਵੀ ਵਿਕਾਸ ਦੀ ਦਰ ਸੁਸਤ ਹੀ ਹੈ। ਜਦੋਂ ਕਿ ਕੋਲੇ ਦੀ ਮੰਗ ਵਧੀ ਹੈ, ਤਾਂ ਇਹੋ ਜਿਹੇ ਸਮੇਂ ਵਿੱਚ ਬਿਜਲੀ ਦੇ ਉਤਪਾਦਨ ਉੱਪਰ ਇਸ ਦਾ ਦੂਰ-ਅਸਰ ਪੈਣਾ ਵੀ ਲਾਜ਼ਮੀ ਹੈ। ਉਸਾਰੀ ਸਨਅਤ ਵਿੱਚ ਲਾਗਤ 'ਤੇ ਖੁਦਰਾ ਮਹਿੰਗਾਈ 'ਤੇ ਅਸਰ ਪੈਣਾ ਵੀ ਲਾਜ਼ਮੀ ਹੈ। ਉਸਾਰੀ ਸਨਅਤ ਦੀ ਲਾਗਤ ਵਧਣ ਕਰਕੇ ਸਮੁੱਚੀ ਖੁਦਰਾ ਮਹਿੰਗਾਈ ਵੀ ਵਧਣੀ ਹੈ। ਜਦ ਕਿ ਕੋਲੇ 'ਤੇ ਬਿਜਲੀ ਦੀਆਂ ਕੀਮਤਾਂ ਵਧਣ ਦੇ ਨਾਲ ਵੀ, ਦੂਸਰੇ ਖੇਤਰਾਂ ਵਿੱਚ ਵੀ ਮਹਿੰਗਾਈ ਵਧਦੀ ਹੈ। ਇਸ ਤੋਂ ਪਤਾ ਚਲਦਾ ਹੈ, ਕਿ ਆਉਣ ਵਾਲੇ ਸਮੇਂ ਵਿੱਚ ਵੀ ਇਨ੍ਹਾਂ ਹਾਲਾਤਾਂ ਵਿੱਚ ਮਹਿੰਗਾਈ ਵਿੱਚ ਕੋਈ ਵੀ ਸੁਧਾਰ ਆਉਣ ਦੀ ਉਮੀਦ ਨਹੀਂ ਹੈ ਤੇ ਨਾ ਹੀ ਹਾਕਮ ਚਿੰਤਤ ਨਜ਼ਰ ਆਉਂਦੇ ਹਨ। ਕੀਮਤਾਂ ਵਿੱਚ ਹੋਰ ਵਾਧਾ ਹੋਵੇਗਾ ?

ਮਹਿੰਗਾਈ ਦਾ ਵੱਡਾ ਕਾਰਨ ਵਿਕਾਸ ਦਰ ਵਿੱਚ (ਅਸੰਤੁਲਨ) ਆਸਾਵਾਂਪਣ ਵੀ ਹੈ। ਕੁਝ ਖੇਤਰਾਂ ਵਿੱਚ ਵਿਕਾਸ ਦਰ ਕਾਫ਼ੀ ਉੱਚੀ ਹੈ ਤੇ ਕੁਝ ਵਿੱਚ ਬਿਲਕੁਲ ਹੇਠਾਂ ਹੈ ਜੋ ਥੋਕ ਮਹਿੰਗਾਈ ਵਧਣ ਦਾ ਕਾਰਨ ਹੈ ਜਿਸ ਦਾ ਖੁਦਰਾ ਮਹਿੰਗਾਈ ਉੱਪਰ ਉਸ ਦਾ ਸਿੱਧਾ ਅਸਰ ਪਏਗਾ। ਪਰੰਤੂ, ਜੇਕਰ ਚੀਜ਼ਾਂ ਦੇ ਉਤਪਾਦਨ 'ਤੇ ਲਾਗਤ ਵਧੇਗੀ ਤਾਂ ! ਖੁਦਰਾ ਵਸਤੂਆਂ (ਚੀਜ਼ਾਂ) ਦੇ ਭਾਅ (ਕੀਮਤਾਂ) ਵੀ ਉਸ ਦੇ ਅਨੁਪਾਤ ਵਿੱਚ ਹੋਰ ਵੀ ਜ਼ਿਆਦਾ ਉੱਪਰ ਜਾਣਗੀਆਂ ਤੇ ਫਿਰ ਮਹਿੰਗਾਈ ਵਧੇਗੀ। ਮਹਿੰਗਾਈ ਦਾ ਵਧਣਾ ਕਿਆਸੀ ਥੋਕ ਮੁੱਲ ਸੂਚਕ ਅੰਕ ਦੇ ਅਧਾਰ 'ਤੇ ਕੀਤਾ ਜਾਂਦਾ ਹੈ। ਜਦ ਕਿ ਮਹਿੰਗਾਈ ਉਸ ਤੋਂ ਵੱਧ ਹੁੰਦੀ ਹੈ। ਇਸ ਲਈ ਜਦੋਂ ਸਰਕਾਰੀ ਅੰਕੜਿਆਂ ਵਿੱਚ ਮਹਿੰਗਾਈ ਦੀ ਦਰ ਦਾ ਪੱਧਰ ਘਟਿਆ ਹੋਇਆ ਦਰਜ ਹੁੰਦਾ ਨਜ਼ਰ ਆਉਂਦਾ ਹੈ ਤਦ ਵੀ ਆਮ ਖਪਤਕਾਰ ਨੂੰ ਕੋਈ ਵੀ ਰਾਹਤ ਮਹਿਸੂਸ ਨਹੀਂ ਹੁੰਦੀ। ਭਾਵ ਮਹਿੰਗਾਈ ਘਟੀ ਹੋਈ ਨਹੀਂ ਲੱਗਦੀ। ਕਿਉਂਕਿ ਅਮਲ ਵਿੱਚ ਅਜਿਹਾ ਸਾਹਮਣੇ ਨਹੀਂ ਹੁੰਦਾ ਅਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਮਹਿੰਗੀਆਂ ਹੀ ਹੁੰਦੀਆਂ ਹਨ।18-ਵੀਂ ਲੋਕ ਸਭਾ ਦੀ 2024 ਦੀਆ ਦੀਆਂ ਚੋਣਾਂ ਵਿੱਚ ਵਿਰੋਧੀ ਧਿਰ ਵਲੋਂ "ਮਹਿੰਗਾਈ ਅਤੇ ਬੇਰੁਜ਼ਗਾਰੀ" ਦੇ ਮੁੱਦੇ ਨੂੰ ਚੁੱਕਿਆ ਗਿਆ ਹੈ ਤੇ ਮੋਦੀ ਸਰਕਾਰ ਤੋਂ ਪਿਛਲੇ ਦਸਾਂ ਸਾਲਾਂ ਵਿੱਚ 'ਮਹਿੰਗਾਈ ਤੇ ਬੇਰੁਜ਼ਗਾਰੀ' ਨੂੰ ਨਾ ਰੋਕਣ ਦੇ ਕਾਰਨਾਂ ਨੂੰ ਪੁੱਛਿਆ ਜਾਂਦਾ ਰਿਹਾ ਹੈ। ਇਸ ਤੋਂ ਪਤਾ ਲਗਦਾ ਹੈ, ਕਿ ਇਸ ਨਵੀਂ ਸੰਸਦ ਵਿੱਚ ਵਿਰੋਧੀ ਧਿਰਾਂ ਇਸ ਮੁੱਦੇ ਨੂੰ ਲੈ ਕੇ ਮੋਦੀ ਸਰਕਾਰ ਦੇ ਵਿਰੁੱਧ ਵੱਧ ਰਹੀ ਮਹਿੰਗਾਈ ਅਤੇ ਬੇਰੁਜ਼ਗਾਰੀ ਵਿਰੁੱਧ ਫਿਰ ਤਿੱਖੇ ਵਾਰ ਕਰੇਗੀ। ਅੱਜ ! ਦੇਸ਼ ਵਿੱਚ ਇੱਕ ਅਜੀਬ ਜਿਹਾ ਸੰਤੁਲਨ ਹੈ ? ਇੱਕ ਪਾਸੇ ਮੋਦੀ ਸਰਕਾਰ ਕਹਿ ਰਹੀ ਹੈ, 'ਕਿ ਦੇਸ਼ ਦੀ ਅਰਥ-ਵਿਵਸਥਾ ਅੱਗੇ ਵੱਧ ਰਹੀ ਹੈ; ਜਦ ਕਿ ਦੇਸ਼ ਵਿੱਚ 'ਮਹਿੰਗਾਈ ਤੇ ਬੇਰੁਜ਼ਗਾਰੀ' ਦਾ ਮੁੱਦਾ ਸਮੁੱਚੇ ਲੋਕਾਂ ਲਈ ਇੱਕ ਚੁਨੌਤੀ ਬਣਿਆ ਹੋਇਆ ਹੈ। ਦੇਸ਼ ਵਿੱਚ ਵੱਧ ਰਹੀ ਮਹਿੰਗਾਈ ਨੂੰ ਹੇਠਾਂ ਲਿਆਉਣਾ ਬਹੁਤ ਜ਼ਰੂਰੀ ਹੈ ! ਕਿ ਬਜ਼ਾਰ ਵਿੱਚ (ਵਸਤਾਂ) ਚੀਜ਼ਾਂ ਦੇ ਪ੍ਰਵਾਹ 'ਚ ਵਾਧਾ ਹੋਵੇ। ਪਰੰਤੂ-ਬੇਰੁਜ਼ਗਾਰੀ ਵਧਣੀ, ਪ੍ਰਤੀ ਵਿਅਕਤੀ ਆਮਦਨ ਘਟਣੀ ਤੇ ਕਿਰਤੀ ਸ਼ਕਤੀ ਦੇ ਘੱਟ ਜਾਣ ਨਾਲ ਵੀ ਬਜ਼ਾਰ ਵਿੱਚ ਸੰਤੁਲਨ ਨਹੀਂ ਬਣ ਰਿਹਾ ਹੈ। ਜਦੋਂ ਕਿਰਤ ਮੰਡੀ ਵਿੱਚ ਰੁਜ਼ਗਾਰ ਹੀ ਨਹੀਂ ਮਿਲ ਰਿਹਾ, ਕਿਰਤੀ ਦੇ ਜੇਬ ਵਿੱਚ ਪੈਸਾ ਨਹੀਂ ਆ ਰਿਹਾ, ਤਾਂ ਮੰਡੀ ਦਾ ਮਾਲ ਕੌਣ ਖ਼ਰੀਦੇਗਾ ? ਮੰਦਾ ਸਾਹਮਣੇ ਦਿਸੇਗਾ ! ਮਹਿੰਗਾਈ 'ਤੇ ਮੁਨਾਫ਼ਾ ਅੱਗੇ ਵਧੇਗਾ। ਦੂਸਰਾ ਜਦੋਂ ਮੌਸਮ ਦੇ ਮੁਤਾਬਿਕ ਫਸਲ ਪੱਕਦੀ ਹੈ ਤੇ ਮੰਡੀ ਵਿੱਚ ਵੇਚੀ ਜਾਣ ਸਮੇਂ ਵੀ 'ਤੇ ਖਾਣ-ਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਦਾ ਵਧਣਾ ਵੀ ਜਾਰੀ ਰਹਿੰਦਾ ਹੋਵੇ। ਦੂਸਰੇ ਪਾਸੇ ਕਿਸਾਨ ਵੀ ਆਪਣੀਆਂ ਫਸਲਾਂ ਦੀਆਂ ਕੀਮਤਾਂ ਪੂਰੀਆਂ ਅਤੇ ਸਮੇਂ ਸਿਰ ਪੈਸੇ ਨਾ ਮਿਲਣ ਨਾਲ ਵੀ ਪਰੇਸ਼ਾਨ ਰਹਿੰਦੇ ਹੋਣ। ਮੌਸਮ ਦੀ ਖਰਾਬੀ ਕਾਰਨ ਫਸਲਾਂ ਦੇ ਤਬਾਹ ਹੋਣ ਕਾਰਨ, ਇੱਕ ਪਾਸੇ ਕਿਸਾਨ ਆਰਥਿਕ ਮੰਦੀ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਦੂਸਰਾ ਉਸ ਨੂੰ ਫਸਲ ਦੇ ਨੁਕਸਾਨ ਹੋਣ ਦੇ ਬਰਾਬਰ ਮੁਆਵਜ਼ਾ ਨਾ ਮਿਲਣ ਕਾਰਨ ਤੇ ਤੀਸਰਾ ਵੱਧ ਰਹੀ ਮਹਿੰਗਾਈ ਕਾਰਨ ਆਪਣੇ ਪ੍ਰੀਵਾਰਾਂ ਦਾ ਗੁਜ਼ਾਰਾ ਵੀ ਮੁਸ਼ਕਿਲ ਨਾਲ ਕਰਦਾ ਹੋਵੇ ? ਫਿਰ ਦੇਸ਼ ਵਿੱਚ ਮੰਦੀ ਦੀਆਂ ਨਿਸ਼ਾਨੀਆਂ ਫਿਰ ਹੋਰ ਕੀ ਹੋ ਸਕਦੀਆਂ ਹਨ।

(ਬਾਕੀ ਸਫ਼ਾ 31 'ਤੇ)




# ਸਿੱਖ ਪੰਥ ਬਨਾਮ ਸ਼੍ਰੋਮਣੀ ਅਕਾਲੀ ਦਲ

## ਕਿੰਨੀ ਕੁ ਕਾਮਯਾਬ ਹੋਵੇਗੀ ਸ਼੍ਰੋਮਣੀ ਅਕਾਲੀ ਦਲ ਨੂੰ ਬਚਾਉਣ ਦੀ ਕਵਾਇਦ?






ਭਾਰਤ ਵਿੱਚ ਕਾਂਗਰਸ ਤੋਂ ਬਾਅਦ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਅੱਜ ਜੋ ਹਾਲ ਹੋ ਰਿਹਾ ਹੈ, ਉਹ ਸਭ ਦੇ ਸਾਹਮਣੇ ਹੈ। ਇਸ ਸਮੇਂ ਪੰਜਾਬ ਵਿੱਚ ਅਨੇਕਾਂ ਅਕਾਲੀ ਗੁੱਟ ਸਰਗਰਮ ਹਨ, ਜਿਹਨਾਂ ਵਿੱਚੋਂ ਬਾਦਲ ਅਕਾਲੀ ਦਲ ਅਤੇ ਮਾਨ ਅਕਾਲੀ ਦਲ ਇਸ ਸਮੇਂ ਪ੍ਰਮੁੱਖ ਹਨ। ਬਾਦਲ ਅਕਾਲੀ ਦਲ ਇਸ ਸਮੇਂ ਦੋ ਧੜਿਆਂ ਵਿੱਚ ਵੰਡਿਆ ਹੋਇਆ ਹੈ। ਇਸ ਦੌਰਾਨ ਆਮ ਸਿੱਖ ਸਵਾਲ ਕਰ ਰਹੇ ਹਨ ਕਿ ਧੜਿਆਂ ਵਿੱਚ ਵੰਡੇ ਅਕਾਲੀ ਗੁੱਟਾਂ ਵਿਚਾਲੇ ਅਸਲੀ ਸ਼੍ਰੋਮਣੀ ਅਕਾਲੀ ਦਲ ਕਿੱਥੇ ਗਿਆ ? ਅਤੇ ਸ਼੍ਰੋਮਣੀ ਅਕਾਲੀ ਦਲ ਦਾ ਪੰਥਕ ਚਿਹਰਾ ਅਲੋਪ ਕਿਉਂ ਹੋ ਗਿਆ ? ਇਹ ਕੁਝ ਅਜਿਹੇ ਅਣਸੁਲਝੇ ਸਵਾਲ ਹਨ, ਜਿਹਨਾਂ ਦੇ ਜਵਾਬ ਅਜੇ ਮਿਲਣੇ ਬਾਕੀ ਹਨ।

ਅਕਾਲੀ ਦਲ ਦੇ ਕਈ ਧੜੇ ਜਾਂ ਗੁੱਟ ਹੋਣ ਕਾਰਨ ਅਸਲੀ ਅਕਾਲੀ ਦਲ ਉਸ ਨੂੰ ਕਿਹਾ ਜਾਂਦਾ ਹੈ, ਜੋ ਅਕਾਲੀ ਧੜਾ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਵੇ ਅਤੇ ਜਿਸ ਅਕਾਲੀ ਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਹੋਵੇ। ਪੰਜਾਬ ਵਿੱਚ ਸੱਤਾ ਦਾ ਸੁੱਖ ਅਕਾਲੀ ਦਲ ਬਾਦਲ ਲੰਬਾ ਸਮਾਂ ਭੋਗਦਾ ਰਿਹਾ ਹੈ। ਇਸ ਸਮੇਂ ਭਾਵੇਂ ਬਾਦਲ ਅਕਾਲੀ ਦਲ ਪੰਜਾਬ ਦੀ ਸੱਤਾ ਤੋਂ ਦੂਰ ਹੈ ਪਰ ਸ਼੍ਰੋਮਣੀ ਕਮੇਟੀ 'ਤੇ ਬਾਦਲ ਦਲ ਦਾ ਕਬਜ਼ਾ ਕਿਹਾ ਜਾਂਦਾ ਹੈ। ਲੋਕ ਸਭਾ ਚੋਣਾਂ ਦੌਰਾਨ ਬਾਦਲ ਦਲ ਦਾ ਸਿਰਫ਼ ਇੱਕੋ ਹੀ ਉਮੀਦਵਾਰ ਜਿੱਤਣ ਅਤੇ ਵੱਡੀ ਗਿਣਤੀ ਅਕਾਲੀ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਣ ਕਾਰਨ ਬਾਦਲ ਦਲ ਵੀ ਹਾਸ਼ੀਏ 'ਤੇ ਚਲਾ ਗਿਆ। ਬਾਦਲ ਦਲ ਨੇ ਬਠਿੰਡਾ ਸੀਟ ਜਿੱਤ ਕੇ ਆਪਣਾ ਘਰ ਤਾਂ ਬਚਾ ਲਿਆ ਪਰ ਪੰਜਾਬ ਗੁਆ ਲਿਆ। ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਨਵੀਂ ਪੰਥਕ ਧਿਰ ਦਾ ਉਭਾਰ ਹੋਇਆ, ਜਿਸ ਕਰਕੇ ਖਡੂਰ ਸਾਹਿਬ ਤੋਂ ਭਾਈ ਅੰਮ੍ਰਿਤਪਾਲ ਸਿੰਘ ਅਤੇ ਫਰੀਦਕੋਟ ਤੋਂ ਭਾਈ ਸਰਬਜੀਤ ਸਿੰਘ ਖ਼ਾਲਸਾ ਚੋਣ ਜਿੱਤ ਗਏ। ਦੋਵੇਂ ਹੀ ਸੰਸਦ ਮੈਂਬਰ ਨੌਜਵਾਨ ਸਿੱਖ ਆਗੂ ਹਨ। ਇਹਨਾਂ ਦੋਵਾਂ ਨੌਜਵਾਨ ਆਗੂਆਂ ਨੂੰ ਪੰਜਾਬੀਆਂ ਦਾ ਸਮਰਥਨ ਮਿਲਣ ਕਾਰਨ ਅਤੇ ਇਹਨਾਂ ਦੋਵਾਂ ਆਗੂਆਂ ਦੇ ਸੰਸਦ ਮੈਂਬਰ ਬਣਨ ਨਾਲ ਪੰਜਾਬ ਦੀ ਪੰਥਕ ਸਿਆਸਤ ਦਾ ਚਿਹਰਾ ਮੋਹਰਾ ਹੀ ਬਦਲ ਗਿਆ ਅਤੇ ਪੰਜਾਬ ਦੀ ਪੰਥਕ ਸਿਆਸਤ ਵਿੱਚ ਨਵੇਂ ਸਮੀਕਰਨ ਬਣਨ ਲੱਗੇ। ਭਾਈ ਅੰਮ੍ਰਿਤਪਾਲ ਸਿੰਘ ਸਾਂਸਦ ਬਣਨ ਦੇ ਬਾਵਜੂਦ ਅਜੇ ਤੱਕ ਜੇਲ੍ਹ ਵਿੱਚ ਹਨ। ਸਾਂਸਦ ਭਾਈ ਸਰਬਜੀਤ ਸਿੰਘ ਖ਼ਾਲਸਾ ਪੂਰੀ ਤਰ੍ਹਾਂ ਸਿਆਸਤ ਖਾਸ ਤੌਰ 'ਤੇ ਪੰਥਕ ਸਿਆਸਤ ਵਿੱਚ ਸਰਗਰਮ ਹਨ।

ਸ਼੍ਰੋਮਣੀ ਅਕਾਲੀ ਦੇ ਧੜਿਆਂ ਵਿੱਚ ਵੰਡੇ ਜਾਣ ਕਰਕੇ ਆਮ ਅਕਾਲੀ ਵਰਕਰ ਨਿਰਾਸ਼ ਹੋ ਕੇ ਘਰਾਂ ਵਿੱਚ ਬੈਠ ਗਏ ਹਨ, ਕਿਉਂਕਿ ਉਹਨਾਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਕਿਸ ਅਕਾਲੀ ਧੜੇ ਦਾ ਸਮਰਥਨ ਕਰਨ। ਇਸ ਤੋਂ ਇਲਾਵਾ ਆਮ ਸਿੱਖ ਵੀ ਅਕਾਲੀ ਦਲ ਦੇ ਧੜਿਆਂ ਵਿੱਚ ਵੰਡੇ ਜਾਣ ਅਤੇ ਪੰਜਾਬ ਦੀ ਸਿਆਸਤ ਵਿੱਚ ਹਾਸ਼ੀਏ 'ਤੇ ਪਹੁੰਚ ਜਾਣ ਕਾਰਨ ਦੁਖੀ ਹਨ। ਇਹ ਆਮ ਸਿੱਖ ਅਸਲ ਵਿੱਚ 'ਪੰਥਕ ਵੋਟਾਂ' ਹਨ। ਇਹਨਾਂ ਸਿੱਖਾਂ ਵਿੱਚ ਸਰਕਾਰੀ ਤੇ ਗੈਰ ਸਰਕਾਰੀ ਨੌਕਰੀਆਂ ਕਰਨ ਵਾਲੇ ਸਿੱਖ ਤੇ ਉਹਨਾਂ ਦੇ ਪਰਿਵਾਰ ਸ਼ਾਮਲ ਹਨ। ਇਹ ਸਿੱਖ ਸਿਆਸਤ ਵਿੱਚ ਸਿੱਧੇ ਤੌਰ 'ਤੇ ਸਰਗਰਮ ਨਹੀਂ ਹੁੰਦੇ ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਦਾ ਖੁਲ ਕੇ ਸਮਰਥਨ ਕਰਦੇ ਹਨ ਪਰ ਚੋਣਾਂ ਵੇਲੇ ਇਹ ਆਪਣੀ ਵੋਟ ਜ਼ਰੂਰ ਚੁੱਪ ਚਪੀਤੇ ਹੀ ਪੰਥਕ ਉਮੀਦਵਾਰਾਂ ਨੂੰ ਪਾ ਦਿੰਦੇ ਹਨ। ਅਜਿਹੇ ਸਿੱਖਾਂ ਨੂੰ 'ਪੰਥਕ ਵੋਟਾਂ'




ਕਿਹਾ ਜਾਂਦਾ ਹੈ, ਜੋ ਕਿ ਕਿਸੇ ਸਮੇਂ ਅਕਾਲੀ ਦਲ ਦਾ ਮਜ਼ਬੂਤ ਆਧਾਰ ਸਨ। ਇਹਨਾਂ ਪੰਥਕ ਵੋਟਾਂ ਦੇ ਸਿਰ 'ਤੇ ਹੀ ਸ਼੍ਰੋਮਣੀ ਅਕਾਲੀ ਦਲ ਅਨੇਕਾਂ ਵਾਰ ਪੰਜਾਬ ਵਿੱਚ ਅਕਾਲੀ ਸਰਕਾਰ ਬਣਾਉਣ ਵਿੱਚ ਕਾਮਯਾਬ ਹੁੰਦਾ ਆਇਆ ਹੈ। ਇਹਨਾਂ ਪੰਥਕ ਵੋਟਾਂ ਲਈ ਚੋਣ ਲੜ ਰਿਹਾ ਉਮੀਦਵਾਰ ਕੋਈ ਵੀ ਹੋਵੇ, ਉਹਨਾਂ ਨੇ ਤਾਂ ਸਿਰਫ਼ ਪੰਥ ਦੇ ਨਾਂਅ 'ਤੇ 'ਤਕੜੀ' ਚੋਣ ਨਿਸ਼ਾਨ ਨੂੰ ਵੋਟ ਪਾ ਦੇਣੀ ਹੁੰਦੀ ਹੈ। ਜਦੋਂ ਤਕ ਅਕਾਲੀ ਦਲ ਦਾ ਸਰੂਪ 'ਪੰਥਕ' ਰਿਹਾ ਤਾਂ ਇਹ 'ਪੰਥਕ ਵੋਟਾਂ' ਅਕਾਲੀ ਦਲ ਦੀਆਂ 'ਪੱਕੀਆਂ ਵੋਟਾਂ' ਸਨ ਪਰ ਜਦੋਂ 1996 ਵਿੱਚ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਮੋਗਾ ਰੈਲੀ ਦੌਰਾਨ ਅਕਾਲੀ ਦਲ ਦੇ 'ਪੰਥਕ ਸਰੂਪ' ਨੂੰ ਤਿਆਗ ਕੇ ਇਸ ਨੂੰ ਪੰਜਾਬੀ ਪਾਰਟੀ ਹੋਣ ਦਾ ਐਲਾਨ ਕਰ ਦਿੱਤਾ ਤਾਂ ਇਹ 'ਪੰਥਕ ਵੋਟਾਂ' ਹੌਲ਼ੀ ਹੌਲ਼ੀ ਆਪਣੀ ਹੀ ਮੂਲ 'ਪੰਥਕ ਪਾਰਟੀ' ਸ਼੍ਰੋਮਣੀ ਅਕਾਲੀ ਦਲ ਤੋਂ ਹੀ ਦੂਰ ਹੁੰਦੀਆਂ ਗਈਆਂ। ਇਹਨਾਂ 'ਪੰਥਕ ਵੋਟਾਂ' ਦੇ ਸ਼੍ਰੋਮਣੀ ਅਕਾਲੀ ਦਲ ਤੋਂ ਦੂਰ ਹੋਣ ਦਾ ਫ਼ਾਇਦਾ ਹੋਰਨਾਂ ਸਿਆਸੀ ਪਾਰਟੀਆਂ ਨੇ ਉਠਾਇਆ ਅਤੇ ਇਹਨਾਂ 'ਪੰਥਕ ਵੋਟਾਂ' ਦੀ ਹਮਾਇਤ ਨਾਲ ਹੀ ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਜਿੱਤ ਗਈ ਅਤੇ ਪੰਜਾਬ ਵਿੱਚ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਈ। 'ਪੰਥਕ ਵੋਟਾਂ' ਦੇ ਹੋਰਨਾਂ ਸਿਆਸੀ ਪਾਰਟੀਆਂ ਵੱਲ ਉਲਾਰ ਹੋਣ ਦਾ ਸ਼੍ਰੋਮਣੀ ਅਕਾਲੀ ਦਲ ਨੂੰ ਤਗੜਾ ਘਾਟਾ ਪਿਆ, ਜਿਸ ਕਾਰਨ ਉਹ ਮੌਜੂਦਾ ਸਥਿਤੀ ਵਿੱਚ ਪਹੁੰਚ ਗਿਆ ਹੈ। ਸਿੱਖ ਦੁਨੀਆਂ ਦੇ ਕਿਸੇ ਵੀ ਇਲਾਕੇ ਵਿੱਚ ਰਹਿੰਦੇ ਹੋਣ ਪਰ ਉਹਨਾਂ ਦੇ 'ਪੇਕੇ' ਪੰਜਾਬ ਵਿੱਚ ਹੀ ਹੁੰਦੇ ਹਨ। ਇਹ ਹੀ ਕਾਰਨ ਹੈ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਵਿੱਚ ਆਏ ਨਿਘਾਰ ਕਾਰਨ ਦੇਸ਼- ਵਿਦੇਸ਼ ਵਿੱਚ ਬੈਠੇ ਵੱਡੀ ਗਿਣਤੀ ਸਿੱਖ ਵੀ ਨਿਰਾਸ਼ ਹਨ। ਵਿਦੇਸ਼ਾਂ ਵਿੱਚ ਬੈਠੇ ਅਨੇਕਾਂ ਸਿੱਖ ਵੀ ਅਕਾਲੀ ਦਲ ਨੂੰ 'ਪੰਥਕ ਸਿਆਸੀ ਪਾਰਟੀ' ਸਮਝਦੇ ਰਹੇ ਹਨ ਭਾਵੇਂ ਕਿ ਵਿਦੇਸ਼ਾਂ ਵਿੱਚ ਬੈਠੇ ਸਿੱਖ ਪੰਜਾਬ ਵਿੱਚ ਸਰਗਰਮ ਨੌਜਵਾਨ ਪੰਥਕ ਆਗੂਆਂ ਨੂੰ ਵਧੇਰੇ ਹਮਾਇਤ ਦਿੰਦੇ ਹਨ। ਇਸ ਦੇ ਬਾਵਜੂਦ ਨਰਮ ਸੁਰ ਰੱਖਣ ਵਾਲੇ ਆਮ ਸਿੱਖ ਅਕਾਲੀ ਦਲ ਨੂੰ ਹੀ 'ਪੰਥਕ ਪਾਰਟੀ' ਸਮਝਦੇ ਰਹੇ ਹਨ ਪਰ ਹੁਣ ਇਹ ਸਿੱਖ ਵੀ ਕਹਿਣ ਲੱਗ ਪਏ ਹਨ ਕਿ ਸ਼੍ਰੋਮਣੀ ਅਕਾਲੀ ਦਲ ਉਹਨਾਂ ਦੀਆਂ ਆਸਾਂ ਤੇ ਉਮੀਦਾਂ 'ਤੇ ਖਰਾ ਨਹੀਂ ਉਤਰਿਆ। ਇਹੋ ਕਾਰਨ ਹੈ ਕਿ ਪੰਜਾਬ ਦੇ ਨਾਲ ਨਾਲ ਵਿਦੇਸ਼ਾਂ ਵਿੱਚ ਵੀ ਆਮ ਸਿੱਖ ਸ਼੍ਰੋਮਣੀ ਅਕਾਲੀ ਦਲ ਤੋਂ ਦੂਰ ਹੁੰਦੇ ਗਏ।

ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਇਸ ਸਮੇਂ ਇਹ ਪਾਰਟੀ ਆਪਣੇ ਹੀ ਆਗੂਆਂ ਤੋਂ ਸਿਆਸੀ ਕੁਰਬਾਨੀ ਮੰਗ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਨੂੰ ਕਾਇਮ ਰੱਖਣ ਲਈ ਹੁਣ ਵੱਡੇ ਅਕਾਲੀ ਨੇਤਾਵਾਂ ਨੂੰ ਸਿਆਸੀ ਕੁਰਬਾਨੀ ਦੇਣ ਅਤੇ ਕੁਰਸੀ ਮੋਹ ਤਿਆਗਣ ਦੀ ਲੋੜ ਹੈ। ਅਕਾਲੀ ਦਲ ਦੇ ਸਾਰੇ ਧੜਿਆਂ ਦੇ ਮੁੱਖ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਪੰਥ ਦੀ ਆਵਾਜ਼ ਨੂੰ ਸੁਣਨ ਅਤੇ ਪੰਥਕ ਹਿੱਤਾਂ ਲਈ ਖੁਦ ਪਾਸੇ ਹੋ ਜਾਣ ਅਤੇ ਨੌਜਵਾਨ ਪੰਥਕ ਆਗੂਆਂ ਨੂੰ ਅੱਗੇ ਆਉਣ ਦੇਣ। ਤਬਦੀਲੀ ਸਮੇਂ ਦਾ ਨਿਯਮ ਹੈ, ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵਿੱਚ ਵੀ ਤਬਦੀਲੀ ਦੀ ਲੋੜ ਮਹਿਸੂਸ ਹੋ ਰਹੀ ਹੈ। ਸਭ ਤੋਂ ਵੱਡੀ ਲੋੜ ਤਾਂ ਅਕਾਲੀ ਆਗੂਆਂ ਨੂੰ ਆਪਣੇ ਅਹੁਦਿਆਂ ਦੀ ਕੁਰਬਾਨੀ ਦੇਣ ਦੀ ਹੈ। ਜਿਹੜੇ ਅਕਾਲੀ ਆਗੂ ਸਮੇਂ ਤੇ ਪੰਥ ਦੀ ਆਵਾਜ਼ ਚੁਣਦਿਆਂ ਸਹੀ ਫ਼ੈਸਲਾ ਲੈ ਲੈਣਗੇ, ਉਹਨਾਂ ਦਾ ਨਾਂਅ ਇਤਿਹਾਸ ਵਿੱਚ ਗੂੰਜੇਗਾ। ਇਸ ਸਮੇਂ ਸਭ ਤੋਂ ਵੱਡੀ ਲੋੜ ਤਾਂ ਸ਼੍ਰੋਮਣੀ ਅਕਾਲੀ ਦਲ ਦਾ 'ਪੰਥਕ ਸਰੂਪ' ਬਹਾਲ ਕਰਨ ਦੀ ਹੈ। ਜੇ ਅਕਾਲੀ ਦਲ ਮੁੜ 'ਪੰਥਕ ਪਾਰਟੀ' ਬਣ ਜਾਂਦਾ ਹੈ ਤਾਂ ਇਸ ਤੋਂ ਦੂਰ ਹੋਈਆਂ 'ਪੰਥਕ ਵੋਟਾਂ' ਵੀ ਮੁੜ ਅਕਾਲੀ ਦਲ ਦੀ ਝੋਲੀ ਪੈ ਸਕਦੀਆਂ ਹਨ। ਇਸ ਲਈ ਅਕਾਲੀ ਆਗੂਆਂ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਪੰਥ ਦੀ ਚੜ੍ਹਦੀਕਲਾ ਲਈ ਫ਼ੈਸਲੇ ਲੈਣੇ ਚਾਹੀਦੇ ਹਨ।






# ਮਨੁੱਖੀ ਸੱਭਿਅਤਾ ਲਈ ਲਾਭਦਾਇਕ ਵੀ ਹੈ ਆਰਟੀਫ਼ੀਸ਼ਲ ਇੰਟੈਲੀਜੈਂਸ









ਡਾ. ਪਰਮਜੀਤ ਸਿੰਘ ਢੀਂਗਰਾ

ਅੱਜ ਦਾ ਵਿਗਿਆਨਕ ਦੌਰ ਨਵੀਆਂ ਤਕਨੀਕਾਂ ਤੇ ਬੁੱਧੀ ਦੀ ਸਿਖਰ ਨਾਲ ਪ੍ਰਣਾਇਆ ਹੋਇਆ ਹੈ। ਜਦੋਂ ਵੀ ਕੋਈ ਨਵੀਂ ਵਿਗਿਆਨਕ ਪਹੁੰਚ ਈਜਾਦ ਹੁੰਦੀ ਹੈ ਤਾਂ ਉਸ ਦੇ ਹੱਕ ਤੇ ਵਿਰੋਧ ਵਿੱਚ ਦੋ ਸਮਾਂਤਰ ਧਾਰਾਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਹੱਕ ਵਿੱਚ ਖੜ੍ਹੀ ਧਾਰਾ ਦਾ ਮੱਤ ਹੁੰਦਾ ਹੈ ਕਿ ਨਵੀਂ ਈਜਾਦ ਦੇ ਬੁਨਿਆਦੀ ਪੱਖਾਂ ਨੂੰ ਮਨੁੱਖ ਦੀ ਭਲਾਈ ਨਾਲ ਜੋੜ ਕੇ ਇਸ ਦਾ ਸਾਕਾਰਾਤਮਕ ਮੁੱਢ ਬੰਨ੍ਹਿਆ ਜਾਵੇ ਜਦ ਕਿ ਵਿਰੋਧੀ ਪੱਖ ਵਾਲੇ ਇਸ ਦੇ ਨਾਕਾਰਾਤਮਕ ਪੱਖਾਂ ’ਤੇ ਧਿਆਨ ਕੇਂਦਰਤ ਕਰਕੇ ਇਨ੍ਹਾਂ ਵਿਚੋਂ ਮਨੁੱਖ ਮਾਰੂ ਘਟਕਾਂ ਨੂੰ ਲਿਆ ਕੇ ਡਰ ਪੈਦਾ ਕਰ ਦਿੰਦੇ ਹਨ। ਮਸਨੂਈ ਲਿਆਕਤ (ਆਰਟੀਫ਼ੀਸ਼ੀਅਲ ਇੰਟੈਲੀਜੈਂਸ ਜਾਂ ਏ.ਆਈ.) ਨਾਲ ਵੀ ਅਜਿਹਾ ਹੀ ਹੋ ਰਿਹਾ ਹੈ।

ਅੱਜ ਵਿਦਵਾਨ ਇਸ ਦੇ ਚੰਗੇ, ਮਾੜੇ ਪੱਖਾਂ ਨੂੰ ਵਿਚਾਰ ਕੇ ਇਸ ਦੇ ਬਾਰੇ ਸਮਝ ਬਣਾਉਣ ਦੀ ਥਾਂ ਇਸ ਮੁੱਦੇ ’ਤੇ ਉਲਝੇ ਨਜ਼ਰ ਆ ਰਹੇ ਹਨ। ਇਸ ਦੇ ਚੰਗੇ ਪੱਖਾਂ ਨੂੰ ਭਵਿੱਖ ਦੀ ਉਮੀਦ ਵਜੋਂ ਪਰਿਭਾਸ਼ਤ ਕੀਤਾ ਜਾ ਰਿਹਾ ਹੈ ਜਦ ਕਿ ਮਾੜੇ ਪੱਖਾਂ ਨੂੰ ਮਨੁੱਖੀ ਭਵਿੱਖ ਦੇ ਖ਼ਤਰੇ ਵਜੋਂ ਲਿਆ ਜਾ ਰਿਹਾ ਹੈ। ਆਮ ਬੰਦੇ ਦੀ ਸਮਝ ਵਿੱਚ ਨਹੀਂ ਆ ਰਿਹਾ ਕਿ ਮਸਨੂਈ ਲਿਆਕਤ ਹੈ ਕੀ ਬਲਾ ? ਇਹ ਅਸਲ ਵਿੱਚ ਕੋਈ ਨਵੀਂ ਸ਼ੈਅ ਨਹੀਂ। ਜਦੋਂ ਕੰਪਿਊਟਰ ਦੀ ਕਾਢ ਨਿਕਲੀ ਸੀ ਤਾਂ ਲੋਕਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਇਹ ਏਨੇ ਕੰਮ ਏਨੀ ਤੇਜ਼ੀ ਤੇ ਏਨੀ ਜਲਦੀ ਇਹ ਕਿਵੇਂ ਕਰ ਲੈਂਦਾ ਹੈ। ਪਰ ਅੱਜ ਕੰਪਿਊਟਰ ਮਨੁੱਖੀ ਲੋੜ ਬਣ ਗਿਆ ਹੈ। ਸਾਡੇ ਸਾਰਿਆਂ ਦੀ ਜੇਬ ਵਿੱਚ ਕੰਪਿਊਟਰ ਭਾਵ ਮੋਬਾਈਲ ਫ਼ੋਨ ਹੈ। ਏਵੇਂ ਹੀ ਹੈਰਾਨ ਹੋਣ ਵਾਲੀ ਗੱਲ ਨਹੀਂ ਮਸਨੂਈ ਲਿਆਕਤ ਵੀ ਅਸੀਂ ਜੇਬ ਵਿੱਚ ਨਾਲ ਹੀ ਲਈ ਫਿਰਦੇ ਹਾਂ।

ਸੋਸ਼ਲ ਮੀਡੀਆ ਨਾਲ ਹਰ ਕੋਈ ਜੁੜਿਆ ਹੋਇਆ ਹੈ। ਭਾਰਤ ਵਿੱਚ ਸਭ ਤੋਂ ਵਧੇਰੇ ਲੋਕ ਫੇਸਬੁੱਕ ਤੇ ਵੱਟਸਐਪ ਨਾਲ ਜੁੜੇ ਹੋਏ ਹਨ। ਫੇਸਬੁੱਕ ’ਤੇ ਤੁਸੀਂ ਕੁਝ ਸੈਕਿੰਡ ਕਿਸੇ ਫੋਟੋ ਜਾਂ ਵੀਡੀਓ ’ਤੇ ਰੁਕੋ ਤੇ ਫਿਰ ਅੱਗੇ ਤੁਰ ਪਓ। ਥੋੜ੍ਹੀ ਦੇਰ ਬਾਅਦ ਪਹਿਲਾਂ ਦੇਖੀ ਫੋਟੋ ਜਾਂ ਵੀਡਿਓ ਵਰਗੀਆਂ ਫੋਟੋਆਂ ਤੇ ਵੀਡੀਓਜ਼ ਤੁਹਾਡੇ ਮੋਬਾਈਲ ਵਿੱਚ ਚੱਕਰ ਕੱਟਣ ਲੱਗ ਜਾਣਗੀਆਂ। ਕੀ ਮੋਬਾਈਲ ਜੋਤਸ਼ੀ ਹੈ, ਜੋ ਤੁਹਾਡੇ ਮਨ ਨੂੰ ਪੜ੍ਹ ਲੈਂਦਾ ਹੈ ? ਨਹੀਂ, ਇਹੀ ਤਾਂ ਮਸਨੂਈ ਲਿਆਕਤ ਹੈ ਜੋ ਤੁਹਾਡੇ ਮਨ ਨੂੰ ਪੜ੍ਹਨ ਦੀ ਸਮਰੱਥਾ ਰੱਖਦੀ ਹੈ। ਜੇ ਤੁਸੀਂ ਆਨਲਾਈਨ ਖਰੀਦਾਰੀ ਕਰਦੇ ਹੋ ਤਾਂ ਉਹੋ ਜਿਹੀਆਂ ਚੀਜ਼ਾਂ, ਵਸਤਾਂ, ਡਿਜ਼ਾਈਨਾਂ ਬਾਰੇ ਮੋਬਾਈਲ ਤੁਹਾਨੂੰ ਬਾਰ-ਬਾਰ ਸੁਨੇਹੇ ਭੇਜਦਾ ਹੈ, ਤੁਹਾਡੀ ਪਸੰਦ ਦੀ ਸ਼ਲਾਘਾ ਕਰਦਿਆਂ ਤੁਹਾਨੂੰ ਇਹੋ ਜਿਹੀਆਂ ਚੀਜ਼ਾਂ, ਵਸਤਾਂ ਖਰੀਦਣ ਲਈ ਉਕਸਾਉਂਦਾ ਹੈ। ਇਹੀ ਤਾਂ ਹੈ ਮਸਨੂਈ ਲਿਆਕਤ।

ਅੱਜਕਲ੍ਹ ਮੌਨਸੂਨ ਦੀ ਰੁੱਤ ਹੈ। ਆਲਮੀ ਤਪਸ਼ ਦਾ ਦੌਰ ਹੈ। ਮੀਂਹ ਜਿਥੇ ਪੈਂਦਾ ਹੈ ਸਾਰੇ ਦਾ ਸਾਰਾ ਇਕੋ ਥਾਂ ਡੁੱਲ੍ਹ ਜਾਂਦਾ ਹੈ। ਕੁਝ ਸਮਾਂ ਪਹਿਲਾਂ ਮੌਸਮਾਂ ਬਾਰੇ ਜਾਣਕਾਰੀ ਬਹੁਤੀ ਸਟੀਕ ਨਹੀਂ ਸੀ ਹੁੰਦੀ। ਲੋਕ ਇਸ ’ਤੇ ਵਧੇਰੇ ਇਤਬਾਰ ਵੀ ਨਹੀਂ ਸਨ ਕਰਦੇ। ਪਰ ਅੱਜਕੱਲ੍ਹ ਇਹ ਜਾਣਕਾਰੀ ਏਨੀ ਸਟੀਕ ਤੇ ਭਰੋਸੇਯੋਗ ਹੋ ਗਈ ਹੈ ਕਿ ਲੋਕ ਵਿਆਹ ਦੀ ਤਰੀਕ ਰੱਖਣ ਤੋਂ ਪਹਿਲਾਂ ਵੀ ਇੰਟਰਨੈੱਟ ਤੋਂ ਮੌਸਮ ਦੀ ਜਾਣਕਾਰੀ ਲੈਂਦੇ ਹਨ। ਜੇ ਕਿਤੇ ਟੂਰ ’ਤੇ ਜਾਣਾ ਹੋਵੇ ਜਾਂ ਟੂਰਨਾਮੈਂਟ ਰੱਖਣਾ ਹੋਵੇ ਤਾਂ ਮੌਸਮ ਦੀ ਜਾਣਕਾਰੀ ਲਾਹੇਵੰਦ ਸਾਬਤ ਹੋ ਰਹੀ ਹੈ। ਇਸ ਸਭ ਕੁਝ ਪਿਛੇ ਮਸਨੂਈ ਲਿਆਕਤ ਕੰਮ ਕਰ ਰਹੀ ਹੈ, ਜੋ ਭਿਆਨਕ ਬਾਰਸ਼ਾਂ, ਹੜ੍ਹਾਂ, ਸਮੁੰਦਰੀ ਤੂਫ਼ਾਨਾਂ, ਸੁਨਾਮੀਆਂ ਬਾਰੇ ਅਗਾਊਂ ਜਾਣਕਾਰੀ ਦੇਣ ਦੇ ਸਮਰੱਥ ਹੈ। ਇਸ ਨਾਲ ਨਾ ਕੇਵਲ ਮਨੁੱਖੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ, ਸਗੋਂ ਮਾਲ-ਅਸਬਾਬ ਦਾ ਨੁਕਸਾਨ ਹੋਣੋ ਵੀ ਬਚਾਇਆ ਜਾ ਸਕਦਾ ਹੈ। ਗਲੇਸ਼ੀਅਰਾਂ ਦੇ ਲਗਾਤਾਰ ਪਿਘਲਣ ਤੇ ਮੌਸਮੀ ਤਬਦੀਲੀਆਂ ਬਾਰੇ ਇਸ ਨੇ ਮਨੁੱਖ ਨੂੰ ਅਨੇਕਾਂ ਸਲਾਹਾਂ ਦੇਣ ਦੇ ਨਾਲ-ਨਾਲ ਭਵਿੱਖੀ ਪ੍ਰੋਗਰਾਮ ਉਲੀਕਣ ਵਿੱਚ ਵੀ ਮਦਦ ਦਿੱਤੀ ਹੈ। ਇਸ ਨਾਲ ਮੌਸਮਾਂ ਦੀ ਬੇਤਰਤੀਬੀ ਤੇ ਮਾਰ ਤੋਂ ਬਚਿਆ ਜਾ ਸਕਦਾ ਹੈ। ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਦੇਸ਼ ਦੀ ਆਰਥਿਕਤਾ ਖੇਤੀਬਾੜੀ ’ਤੇ ਨਿਰਭਰ ਕਰਦੀ ਹੈ। ਖੇਤੀਬਾੜੀ ਦਾ ਵੱਡਾ ਹਿੱਸਾ ਅਜੇ ਵੀ ਬਾਰਸ਼ ਦੇ ਪਾਣੀ ’ਤੇ ਨਿਰਭਰ ਹੈ। ਸੋਕਾ, ਬਿਮਾਰੀਆਂ, ਨਕਲੀ ਕੀਟਨਾਸ਼ਕ, ਖਾਦਾਂ ਤੇ ਮੌਸਮੀ ਤਬਦੀਲੀਆਂ ਨੇ ਸਭ ਤੋਂ ਵੱਧ ਖੇਤੀਬਾੜੀ ਨੂੰ ਪ੍ਰਭਾਵਿਤ ਕੀਤਾ ਹੈ। ਕਿਸਾਨ ਦੇਸ਼ ਦੀ ਰੀੜ੍ਹ ਹਨ, ਪਰ ਕੁਦਰਤ ਦੀ ਮਾਰ ਦਾ ਸਭ ਤੋਂ ਵੱਡਾ ਖਮਿਆਜ਼ਾ ਵੀ ਉਨ੍ਹਾਂ ਨੂੰ ਭੁਗਤਣਾ ਪੈ ਰਿਹਾ ਹੈ। ਜੇ ਪੰਜਾਬ ਦੀ ਗੱਲ ਕਰੀਏ ਤਾਂ ਅੰਨ ਦੀ ਪੈਦਾਵਾਰ ਪੱਖੋਂ ਇਸ ਨੇ ਦੇਸ਼ ਦਾ ਢਿੱਡ ਭਰਿਆ ਹੈ ਪਰ ਇਸ ਨਾਲ ਜਿਹੜਾ ਨੁਕਸਾਨ ਪੰਜਾਬ ਦੀ ਮਿੱਟੀ, ਪਾਣੀ, ਹਵਾ ਤੇ ਵਾਤਾਵਰਨ ਦਾ ਹੋਇਆ ਹੈ, ਉਸ ਦੀ ਪੂਰਤੀ ਲਈ ਸ਼ਾਇਦ ਸਦੀਆਂ ਲੱਗ ਜਾਣ। ਅੱਜ ਮਸਨੂਈ ਲਿਆਕਤ ਖੇਤੀਬਾੜੀ ਲਈ ਵਰਦਾਨ ਸਾਬਤ ਹੋ ਰਹੀ ਹੈ। ਇਹ ਕੁਦਰਤ ਦੀ ਮਾਰ ਨੂੰ ਤਾਂ ਨਹੀਂ ਰੋਕ ਸਕਦੀ ਪਰ ਕਿਸਾਨ ਨੂੰ ਸਾਵਧਾਨ ਕਰ ਸਕਦੀ ਹੈ। ਮੌਸਮ ਦੀ ਸਟੀਕ ਜਾਣਕਾਰੀ ਸਾਨੂੰ ਇਸ ਗੱਲ ਦੇ ਸਮਰੱਥ ਬਣਾਉਂਦੀ ਹੈ ਕਿ ਫ਼ਸਲ ਬੀਜਣ, ਕੀਟਨਾਸ਼ਕਾਂ ਦੇ ਛਿੜਕਾਅ, ਪਾਣੀ ਲਾਉਣ, ਫ਼ਸਲ ਦੀ ਕਟਾਈ ਲਈ ਕਿਹੜਾ ਸਮਾਂ, ਦਿਨ, ਵਾਰ ਸੁਖਾਵਾਂ ਹੈ। ਇਸ ਨੇ ਫ਼ਸਲਾਂ ਦਾ ਝਾੜ ਵਧਾਉਣ ਤੇ ਗੁਣਵੱਤਾ ਨੂੰ ਵਧਾਉਣ ਵਿੱਚ ਖੇਤੀ ਵਿਗਿਆਨੀਆਂ ਦੀ ਮਦਦ ਕੀਤੀ ਹੈ।





ਸੁਧਰੇ ਬੀਜਾਂ, ਮਨੁੱਖੀ ਸਿਹਤ ਲਈ ਉਚਿਤ ਕੀਟਨਾਸ਼ਕਾਂ ਤੇ ਖਾਦਾਂ ਬਾਰੇ ਸੰਤੁਲਿਤ ਪ੍ਰੋਗਰਾਮ ਬਣਾਉਣ ਲਈ ਅੱਜ ਮਸਨੂਈ ਲਿਆਕਤ ਕਾਰਗਰ ਸਾਬਤ ਹੋ ਰਹੀ ਹੈ। ਉਹ ਦਿਨ ਦੂਰ ਨਹੀਂ, ਜਦੋਂ ਖੇਤੀ ਖੇਤਰ ਵੀ ਉਦਯੋਗਿਕ ਹੈਸੀਅਤ ਵਾਲਾ ਬਣ ਜਾਵੇਗਾ, ਪਰ ਇਸ ਦੇ ਲਈ ਮਸਨੂਈ ਲਿਆਕਤ ਦੀ ਵਰਤੋਂ ਲਈ ਵੱਡੇ ਫੰਡਾਂ, ਭਵਿੱਖੀ ਵਿਗਿਆਨੀਆਂ ਤੇ ਲੰਮੀ ਯੋਜਨਾਬੰਦੀ ਦੀ ਲੋੜ ਪਏਗੀ।

ਸਿਆਣੇ ਕਹਿੰਦੇ ਹਨ ਸਿਹਤ ਹੈ ਤਾਂ ਜਹਾਨ ਹੈ। ਸਿਹਤ ਅਨਮੋਲ ਖ਼ਜ਼ਾਨਾ ਹੈ ਪਰ ਜੇ ਕਿਸੇ ਵੀ ਹਸਪਤਾਲ ਵਿੱਚ ਕਿਸੇ ਵਾਕਫ ਜਾਂ ਰਿਸ਼ਤੇਦਾਰ ਦਾ ਪਤਾ ਲੈਣ ਲਈ ਜਾਈਏ ਤਾਂ ਇੰਝ ਜਾਪਦਾ ਹੈ ਜਿਵੇਂ ਸਾਰਾ ਮੁਲਕ ਬਿਮਾਰ ਹੈ। ਵੱਡੇ-ਵੱਡੇ ਹਸਪਤਾਲਾਂ ਵਿੱਚ ਮਰੀਜ਼ ਲਾਂਘਿਆਂ ਵਿੱਚ ਪਏ ਕਰਾਹ ਰਹੇ ਹੁੰਦੇ ਹਨ। ਮੌਸਮੀ ਬਿਮਾਰੀਆਂ ਤੋਂ ਲੈ ਕੇ ਭਿਆਨਕ ਬਿਮਾਰੀਆਂ ਜਿਨ੍ਹਾਂ ਵਿੱਚ ਕੈਂਸਰ, ਦਿਮਾਗੀ ਰੋਗ, ਏਡਜ਼, ਅੰਨ੍ਹੇਪਣ ਤੇ ਹੋਰ ਕਈ ਰੋਗ ਸ਼ਾਮਲ ਹਨ, ਵਿੱਚ ਵੱਡੀ ਆਬਾਦੀ ਘਿਰੀ ਹੋਈ ਹੈ। ਹਸਪਤਾਲਾਂ ਵਿੱਚ ਅਨੇਕਾਂ ਲਾਇਲਾਜ ਬਿਮਾਰੀਆਂ ਨਾਲ ਤੜਫਦੇ ਰੋਗੀ ਦੇਖ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਭਾਰਤ ਵਿੱਚ ਆਮ ਲੋਕਾਂ ਨੂੰ ਨਿਗੂਣੀਆਂ ਜਿਹੀਆਂ ਹੀ ਸਿਹਤ ਸਹੂਲਤਾਂ ਮਿਲਦੀਆਂ ਹਨ, ਭਾਵੇਂ ਨੇਤਾਵਾਂ ਤੇ ਅਮੀਰਾਂ ਨੂੰ ਦੇਸ਼ ਵਿਦੇਸ਼ ਵਿੱਚ ਚੰਗੀਆਂ ਸਹੂਲਤਾਂ ਆਮ ਵਾਂਗ ਮਿਲ ਜਾਂਦੀਆਂ ਹਨ। ਆਮ ਲੋਕਾਂ ਦੀ ਬਿਮਾਰੀ ਹੌਲੀ-ਹੌਲੀ ਉਨ੍ਹਾਂ ਦੀ ਆਦਤ ਜਿਹੀ ਬਣ ਕੇ ਹੀ ਰਹਿ ਜਾਂਦੀ ਹੈ। ਅੱਜ ਹਰ ਸ਼ਹਿਰ, ਕਸਬੇ, ਪਿੰਡ ਵਿੱਚ ਨਜ਼ਰ ਮਾਰੀਏ ਤਾਂ ਜਿੰਮ ਨਜ਼ਰ ਆਉਣਗੇ। ਯੋਗ ਕਰਦੇ ਲੋਕ ਮਿਲ ਜਾਣਗੇ। ਫਿਰ ਵੀ ਰੋਗੀਆਂ ਦੀ ਔਸਤ ਬਹੁਤ ਜ਼ਿਆਦਾ ਹੈ। ਪੰਜਾਬ ਵਿੱਚ ਸ਼ੂਗਰ ਦੀ ਬਿਮਾਰੀ ਬਹੁਤ ਵਧ ਗਈ ਹੈ। ਹਰ ਕੋਈ ਬਲੱਡ ਪ੍ਰੈਸ਼ਰ ਦਾ ਮਰੀਜ਼ ਹੈ। ਮਲੇਰੀਆ, ਡੇਂਗੂ, ਵਾਇਰਲ, ਖੰਘ, ਜ਼ੁਕਾਮ, ਥਾਇਰਾਇਡ ਤੇ ਹੋਰ ਕਈ ਬਿਮਾਰੀਆਂ ਆਮ ਹਨ।

ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਹੈ, ਮਰੀਜ਼ਾਂ ਦੀ ਲੁੱਟ ਹੈ, ਮਨੁੱਖੀ ਜਾਨ ਸਸਤੀ ਤੇ ਇਲਾਜ ਮਹਿੰਗਾ ਹੈ। ਇਸ ਸਭ ਲਈ ਜਲਦੀ ਹੀ ਮਸਨੂਈ ਲਿਆਕਤ ਵਰਦਾਨ ਸਿਧ ਹੋਣ ਵਾਲੀ ਹੈ।

ਸਿਹਤ ਵਿਗਿਆਨੀ ਦੁਨੀਆਂ ਭਰ ਵਿੱਚ ਰੋਗਾਂ ਸੰਬੰਧੀ ਅਜਿਹੀਆਂ ਖੋਜਾਂ ਵਿੱਚ ਜੁੱਟੇ ਹੋਏ ਹਨ, ਜਿਨ੍ਹਾਂ ਨੂੰ ਮਸਨੂਈ ਲਿਆਕਤ ਰਾਹੀਂ ਕਾਰਗਰ ਤੇ ਪੁਖਤਾ ਬਣਾਇਆ ਜਾ ਰਿਹਾ ਹੈ। ਮਨੁੱਖੀ ਸਿਹਤ ਲਈ ਅਜਿਹੀ ਵਿਗਿਆਨਕਰੋਗ ਪ੍ਰਤਿਰੋਧੀ ਪ੍ਰਣਾਲੀ ਵਿਕਸਤ ਕਰਨ ’ਤੇ ਜ਼ੋਰ ਲਾਇਆ ਜਾ ਰਿਹਾ ਹੈ ਕਿ ਮਨੁੱਖ ਬਿਮਾਰ ਹੀ ਨਾ ਹੋਵੇ। ਉਸ ਕੋਲ ਸਿਹਤ ਦੀ ਬੁਨਿਆਦੀ ਪ੍ਰਣਾਲੀ ਏਨੀ ਮਜ਼ਬੂਤ ਹੋਵੇ ਕਿ ਰੋਗ ਉਸ ’ਤੇ ਅਸਰ ਹੀ ਨਾ ਕਰ ਸਕਣ। ਇਸ ਦੇ ਨਾਲ ਮਨੁੱਖੀ ਖ਼ੁਰਾਕ ਨੂੰ ਵੀ ਸੋਧਿਆ ਜਾ ਰਿਹਾ ਹੈ ਜੋ ਮਨੁੱਖ ਦੀ ਸਿਹਤ ਨੂੰ ਮਜ਼ਬੂਤ ਕਰੇ। ਇਸਦੇ ਨਾਲ ਹੀ ਭਾਰਤ ਵਿੱਚ ਟਾਟਾ ਮੈਡੀਕਲ ਖੋਜ ਕੇਂਦਰ ਨੇ ਮਨੁੱਖੀ ਰੋਗਾਂ ਦੀ ਅਗਾਊਂ ਪਛਾਣ ਤੇ ਉਨ੍ਹਾਂ ਦੀ ਰੋਕਥਾਮ ਲਈ ਮਸਨੂਈ ਲਿਆਕਤ ਦੀ ਮਦਦ ਨਾਲ ਮਾਣਯੋਗ ਪ੍ਰਾਪਤੀਆਂ ਕੀਤੀਆਂ ਹਨ। ਉਹ ਦਿਨ ਦੂਰ ਨਹੀਂ, ਜਦੋਂ ਇਹੀ ਕੇਂਦਰ ਕੈਂਸਰ ਵਰਗੀ ਭਿਆਨਕ ਬਿਮਾਰੀ ਨੂੰ ਖ਼ਤਮ ਕਰਨ ਲਈ ਇਲਾਜ ਲੱਭ ਲਵੇਗਾ। ਮਾਰੂ ਰੋਗਾਂ ਦੀ ਰੋਕਥਾਮ ਲਈ ਜਰਮਨੀ ਵਰਗਾ ਮੁਲਕ ਬੇਹੱਦ ਮਿਹਨਤ ਕਰ ਰਿਹਾ ਹੈ। ਮਨੁੱਖੀ ਅੰਗਾਂ ਦੇ ਉਤਪਾਦਨ ਲਈ ਉਹ ਮਸਨੂਈ ਲਿਆਕਤ ਨਾਲ ਨਵੀਂ ਲਿੰਬਸ ਇੰਜੀਨੀਅਰਿੰਗ ਪ੍ਰਣਾਲੀ ਵਿਕਸਤ ਕਰ ਰਿਹਾ ਹੈ, ਜਿਸ ਨਾਲ ਵੱਢੇ ਤੇ ਨੁਕਸਾਨੇ ਅੰਗਾਂ ਨੂੰ ਨਵੀਂ ਜ਼ਿੰਦਗੀ ਮਿਲ ਜਾਏਗੀ। ਮੁਸ਼ਕਿਲ ਆਪ੍ਰੇਸ਼ਨਾਂ ਲਈ ਰੋਬੋਟਿਕ ਮਸ਼ੀਨਾਂ ਨੇ ਕੀਮਤੀ ਜਾਨਾਂ ਬਚਾਉਣ ਵਿੱਚ ਸਲਾਹੁਣਯੋਗ ਕੰਮ ਕੀਤਾ ਹੈ। ਇਨ੍ਹਾਂ ਰਾਹੀਂ ਜਿਥੇ ਮਾਮੂਲੀ ਕੱਟ ਲਾ ਕੇ ਆਪ੍ਰੇਸ਼ਨ ਕੀਤੇ ਜਾਂਦੇ ਹਨ, ਉੱਥੇ ਖ਼ੂਨ ਦੇ ਵਹਾ ਦੀ ਵੀ ਬੱਚਤ ਹੁੰਦੀ ਹੈ, ਜਿਸ ਨਾਲ ਰੋਗ ਮੁਕਤੀ ਵਿੱਚ ਆਪਾਰ ਸਫਲਤਾ ਮਿਲਦੀ ਹੈ। ਇਸ ਤੋਂ ਇਲਾਵਾ ਬੈਂਕਿੰਗ, ਵਿੱਤੀ ਸੰਸਥਾਵਾਂ, ਇੰਡਸਟਰੀ, ਵਾਹਨਾਂ, ਹਵਾਈ ਜਹਾਜ਼ ਪ੍ਰਣਾਲੀ, ਪੁਲਾੜ ਵਿਗਿਆਨ, ਰੱਖਿਆ ਉਤਪਾਦਨ, ਸੰਦਾਂ ਦੇ ਵਿਕਾਸ, ਖੇਤੀਬਾੜੀ ਤਕਨਾਲੋਜੀ, ਸਿੱਖਿਆ, ਪ੍ਰਿੰਟਿੰਗ ਦੇ ਕੰਮਾਂ, ਬਿਜਲੀ ਉਤਪਾਦਨ, ਡੈੱਮ ਪ੍ਰਣਾਲੀ, ਆਵਾਜਾਈ ਪ੍ਰਬੰਧ ਤੇ ਜਸੂਸੀ ਆਦਿ ਵਿਚ ਮਸਨੂਈ ਲਿਆਕਤ ਦਾ ਯੋਗਦਾਨ ਮਨੁੱਖ ਲਈ ਵਰਦਾਨ ਸਾਬਤ ਹੋ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਇਸ ਦਾ ਹੋਰ ਤੇਜ਼ ਤੇ ਲਾਹੇਵੰਦ ਪ੍ਰਭਾਵ ਮਨੁੱਖੀ ਵਿਕਾਸ ਨੂੰ ਵੱਡਾ ਹੁਲਾਰਾ ਦੇਵੇਗਾ।

ਇਸ ਦੇ ਉਲਟ ਜਿਹੜੇ ਇਸ ਦੇ ਨਾਕਾਰਾਤਮਕ ਪੱਖਾਂ ਪ੍ਰਤੀ ਚਿੰਤਤ ਹਨ, ਉਨ੍ਹਾਂ ਦਾ ਸਭ ਤੋਂ ਵੱਡਾ ਇਤਰਾਜ਼ ਇਹ ਹੈ ਕਿ ਭਵਿੱਖੀ ਰੋਬੋਟ ਮਨੁੱਖੀ ਕਿਰਤ ਨੂੰ ਖਤਮ ਕਰ ਦੇਣਗੇ। ਇਹ ਬਿਨਾਂ ਉਜਰਤ ਤੇ ਪਾਲਣ ਪੋਸ਼ਣ ਦੇ ਵਧੇਰੇ ਕੰਮ ਦੀ ਸਮਰੱਥਾ ਕਰਕੇ ਕਿਰਤ ਦਾ ਬਦਲ ਬਣ ਜਾਣਗੇ ਤੇ ਇੰਝ ਮਨੁੱਖੀ ਬੇਰੁਜ਼ਗਾਰੀ ਵਿੱਚ ਬੇਇੰਤਹਾ ਵਾਧਾ ਹੋ ਜਾਵੇਗਾ, ਜੋ ਸਮਾਜ ਦਾ ਘਾਣ ਕਰ ਦੇਵੇਗਾ। ਉਨ੍ਹਾਂ ਦਾ ਦੂਜਾ ਇਤਰਾਜ਼ ਹੈ ਕਿ ਰੋਬੋਟਾਂ ਦੀ ਦੁਨੀਆ ਜੇ ਮਨੁੱਖੀ ਦੁਨੀਆਂ ’ਤੇ ਹਾਵੀ ਹੋ ਗਈ ਤਾਂ ਮਨੁੱਖ ਦੀ ਇਸ ਧਰਤੀ ਤੋਂ ਹੋਂਦ ਮਿਟ ਸਕਦੀ ਹੈ।

(ਬਾਕੀ ਸਫ਼ਾ 31 ’ਤੇ)

# ਰਾਜਾ: ਸਰੂਪ ਅਤੇ ਗੁਣ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਾਜਾ ਇੱਕ ਅਜਿਹਾ ਸ਼ਬਦ ਹੈ ਜਿਹੜਾ ਕਿ ਲੰਮੇ ਸਮੇਂ ਤੋਂ ਲੋਕ ਮਾਨਸਿਕਤਾ ਵਿੱਚ ਸਮਾਇਆ ਹੋਇਆ ਹੈ। ਸਮਾਜ ਦਾ ਬਹੁਤਾ ਤਾਣਾ-ਬਾਣਾ ਸਮਾਜਿਕ ਉੱਚਤਾ ਦੇ ਪ੍ਰਤੀਕ ਇਸ ਸ਼ਬਦ ਦੇ ਦੁਆਲੇ ਹੀ ਘੁੰਮਦਾ ਹੈ ਅਤੇ ਇਸ ਦੀ ਦਿਸ਼ਾ ਅਤੇ ਦਸ਼ਾ ਤੈਅ ਕਰਨ ਵਿੱਚ ਭੂਮਿਕਾ ਨਿਭਾਉਂਦਾ ਹੈ। ਸਮਾਜ ਵਿੱਚ ਇਸ ਸ਼ਬਦ ਨੂੰ ਵੱਖੋ-ਵੱਖਰੇ ਰੂਪਾਂ ਵਿੱਚ ਦੇਖਿਆ ਜਾਂਦਾ ਹੈ ਪਰ ਜਿਹੜਾ ਇਸ ਦਾ ਸਭ ਤੋਂ ਵਧੇਰੇ ਪ੍ਰਚਲਿਤ ਰੂਪ ਹੈ ਉਸ ਵਿੱਚ ਇਸ ਨੂੰ ਸ਼ਾਸਕ ਜਾਂ ਹਾਕਮ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਜਿਹੜਾ ਕਿ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਵਿੱਚ ਆਪਣਾ ਸ਼ਾਸਨ ਚਲਾਉਂਦਾ ਹੈ ਅਤੇ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ। ਇਸ ਨੂੰ ਕੰਮ ਅਤੇ ਪਦਵੀ ਦੇ ਆਧਾਰ ’ਤੇ ਵੱਖੋ-ਵੱਖਰੇ ਨਾਵਾਂ ਅਤੇ ਵਿਸ਼ੇਸ਼ਣਾਂ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਜਿਵੇਂ ਰਾਜਾਸ੍ਰਮ, ਰਾਜਾ ਏ ਰਾਜਗਾਨ, ਰਾਜਾਧੀਰਾਜ, ਰਾਜਨਰਿੰਦੁ, ਭੂਪਤਿ, ਪ੍ਰਜਾ ਪਾਲਕ ਆਦਿ। ਗੁਰਬਾਣੀ ਵਿੱਚ ਇਸ ਨੂੰ ਪ੍ਰਮੁਖ ਤੌਰ ’ਤੇ ਤਿੰਨ ਰੂਪਾਂ ਵਿੱਚ ਦੇਖਿਆ ਜਾ ਸਕਦਾ ਹੈ :

**ਪਰਮਾਤਮਾ ਦੇ ਰੂਪ ਵਿੱਚ**

ਗੁਰਬਾਣੀ ਵਿੱਚ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਰਾਜਾ ਮੰਨਦੇ ਹੋਏ ‘ਰਾਜ ਮਹਿ ਰਾਜੁ ਜੋਗ ਮਹਿ ਜੋਗੀ’ ਕਿਹਾ ਗਿਆ ਹੈ ਜਿਸ ਦਾ ਸਿਮਰਨ ਕਰਨ ਨਾਲ ਮਨੁੱਖ ਮੁਕਤੀ ਪ੍ਰਾਪਤ ਕਰ ਲੈਂਦਾ ਹੈ - ਰਾਜਾ ਰਾਮ ਜਪਤ ਕੋ ਕੋ ਨ ਤਰਿਓ॥ ਸ੍ਰਿਸ਼ਟੀ ਦੇ ਸਰਬ-ਸ਼ਕਤੀਮਾਨ ਰੂਪ ਵਿੱਚ ਦੁਨਿਆਵੀ ਹੱਦਾਂ, ਪਾਬੰਦੀਆਂ ਅਤੇ ਨਿਯਮਾਂ ਤੋਂ ਮੁਕਤ ਉਹ ਅਸੀਮ ਸ਼ਕਤੀਆਂ ਦਾ ਮਾਲਕ ਹੈ ਜਿਹੜਾ ਕਿ ਸਮੂਹ ਦੁਨਿਆਵੀ ਜੀਵਾਂ ਨੂੰ ਬਿਨਾਂ ਕਿਸੇ ਵਿਤਕਰੇ, ਵੈਰ-ਵਿਰੋਧ ਅਤੇ ਭੇਦਭਾਵ ਤੋਂ ਪਾਲਦਾ ਅਤੇ ਰੱਖਿਆ ਕਰਦਾ ਹੈ। ਉਹ ਕਿਸੇ ਦੈਵੀ ਨਿਯਮ ਅਧੀਨ ਆਪਣਾ ਪ੍ਰਬੰਧ ਚਲਾਉਂਦਾ ਹੈ ਜਿਸ ਨੂੰ ਸਮਝਣਾ ਅਤੇ ਉਸ ਵਿੱਚ ਦਖ਼ਲ ਦੇਣਾ ਮਨੁੱਖੀ ਬੁੱਧੀ ਦੇ ਵੱਸ ਵਿੱਚ ਨਹੀਂ ਹੈ। ਸਮਰਪਿਤ ਭਾਵਨਾ ਨਾਲ ਕਾਰਜ ਕਰਦਾ ਹੋਇਆ ਮਨੁੱਖ ਉਸ ਦੀ ਬਖ਼ਸ਼ਸ਼ ਪ੍ਰਾਪਤ ਕਰ ਸਕਦਾ ਹੈ। ਦੁਨਿਆਵੀ ਮਨੁੱਖਾਂ ਵਿੱਚ ਉਸ ਵਰਗਾ ਤਪ-ਤੇਜ ਸੰਭਵ ਨਹੀਂ ਅਤੇ ਨਾ ਹੀ ਕਿਸੇ ਦ੍ਰਿਸ਼ਟੀ ਤੋਂ ਮਨੁੱਖ ਉਸ ਦਾ ਮੁਕਾਬਲਾ ਕਰ ਸਕਦਾ ਹੈ। ਹਰ ਇੱਕ ਮਨੁੱਖ ਕਿਸੇ ਨਾ ਕਿਸੇ ਦ੍ਰਿਸ਼ਟੀ ਤੋਂ ਉਸ ਦੀ ਸ਼ਕਤੀ, ਹੋਂਦ ਅਤੇ ਕਾਰਜ ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ ਪਰ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਇਸ ਦ੍ਰਿਸ਼ਟੀ ਤੋਂ ਭਗਤ ਕਬੀਰ ਜੀ ਉਸ ਦੀ ਮਹਿਮਾ ਦੱਸਦੇ ਹੋਏ ਕਹਿੰਦੇ ਹਨ :

ਕੋਊ ਹਰਿ ਸਮਾਨਿ ਨਹੀ ਰਾਜਾ ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥ ਕਬੀਰ, ਪੰਨਾ 856

ਗੁਰੂ ਨਾਨਕ ਦੇਵ ਜੀ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਮਾਲਕ ਦੱਸਦੇ ਹੋਏ ਉਸ ਦੀ ਇੱਕਤਾ ਵਿੱਚ ਵਿਸ਼ਵਾਸ ਦ੍ਰਿੜ੍ਹ ਕਰਾਉਂਦੇ ਹੋਏ ਕਹਿੰਦੇ ਹਨ ਕਿ ਉਹ ਹੀ ਜੀਵਾਂ ਦੇ ਸਮੂਹ ਕਾਰਜ ਕਰਦਾ ਹੈ :

ਤੂ ਏਕੰਕਾਰੁ ਨਿਰਾਲਮੁ ਰਾਜਾ॥
ਤੂ ਆਪਿ ਸਵਾਰਹਿ ਜਨ ਕੇ ਕਾਜਾ ॥ ਮ.1, 1039

ਗੁਰਬਾਣੀ ਦੀ ਦ੍ਰਿਸ਼ਟੀ ਤੋਂ ਪਰਮਾਤਮਾ ਨੂੰ ਰਾਜਿਆਂ ਦਾ ਰਾਜਾ, ਸ਼ਾਹਾਂ ਦਾ ਸ਼ਾਹ, ਸ਼ਹਿਨਸ਼ਾਹ, ਪਾਤਸ਼ਾਹ ਆਦਿ ਰੂਪਾਂ ਵਿੱਚ ਦੇਖਿਆ ਜਾਂਦਾ ਹੈ ਜਿਸ ਨੂੰ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ ਮੰਨ ਕੇ ਸਰਬੱਤ ਦਾ ਭਲਾ ਕਰਨ ਦੀ ਅਰਦਾਸ ਕੀਤੀ ਜਾਂਦੀ ਹੈ।

**ਸ਼ਾਸਕ ਦੇ ਰੂਪ ਵਿੱਚ**

ਸ਼ਾਸਕ ਦੇ ਰੂਪ ਵਿੱਚ ਰਾਜਾ ਆਪਣੀ ਪ੍ਰਜਾ ਦੀ ਸੇਵਾ ਅਤੇ ਸੁਰੱਖਿਆ ਦਾ ਪ੍ਰਤੀਕ ਹੈ। ਰਾਜ ਵਿੱਚ ਸ਼ਾਂਤੀ ਦੀ ਸਥਾਪਨਾ ਕਰਕੇ ਆਮ ਲੋਕਾਂ ਨੂੰ ਨਿਆਂ ਪ੍ਰਦਾਨ ਕਰਨਾ ਉਸ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ। ਸ਼ੁੱਧ ਹਵਾ, ਸ਼ੁੱਧ ਪਾਣੀ, ਸ਼ੁੱਧ ਅਨਾਜ, ਸ਼ੁੱਧ ਆਚਾਰ, ਸ਼ੁੱਧ ਵਿਹਾਰ, ਸ਼ੁੱਧ ਵਿਚਾਰ, ਉੱਤਮ ਵਿੱਦਿਆ, ਸ੍ਰੇਸ਼ਟ ਸਿਹਤ ਸਹੂਲਤਾਂ ਆਦਿ ਆਦਰਸ਼ ਅਤੇ ਸਿਹਤਮੰਦ ਸਮਾਜ ਦੀ ਸਥਾਪਨਾ ਲਈ ਜ਼ਰੂਰੀ ਮੰਨੇ ਗਏ ਹਨ ਜਿਨ੍ਹਾਂ ਲਈ ਯੋਗ ਵਾਤਾਵਰਨ ਪੈਦਾ ਕਰਨਾ ਅਤੇ ਆਮ ਲੋਕਾਂ ਨੂੰ ਲੋੜੀਂਦੀਆਂ ਵਸਤਾਂ ਦੀ ਪੂਰਤੀ ਕਰਨਾ ਰਾਜੇ ਦਾ ਫ਼ਰਜ਼ ਸਮਝਿਆ ਜਾਂਦਾ ਹੈ। ਰਾਜੇ ਵਿੱਚ ਕਲਿਆਣਕਾਰੀ ਗੁਣ ਕਿਵੇਂ ਪੈਦਾ ਹੋ ਸਕਦੇ ਹਨ? ਪਲੈਟੋ ਕਹਿੰਦਾ ਹੈ ਕਿ ਦਾਰਸ਼ਨਿਕ ਰਾਜਾ ਹੋਣਾ ਚਾਹੀਦਾ ਹੈ। ਉਸ ਦਾ ਅਜਿਹਾ ਕਹਿਣ ਦਾ ਭਾਵ ਸੀ ਕਿ ਦਾਰਸ਼ਨਿਕ ਸੂਝਵਾਨ ਹੁੰਦੇ ਹਨ ਅਤੇ ਉਹ ਮਨੁੱਖ ਦੀਆਂ ਆਪਾ ਵਿਰੋਧੀ ਸ਼ਕਤੀਆਂ ਨੂੰ ਇਕੱਠੇ ਕਰਕੇ ਰਾਜ ਦੀ ਭਲਾਈ ਦਾ ਕਾਰਜ ਕਰ ਸਕਦਾ ਹੈ। ਮਨੁੱਖ ਵਿੱਚ ਸਦਾਚਾਰ ਵਾਲੀ ਬਿਰਤੀ ਪੈਦਾ ਕਰਨ ਲਈ ਪਲੈਟੋ ਚਾਰ ਸਦਗੁਣਾਂ ’ਤੇ ਜ਼ੋਰ ਦਿੰਦਾ ਹੈ - ਵਿਵੇਕ ਬੁੱਧੀ, ਸਾਹਸ, ਸੰਜਮ ਅਤੇ ਨਿਆਂ। ਪੱਛਮੀ ਦਾਰਸ਼ਨਿਕਾਂ ਦੁਆਰਾ ਆਦਰਸ਼ ਰਾਜ ਅਤੇ ਸਮਾਜ ਦੀ ਸਥਾਪਨਾ ਲਈ ਪੇਸ਼ ਕੀਤੇ ਗਏ ਨੁਕਤੇ ਮੌਜੂਦਾ ਸਮੇਂ ਵਿੱਚ ਵੀ ਵਿਦਵਾਨਾਂ ਦੀ ਵਿਚਾਰ ਦਾ ਵਿਸ਼ਾ ਬਣੇ ਰਹਿੰਦੇ ਹਨ।

ਪੱਛਮ ਵਿੱਚ ਪੈਦਾ ਹੋਏ ਯਹੂਦੀ, ਈਸਾਈ ਅਤੇ ਇਸਲਾਮ ਨੇ ਵੀ ਰਾਜ ਦੀ ਸਥਾਪਨਾ ਅਤੇ ਰਾਜੇ ਦੇ ਗੁਣਾਂ ਦਾ ਵਿਖਿਆਨ ਕੀਤਾ ਹੈ। ਈਸਾਈ ਧਰਮ ਵਿੱਚ ਰੱਬ ਦੇ ਰਾਜ ਦੀ ਗੱਲ ਕਰਦੇ ਹੋਏ ਭਾਵੇਂ ਕਿ ਦੁਨਿਆਵੀ ਰਾਜੇ ਨੂੰ ਨਕਾਰਿਆ ਨਹੀਂ ਗਿਆ ਪਰ ਫਿਰ ਵੀ ਰੱਬੀ ਰਾਜ ਨੂੰ ਹੀ ਸਥਿਰ ਮੰਨਿਆ ਗਿਆ ਹੈ। ਇਸਲਾਮ ਵਿੱਚ ਮੁਹੰਮਦ ਸਾਹਿਬ ਦੁਆਰਾ ਅਰਬ ਵਿਖੇ ਅਰੰਭ ਕੀਤੇ ਧਰਮ ਅਤੇ ਰਾਜ ਦੇ ਸੰਯੁਕਤ ਸਿਧਾਂਤ ਨੂੰ ਚਾਰ ਖ਼ਲੀਫ਼ਿਆਂ ਤੱਕ ਸ੍ਰੇਸ਼ਟ ਮੰਨਿਆ ਗਿਆ ਹੈ। ਜਿਹੜੇ ਸਿਧਾਂਤ ਖ਼ਲੀਫ਼ਿਆਂ ਰਾਹੀਂ ਸਾਹਮਣੇ ਆਏ, ਉਹਨਾਂ ਵਿੱਚ ਹੌਲੀ-ਹੌਲੀ ਨਿਘਾਰ ਆਉਂਦਾ ਗਿਆ। ਇਸ ਕਰਕੇ ਜਦੋਂ ਮੁਗ਼ਲ ਰਾਜ ਭਾਰਤ ਵਿੱਚ ਸਥਾਪਿਤ ਹੋਇਆ ਤਾਂ ਭਾਵੇਂ ਉਹ ਇਸਲਾਮ ਧਰਮ ਨਾਲ ਸੰਬੰਧਿਤ ਸਨ ਪਰ ਧਰਮ ਦੇ ਸਿਧਾਂਤਾਂ ਤੋਂ ਉਲਟ ਕਾਰਜ ਕਰਦੇ ਰਹੇ ਜਿਸ ਨਾਲ ਸਮਾਜ ਵਿੱਚ ਨਫ਼ਰਤ ਅਤੇ ਵੈਰ-ਵਿਰੋਧ ਦੀ ਭਾਵਨਾ ਪ੍ਰਫੁਲਿਤ ਹੋ ਗਈ ਸੀ।

ਪੂਰਬ ਵਿਖੇ ਹਿੰਦੂ, ਜੈਨ, ਬੁੱਧ ਅਤੇ ਸਿੱਖ ਧਰਮ ਪ੍ਰਮੁੱਖਤਾ ਨਾਲ ਦੇਖੇ ਜਾਂਦੇ ਹਨ। ਬੁੱਧ ਧਰਮ ਦਾ ਪ੍ਰਮੁੱਖ ਸ਼ਾਸਕ ਅਸ਼ੋਕ ਨੂੰ ਮੰਨਿਆ ਜਾਂਦਾ ਹੈ ਜਿਸ ਨੇ ਸ਼ਾਂਤੀ ਅਤੇ ਅਹਿੰਸਾ ਨੂੰ ਪ੍ਰਮੁੱਖਤਾ ਨਾਲ ਪ੍ਰਚਾਰਿਆ ਸੀ। ਹਿੰਦੂ ਧਰਮ ਵਿੱਚ ਚਾਰ ਯੁੱਗਾਂ ਦਾ ਵਰਨਨ ਦੇਖਣ ਨੂੰ ਮਿਲਦਾ ਹੈ ਅਤੇ ਪਹਿਲੇ ਤਿੰਨ ਯੁੱਗਾਂ ਵਿੱਚ ਇੱਕ ਸ਼੍ਰੋਮਣੀ ਰਾਜਾ ਮੰਨਿਆ ਜਾਂਦਾ ਹੈ ਜਿਹੜਾ ਕਿ ਧਰਮ ਦੇ ਅਨੁਸਾਰ ਰਾਜ ਨੂੰ ਚਲਾਉਣ ਦੀ ਭਾਵਨਾ ’ਤੇ ਜ਼ੋਰ ਦਿੰਦਾ ਸੀ। ਰਾਜਾ ਜਨਕ, ਰਾਜਾ ਰਾਮਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਅਜਿਹੇ ਰਾਜਿਆਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ ਜਿਹੜੇ ਕਿ ਧਰਮ ਦਾ ਪ੍ਰਤੀਕ ਮੰਨੇ ਜਾਂਦੇ ਹਨ। ਕਲਯੁੱਗ ਵਿੱਚ ਹਿੰਦੂ ਧਰਮ ਦੇ ਬਹੁਤ ਸਾਰੇ ਰਾਜਿਆਂ ਦਾ ਜ਼ਿਕਰ ਦੇਖਣ ਨੂੰ ਮਿਲਦਾ ਹੈ ਜਿਹੜੇ ਕਿ ਆਪਸ ਵਿੱਚ ਲੜਦੇ ਰਹੇ ਪਰ ਫਿਰ ਵੀ ਧਾਰਮਿਕ ਤੌਰ ’ਤੇ ‘ਰਾਮ ਰਾਜ’ ਦੀ ਸਥਾਪਨਾ ਦਾ ਉਦੇਸ਼ ਪੂਰਾ ਕਰਨ ਲਈ ਯਤਨ ਕੀਤੇ ਜਾਂਦੇ ਰਹੇ। ‘ਰਾਮ ਰਾਜ’ ਭਾਰਤੀ ਮਾਨਸਿਕਤਾ ਦਾ ਹਿੱਸਾ ਹੈ ਅਤੇ ਸ਼ਾਇਦ ਇਸੇ ਲਈ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ‘ਰਾਮ ਮੰਦਰ’ ਨੂੰ ਰਾਜ ਦੀ ਪ੍ਰਾਪਤੀ ਦਾ ਸਾਧਨਾ ਮੰਨਿਆ ਜਾਣ ਲੱਗਿਆ ਸੀ।

> *ਪੂਰਬੀ ਧਰਮਾਂ ਵਿੱਚ ਸਿੱਖ ਧਰਮ ਦਾ ਵਿਸ਼ੇਸ਼ ਸਥਾਨ ਹੈ। ਭਾਵੇਂ ਕਿ ਗਿਣਤੀ ਵਿੱਚ ਇਹ ਘੱਟ-ਗਿਣਤੀ ਹਨ ਪਰ ਰਾਜਸੀ ਦਬਾਅ ਪੈਦਾ ਕਰਨ ਲਈ ਇਹ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਇਹ ਗੁੜ੍ਹਤੀ ਇਹਨਾਂ ਨੂੰ ਗੁਰੂ ਸਾਹਿਬਾਨ ਤੋਂ ਪ੍ਰਾਪਤ ਹੋਈ ਹੈ ਜਿਸ ਵਿੱਚ ਰਾਜੇ ਦੇ ਜ਼ਾਲਮ ਅਤੇ ਅਨਿਆਂਕਾਰੀ ਹੋਣ ਨੂੰ ਇੱਕ ਵੱਡਾ ਔਗੁਣ ਮੰਨਦੇ ਹੋਏ ਉਸ ਦੇ ਵਿਰੁੱਧ ਸੰਘਰਸ਼ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਗੁਰੂ ਸਾਹਿਬਾਨ ਵੱਲੋਂ ਜ਼ੁਲਮ ਦੇ ਖ਼ਿਲਾਫ਼ ਦਿੱਤੀ ਗਈ ਇਹ ਪ੍ਰੇਰਨਾ ਮੌਜੂਦਾ ਸਮੇਂ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਕਾਇਮ ਹੈ।*

ਪੂਰਬੀ ਧਰਮਾਂ ਵਿੱਚ ਸਿੱਖ ਧਰਮ ਦਾ ਵਿਸ਼ੇਸ਼ ਸਥਾਨ ਹੈ। ਭਾਵੇਂ ਕਿ ਗਿਣਤੀ ਵਿੱਚ ਇਹ ਘੱਟ-ਗਿਣਤੀ ਹਨ ਪਰ ਰਾਜਸੀ ਦਬਾਅ ਪੈਦਾ ਕਰਨ ਲਈ ਇਹ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਇਹ ਗੁੜ੍ਹਤੀ ਇਹਨਾਂ ਨੂੰ ਗੁਰੂ ਸਾਹਿਬਾਨ ਤੋਂ ਪ੍ਰਾਪਤ ਹੋਈ ਹੈ ਜਿਸ ਵਿੱਚ ਰਾਜੇ ਦੇ ਜ਼ਾਲਮ ਅਤੇ ਅਨਿਆਂਕਾਰੀ ਹੋਣ ਨੂੰ ਇੱਕ ਵੱਡਾ ਔਗੁਣ ਮੰਨਦੇ ਹੋਏ ਉਸ ਦੇ ਵਿਰੁੱਧ ਸੰਘਰਸ਼ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਗੁਰੂ ਸਾਹਿਬਾਨ ਵੱਲੋਂ ਜ਼ੁਲਮ ਦੇ ਖ਼ਿਲਾਫ਼ ਦਿੱਤੀ ਗਈ ਇਹ ਪ੍ਰੇਰਨਾ ਮੌਜੂਦਾ ਸਮੇਂ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਕਾਇਮ ਹੈ। ਰਾਜੇ ਦੀ ਸ਼ਕਤੀ ਦੀ ਪ੍ਰਵਾਹ ਕੀਤੇ ਬਗ਼ੈਰ ਉਸ ਦੇ ਵਿਰੁੱਧ ਬੋਲਣਾ ਅਤੇ ਉਸ ਦੁਆਰਾ ਕੀਤੇ ਜਾ ਰਹੇ ਜਬਰ ਅਤੇ ਜ਼ੁਲਮ ਦਾ ਟਾਕਰਾ ਕਰਨ ਦੀ ਸਿੱਖਿਆ ਗੁਰੂ ਨਾਨਕ ਦੇਵ ਜੀ ਨੇ ਪ੍ਰਦਾਨ ਕੀਤੀ ਜਿਹੜੀ ਕਿ ਇਹਨਾਂ ਦੇ ਉੱਤਰਧਿਕਾਰੀ ਗੁਰੂ ਸਾਹਿਬਾਨ ਦੇ ਸਮੇਂ ਵੀ ਜਾਰੀ ਰਹੀ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤੱਕ ਰਾਜ ਦੀ ਸ਼ਕਤੀ ਵਿਰੁੱਧ ਸੰਘਰਸ਼ ਕਰਨ ਦੇ ਸਮੂਹ ਸਦਾਚਾਰੀ ਅਤੇ ਜੁਝਾਰੂ ਢੰਗ-ਤਰੀਕੇ ਸਿੱਖ ਜੀਵਨਜਾਚ ਦਾ ਅੰਗ ਬਣ ਗਏ ਸਨ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਰਾਜ ਸਥਾਪਤੀ ਦੀ ਜਿਹੜੀ ਮਿਸਾਲ ਕਾਇਮ ਕੀਤੀ ਸੀ ਉਹ ਬਾਅਦ ਵਾਲੇ ਸਿੱਖ ਸਰਦਾਰਾਂ ਲਈ ਪ੍ਰੇਰਨਾ ਸਰੋਤ ਬਣੀ। ਅਠਾਰ੍ਹਵੀਂ ਸਦੀ ਵਿੱਚ ਸਿੱਖ ਸਰਦਾਰ ਗੁਰਬਾਣੀ ਦੀਆਂ ਇਹਨਾਂ ਸਿੱਖਿਆਵਾਂ ਅਨੁਸਾਰ ਹਾਕਮਾਂ ਅਤੇ ਹਮਲਾਵਰਾਂ ਨੂੰ ਚੁਣੌਤੀ ਦਿੰਦੇ ਰਹੇ - ‘ਰਾਜੇ ਚੁਲੀ ਨਿਆਵ ਕੀ’,‘ਰਾਜਾ ਤਖਤ ਟਿਕੈ ਗੁਣੀ ਭੈ ਪੰਚਾਇਣ ਰਤੁ’,‘ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥’ ਰਾਜਿਆਂ ਦੇ ਜ਼ੁਲਮਾਂ ਖ਼ਿਲਾਫ਼ ਧਰਮ ਅਤੇ ਤਿਆਗ ਦੀ ਭਾਵਨਾ ਅਨੁਸਾਰ ਹੋਈਆਂ ਬੇਅੰਤ ਸ਼ਹਾਦਤਾਂ ਨੇ ਸਿੱਖ ਸਰਦਾਰਾਂ ਨੂੰ ਆਪੋ-ਆਪਣੇ ਇਲਾਕਿਆਂ ਦੇ ਰਾਜੇ ਬਣਾ ਦਿੱਤਾ ਸੀ ਅਤੇ ਆਮ ਲੋਕ ਸਰਦਾਰਾਂ ਨੂੰ ਆਪਣੇ ਪਿੰਡਾਂ ਦੀ ਰੱਖਿਆ ਦੀ ਬੇਨਤੀ ਕਰਨ ਲੱਗੇ ਸਨ। ਸਿੱਖ ਸਰਦਾਰਾਂ ਦੇ ਰੂਪ ਵਿੱਚ ਸਾਹਮਣੇ ਆਇਆ ਰਾਜ ਪ੍ਰਬੰਧ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇੱਕ ਸਥਾਪਿਤ ਰਾਜ ਪ੍ਰਣਾਲੀ ਦਾ ਰੂਪ ਧਾਰਨ ਕਰ ਗਿਆ ਸੀ ਜਿਸ ਨੇ ਆਪਣੇ ਰਾਜ ਵਿੱਚ ਸਮਾਜ ਦੇ ਹਰ ਇੱਕ ਵਰਗ ਨੂੰ ਸੁਰੱਖਿਆ ਅਤੇ ਸਤਿਕਾਰ ਪ੍ਰਦਾਨ ਕੀਤਾ ਸੀ।

ਭਾਰਤ ਅਤੇ ਪੱਛਮ ਵਿੱਚ ਜਿੰਨੇ ਵੀ ਰਾਜ ਸਥਾਪਿਤ ਹੋਏ ਹਨ ਉਹਨਾਂ ਵਿੱਚ ਰਾਜ ਧਰਮ ਅਤੇ ਰਾਜੇ ਦੇ ਗੁਣਾਂ ਨੂੰ ਲੈ ਕੇ ਅਕਸਰ ਚਰਚਾ ਦੇਖਣ ਨੂੰ ਮਿਲਦੀ ਹੈ। ਅਕਸਰ ਇਹ ਕਿਹਾ ਜਾਂਦਾ ਹੈ ਕਿ ਰਾਜੇ ਦੇ ਗੁਣ ਉਸ ਨੂੰ ਰਾਜ ਚਲਾਉਣ ਅਤੇ ਸ਼ਕਤੀਸ਼ਾਲੀ ਬਣਾਉਣ ਵਿੱਚ ਸਹਾਈ ਹੁੰਦੇ ਹਨ। ਰਾਜੇ ਦੇ ਪ੍ਰਮੁੱਖ ਗੁਣ ਪ੍ਰਜਾ ਦੀ ਖ਼ੁਸ਼ਹਾਲੀ ਹੋਣਾ ਚਾਹੀਦਾ ਹੈ ਜਿਸ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜੇਕਰ ਰਾਜਾ ਧਾਰਮਿਕ ਨਿਆਂ ਭਾਵਨਾ ਵਾਲਾ ਰਹੇ ਤਾਂ ਉਸ ਦੇ ਰਾਜ ਵਿੱਚ ਪ੍ਰਜਾ ਸੁਖ ਪੂਰਬਕ ਵਸਦੀ ਹੈ - ਜੈਸੇ ਰਾਜਾ ਧਰਮ ਸਰੂਪ ਰਾਜਨੀਤਿ ਬਿਖੈ, ਤਾ ਕੇ ਦੇਸ ਪਰਜਾ ਬਸਤ ਸੁਖ ਪਾਇ ਕੈ॥ (ਕਬਿੱਤ, 418)। ਭਾਈ ਸਾਹਿਬ ਦੁਆਰਾ ਦੱਸੇ ਗਏ ਰਾਜੇ ਦੇ ਗੁਣ ਆਦਰਸ਼ ਸਮਾਜ ਦੀ ਸਿਰਜਨਾ ਕਰਨ ’ਤੇ ਕੇਂਦਰਿਤ ਹਨ ਪਰ ਇਹ ਆਦਰਸ਼ ਤਾਂ ਹੀ ਸਥਾਪਿਤ ਹੋ ਸਕਦੇ ਹਨ ਜੇਕਰ ਰਾਜਾ ਧਰਮ ਦੀਆਂ ਕਦਰਾਂ-ਕੀਮਤਾਂ ਨਾਲ ਜੁੜ ਕੇ ਲੋਕਾਂ ਦੀ ਸੇਵਾ ਕਰੇ। ਲੋਕਾਂ ਦੇ ਕਲਿਆਣ ਦੀ ਭਾਵਨਾ ਨੂੰ ਛੱਡ ਕੇ ਸਵਾਰਥ ਤੱਕ ਸੀਮਿਤ ਰਹਿਣ ਵਾਲੇ ਰਾਜੇ ਨਾ ਤਾਂ ਆਪ ਸੁਖੀ ਰਹਿੰਦੇ ਹਨ ਅਤੇ ਨਾ ਹੀ ਪ੍ਰਜਾ ਨੂੰ ਸੁਖ ਪ੍ਰਦਾਨ ਕਰਨ ਦੀ ਭਾਵਨਾ ਰੱਖਦੇ ਹਨ ਅਤੇ ਹਮੇਸ਼ਾ ਦੁਖੀ ਰਹਿੰਦੇ ਹਨ। ਗੁਰਬਾਣੀ ਵਿੱਚ ਦੁਨਿਆਵੀ ਰਾਜਿਆਂ ਨੂੰ ਦੁਖੀ ਅਤੇ ਅਧਿਆਤਮਿਕ ਉੱਚਤਾ ਪ੍ਰਾਪਤ ਕਰਨ ਵਾਲਿਆਂ ਨੂੰ ਸੁਖੀ ਮੰਨਦੇ ਹੋਏ ਕਿਹਾ ਗਿਆ ਹੈ - ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ॥

**ਰੱਜੇ ਹੋਏ ਮਨੁੱਖ ਦੇ ਰੂਪ ਵਿੱਚ**

ਰਾਜੇ ਦਾ ਇਹ ਰੂਪ ਮਨ ਨਾਲ ਸੰਬੰਧਿਤ ਹੈ। ਜਦੋਂ ਮਨੁੱਖ ਦੇ ਮਨ ਵਿੱਚ ਦੁਨਿਆਵੀ ਪਦਾਰਥਾਂ ਅਤੇ ਵਾਸ਼ਨਾਵਾਂ ਦੀ ਖਿੱਚ ਬਾਕੀ ਨਾ ਰਹੇ ਅਤੇ ਉਹ ਮਾਇਆ ਦੇ ਹਰ ਇੱਕ ਰੂਪ ਤੋਂ ਦੂਰ ਰਹਿਣ ਵਿੱਚ ਸਫਲਤਾ ਪ੍ਰਾਪਤ ਕਰ ਲਵੇ ਤਾਂ ਉਸ ਨੂੰ ਰਾਜਾ ਕਿਹਾ ਜਾਂਦਾ ਹੈ। ਮਨੁੱਖ ਦਾ ਮਨ ਦੁਨਿਆਵੀ ਪਦਾਰਥਾਂ ਤੋਂ ਨਿਰਲੇਪ ਕਿਵੇਂ ਰਹਿ ਸਕਦਾ ਹੈ? ਇਹ ਇੱਕ ਅਜਿਹਾ ਪ੍ਰਸ਼ਨ ਹੈ ਜਿਸ ਬਾਰੇ ਹਰ ਇੱਕ ਮਨੁੱਖ ਆਪਣੇ ਵਿਚਾਰ ਪ੍ਰਗਟ ਕਰ ਸਕਦਾ ਹੈ। ਧਰਮ ਦੀ ਦ੍ਰਿਸ਼ਟੀ ਤੋਂ ਕਿਹਾ ਜਾਂਦਾ ਹੈ ਕਿ ਜਦੋਂ ਮਨੁੱਖ ਪਰਮਾਤਮਾ ਨਾਲ ਜੁੜਦਾ ਹੈ ਤਾਂ ਦੁਨਿਆਵੀ ਪਦਾਰਥਾਂ ਦੀ ਖਿੱਚ ਤੋਂ ਮੁਕਤ ਹੋ ਜਾਂਦਾ ਹੈ। ਮਨ ਵਿੱਚ ਪੈਦਾ ਹੋਈ ਖਿੱਚ ਬੰਧਨ ਦਾ ਕਾਰਨ ਮੰਨੀ ਜਾਂਦੀ ਹੈ ਜਿਸ ਦੇ ਦੋ ਰੂਪ ਦੇਖਣ ਨੂੰ ਮਿਲਦੇ ਹਨ। ਇਸ ਦਾ ਇੱਕ ਰੂਪ ਦੁਨਿਆਵੀ ਵਸਤਾਂ ਅਤੇ ਹਸਤੀਆਂ ਦੀ ਖਿੱਚ ਕਾਰਨ ਪੈਦਾ ਹੁੰਦਾ ਹੈ ਜਿਹੜਾ ਕਿ ਪਤਨ ਵੱਲ ਲੈ ਜਾਂਦਾ ਹੈ। ਇਸ ਦਾ ਦੂਜਾ ਰੂਪ ਪਰਮਾਤਮਾ ਵੱਲ ਖਿੱਚ ਪੈਦਾ ਕਰਦਾ ਹੈ ਜਿਸ ਵਿੱਚ ਮੁਕਤੀ ਦੀ ਸੰਭਾਵਨਾ ਦੇਖੀ ਜਾਂਦੀ ਹੈ,ਜਿਵੇਂ ਕਿ ਭਗਤ ਰਵਿਦਾਸ ਜੀ ਕਹਿੰਦੇ ਹਨ :

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥ ਗੁ.ਗ੍ਰੰ, ਪੰਨਾ 658

ਰੱਜੇ ਹੋਏ ਮਨੁੱਖ ਦੇ ਮਨ ਵਿੱਚ ਤ੍ਰਿਪਤੀ, ਸੰਤੁਸ਼ਟੀ ਅਤੇ ਪਦਾਰਥ ਇਕੱਤਰ ਨਾ ਕਰਨ ਦੀ ਭਾਵਨਾ ਦੇਖੀ ਜਾਂਦੀ ਹੈ। ਉਹ ਆਪਣੇ ਸਵਾਰਥਾਂ ਨੂੰ ਜੀਵਨ ਵਿਚੋਂ ਮਨਫ਼ੀ ਕਰਕੇ ਦੂਜਿਆਂ ਦੀ ਭਲਾਈ ਲਈ ਯਤਨਸ਼ੀਲ ਹੋ ਜਾਂਦਾ ਹੈ। ਮਨੁੱਖੀ ਜੀਵਨ ਦੀ ਇਹ ਅਵਸਥਾ ਸਦਗੁਣਾਂ ਨਾਲ ਭਰਪੂਰ ਹੈ ਜਿਸ ਵਿੱਚ ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ ਦੀ ਭਾਵਨਾ ਪ੍ਰਫੁਲਿਤ ਹੁੰਦੀ ਹੈ। ਮਨੁੱਖ ਇਸ ਅਵਸਥਾ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ? ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਦੀ ਰਜ਼ਾ ਵਿੱਚ ਮਨੁੱਖ ਰਾਜਾ ਬਣ ਸਕਦਾ ਹੈ - ‘ਜਾ ਤੁਧੁ ਭਾਵੈ ਤਾ ਹੋਵਹਿ ਰਾਜੇ॥’ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਦੁਆਰਾ ਦਿੱਤੀਆਂ ਹੋਈਆਂ ਦਾਤਾਂ ਨਾਲ ਹੀ ਮਨੁੱਖ ਰੱਜ ਸਕਦਾ ਹੈ - ਹਰਿ ਜੀਉ ਤੇਰੀ ਦਾਤੀ ਰਾਜਾ॥ ਇਹਨਾਂ ਅਰਥਾਂ ਵਿੱਚ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਪ੍ਰਾਪਤ ਕਰਨ ਵਾਲਾ ਮਨੁੱਖ ਹਮੇਸ਼ਾਂ ਤ੍ਰਿਪਤ ਰਹਿੰਦਾ ਹੈ, ਪ੍ਰਜਾ ਨਾਲ ਨਿਆਂ ਕਰਦਾ ਹੈ ਅਤੇ ਸਵਾਰਥਾਂ ਹਿਤ ਉਹਨਾਂ ’ਤੇ ਜ਼ੁਲਮ ਨਹੀਂ ਕਰਦਾ। ਅਜਿਹਾ ਰੱਜਿਆ ਹੋਇਆ ਮਨੁੱਖ ਹੀ ਰਾਜਾਬਣੇ ਤਾਂ ਹੀ ਪ੍ਰਜਾ ਸੁਖੀ ਰਹਿ ਸਕਦੀ ਹੈ।

ਮਨੁੱਖ ਦਾ ਮਨ ਹੀ ਉਸ ਦੇ ਸਰੀਰ ਨੂੰ ਚਲਾਉਂਦਾ ਹੈ ਅਤੇ ਜਦੋਂ ਕਿਤੇ ਬੁੱਧੀ ਸਹੀ ਅਤੇ ਗਲਤ ਦਾ ਨਿਰਣਾ ਕਰਕੇ ਉਸ ਨੂੰ ਸਹੀ ਦਿਸ਼ਾ ਵਿੱਚ ਚਲਾਉਣ ਦਾ ਯਤਨ ਕਰਦੀ ਹੈ ਤਾਂ ਇਹ ਉਸ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਤੋਂ ਇਨਕਾਰੀ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨ ਕਰਕੇ ਹੀ ਮਨੁੱਖ ਯੁੱਧ ਭੂਮੀ ਵਿੱਚ ਰਾਜਾ ਬਣ ਕੇ ਸੂਰਮਿਆਂ ਵਾਂਗ ਯੁੱਧ ਕਰਦਾ ਹੈ ਅਤੇ ਇਹ ਹੀ ਗੁਰੂ ਦੀ ਸ਼ਰਨ ਵਿੱਚ ਪੈ ਕੇ ਨਿਰਭਉ ਹੋ ਜਾਂਦਾ ਹੈ - ਇਹੁ ਮਨੁ ਰਾਜਾ ਸੂਰ ਸੰਗ੍ਰਾਮਿ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ॥ ਮਨ ਨੂੰ ਸਰੀਰ ਦਾ ਅਨਿਖੜਵਾਂ ਅੰਗ ਮੰਨਦੇ ਹੋਏ ਗੁਰੂ ਜੀ ਅੱਗੇ ਸਮਝਾਉਂਦੇ ਹਨ ਕਿ ਮਨੁੱਖ ਦਾ ਸਰੀਰ ਇੱਕ ਨਗਰ ਹੈ ਜਿਸ ਵਿੱਚ ਪੰਜ ਗਿਆਨ ਇੰਦ੍ਰੀਆਂ ਵਿਚਾਰਵਾਨ ਹੋ ਕੇ ਵੱਸਦੀਆਂ ਹਨ ਅਤੇ ਮਨ ਉਹਨਾਂ ਦਾ ਰਾਜਾ ਬਣ ਬੈਠਦਾ ਹੈ ਅਤੇ ਹਿਰਦੇ ਰੂਪੀ ਆਸਣ ’ਤੇ ਬੈਠ ਕੇ ਸ਼ਬਦ ਦੁਆਰਾ ਪਰਮਾਤਮਾ ਦਾ ਸਿਮਰਨ ਕਰਦਾ ਹੈ ਅਤੇ ਗੁਣ ਧਾਰਨ ਕਰਕੇ ਦੂਜਿਆਂ ਨਾਲ ਨਿਆਂ ਕਰਦਾ ਹੈ - ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ॥ ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ॥ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਦੋਂ ਪਰਮਾਤਮਾ ਦਾ ਸਿਮਰਨ ਕਰਨ ਵਾਲੇ ਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਵੱਸ ਜਾਂਦਾ ਹੈ ਤਾਂ ਉਹ ਲੱਖਾਂ ਕਰੋੜਾਂ ਮਨੁੱਖਾਂ ਦੇ ਦਿਲਾਂ ਦਾ ਰਾਜਾ ਬਣ ਜਾਂਦਾ ਹੈ - ਕੋਟਿ ਲਾਖ ਸਰਬ ਕੋ ਰਾਜਾ ਜਿਸੁ ਹਿਰਦੈ ਨਾਮੁ ਤੁਮਾਰਾ॥ ਪਰਮਾਤਮਾ ਦਾ ਸਿਮਰਨ ਕਰਨ ਵਾਲਾ ਮਨੁੱਖ ਨਿਸਚਿੰਤ, ਨਿਰਭਉ, ਨਿਰਵੈਰ, ਨਿਸਵਾਰਥ, ਨਿਮਰ ਅਤੇ ਨਿਸੰਗ ਹੋ ਜਾਂਦਾ ਹੈ। ਉਹ ਡਰ ਅਤੇ ਭੇਦਭਾਵ ਦੀ ਬਿਰਤੀ ਤੋਂ ਮੁਕਤ ਹੋ ਕੇ ਨਿਆਂ ਕਰਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਨਾਲ ਜੁੜਿਆ ਹੋਇਆ ਮਨੁੱਖ ਹੀ ਵੱਡਾ ਰਾਜਾ ਹੈ ਅਤੇ ਉਸ ਦੇ ਕਾਰਜ ਉਹ ਆਪ ਹੀ ਸੁਆਰ ਦਿੰਦਾ ਹੈ - ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ॥

ਸਦਗੁਣਾਂ ਦੇ ਆਧਾਰ ’ਤੇ ਜਿਹੜੇ ਵੀ ਮਹਾਪੁਰਖਾਂ ਅਤੇ ਸੂਝਵਾਨਾਂ ਨੇ ਮਨੁੱਖਾਂ ਦੇ ਜੀਵਨ ਆਦਰਸ਼ਾਂ ਦੀ ਵਿਆਖਿਆ ਕੀਤੀ ਹੈ, ਉਹਨਾਂ ਦੀ ਦ੍ਰਿਸ਼ਟੀ ਵਿੱਚ ਉਹ ਰਾਜੇ ਹਨ ਜਿਹੜੇ ਅਧਿਆਤਮਿਕ ਉੱਚਤਾ ਗ੍ਰਹਿਣ ਕਰ ਗਏ ਹਨ। ਭਗਵਾਨ ਦਾਸ ਜੀ ਆਪਣੀ ਰਚਨਾ ਭਗਵਾਨ ਬਲਾਸ ਗ੍ਰੰਥ ਵਿੱਚ ਰਾਜੇ ਦੇ ਗੁਣਾਂ ਦਾ ਵਿਖਿਆਨ ਕਰਦੇ ਹੋਏ ਦੱਸਦੇ ਹਨ ਕਿ ਮਾਇਆ ਦੇ ਪ੍ਰਭਾਵ ਦੇ ਬਾਵਜੂਦ ਵੀ ਸਮਦ੍ਰਿਸ਼ਟੀ ਧਾਰਨ ਕਰਨ ਵਾਲੇ ਜਿਹੜੇ ਦਰਵੇਸ਼ ਅਤੇ ਸੂਝਵਾਨ ਹਮੇਸ਼ਾਂ ਕਲਹ-ਕਲੇਸ਼ ਤੋਂ ਦੂਰ ਰਹਿੰਦੇ ਹਨ, ਉਹ ਹੀ ਰਾਜੇ ਹਨ। ਪਰ ਇਸ ਦੇ ਉਲਟ ਉਹ ਕਿਹੋ ਜਿਹੇ ਤਿਆਗੀ ਹਨ ਜਿਨ੍ਹਾਂ ਦੇ ਮਨ ਵਿੱਚ ਮਾਇਆ ਤੋਂ ਜਿੱਤ-ਹਾਰ ਵਾਲੀ ਭਾਵਨਾ ਪੈਦਾ ਨਹੀਂ ਹੁੰਦੀ ਅਤੇ ਨਾ ਹੀ ਉਹਨਾਂ ਦੀ ਰੁਚੀ ਪਰਮਾਤਮਾ ਨਾਲ ਪ੍ਰੇਮ ਵਾਲੀ ਹੁੰਦੀ ਹੈ। ਦਰਅਸਲ, ਉਹ ਹੀ ਅਨੰਦ ਪ੍ਰਾਪਤ ਕਰਦੇ ਹਨ ਜਿਹੜੇ ਪੱਖ-ਪਾਤ ਰਹਿਤ ਹੋ ਕੇ, ਮਨ ਨੂੰ ਕਾਬੂ ਕਰਕੇ ਅਤੇ ਭੈੜੀ ਸਿੱਖਿਆ ਦਾ ਤਿਆਗ ਕਰਕੇ ਆਪਣੇ ਆਤਮ ਆਧਾਰ ਵਿੱਚ ਜੀਵਨ ਬਸਰ ਕਰਦੇ ਹਨ। ਅਜਿਹੇ ਮਨੁੱਖ ਹੀ ਸੰਜਮੀ, ਧੀਰਜਵਾਨ, ਸੰਤੋਖੀ ਅਤੇ ਰਾਜਿਆਂ ਦੇ ਰਾਜੇ ਕਹੇ ਜਾਂਦੇ ਹਨ :

ਦਾਨੇ ਦਰਵੇਸ ਜੁ ਹਮੇਸ ਹੈਂ ਕਲੇਸ ਬਿਨ
ਸਮਝ ਨਰੇਸ ਇਹ ਬਸੇਸ ਹੈਂ ਬਚਾਰ ਮੇ॥
ਕੈਸੇ ਹੈਂ ਅਤੀਤ ਚੀਤ ਨਹੀ ਜਿਨ ਹਾਰ ਜੀਤ
ਰੀਤ ਮੇ ਨਾ ਨੀਤ ਹੈ ਪ੍ਰੀਤਿ ਦਿਲਦਾਰ ਮੇ॥
ਲੈਂਦੇ ਕੀ ਅਨੰਦ ਨਿਰਦ੍ਵੰਦ ਦਿਲ ਬੰਦ
ਮੰਦ ਪੰਦ ਨੂ ਤਿਆਗਿ ਰਹਿਦੇ ਆਤਮ ਅਧਾਰ ਮੇ॥
ਸੰਜਮੀ ਤੇ ਧੀਰਜੀ ਸੰਤੋਖੀ ਭਗਵਾਂਨ ਦਾਸ
ਸਾਹਿਨ ਕੇ ਸਾਹ ਜੋ ਸਮਾਏ ਸਮਸਾਰ ਮੇ ॥330॥

ਗੁਰਬਾਣੀ ਵਿੱਚ ਮਨੁੱਖ ਨੂੰ ਅਧਿਆਤਮਿਕ ਦ੍ਰਿਸ਼ਟੀ ਪੈਦਾ ਕਰਨ ’ਤੇ ਜ਼ੋਰ ਦਿੱਤਾ ਗਿਆ ਹੈ ਜਿਹੜੀ ਕਿ ਉਸ ਨੂੰ ਦੂਜੇ ਮਨੁੱਖਾਂ ਨਾਲੋਂ ਸੂਝਵਾਨ ਅਤੇ ਸ੍ਰੇਸ਼ਟ ਬਣਾਉਂਦੀ ਹੈ। ਧਾਰਮਿਕ ਕਦਰਾਂ ਕੀਮਤਾਂ ਅਨੁਸਾਰ ਜੀਵਨ ਬਸਰ ਕਰਕੇ ਅਧਿਆਤਮਿਕ ਉੱਚਤਾ ਪ੍ਰਾਪਤ ਕਰਨ ਵਾਲੇ ਹੀ ਅਸਲ ਰਾਜੇ ਹਨ ਜਿਹੜੇ ਕਿ ਲੱਖਾਂ-ਕਰੋੜਾਂ ਮਨੁੱਖਾਂ ਦੇ ਦਿਲਾਂ ’ਤੇ ਰਾਜ ਕਰਦੇ ਹਨ।

# ਪਹਿਚਾਣ ਅਧਾਰਿਤ ਰਾਜਨੀਤੀ ਤੋਂ ਤੋੜ ਵਿਛੋੜਾ ਕੌਮ ਲਈ ਖ਼ਤਰਨਾਕ

ਅਵਤਾਰ ਸਿੰਘ
ਜਸਵੀਰ ਸਿੰਘ

## ਉੱਤਰ-ਬਸਤੀਵਾਦੀ ਪਹੁੰਚ ਦੇ ਮਨਸੂਬਿਆਂ ਨੂੰ ਸਮਝੋ

ਅੰਤਿਮ ਕਿਸ਼ਤ

(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਇਹ ਉਹ ਹੀ ਮੌਲਿਕ ਅਤੇ ਨਿਆਰਾ ਰੂਪ ਹੈ ਜੋ ਕੌਮਾਂ ਨੂੰ ਆਪਣੀਆਂ ਧਰਤੀਆਂ ਤੋਂ ਜਬਰੀ ਖਦੇੜ ਦੇਣ ਦੇ ਬਾਵਜੂਦ ਵੀ ਕੌਮ ਦੀ ਰੂਹ ਵਿੱਚ ਆਪਣੀ ਧਰਤੀ ਅਤੇ ਆਪਣੇ ਧਰਮ-ਇਤਿਹਾਸ ਨਾਲ ਨਾਤਾ ਨਹੀਂ ਤੋੜਨ ਦਿੰਦਾ। ਸਦੀਆਂ ਤੱਕ ਉਸ ਜਾਂਬਾਜ ਇਤਿਹਾਸ ਦੀ ਚੀਸ ਕੌਮ ਦੇ ਮਨਾਂ ਵਿੱਚ ਪਈ ਰਹਿੰਦੀ ਹੈ। ਜਦੋਂ ਕੌਮੀ ਅਤੇ ਕੌਮਾਂਤਰੀ ਹਾਲਾਤ ਰਾਹ ਦਿੰਦੇ ਹਨ, ਕੌਮਾਂ ਮੁੜ ਆਪਣੇ ਉਸ ਗੌਰਵ ਨੂੰ ਹਾਸਲ ਕਰ ਲੈਂਦੀਆਂ ਹਨ ਜਿਹੜਾ ਉਨ੍ਹਾਂ ਦੇ ਵੱਡ-ਵਡੇਰਿਆਂ ਨੇ ਕਿਸੇ ਯੁਗ ਵਿੱਚ ਸਿਰਜਿਆ ਹੁੰਦਾ ਹੈ।

ਹਰਿੰਦਰ ਸਿੰਘ ਮਹਿਬੂਬ ਅੱਗੇ ਆਖਦੇ ਹਨ-ਜਦੋਂ ਇੱਕ ਖਾਸ ਦੌਰ ਵਿੱਚ ਕਿਸੇ ਨਿਸ਼ਚਿਤ ਰੁਹਾਨੀਅਤ ਦਾ ਉਜਾਲਾ ਹੁੰਦਾ ਹੈ ਤਾਂ ਸਮਾਜੀ ਅਦਾਰਿਆਂ ਅਤੇ ਆਮ ਨੈਤਿਕ ਵਰਤਾਰੇ ਵਿੱਚ ਉਤਾਰਾ ਕਰੇ ਬਿਨਾ ਇਹ ਸੰਪੂਰਨ ਨਹੀਂ ਹੁੰਦੀ। ਸਮਾਜ ਵਿੱਚ ਰੁਹਾਨੀਅਤ ਦਾ ਕੋਈ ਸੁਡੌਲ ਆਕਾਰ ਅਤੇ ਬਹੁ-ਪਸਾਰੀ ਗਤੀ ਬਣੇ ਬਿਨਾ ਲਹੂ ਮਾਸ ਵਾਲੀ ਹਯਾਤੀ ਇਸ ਨੂੰ ਪ੍ਰਵਾਨ ਨਹੀਂ ਕਰਦੀ ਅਤੇ ਇਹ ਧਰਮ ਦੇ ਨਵੇਂ ਨਕਸ਼ ਨਹੀਂ ਸਿਰਜਦੀ। ਧਰਮ ਦੇ ਸੰਦਰਭ ਵਿੱਚ ਇਸੇ ਪ੍ਰਕਰਣ ਨੂੰ ਰਹਿਤ ਮਰਯਾਦਾ ਕਿਹਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜ਼ਿੰਦਗੀ ਦੀ ਜਿਸ ਪਾਕ ਸੂਰਤ ਅਤੇ ਨਿਰਮਲ ਕਾਰਜ ਨੂੰ ਸੱਚ ਤੋਂ ਉਚੇਰਾ ਸਚੁ ਆਚਾਰੁ ਫੁਰਮਾਉਂਦੇ ਹਨ, ਉਹ ਵੀ ਆਦਰਸ਼ਕ ਰਹਿਤ-ਮਰਯਾਦਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਸਿੱਖਾਂ ਦੀ ਨਿਆਰੀ ਕੌਮੀ ਹਸਤੀ ਅਤੇ ਸੰਸਥਾਈ ਧਰਮ ਦੇ ਅੰਗਾਂ ਨੂੰ ਸਿਧਾਂਤਿਕ ਹਮਲੇ ਹੇਠ ਲਿਆਉਣ ਵਾਲੀ ਬਿਰਤੀ ਨੂੰ ਆਧੁਨਿਕ ਵਿਦਵਤਾ ਦੀ ਭਾਸ਼ਾ ਵਿੱਚ, ਉੱਤਰ-ਬਸਤੀਵਾਦੀ ਹਮਲੇ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਕੁਝ ਕਥਿਤ ਸਿੱਖ ਵਿਦਵਾਨ ਸਿੱਖ ਕੌਮ ਦੇ ਜੀਵਨ ਵਿੱਚ ਆਈ ਕੌਮਵਾਦੀ ਚੇਤਨਾ ਨੂੰ ਸਿਰਫ਼ ਅਤੇ ਸਿਰਫ਼ ਨਵ-ਬਸਤੀਵਾਦੀ ਸਿੱਖ ਸਿਧਾਂਤਕਾਰੀ ਦੇ ਰੂਪ ਵਿੱਚ ਪਰਿਭਾਸ਼ਿਤ ਕਰਦੇ ਹਨ। ਇਸ ਤਰ੍ਹਾਂ ਕਰਦਿਆਂ ਉਹ ਬਿਪਰ ਸੰਸਕਾਰ ਅਤੇ ਸਨਾਤਨਵਾਦੀਆਂ ਦੇ ਸਿੱਖੀ ਦੀ ਨਿਆਰੀ ਸੋਚ ਉੱਤੇ ਕੀਤੇ ਗਏ ਅਤੇ ਕੀਤੇ ਜਾ ਰਹੇ ਹਮਲਿਆਂ ਤੋਂ ਕੌਮ ਦਾ ਧਿਆਨ ਭਟਕਾ ਰਹੇ ਹਨ। ਇਸ ਪੋਸਟ-ਕਲੋਨੀਅਲ ਗਰੁੱਪ ਦੇ ਇਸ ਪਿੱਛੇ ਮਨਸ਼ੇ ਉਨ੍ਹਾਂ ਦੀ ਇਤਿਹਾਸਕਾਰੀ ਤੋਂ ਸਪਸ਼ਟ ਹੋ ਰਹੇ ਹਨ। ਉਨ੍ਹਾਂ ਦੀ ਇਤਿਹਾਸਕਾਰੀ ਤੋਂ ਜਿਹੜੀ ਗੱਲ ਸਾਫ ਹੋ ਰਹੀ ਹੈ ਕਿ ਉਹ ਹਰ ਹਾਲਤ ਵਿੱਚ ਸਨਾਤਨਵਾਦੀਆਂ ਨੂੰ ਸਿੱਖੀ ਦੀ ਆਤਮਾ ਨੂੰ ਖੋਰਾ ਲਾਉਣ ਦੇ ਯਤਨਾਂ ਤੋਂ ਬਰੀ ਕਰ ਰਹੇ ਹਨ ਇਸ ਤਰ੍ਹਾਂ ਕਰਦਿਆਂ ਉਹ ਇਹ ਗੱਲ ਭੁੱਲ ਰਹੇ ਹਨ ਕਿ ਹਰ ਜੇਤੂ ਕੌਮ ਨੇ ਉਹ ਜ਼ੁਲਮ ਕਰਨਾ ਹੀ ਹੁੰਦਾ ਹੈ ਜਿਹੜਾ ਬਸਤੀਵਾਦੀਆਂ ਨੇ ਕੀਤਾ। ਉਹ ਇਸਲਾਮੀ ਸ਼ਾਸਕਾਂ ਨੇ ਵੀ ਕੀਤਾ ਅਤੇ ਹਿੰਦੂ ਸ਼ਾਸਕ ਵੀ ਕਰ ਰਹੇ ਹਨ। ਜਿਉਂਦੀਆਂ ਕੌਮਾਂ ਨੇ ਇਹ ਦੇਖਣਾ ਹੁੰਦਾ ਹੈ ਕਿ ਬਦੇਸ਼ੀ ਤਾਕਤਾਂ ਦੇ ਸਿਧਾਂਤਿਕ ਅਤੇ ਰਾਜਸੀ, ਸਮਾਜਿਕ ਹਮਲੇ ਦਾ ਟਾਕਰਾ ਕਿਵੇਂ ਕਰਨਾ ਹੈ। ਬਦੇਸ਼ੀਆਂ ਦੇ ਸਿਧਾਂਤਿਕ ਹਮਲੇ ਦੇ ਮੁਕਾਬਲੇ ਸਾਡੇ ਆਪਣੇ ਨਿਆਰੇ ਆਦਰਸ਼ ਕਿੰਨੇ ਮਜ਼ਬੂਤ ਹਨ ਅਤੇ ਕੌਮ ਦੀ ਅਬਾਦੀ ਕਿੰਨੀ ਆਪਣੀਆਂ ਪਰੰਪਰਾਵਾਂ ਅਤੇ ਰਵਾਇਤਾਂ ਨਾਲ ਜੁੜੀ ਹੋਈ ਹੈ। ਉਸ ਦੇ ਧਾਰਮਿਕ ਰਹਿਬਰ ਅਤੇ ਸ਼ਹੀਦ ਕਿੰਨਾ ਕੁ ਉਸ ਨੂੰ ਅਪੀਲ ਕਰ ਰਹੇ ਹਨ। ਬਦੇਸ਼ੀ ਹਮਲੇ ਤੋਂ ਬਚਣ ਲਈ ਕੌਮ ਦੇ ਆਪਣੇ ਅੰਦਰੂਨੀ ਸੁਰੱਖਿਆ ਕਵਚ ਕਿੰਨੇ ਮਜ਼ਬੂਤ ਹਨ।

ਸਿੱਖ ਪਹਿਚਾਣ ਦੀ ਰਾਜਨੀਤੀ ਉੱਤੇ ਪੋਸਟ-ਕਲੋਨੀਅਲ ਹਮਲਾ

ਭਾਰਤੀ ਤਾਕਤਾਂ ਨੇ ਤੀਜੇ ਘੱਲੂਘਾਰੇ ਤੋਂ ਬਾਅਦ, ਸਿੱਖਾਂ ਅਤੇ ਖਾਸ ਕਰ ਪੱਛਮੀ ਦੇਸ਼ਾਂ ਵਿੱਚ ਰਹਿਣ ਵਾਲੇ ਪਰਵਾਸੀ ਸਿੱਖਾਂ ਵਿੱਚ ਪੈਦਾ ਹੋਈ ਕੌਮਵਾਦੀ ਚੇਤਨਾ ਦੀ ਧਾਰ ਨੂੰ ਖੁੰਢਿਆਂ ਕਰਨ ਲਈ ਅਤੇ ਇਸ ਦਾ ਮੁਕਾਬਲਾ ਕਰਨ ਲਈ, ਪੱਛਮੀ ਦੇਸ਼ਾਂ ਵਿੱਚ ਸਿੱਖ ਦਿੱਖ ਵਾਲੇ ਵਿਦਵਾਨਾਂ ਦੀ ਚੋਣ ਕੀਤੀ। ਇਨ੍ਹਾਂ ਵਿਦਵਾਨਾਂ ਵੱਲੋਂ ਪੋਸਟ-ਕਲੋਨੀਅਲ ਸੰਕਲਪਾਂ ਦੀ ਵਰਤੋਂ ਕਰਕੇ ਸਿੱਖ ਕੌਮਵਾਦੀ ਚੇਤਨਾ ਦੇ ਸਰੋਤਾਂ ਜਿਵੇਂ ਸਿੱਖ ਪਹਿਚਾਣ ਅਤੇ ਸਿੱਖ ਰਹਿਤ ਮਰਯਾਦਾ ਨੂੰ ਬਸਤੀਵਾਦੀ ਵਰਤਾਰੇ ਨਾਲ ਜੋੜ ਕੇ ਇਨ੍ਹਾਂ ਦੀ ਸਿੱਖ ਪੰਥ ਵਿੱਚ ਮਾਨਤਾ ਨੂੰ ਖਤਮ ਕਰਨ ਦਾ ਯਤਨ ਸ਼ੁਰੂ ਕੀਤਾ ਗਿਆ। ਇਨ੍ਹਾਂ ਵਿਦਵਾਨਾਂ ਵਿੱਚ ਹਰਜੋਤ ਉਬਰਾਏ ਅਤੇ ਅਰਵਿੰਦਰਪਾਲ ਮੰਡੇਰ ਪ੍ਰਮੁੱਖ ਹਨ। ਉੱਤਰੀ ਅਮਰੀਕਾ ਵਿੱਚ ਇਨ੍ਹਾਂ ਵਿਦਵਾਨਾਂ ਨੇ ਸਿੱਖ ਨੌਜਵਾਨੀ ਦੇ ਇੱਕ ਹਿੱਸੇ 'ਤੇ ਵੱਡੇ ਅਸਰ ਪਾਏ। ਭਾਵੇਂ ਸਾਂਝੀ ਸਿੱਖ ਮਾਨਸਿਕਤਾ ਨੇ ਸਨਾਤਨੀ ਪ੍ਰਬੰਧ ਵੱਲੋਂ ਸੂਖਮ ਤਰੀਕੇ ਨਾਲ ਸਿੱਖ ਧਾਰਮਿਕ ਮਾਨਤਾਵਾਂ ਵਿੱਚ ਘੁਸਪੈਂਠ ਕਰਵਾਉਣ ਵਾਲੇ ਇਸ ਅਕਾਦਮਿਕ ਹਮਲੇ ਨੂੰ ਬੁੱਝ ਲਿਆ ਸੀ, ਪਰ ਕੌਮਾਂਤਰੀ ਪੱਧਰ 'ਤੇ ਇਹ ਪੋਸਟ-ਕਲੋਨੀਅਲ ਵਿਦਵਾਨ ਹਾਲੇ ਵੀ ਸਰਗਰਮ ਹਨ। ਇਨ੍ਹਾਂ ਵਿਦਵਾਨਾਂ ਅਨੁਸਾਰ ਸਿੱਖ ਵਿਚਾਰਧਾਰਾ ਅਤੇ ਇਸ ਦੀ ਵਿਹਾਰਕ ਵਰਤੋਂ ਕਰਕੇ ਸਿੱਖ ਧਰਮ ਦਾ ਕੌਮਾਂਤਰੀ ਧਰਮ ਵੱਜੋਂ ਪਰਚਾਰ ਅਸਲ ਵਿੱਚ ਅੰਗਰੇਜ਼ ਬਸਤੀਵਾਦ ਅਤੇ ਪੱਛਮੀ ਅਧਿਆਤਮ 'ਤੇ ਅਧਾਰਿਤ ਹੈ। ਉਨ੍ਹਾਂ ਅਨੁਸਾਰ ਸਿੱਖਵਾਦ ਦੇ ਸਿਧਾਂਤਿਕ ਪਰਿਪੇਖ ਅਤੇ ਇਸ ਦੇ ਅਧਾਰ 'ਤੇ ਉੱਸਰੀਆਂ ਸੰਸਥਾਵਾਂ ਅਸਲ ਵਿੱਚ ਬਸਤੀਵਾਦੀ ਮਾਨਸਿਕਤਾ ਦਾ ਪ੍ਰਗਟਾਵਾ ਹਨ, ਇਹ ਸਿੱਖਾਂ ਦੀ ਆਪਣੀ ਵਿਰਾਸਤ ਨਹੀਂ ਹਨ। ਇਨ੍ਹਾਂ ਅਨੁਸਾਰ ਇਹ ਵਰਤਾਰਾ ਅੰਗਰੇਜ਼ ਕਾਲ ਸਮੇਂ ਦੀ ਯੂਰੋ-ਕੇਂਦਰਿਤ ਮਾਡਰੈਨਟੀ ਅਤੇ ਬਸਤੀਵਾਦ ਤੋਂ ਲੈ ਕੇ ਹੁਣ ਤੱਕ ਦੇ ਪੋਸਟ ਕਲੋਨੀਅਲ ਕਾਲ ਤੱਕ ਫੈਲਿਆ ਹੋਇਆ ਹੈ। ਇਸ ਵਿੱਚ ਯੂਰੋ-ਅਮਰੀਕਨ ਅਤੇ ਪੋਸਟ-ਮਾਡਰੈਨਟੀ ਵੀ ਸ਼ਾਮਲ ਹੈ। ਇਹ ਪੋਸਟ-ਕਲੋਨੀਅਲ ਵਿਦਵਾਨ ਪੂਰਬ-ਬਸਤੀਵਾਦੀ ਸਿੱਖੀ ਦੇ ਬਸਤੀਵਾਦੀ ਅਤੇ ਮਾਡਰਨ ਸਿੱਖਵਾਦ ਵਿਚਲੇ ਬਦਲਾਅ ਦੇ ਵਰਤਾਰੇ ਨੂੰ ਪੁਰਾਤਨ ਭਾਰਤੀ ਧਾਰਮਿਕ ਪ੍ਰਬੰਧ 'ਤੇ ਪੈਣ ਵਾਲੇ ਪੱਛਮੀ ਅਸਰਾਂ ਦੇ ਸੰਦਰਭ ਵਿੱਚ ਸਮਝਣ ਦਾ ਪਰਚਾਰ ਕਰ ਰਹੇ ਹਨ।



ਹਰਜੋਤ ਉਬਰਾਏ ਬਿਨਾ ਕਿਸੇ ਸਿਧਾਂਤਿਕ ਲਗ-ਲਪੇਟ ਦੇ ਪੂਰਬ-ਬਸਤੀਵਾਦੀ ਸਿੱਖੀ ਨੂੰ ਸਨਾਤਨੀ ਪ੍ਰਬੰਧ ਨਾਲ ਜੋੜਦਾ ਹੈ। ਉਬਰਾਏ ਅਨੁਸਾਰ, ਸਨਾਤਨ ਸਿੱਖ ਪਰੰਪਰਾ ਨੇ ਉਨ੍ਹੀਵੀਂ ਸਦੀ ਵਿੱਚ ਤੱਤ ਖ਼ਾਲਸਾ ਪਰੰਪਰਾ ਨੂੰ ਖਦੇੜ ਦਿੱਤਾ ਸੀ। 1870 ਤੋਂ ਬਾਅਦ ਤਾਂ ਸਿੱਖਾਂ ਦੇ ਕੁਲੀਨ ਵਰਗ ਨੇ ਆਪਣੇ ਆਪ ਨੂੰ ਸਨਾਤਨੀ ਪ੍ਰਬੰਧ ਅਤੇ ਪਹਿਚਾਣ ਨਾਲ ਜੋੜ ਲਿਆ ਸੀ। ਇਹ ਵਰਤਾਰਾ ਉਸ ਵੇਲੇ ਵਾਪਰ ਰਿਹਾ ਸੀ ਜਦੋਂ ਮਾਡਰਨ ਸਿੱਖ ਬੁੱਧੀਜੀਵੀ ਪੁਰਾਣੀਆਂ ਸਿੱਖ (ਸਨਾਤਨੀ) ਪਰੰਪਰਾਵਾਂ ਨੂੰ ਚੁਣੌਤੀ ਦੇ ਰਹੇ ਸਨ ਜਾਂ ਰੱਦ ਕਰ ਰਹੇ ਸਨ। ਉਨ੍ਹੀਂਵੀ ਸਦੀ ਦੇ ਸਨਾਤਨੀ ਸਿੱਖਾਂ ਦਾ ਵਿਸ਼ਵਾਸ ਸੀ ਕਿ ਉਨ੍ਹਾਂ ਦੇ ਅਧਿਆਤਮਵਾਦ ਅਤੇ ਰੀਤੀ-ਰਿਵਾਜ, ਕਾਰ-ਵਿਹਾਰ ਦੀਆਂ ਪੁਰਾਤਨ ਜੜ੍ਹਾਂ ਹਨ ਅਤੇ ਇਹ ਸਮੇਂ ਦੇ ਬਦਲਾਅ ਦੇ ਨਿਯਮਾਂ ਤੋਂ ਪਾਰ ਹਨ। ਇਨ੍ਹਾਂ ਦੇ ਵਿਸ਼ਵਾਸ ਅਨੁਸਾਰ ਜਿਨ੍ਹਾਂ ਵਿਚਾਰਾਂ ਤੇ ਇਹ ਖੜ੍ਹੇ ਹਨ ਇਹ ਬ੍ਰਹਿਮੰਡ ਦੇ ਹੋਂਦ ਵਿੱਚ ਆਉਣ ਦੇ ਸਮੇਂ ਤੋਂ ਹੀ ਹੋਂਦ ਵਿੱਚ ਹਨ।

ਹਰਜੋਤ ਉਬਰਾਏ ਦੀ ਸਾਜ਼ਿਸ਼ ਉਸ ਸਮੇਂ ਸਪਸ਼ਟ ਹੋ ਜਾਂਦੀ ਹੈ ਜਦੋਂ ਉਹ ਕਥਿਤ ਸਨਾਤਨ ਸਿੱਖ ਪਰੰਪਰਾ ਨੂੰ ਹਿੰਦੂ ਗਰੰਥਾਂ, ਮਿੱਥਾਂ, ਮਨੌਤਾਂ, ਵਿਆਖਿਆਵਾਂ ਅਤੇ ਸਮਾਜਿਕ ਵਿਹਾਰਾਂ ਨਾਲ ਜੋੜਦਾ ਹੈ। ਇਸ ਨੂੰ ਉਹ ਸਨਾਤਨ ਧਾਰਮਿਕ ਸੱਭਿਆਚਾਰ ਵੱਜੋਂ ਪਰਿਭਾਸ਼ਿਤ ਕਰਦਾ ਹੈ। ਉਬਰਾਏ ਅਨੁਸਾਰ ਸਨਾਤਨ ਧਾਰਮਿਕ ਸੱਭਿਆਚਾਰ, ਸਨਾਤਨ ਸਿੱਖੀ ਦਾ ਸਮਾਜਿਕ ਸੰਸਾਰ ਹੈ ਜੋ ਕਿ ਬ੍ਰਾਹਮਣੀ ਵਰਣ-ਆਸ਼ਰਮ, ਧਰਮ-ਵੇਦਾਂ, ਪੁਰਾਣਾਂ, ਪੁਜਾਰੀਆਂ, ਅਵਤਾਰਾਂ ਅਤੇ ਹਿੰਦੂ ਦੇਵੀ-ਦੇਵਤਿਆਂ ਦੀ ਮਾਨਤਾ 'ਤੇ ਅਧਾਰਿਤ ਹੈ। ਉਬਰਾਏ ਨੇ ਸਨਾਤਨ ਸਿੱਖਾਂ ਦੀ ਪਛਾਣ ਦਿੰਦਿਆਂ ਇਨ੍ਹਾਂ ਵਿੱਚ ਉਦਾਸੀਆਂ, ਨਿਰਮਲਿਆਂ, ਗੁਰੂ-ਪਰਿਵਾਰਾਂ, ਗ੍ਰੰਥੀਆਂ, ਪੁਜਾਰੀਆਂ,ਢਾਡੀਆਂ, ਰਬਾਬੀਆਂ, ਅਰਦਾਸੀਆਂ ਅਤੇ ਤਾਕਤਵਰ ਸਿੱਖ ਡੇਰੇਦਾਰਾਂ ਨੂੰ ਸ਼ਾਮਲ ਕੀਤਾ ਹੈ। ਉਬਰਾਏ ਸਨਾਤਨੀ ਸਿੱਖ ਵਰਤਾਰੇ ਨੂੰ ਉਨ੍ਹੀਵੀਂ ਸਦੀ ਦੀ ਤਾਕਤਵਰ ਅਮੀਰ ਸਿੱਖ ਧਾਰਮਿਕ ਪਰੰਪਰਾ ਮੰਨਦਾ ਹੈ। ਜਿਸ ਨੂੰ ਸਿੰਘ ਸਭਾ ਲਹਿਰ ਅਧਾਰਿਤ ਖਾਲਸਾ ਪਰੰਪਰਾ ਨੇ ਵੀਹਵੀਂ ਸਦੀ ਵਿੱਚ ਅੱਤ ਕਮਜ਼ੋਰ ਕਰ ਦਿੱਤਾ।

ਅਰਵਿੰਦਰਪਾਲ ਮੰਡੇਰ ਦਾ ਸਿੱਖ ਪਹਿਚਾਣ ਅਤੇ ਸਿੰਘ ਸਭਾ ਲਹਿਰ 'ਤੇ ਹਮਲਾ, ਉਬਰਾਏ ਤੋਂ ਵਧੇਰੇ ਸੂਖਮ ਤੇ ਪੱਛਮੀ ਸਿਧਾਂਤਾਂ ਦੀ ਡੂੰਘੀ ਵਰਤੋਂ 'ਤੇ ਅਧਾਰਿਤ ਹੈ। ਮੰਡੇਰ ਅਨੁਸਾਰ ਪੱਛਮੀ ਈਸਾਈ ਅਧਿਆਤਮਵਾਦੀ ਵਿਚਾਰਧਾਰਾ ਨੇ ਇੱਕ ਪਾਸੇ ਪੱਛਮੀ ਧਰਮ ਅਤੇ ਭਾਸ਼ਾ ਦੇ ਡੂੰਘੇ ਜੋੜ ਤੋਂ ਬਸਤੀਵਾਦੀ ਗੁਲਾਮ ਪੈਦਾ ਕੀਤੇ ਉੱਥੇ ਹੀ ਨਵੇਂ ਬਸਤੀਵਾਦੀ ਸਮਾਜਿਕ ਮਾਹੌਲ ਵਿੱਚ ਭਾਰਤੀ ਈਲੀਟ ਨੂੰ, ਪੁਰਾਤਨ ਪਰੰਪਰਾਵਾਂ ਵਿੱਚ ਸਮਾਜ-ਸੁਧਾਰਕ ਲਹਿਰਾਂ ਰਾਹੀਂ ਬਦਲਾਅ ਲਿਆਉਣ ਲਈ ਤਿਆਰ ਕੀਤਾ। ਪੱਛਮੀ ਦਰਸ਼ਨ ਵਿੱਚ ਰਾਜਨੀਤਿਕ ਅਤੇ ਧਾਰਮਿਕ ਬਹਿਸਾਂ ਨੇ ਭਾਰਤ ਵਿੱਚ ਆਏ ਇਸ ਬੌਧਿਕ ਬਦਲਾਅ ਲਈ ਅਧਾਰ ਤਿਆਰ ਕੀਤਾ। ਇਹ ਵਰਤਾਰਾ ਭਾਰਤ ਵਿੱਚ ਮਾਡਰੈਨਟੀ ਦੀ ਆਮਦ ਦੀ ਨੁਮਾਇੰਦਗੀ ਕਰਦਾ ਹੈ। ਇਸ ਵਰਤਾਰੇ ਨੇ ਅਜਿਹਾ ਸੰਚਾਰ ਪ੍ਰਬੰਧ ਸਿਰਜਿਆ ਜਿਸ ਵਿੱਚ ਭਾਰਤੀ ਸੱਭਿਆਚਾਰਕ ਤਰਕ ਨੂੰ ਪੱਛਮੀ ਰਿਲੀਜ਼ਨ ਦੇ ਸੰਕਲਪ ਅਧੀਨ ਕਰ ਦਿੱਤਾ ਗਿਆ। ਪੱਛਮੀ ਮਾਡਰੈਨਟੀ ਦੇ ਇਸ ਪ੍ਰਬੰਧ ਅਧੀਨ, ਭਾਰਤੀ ਸੋਚ ਵਿਚਾਰ ਦੇ ਵੱਖ ਵੱਖ ਰੂਪਾਂ ਨੂੰ, ਪੱਛਮੀ ਸਿਧਾਂਤਕਾਰੀ ਦੇ ਪੱਖ ਵਿੱਚ ਰੱਦ ਕਰ ਦਿੱਤਾ ਗਿਆ। ਇਸ ਨੀਤੀ ਨੇ ਜਿੱਥੇ ਪੱਛਮੀ ਪਹਿਚਾਣ ਦੀ ਰਾਜਨੀਤੀ ਨੂੰ ਭਾਰਤ ਵਿੱਚ ਪ੍ਰਚੱਲਿਤ ਕੀਤਾ ਉੱਥੇ ਵਖਰੇਵੇਂ ਨੂੰ ਮਾਨਤਾ ਦੇਣ ਵਾਲੀ ਭਾਰਤੀ ਸੋਚ ਅਤੇ ਸੱਭਿਆਚਾਰ ਦਾ ਖਾਤਮਾ ਕਰ ਦਿੱਤਾ। ਪੱਛਮੀ ਦਰਸ਼ਨ, ਈਸਾਈ ਅਧਿਆਤਮਵਾਦ ਅਤੇ ਰਾਜਨੀਤੀ ਦੇ ਅਸਰ ਹੇਠ ਭਾਰਤੀ ਕੁਲੀਨ ਵਰਗ ਨੇ ਸਮ ਭਾਸ਼ਾਈ ਪਹਿਚਾਣ ਦੀ ਮਹੱਤਤਾ ਨੂੰ ਮਹਿਸੂਸ ਕੀਤਾ। ਅੰਗਰੇਜ਼ੀ ਰਾਜ ਦੀ ਮੁੱਖ ਭਾਸ਼ਾ ਭਾਵੇਂ ਅੰਗਰੇਜ਼ੀ ਸੀ ਪਰ ਸਮ ਭਾਸ਼ਾਈ ਪਹਿਚਾਣ ਨੇ ਖੇਤਰੀ (ਪੰਜਾਬੀ-ਹਿੰਦੀ) ਸਥਾਨਕ ਭਾਸ਼ਾਵਾਂ ਨੂੰ ਮਾਤ-ਭਾਸ਼ਾ ਵੱਜੋਂ ਉਭਾਰਿਆ। ਇਸ ਦੇ ਨਾਲ ਹੀ ਭਾਰਤੀ ਧਰਮ ਦੇ ਅਨੁਵਾਦ ਵੱਜੋਂ ਪੱਛਮੀ ਰਿਲੀਜਨ ਦੇ ਸੰਕਲਪ ਦੀ ਭਾਰਤੀ ਈਲੀਟ ਵੱਲੋਂ ਮਾਨਤਾ ਨੇ ਇੱਕ ਈਸ਼ਵਰਵਾਦੀ ਸਿੱਖ (ਹਿੰਦੂ) ਰਿਲੀਜ਼ਨ ਨੂੰ ਜਨਮ ਦੇ ਦਿੱਤਾ। ਇੱਥੇ ਇਹ ਸੁਆਲ ਮਹੱਤਵਪੂਰਨ ਹੈ ਕਿ ਕੀ ਨਵਬਸਤੀਵਾਦੀ ਹਿੰਦੂ-ਈਲੀਟ ਨੇ ਇੱਕ ਈਸ਼ਵਰਵਾਦੀ ਹਿੰਦੂ ਰਿਲੀਜਨ ਨੂੰ ਕਦੇ ਮਾਨਤਾ ਦਿੱਤੀ ਹੈ? ਇੱਥੇ ਮੰਡੇਰ ਦੀ ਸਿੱਖ ਧਰਮ ਦੇ ਇੱਕ-ਈਸ਼ਵਰਵਾਦੀ ਹੋਣ ਦੀ ਪੁਰਾਤਨ ਪਰੰਪਰਾ ਨੂੰ ਨਵ-ਬਸਤੀਵਾਦੀ ਸਿੱਖ ਈਲੀਟ ਦੀ ਉਪਜ ਹੋਣ ਦੀ ਧਾਰਨਾ ਦਾ ਅਸਲ ਮਕਸਦ ਸਮਝ ਆਉਂਦਾ ਹੈ। ਇਸ ਦੇ ਨਾਲ ਹੀ ਮੰਡੇਰ ਭਾਸ਼ਾ ਸਿਰਜਣ ਦੀ ਰਾਜਨੀਤੀ ਅਤੇ ਰਿਲੀਜਨ ਸਿਰਜਣ ਦੀ ਰਾਜਨੀਤੀ ਵਿਚਕਾਰ ਆਪਸੀ ਸੰਬੰਧਾਂ ਨੂੰ ਰਾਸ਼ਟਰਵਾਦ ਨਾਲ ਜੋੜਦਾ ਹੈ। ਉਹ ਇਸ ਵਰਤਾਰੇ ਨੂੰ ਇਕਹਿਰੇ ਧਾਰਮਿਕ ਭਾਸ਼ਾਵਾਦ ਦਾ ਨਾਅ ਦਿੰਦਾ ਹੈ। ਮੰਡੇਰ ਅਨੁਸਾਰ ਭਾਸ਼ਾ ਅਤੇ ਰਿਲੀਜ਼ਨ ਦੇ ਆਪਸੀ ਸੰਬੰਧਾਂ ਤੋਂ ਪੈਦਾ ਹੋਇਆ ਇੱਕ-ਈਸ਼ਵਰਵਾਦੀ ਰਿਲੀਜ਼ਨ ਅਤੇ ਰਾਸ਼ਟਰਵਾਦ ਭਾਰਤੀਆਂ ਦਾ ਭੂਤਕਾਲ ਅਤੇ ਮੌਜੂਦਾ ਸਮੇਂ ਵਿੱਚ ਪਿੱਛਾ ਕਰ ਰਿਹਾ ਹੈ। ਸਿੱਖ ਕੌਮਵਾਦੀ ਪਹਿਚਾਣ ਦੇ ਖ਼ਾਤਮੇ ਲਈ ਮੰਡੇਰ ਵੱਲੋਂ ਦਿੱਤੇ ਗਏ ਵਿਚਾਰਾਂ ਨੂੰ ਸਮਝਣ ਲਈ, ਸਿਧਾਂਤਕਾਰੀ ਦੀ ਵਰਤੋਂ ਦੀ ਸੂਖਮ ਸਮਝ ਹੋਣੀ ਜਰੂਰੀ ਹੈ। ਕੁਝ ਸਮਾਜ ਵਿਗਿਆਨੀਆਂ ਦੇ ਵਿਚਾਰਾਂ ਦੇ ਅਧਾਰ 'ਤੇ ਮੰਡੇਰ, ਸਿੱਖ ਪਹਿਚਾਣ 'ਤੇ ਵਾਰ ਕਰਦਿਆਂ ਲਿਖਦਾ ਹੈ ਕਿ ਭੂਤਕਾਲ ਵਿਚਲੇ ਸਾਮਰਾਜਾਂ ਦੇ ਅਸਰਾਂ ਤੋਂ ਮੁਕਤ ਹੋਣਾ ਅਸਾਨ ਨਹੀਂ ਹੈ। ਦੱਖਣੀ ਏਸ਼ੀਆਈ ਲੋਕਾਂ ਲਈ ਬਸਤੀਵਾਦ ਤੋਂ ਮੁਕਤੀ ਹੋਰ ਵੀ ਮੁਸ਼ਕਿਲ ਹੈ। ਭਾਰਤ ਵਿੱਚ ਮਾਡਰੈਨਟੀ ਦੇ ਜਨਮ ਲਈ ਜਿੰਮੇਵਾਰ ਦੋ ਘਟਨਾਵਾਂ, ਮਾਤ-ਭਾਸ਼ਾਈ ਪਹਿਚਾਣ ਅਤੇ ਪੱਛਮੀ ਰਿਲੀਜ਼ਨ ਦੀ ਪਹਿਚਾਣ ਨੂੰ ਭੁਲਣਾ ਵੀ ਇਸ ਖ਼ਿੱਤੇ ਦੇ ਲੋਕਾਂ ਲਈ ਸੌਖਾ ਨਹੀਂ ਹੋਵੇਗਾ ਜੋ ਇਨ੍ਹਾਂ ਨੂੰ ਪੂਰਬ-ਆਧੁਨਿਕਤਾ ਦੇ ਕਾਲ ਨਾਲ ਜੋੜ ਦੇਵੇਗਾ। ਮੰਡੇਰ ਭੁੱਲਣ ਦੀ ਦੂਜੀ ਕਿਰਿਆ ਨੂੰ ਸਿੱਖ ਪਹਿਚਾਣ ਨਾਲ ਜੋੜ ਕੇ ਇਸ ਨੂੰ ਜਰੂਰੀ ਦੱਸਦਾ ਹੈ। ਮੰਡੇਰ ਅਨੁਸਾਰ ਇਹ ਭੁੱਲੇ ਹੋਏ ਨੂੰ ਮੁੜ ਭੁਲਾਉਣ ਦੀ ਕਿਰਿਆ ਹੈ। ਜੋ ਪਹਿਲਾਂ ਭੁੱਲੇ ਹੋਏ ਨੂੰ ਯਾਦਾਂ ਵਿੱਚੋਂ ਮੁੜ ਮੇਟਣ ਦਾ ਕਾਰਜ ਹੈ। ਇਹ ਬੀਤੇ ਦੀਆਂ ਘਟਨਾਵਾਂ (ਬਸਤੀਵਾਦ) ਦੇ ਮੌਜੂਦਾ ਸਮੇਂ ਨਾਲ ਮਾਨਸਿਕ ਲਗਾਓ ਅਤੇ ਹੋਂਦ ਨਾਲ ਸਬੰਧਿਤ ਯਾਦਾਂ ਨੂੰ ਮੇਟਣ ਦਾ ਵਰਤਾਰਾ ਹੈ। ਮੰਡੇਰ ਇਸ ਵਰਤਾਰੇ ਨੂੰ ਦਰੇਦਾ ਵੱਲੋਂ ਘੜੇ ਗਏ ਪਹਿਚਾਣ ਦੇ ਵਿਗਾੜ ਦੇ ਸੰਕਲਪ ਨਾਲ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਮੰਡੇਰ ਅਨੁਸਾਰ, ਪਹਿਚਾਣ ਦੇ ਵਿਗਾੜ ਤੋਂ ਭਾਵ ਦਾਬੇ ਵਾਲੇ ਸੱਭਿਆਚਾਰ ਨਾਲ ਸਬੰਧਿਤ ਪਛਾਣਾਂ ਨੂੰ ਖਤਮ ਕਰਨਾ ਹੀ ਨਹੀਂ ਹੈ ਬਲਕਿ ਇਸ ਦਾ ਸਬੰਧ ਕੌਮਵਾਦੀ ਪਹਿਚਾਣ ਨੂੰ ਅਧਾਰ ਦੇਣ ਵਾਲੀਆਂ ਘਟਨਾਵਾਂ ਦੇ ਖ਼ਾਤਮੇ ਨਾਲ ਵੀ ਹੈ। ਇਸ ਤਰ੍ਹਾਂ ਮੰਡੇਰ ਦਰੇਦਾ ਦੇ ਸੰਕਲਪ ਅਨੁਸਾਰ, ਸਿੱਖ ਪਹਿਚਾਣ ਨੂੰ ਵਿਗਾੜ ਦੇ ਅਧਾਰ 'ਤੇ ਸਿਰਜਿਆ ਗਿਆ ਪ੍ਰਬੰਧ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਮੰਡੇਰ ਸਿੱਖ ਪਹਿਚਾਣ ਨੂੰ ਵਿਗਾੜ ਵੱਜੋਂ ਸਾਬਤ ਕਰਨ ਲਈ, ਸਿੱਖਾਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਧਾਰਮਿਕ ਵਿਵਾਦਾਂ ਦਾ ਓਹਲਾ ਸਿਰਜਦਾ ਹੈ। ਇੱਕ ਹੋਰ ਥਾਂ ਸਿੱਖ ਪਹਿਚਾਣ 'ਤੇ ਸਿਧਾਂਤਿਕ ਹਮਲਾ ਕਰਦਿਆਂ ਹੋਇਆਂ ਉਹ ਲਿਖਦਾ ਹੈ-

ਸਿੱਖ ਪਰਵਾਸੀਆਂ ਵਿੱਚੋਂ ਕੁਝ ਨੇ ਭਾਵੇਂ ਭਾਰਤੀ ਸਰਕਾਰ ਨਾਲ ਟਕਰਾਅ ਦਾ ਰਸਤਾ ਅਪਣਾ ਲਿਆ ਹੈ ਪਰ ਮੇਰੇ ਸਮੇਤ ਹੋਰ ਬਹੁਤ ਸਾਰਿਆਂ ਨੇ ਉਸ ਪਹਿਚਾਣ ਤੋਂ ਖਹਿੜਾ ਛੁਡਾਉਣ ਦਾ ਰਸਤਾ ਅਖਤਿਆਰ ਕਰ ਲਿਆ ਸੀ ਜਿਸ ਨੇ ਸਾਨੂੰ 1980-1990 ਵਿੱਚ ਰਾਜਨੀਤਿਕ ਖ਼ੁਦਕਸ਼ੀ ਕਰਨ ਅਤੇ ਹਾਸ਼ੀਏ 'ਤੇ ਧੱਕਣ ਦਾ ਕਾਰਜ ਕਰ ਦਿੱਤਾ ਸੀ। ਅਸੀਂ ਇਸ ਰਾਜਨੀਤੀ ਤੋਂ ਵੱਖ ਹੋਕੇ ਸਿੱਖਾਂ ਦੇ ਹੋਰ ਸਮਾਜਿਕ ਖੇਤਰਾਂ ਵਿੱਚ ਦਖਲ ਦੇਣ ਦੀ ਨੀਤੀ ਅਪਣਾਈ।

ਮੰਡੇਰ ਬਸਤੀਵਾਦੀ ਮਾਨਸਿਕਤਾ ਤੋਂ ਨਿਜਾਤ ਪਾਉਣ ਲਈ ਪਰੰਪਰਾ ਨੂੰ ਭੂਤਕਾਲ (ਇਤਿਹਾਸ), ਅਬਦਲਣਯੋਗ ਗਰੰਥਾਂ ਅਤੇ ਕਦਰਾਂ ਕੀਮਤਾਂ ਦੀ ਰਾਖੀ ਦਾ ਕਾਲ-ਰਹਿਤ ਅਮਲ ਨਹੀਂ ਮੰਨਦਾ। ਮੰਡੇਰ ਅਨੁਸਾਰ ਪਰੰਪਰਾ ਦਾ ਲਗਾਤਾਰ ਪ੍ਰਵਾਹ ਦੁਖਾਂਤਕ ਸਿੱਟਿਆਂ ਨੂੰ ਜਨਮ ਦੇਂਦਾ ਹੈ। 1990 ਤੱਕ ਸਿੱਖਾਂ ਨੇ ਇਸ ਦੁਖਾਂਤ ਨੂੰ ਭੋਗਿਆ ਹੈ। ਮੰਡੇਰ ਅਨੁਸਾਰ ਨਵ-ਬਸਤੀਵਾਦੀ ਅਸਰ ਹੇਠ ਸਿੱਖ, ਗੁਰਮਤ ਤੇ ਸਿੱਖੀ ਦੇ ਇਸ ਪਰੰਪਰਾਈ ਕਰਨ ਨੂੰ ਨਾ ਸਮਝ ਸਕੇ। ਸਿੱਖ ਗੁਰਮਤ ਅਤੇ ਸਿੱਖੀ ਦੇ ਇਸ ਪਰੰਪਰਾਈ ਕਰਨ ਦੇ ਅਮਲ ਤੋਂ ਉਪਜੀ ਬੰਦ ਅਤੇ ਸੁਰੱਖਿਅਤ ਵਿਸ਼ਵਾਸ ਪ੍ਰਣਾਲੀ ਨੂੰ ਵੀ ਨਾ ਸਮਝ ਸਕੇ। ਜਿਸ ਦੇ ਅਧਾਰ 'ਤੇ ਹੇਠ ਲਿਖੇ ਵਿਗਾੜਾਂ ਨੇ ਜਨਮ ਲਿਆ।

1 ਗੁਰੂ ਨਾਨਕ ਅਤੇ ਬਾਕੀ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦੇ ਅਧਾਰ 'ਤੇ ਸਿਰਜਿਆ ਗਿਆ ਸਿੱਖਵਾਦ ਇੱਕ ਅਜ਼ਾਦ ਰਿਲੀਜਨ ਹੈ।

2 ਇਹ ਸਾਂਝੀਆਂ ਸਿੱਖਿਆਵਾਂ ਗੁਰਮਤਿ ਦੇ ਰੂਪ ਵਿੱਚ ਕੇਂਦਰੀ ਸਿੱਖ ਗਰੰਥ ਗੁਰੂ ਗਰੰਥ ਸਾਹਿਬ ਵਿੱਚ ਦਰਜ ਹਨ।

3 ਇਹ ਸਾਂਝੀਆਂ ਸਿੱਖਿਆਵਾਂ ਇੱਕ ਰੱਬ ਦੇ ਕੇਂਦਰੀ ਵਿਸ਼ਵਾਸ 'ਤੇ ਅਧਾਰਿਤ ਹਨ।

ਇਸ ਤਰ੍ਹਾਂ ਅਸੀਂ ਸਪਸ਼ਟ ਰੂਪ ਵਿੱਚ ਦੇਖ ਸਕਦੇ ਹਾਂ ਕਿ ਉੱਤਰ-ਬਸਤੀਵਾਦੀ ਧਾਰਾ ਸਿੱਖ ਧਰਮ ਦੀਆਂ ਮੂਲ ਮਾਨਤਾਵਾਂ ਤੋਂ ਆਕੀ ਹੀ ਨਹੀਂ ਬਲਕਿ ਇਨ੍ਹਾਂ ਨੂੰ ਗੁਨਾਹ ਅਤੇ ਵਿਗਾੜ ਬਣਾ ਕੇ ਪੇਸ਼ ਕਰ ਰਹੀ ਹੈ। ਜਿਹੜੇ ਤਿੰਨ ਵਿਗਾੜ ਅਰਵਿੰਦਪਾਲ ਮੰਡੇਰ ਨੇ ਚਿਤਾਰੇ ਹਨ ਉਹ ਸ਼ਰਧਾਵਾਨ ਸਿੱਖਾਂ ਦੇ ਅਟੁੱਟ ਵਿਸ਼ਵਾਸ ਹਨ। ਮੰਡੇਰ ਕੌਮ ਦੇ ਰੁਹਾਨੀ ਵਿਸ਼ਵਾਸਾਂ 'ਤੇ ਸਿੱਧਾ ਅਤੇ ਸਟੀਕ ਸਿਧਾਂਤਿਕ ਹਮਲਾ ਕਰ ਰਿਹਾ ਹੈ। ਹਮਲਾ ਇਸ ਲਈ ਕਰ ਰਿਹਾ ਹੈ ਕਿਉਂਕਿ ਅਰਵਿੰਦਪਾਲ ਮੰਡੇਰ ਅਨੁਸਾਰ ਸਿੱਖਾਂ ਦੇ ਉਪਰੋਕਤ ਧਾਰਮਿਕ ਵਿਸ਼ਵਾਸ ਸਿੱਖਾਂ ਵਿੱਚ ਵੱਖਰਾ ਕੌਮੀ ਜਜ਼ਬਾ ਭਰਨ ਦਾ ਕਾਰਨ ਬਣ ਰਹੇ ਹਨ ਜੋ ਭਾਰਤ ਸਰਕਾਰ ਦੇ ਨੁਕਤਾ ਨਿਗਾਹ ਤੋਂ ਠੀਕ ਨਹੀਂ ਹੈ। ਇਸ ਲਈ ਵਿਦੇਸ਼ਾਂ ਵਿੱਚ ਬਣੀਆਂ ਸਾਰੀਆਂ ਸਿੱਖ ਚੇਅਰਾਂ 'ਤੇ ਜੋ ਕੰਮ ਹੋ ਰਿਹਾ ਹੈ ਉਸ ਦਾ ਇੱਕੋ ਇੱਕ ਮਕਸਦ ਸਿੱਖੀ ਦੇ ਕੌਮੀ ਜਜ਼ਬੇ ਨੂੰ ਖਤਮ ਕਰਨ ਦਾ ਹੈ। ਬਾਕੀ ਅਕਾਦਮਿਕ ਕੰਮ ਤਾਂ ਉਹ ਮਜਬੂਰੀ ਵਿੱਚ ਹੀ ਕਰ ਰਹੇ ਹਨ, ਮੁੱਖ ਮਕਸਦ ਸਿੱਖਾਂ ਨੂੰ ਆਪਣੇ ਸੰਸਥਾਈ ਧਰਮ ਅਤੇ ਰਹਿਤ ਮਰਯਾਦਾ ਤੋਂ ਤੋੜਨ ਦਾ ਹੈ। ਕੌਮ ਦੇ ਦਾਨਿਸ਼ਵਰਾਂ ਨੂੰ ਇਹ ਚਕਰਵਿਹੂ ਸਮਝਣ ਦੀ ਲੋੜ ਹੈ।

(ਸਮਾਪਤ)



ਡਾ. ਸ. ਸ. ਛੀਨਾ



# ਖੇਤੀ ਤੇ ਦਿਹਾਤੀ ਖੇਤਰ ਨੂੰ ਬਜਟ ਵਿੱਚ ਲੋੜੀਂਦਾ ਮਹੱਤਵ ਨਹੀਂ ਦਿੱਤਾ ਕੇਂਦਰ ਸਰਕਾਰ ਨੇ

ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੀ ਲਗਾਤਾਰ ਤੀਸਰੀ ਵਾਰ ਸਰਕਾਰ ਬਣਨ ’ਤੇ ਕੇਂਦਰੀ ਵਿੱਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਨ ਦਾ ਇਹ ਲਗਾਤਾਰ ਸੱਤਵਾਂ ਆਮ ਬਜਟ ਹੈ। ਭਾਵੇਂ ਕੇਂਦਰ ਸਰਕਾਰ ਦਾ ਬਜਟ ਸਮਾਜ ਦੇ ਹਰ ਵਰਗ ਨੂੰ ਪ੍ਰਭਾਵਿਤ ਕਰਦਾ ਹੈ ਪਰ ਵਪਾਰੀ, ਉਦਯੋਗਪਤੀ, ਬਰਾਮਦਕਾਰ, ਦਰਾਮਦਕਾਰ ਅਤੇ ਟੈਕਸ ਦੇਣ ਵਾਲੇ ਨੌਕਰੀ ਪੇਸ਼ਾ ਲੋਕ ਇਸ ਬਜਟ ਨੂੰ ਬਹੁਤ ਤੀਬਰਤਾ ਨਾਲ ਉਡੀਕਦੇ ਹਨ ਅਤੇ ਬਜਟ ਤੋਂ ਵੱਖ-ਵੱਖ ਤਰ੍ਹਾਂ ਦੀਆਂ ਉਮੀਦਾਂ ਰੱਖਦੇ ਹਨ। ਭਾਰਤ ਵਿਚ ਸਿੱਧਾ ਟੈਕਸ ਦੇਣ ਵਾਲੇ ਲੋਕਾਂ ਦੀ ਗਿਣਤੀ ਥੋੜ੍ਹੀ ਹੈ ਪਰ ਜਿਹੜੇ ਇਹ ਸਿੱਧਾ ਟੈਕਸ ਦਿੰਦੇ ਹਨ, ਉਨ੍ਹਾਂ ਵਿੱਚ ਤਕਰੀਬਨ 97 ਫ਼ੀਸਦੀ ਕਰਮਚਾਰੀ ਹਨ। ਪਿਛਲੇ ਕੁਝ ਸਾਲਾਂ ਵਿੱਚ ਮਹਿੰਗਾਈ ਬਹੁਤ ਜ਼ਿਆਦਾ ਵਧੀ ਹੈ। ਇਸ ਬਜਟ ਵਿੱਚ ਵੀ ਦੱਸਿਆ ਗਿਆ ਹੈ ਕਿ ਮਹਿੰਗਾਈ ਦਰ 4.5 ਫ਼ੀਸਦੀ ਦੇ ਬਰਾਬਰ ਹੈ, ਇਸ ਲਈ ਇਹ ਵਰਗ ਮਹਿਸੂਸ ਕਰਦੇ ਸਨ ਕਿ ਇਸ ਬਜਟ ਵਿੱਚ ਬਹੁਤ ਵੱਡੀ ਰਾਹਤ ਮਿਲੇਗੀ। ਰਾਹਤ ਤਾਂ ਦਿੱਤੀ ਗਈ ਪਰ ਉਹ ਰਾਹਤ ਉਨ੍ਹਾਂ ਕਰਮਚਾਰੀਆਂ ਦੀਆਂ ਉਮੀਦਾਂ ਤੋਂ ਬਹੁਤ ਘੱਟ ਹੈ। ਖ਼ਾਸ ਕਰਕੇ ਟੈਕਸ ਲੱਗਣ ਵਾਲੀ ਰਕਮ ਸਿਰਫ਼ 3 ਲੱਖ ਰੁਪਏ ਹੀ ਉਹ ਆਮਦਨ ਹੈ, ਜਿਸ ’ਤੇ ਕੋਈ ਟੈਕਸ ਨਹੀਂ ਪਰ 3 ਲੱਖ ਸਾਲਾਨਾ ਜਾਂ 25 ਹਜ਼ਾਰ ਰੁਪਏ ਮਹੀਨਾ ਆਮਦਨ ਨਾਲ ਤਾਂ ਘਰ ਦੀਆਂ ਲੋੜਾਂ ਵੀ ਮੁਸ਼ਕਿਲ ਨਾਲ ਹੀ ਪੂਰੀਆਂ ਹੁੰਦੀਆਂ ਹਨ। ਚਾਹੀਦਾ ਤਾਂ ਇਹ ਸੀ ਕਿ ਇਹ ਹੱਦ ਜ਼ਿਆਦਾ ਹੁੰਦੀ, ਇਹ ਵੱਖਰੀ ਗੱਲ ਹੈ ਕਿ ਟੈਕਸ ਸਲੈਬਾਂ ਵਿਚ ਰਾਹਤ ਦਿੱਤੀ ਗਈ ਹੈ।

ਇਸ ਰਾਹਤ ਵਿੱਚ 3 ਲੱਖ ਤੋਂ 7 ਲੱਖ ਦੀ ਆਮਦਨ ’ਤੇ ਟੈਕਸ ਦਰ ਘਟਾ ਕੇ ਸਿਰਫ਼ 5 ਫ਼ੀਸਦੀ, 7 ਲੱਖ ਤੋਂ 10 ਲੱਖ ਤਕ ਆਮਦਨ ਵਾਲੇ ਨੂੰ 10 ਫ਼ੀਸਦੀ, 15 ਲੱਖ ਆਮਦਨ ਤੋਂ ਵੱਧ ’ਤੇ 30 ਫ਼ੀਸਦੀ ਜੋ ਪਹਿਲਾਂ 10 ਲੱਖ ਤੋਂ ਵੱਧ ਆਮਦਨ ’ਤੇ ਹੁੰਦੀ ਸੀ। ਇਸ ਨੂੰ ਭਾਵੇਂ ਰਾਹਤ ਦੱਸਿਆ ਜਾ ਰਿਹਾ ਹੈ ਪਰ 3 ਲੱਖ ਤੋਂ 7 ਲੱਖ ਦੀ ਆਮਦਨ ’ਤੇ ਲੱਗਣ ਵਾਲਾ ਟੈਕਸ, ਕਰਮਚਾਰੀਆਂ ਦੇ ਵੱਡੇ ਵਰਗ ਨੂੰ ਪ੍ਰਭਾਵਿਤ ਕਰੇਗਾ ਜਦੋਂ ਕਿ 15 ਲੱਖ ਤੋਂ ਵਧ ਦੀ ਆਮਦਨ ਵਾਲਿਆਂ ਦੀ ਗਿਣਤੀ ਇੰਨੀ ਜ਼ਿਆਦਾ ਨਹੀਂ।

ਇਸ ਬਜਟ ਵਿੱਚ 9 ਤਰਜੀਹਾਂ ਰੱਖੀਆਂ ਗਈਆਂ ਸਨ, ਜਿਨ੍ਹਾਂ ਵਿੱਚ ਪਹਿਲੀ ਸੀ ਖੇਤੀ ਅਤੇ ਦੂਸਰਾ ਰੁਜ਼ਗਾਰ ਪੈਦਾ ਕਰਨਾ, ਪਰ ਇਨ੍ਹਾਂ ਦੋਵਾਂ ਪੱਖਾਂ ’ਤੇ ਬਜਟ ਦੀ ਕਾਰਵਾਈ ਤਸੱਲੀਬਖ਼ਸ਼ ਨਹੀਂ। ਖੇਤੀ ਖੇਤਰ ਲਈ ਸਿਰਫ਼ 1.52 ਲੱਖ ਕਰੋੜ ਰੁਪਏ ਰੱਖੇ ਗਏ ਹਨ, ਜਦੋਂ ਕਿ ਖੇਤੀ ਖੇਤਰ ’ਤੇ 42 ਫ਼ੀਸਦੀ ਵਸੋਂ ਸਿੱਧੇ ਤੌਰ ’ਤੇ ਨਿਰਭਰ ਕਰਦੀ ਹੈ ਇਸ ਲਈ ਇਸ ਬਜਟ ਵਿੱਚ ਕੁਲ ਖ਼ਰਚ ਦਾ 42 ਫ਼ੀਸਦੀ ਦੇ ਕਰੀਬ ਖ਼ਰਚ ਖੇਤੀ ’ਤੇ ਹੋਣਾ ਚਾਹੀਦਾ ਸੀ। ਬਜਟ ਵਿੱਚ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਅਪਣਾਉਣ ਲਈ ਮਦਦ ਕੀਤੀ ਜਾਵੇਗੀ, ਇਹ ਉਤਸ਼ਾਹਜਨਕ ਤਾਂ ਹੈ ਪਰ ਇਸ ਟੀਚੇ ਨੂੰ ਪ੍ਰਾਪਤ ਕਿਸ ਤਰ੍ਹਾਂ ਕਰਨਾ ਹੈ, ਉਸ ਬਾਰੇ ਕੁਝ ਵੀ ਵਿਆਖਿਆ ਨਹੀਂ ਕੀਤੀ ਗਈ। ਬਜਟ ਵਿਚ ਖੇਤੀ ਖੋਜ ’ਤੇ ਜ਼ੋਰ ਦੇਣ ਦੀ ਗੱਲ ਕੀਤੀ ਗਈ ਹੈ। ਦਾਲਾਂ ਅਤੇ ਤਿਲਹਨ ਨੂੰ ਤਰਜੀਹ ਦਿੱਤੀ ਗਈ ਹੈ, ਇਹ ਕਿਹਾ ਗਿਆ ਹੈ ਕਿ 32 ਫ਼ਸਲਾਂ ਦੀਆਂ 9 ਕਿਸਮਾਂ ਨਵੀਆਂ ਲਿਆਂਦੀਆਂ ਜਾਣਗੀਆਂ ਪਰ ਉਨ੍ਹਾਂ ਫ਼ਸਲਾਂ ਦਾ ਉਤਪਾਦਨ ਵਧਾਉਣ ਜਾਂ ਪਹਿਲਾਂ ਲਈਆਂ ਜਾ ਰਹੀਆਂ ਫ਼ਸਲਾਂ ਦੀ ਉਪਜ ਕਿਵੇਂ ਵਧਾਈ ਜਾਵੇਗੀ, ਉਸ ਦੀ ਕੋਈ ਵੀ ਵਿਆਖਿਆ ਨਹੀਂ ਕੀਤੀ ਗਈ। ਇਸ ਬਜਟ ਵਿੱਚ ਕਿਸਾਨ ਨੂੰ ਪਹਿਲਾਂ ਹਰ ਸਾਲ 6000 ਰੁਪਏ ਦੀ ਸਨਮਾਨ ਨਿਧੀ ਦਿੱਤੀ ਜਾਂਦੀ ਸੀ ਅਤੇ ਕਿਸਾਨ ਮਹਿਸੂਸ ਕਰਦੇ ਸਨ ਕਿ ਇਸ ਬਜਟ ਵਿੱਚ ਇਸ ਰਕਮ ਵਿੱਚ ਵਾਧਾ ਹੋਵੇਗਾ ਪਰ ਉਸ ਬਾਰੇ ਕੁਝ ਵੀ ਨਹੀਂ ਦੱਸਿਆ ਗਿਆ। ਇਸ ਦੇ ਨਾਲ ਹੀ ਕਿਸਾਨਾਂ ਦੀ ਮੁੱਖ ਮੰਗ ਕਿ 23 ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇ, ਉਸ ਬਾਰੇ ਕੋਈ ਜ਼ਿਕਰ ਹੀ ਨਹੀਂ ਕੀਤਾ ਗਿਆ। ਭਾਵੇਂ ਕਿ ਬਜਟ ਦੀ ਦੂਸਰੀ ਤਰਜੀਹ ਰੁਜ਼ਗਾਰ ਪੈਦਾ ਕਰਨ ਲਈ 2 ਲੱਖ ਕਰੋੜ ਰੁਪਏ ਰੱਖੇ ਗਏ ਹਨ ਅਤੇ ਇਹ ਵੀ ਕਿਹਾ ਗਿਆ ਹੈ ਕਿ ਆਉਣ ਵਾਲੇ 5 ਸਾਲਾਂ ਵਿਚ 4 ਕਰੋੜ ਨਵੀਆਂ ਨੌਕਰੀਆਂ ਕੱਢੀਆਂ ਜਾਣਗੀਆਂ। ਪਰ ਇਹ ਕਿਸੇ ਵੀ ਤਰ੍ਹਾਂ ਤਸੱਲੀਬਖ਼ਸ਼ ਨਹੀਂ, ਕਿਉਂ ਜੋ ਪਹਿਲਾਂ ਹੀ 5 ਕਰੋੜ ਤੋਂ ਕਿਤੇ ਜ਼ਿਆਦਾ ਲੋਕ ਬੇਰੁਜ਼ਗਾਰ ਹਨ ਅਤੇ ਇਨ੍ਹਾਂ 5 ਸਾਲਾਂ ਵਿੱਚ ਇੰਨੇ ਹੀ ਹੋਰ ਬੇਰੁਜ਼ਗਾਰ ਹੋ ਜਾਣਗੇ। ਇਸ ਲਈ ਬਜਟ ਵਿੱਚ ਇਸ ਪਾਸੇ ਤਸੱਲੀਬਖ਼ਸ਼ ਢੰਗ ਨਾਲ ਧਿਆਨ ਨਹੀਂ ਦਿੱਤਾ ਗਿਆ। ਭਾਵੇਂ ਕਿ 11 ਲੱਖ, 11 ਹਜ਼ਾਰ ਕਰੋੜ ਰੁਪਏ ਪੂੰਜੀ ਨਿਰਮਾਣ ਲਈ ਰੱਖੇ ਗਏ ਹਨ, ਇਸ ਤਰ੍ਹਾਂ ਦੇ ਨਿਵੇਸ਼ ਨਾਲ ਹੋਰ ਨੌਕਰੀਆਂ ਪੈਦਾ ਹੁੰਦੀਆਂ ਹਨ ਪਰ ਪਿਛਲੇ ਤਜਰਬੇ ਨੇ ਇਹ ਦੱਸਿਆ ਹੈ ਕਿ ਛੋਟੇ ਪੈਮਾਨੇ ਦੀਆਂ ਉਦਯੋਗਿਕ ਇਕਾਈਆਂ ਵਿੱਚ ਵੱਡੇ ਉਦਯੋਗਾਂ ਨਾਲੋਂ ਜ਼ਿਆਦਾ ਨੌਕਰੀਆਂ ਪੈਦਾ ਹੁੰਦੀਆਂ ਹਨ ਪਰ ਇਸ ਬਜਟ ਵਿੱਚ ਤਜਵੀਜ਼ ਕੀਤਾ ਗਿਆ ਹੈ ਕਿ 100 ਵੱਡੀਆਂ ਕੰਪਨੀਆਂ ਨੂੰ ਇੰਟਰਨਸ਼ਿਪ ਦੀ ਸਹੂਲਤ ਦਿੱਤੀ ਜਾਵੇਗੀ, ਜਿਸ ਦੇ ਸਿੱਟੇ ਅਨਿਸ਼ਚਿਤ ਹਨ। ਬਜਟ ਵਿੱਚ ਵਿਦੇਸ਼ਾਂ ਤੋਂ ਹੋਣ ਵਾਲੇ ਨਿਵੇਸ਼ ਲਈ ਕਾਰਪੋਰੇਟ ਟੈਕਸ ਨੂੰ 5 ਫ਼ੀਸਦੀ ਹੋਰ ਘੱਟ ਕੀਤਾ ਗਿਆ ਹੈ, ਜਦੋਂ ਕਿ ਕਾਰਪੋਰੇਟ ਟੈਕਸ ਹੀ ਆਮਦਨ ਦਾ ਵੱਡਾ ਸਾਧਨ ਹੈ ਅਤੇ ਕਾਰਪੋਰੇਟ ਟੈਕਸ ਨੂੰ ਘਟਾਉਣ ਦੀ ਬਜਾਏ ਵਧਾਉਣਾ ਜ਼ਿਆਦਾ ਯੋਗ ਹੋ ਸਕਦਾ ਸੀ। ਔਰਤਾਂ ਦੇ ਸਸ਼ਕਤੀਕਰਨ ਲਈ 2 ਲੱਖ ਕਰੋੜ ਰੁਪਏ ਰੱਖੇ ਗਏ ਹਨ ਜਿਹੜੀ ਕਿ ਬਜਟ ਦੀ ਤੀਸਰੀ ਤਰਜੀਹ ਸੀ। ਪਰ ਔਰਤਾਂ ਦਾ ਸਸ਼ਕਤੀਕਰਨ ਉਨ੍ਹਾਂ ਦੀ ਵਿੱਦਿਆ ਅਤੇ ਰੁਜ਼ਗਾਰ ’ਤੇ ਹੀ ਨਿਰਭਰ ਕਰਦਾ ਹੈ। ਇਸ ਨੂੰ ਜੇ ਨੌਜਵਾਨਾਂ ਦੇ ਖੇਤਰ ਨਾਲ ਹੀ ਜੋੜ ਦਿੱਤਾ ਜਾਂਦਾ ਤਾਂ ਉਹ ਜ਼ਿਆਦਾ ਬਿਹਤਰ ਹੁੰਦਾ। ਸਿਰਫ਼ ਔਰਤਾਂ ਦੇ ਸਸ਼ਕਤੀਕਰਨ ਲਈ ਏਨੀ ਵੱਡੀ ਰਕਮ ਰੱਖਣੀ ਪਰ ਉਸ ਦੀ ਵਿਆਖਿਆ ਨਾ ਕਰਨੀ ਕਿ ਏਨੀ ਵੱਡੀ ਰਕਮ ਨਾਲ ਕਿਸ ਤਰ੍ਹਾਂ ਔਰਤਾਂ ਦਾ ਸਸ਼ਕਤੀਕਰਨ ਕੀਤਾ ਜਾਵੇਗਾ ਇਹ ਗੱਲ ਵੀ ਅਨਿਸ਼ਚਤਤਾ ਹੀ ਪੈਦਾ ਕਰਦੀ ਹੈ।

ਬਜਟ ਵਿੱਚ ਪੇਂਡੂ ਖੇਤਰ ਨੂੰ ਅਣਗੌਲਿਆਂ ਗਿਆ ਹੈ, ਜਦੋਂ ਕਿ 68.8 ਫ਼ੀਸਦੀ ਵਸੋਂ ਪਿੰਡਾਂ ਵਿੱਚ ਰਹਿੰਦੀ ਹੈ ਅਤੇ ਪਿੰਡ ਵਿਕਾਸ ਦੇ ਪੱਖ ਤੋਂ ਬਹੁਤ ਪਿੱਛੇ ਰਹਿ ਗਏ ਹਨ। ਪਿੰਡਾਂ ਦੇ ਵਿਕਾਸ ਨਾਲ ਹੀ ਰੁਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ। ਪਿੰਡਾਂ ਵਿੱਚ ਹੀ ਉਦਯੋਗਾਂ ਦੀ ਲੋੜ ਹੈ, ਪਿੰਡਾਂ ਦਾ ਵਿਕਾਸ ਖੇਤੀ ਖੇਤਰ ਦੀ ਵੀ ਮਦਦ ਕਰਦਾ ਹੈ। ਇਸ ਬਜਟ ਵਿੱਚ ਪਿੰਡਾਂ ਦੇ ਖੇਤਰ ਨੂੰ ਅਣਗੌਲਿਆ ਜਾਣਾ ਤਸੱਲੀਬਖ਼ਸ਼ ਨਹੀਂ।

ਇਸ ਬਜਟ ਵਿੱਚ 100 ਵੱਡੇ ਸ਼ਹਿਰਾਂ ਵਿੱਚ ਸੀਵਰੇਜ ਅਤੇ ਪਾਣੀ ਦੀ ਪੂਰਤੀ ਦਾ ਇੰਤਜ਼ਾਮ ਕਰਨ ਤੇ 1000 ਆਈ.ਟੀ.ਆਈ. ਨੂੰ ਅਪਗ੍ਰੇਡ ਕਰਨ ਦਾ ਵਾਅਦਾ ਕੀਤਾ ਗਿਆ ਹੈ ਪਰ ਰੁਜ਼ਗਾਰ ਦੇ ਮੌਕੇ ਸਿਰਫ਼ ਉਦਯੋਗਿਕ ਖੇਤਰ ਵਿੱਚ ਹੀ ਪੈਦਾ ਕਰਦੇ ਹਨ, ਉਸ ਦੀਆਂ ਸਾਰੇ ਦੇਸ਼ ਸਿਰਫ਼ 12 ਉਦਯੋਗਿਕ ਹੱਬਜ਼ ਖੋਲ੍ਹੀਆਂ ਜਾਣੀਆਂ, ਇਸ ਵੱਡੀ ਸਮੱਸਿਆ ਦੇ ਹੱਲ ਲਈ ਸੀਮਿਤ ਭੂਮਿਕਾ ਹੀ ਨਿਭਾਅ ਸਕਦੀਆਂ ਹਨ।

ਉਦਯੋਗਿਕ ਖੇਤਰ ਨੂੰ ਵੱਡੀਆਂ ਰਾਹਤਾਂ, ਜਿਨ੍ਹਾਂ ਵਿੱਚ ਟੈਕਸਾਂ ਵਿੱਚ ਛੋਟ, ਬਰਾਮਦ ਵਸਤੂਆਂ ਲਈ ਸਬਸਿਡੀ ਅਤੇ ਤਕਨੀਕੀ ਸਹਾਇਤਾ ਅਤੇ ਅਗਵਾਈ ਦੀ ਲੋੜ ਹੈ, ਜਿਸ ਬਾਰੇ ਇਸ ਬਜਟ ਵਿੱਚ ਕੁਝ ਵੀ ਨਹੀਂ ਕਿਹਾ ਗਿਆ। ਇਸ ਬਜਟ ਦੀ ਵਿਆਖਿਆ ਕਰਦਿਆਂ ਇਹ ਕਿਹਾ ਗਿਆ ਹੈ ਕਿ ਇਸ ਨਾਲ ਸੋਨਾ ਅਤੇ ਗਹਿਣੇ ਸਸਤੇ ਹੋਣਗੇ, ਉਹ ਉਸ ਦੇਸ਼ ਵਿੱਚ ਬੇਮਾਇਨੇ ਹਨ, ਜਿਥੇ 75 ਫ਼ੀਸਦੀ ਵਸੋਂ ਨੂੰ ਸਸਤੇ ਅਨਾਜ ਦੀ ਸਹੂਲਤ ਦਿੱਤੀ ਗਈ ਹੋਵੇ। ਇਸ ਤਰ੍ਹਾਂ ਹੀ ਮਗਨਰੇਗਾ ਜਿਸ ਨੇ ਪਿੰਡਾਂ ਵਿੱਚ ਪਿਛਲੇ ਸਮੇਂ ਵਿੱਚ ਵੱਡਾ ਰੁਜ਼ਗਾਰ ਪੈਦਾ ਕੀਤਾ ਸੀ। ਉਸ ਬਾਰੇ ਵੀ ਤਸੱਲੀਬਖ਼ਸ਼ ਵੇਰਵੇ ਨਹੀਂ ਦਿੱਤੇ ਗਏ। ਸਰਕਾਰ ਅਤੇ ਨਿੱਜੀ ਖੇਤਰ ਦੇ ਮਿਲਵਰਤਨ ਨਾਲ ਚੱਲਣ ਵਾਲੇ ਕਾਰੋਬਾਰ ਕਿਹੜੇ ਖੇਤਰਾਂ ਵਿਚ ਚਾਲੂ ਹੋਏ ਹਨ, ਉਸ ਬਾਰੇ ਵੀ ਵਿਸਥਾਰ ਵਿੱਚ ਨਹੀਂ ਦੱਸਿਆ ਗਿਆ। ਇਸ ਪ੍ਰਕਾਰ ਕੁਲ ਮਿਲਾ ਕੇ ਇਸ ਬਜਟ ਵਿੱਚ ਖੇਤੀ ਅਤੇ ਰੁਜ਼ਗਾਰ ਜਿਹੜੀਆਂ ਪਹਿਲੀਆਂ ਤਰਜੀਹਾਂ ਰੱਖਣ ਦਾ ਦਾਅਵਾ ਕੀਤਾ ਗਿਆ ਹੈ। ਉਨ੍ਹਾਂ ਤੋਂ ਮਿਲਣ ਵਾਲੇ ਸਿੱਟੇ ਅਨਿਸ਼ਚਿਤ ਹੀ ਰਹਿਣਗੇ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਆਇਆ ਸਾਉਣ ਮਹੀਨਾ ਕੁੜੀਓ.....



**ਕਰਨੈਲ ਸਿੰਘ ਐਮ.ਏ.**

ਸਾਡੇ ਸੱਭਿਆਚਾਰ ਵਿੱਚ ਸਾਉਣ ਦੇ ਮਹੀਨੇ ਨੂੰ ਗਿੱਧਿਆਂ ਦੀ ਰੁੱਤ ਕਰਕੇ ਜਾਣਿਆ ਜਾਂਦਾ ਹੈ। ਇਹ ਮਹੀਨਾ ਇੱਕ ਅਜਿਹਾ ਮਹੀਨਾ ਹੈ ਜਿਸ ਵਿੱਚ ਸਾਡੇ ਪੰਜਾਬੀ ਸੱਭਿਆਚਾਰ ਦੀਆਂ ਕਈ ਗੱਲਾਂ ਆ ਜਾਂਦੀਆਂ ਹਨ। ਜਿਵੇਂ ਸਾਉਣ ਦੀ ਝੜੀ ਜੋ ਫ਼ਸਲ ਲਈ ਲਾਭਦਾਇਕ ਹੈ। ਮੀਂਹ ਪੈਣ ਨਾਲ ਫ਼ਸਲਾਂ ਹਰੀਆਂ-ਭਰੀਆਂ ਲੱਗਣ ਲੱਗ ਜਾਂਦੀਆਂ ਹਨ। ਸੁੱਕੇ ਦਰੱਖਤ ਤੇ ਘਾਹ ਹਰੇ ਹੋ ਜਾਂਦੇ ਹਨ। ਦਰੱਖਤਾਂ ਦੀ ਮਿੱਟੀ ਬਾਰਸ਼ ਪੈਣ ਨਾਲ ਝੜ ਜਾਂਦੀ ਹੈ। ਜੇਠ-ਹਾੜ੍ਹ ਦੀਆਂ ਧੁੱਪਾਂ ਦੇ ਝੁਲਸੇ ਹੋਏ ਪਸ਼ੂ-ਪੰਛੀ ਅਤੇ ਮਨੁੱਖ ਸਾਉਣ ਦੇ ਮਹੀਨੇ ਵਿੱਚ ਮੀਂਹ ਪੈਣ ਨਾਲ ਰਾਹਤ ਮਹਿਸੂਸ ਕਰਦੇ ਹਨ।

ਸਾਉਣ ਮਹੀਨੇ ਦੀ ਆਮਦ 'ਤੇ ਭਾਵੇਂ ਸਾਰੇ ਭਾਰਤ ਵਿੱਚ ਖ਼ੁਸ਼ੀ ਮਨਾਈ ਜਾਂਦੀ ਹੈ ਪਰ ਪੰਜਾਬ ਵਿੱਚ ਇਹ ਮਹੀਨਾ ਬਹੁਤ ਪਿਆਰਾ ਹੈ। ਪੰਜਾਬ ਵਿੱਚ ਇਸ ਮਹੀਨੇ ਮੇਲੇ ਲੱਗਦੇ ਹਨ। ਕਬੱਡੀ ਦੇ ਮੁਕਾਬਲੇ ਤੇ ਪਹਿਲਵਾਨਾਂ ਦੇ ਘੋਲ (ਕੁਸ਼ਤੀਆਂ) ਮੇਲਿਆਂ ਦੀ ਖਿੱਚ ਹੁੰਦੇ ਹਨ। ਢੋਲ ਦੇ ਡੱਗੇ 'ਤੇ ਗੱਭਰੂਆਂ ਦਾ ਭੰਗੜਾ ਧਰਤੀ ਹਿਲਾ ਦਿੰਦਾ ਹੈ। ਇਹ ਮਹੀਨਾ ਮੁਟਿਆਰਾਂ ਦੇ ਪ੍ਰਸਿੱਧ ਤਿਓਹਾਰ 'ਤੀਆਂ ਦੇ ਤਿਓਹਾਰ' ਵਜੋਂ ਮਨਾਇਆ ਜਾਂਦਾ ਹੈ। ਇਸ ਤਿਓਹਾਰ ਦਾ ਆਰੰਭ ਸਾਉਣ ਮਹੀਨੇ ਦੀ ਮੱਸਿਆ ਤੋਂ ਬਾਅਦ ਤੀਜ ਤੋਂ ਹੁੰਦਾ ਹੈ ਤੇ ਪੁੰਨਿਆ (ਰੱਖੜੀ) ਤੱਕ ਚੱਲਦਾ ਹੈ। ਤੀਆਂ ਤੋਂ ਕੁਝ ਦਿਨ ਪਹਿਲਾਂ ਨਵੀਆਂ ਵਿਆਹੀਆਂ ਕੁੜੀਆਂ ਨੂੰ ਉਨ੍ਹਾਂ ਦੇ ਵੀਰ ਸਹੁਰੇ ਘਰ ਤੋਂ ਲੈ ਕੇ ਆਉਂਦੇ ਹਨ। ਜੇਕਰ ਕਿਸੇ ਬਦਨਸੀਬ ਭੈਣ ਦਾ ਵੀਰ ਕਿਸੇ ਕਾਰਨ ਤੀਆਂ 'ਤੇ ਆਪਣੀ ਭੈਣ ਨੂੰ ਲੈਣ ਨਹੀਂ ਆਉਂਦਾ ਤਾਂ ਉਸ ਨੂੰ ਆਪਣੀ ਸੱਸ ਦੇ ਤਾਹਨੇ ਮਿਹਣੇ ਸੁਣਨੇ ਪੈਂਦੇ ਹਨ;

ਤੈਨੂੰ ਤੀਆਂ 'ਤੇ ਲੈਣ ਨਾ ਆਏ
ਨੀਂ ਬਹੁਤਿਆਂ ਭਰਾਵਾਂ ਵਾਲੀਏ

ਜਿਹੜੀਆਂ ਕੁੜੀਆਂ ਸਹੁਰੇ ਘਰ ਹੀ ਰਹਿੰਦੀਆਂ ਹਨ। ਪੇਕੇ ਘਰ ਕਿਸੇ ਮਜਬੂਰੀ ਕਾਰਨ ਨਹੀਂ ਜਾ ਸਕਦੀਆਂ। ਉਨ੍ਹਾਂ ਨੂੰ ਮਾਂ-ਪਿਉ, ਭਰਾਵਾਂ ਵੱਲੋਂ ਸੰਧਾਰਾ ਦਿੱਤਾ ਜਾਂਦਾ ਹੈ। ਜਿਸ ਵਿੱਚ ਮਠਿਆਈ, ਕੱਪੜੇ, ਮੱਠੀਆਂ, ਗੁਲਗੁਲੇ, ਚੂੜੀਆਂ, ਮਹਿੰਦੀ, ਰੇਸ਼ਮੀ ਪਰਾਂਦਾ, ਡੋਰੀ, ਗਹਿਣੇ ਅਤੇ ਹੋਰ ਸ਼ਿੰਗਾਰ ਦਾ ਸਾਮਾਨ ਹੁੰਦਾ ਹੈ। ਪਹਿਲਾਂ ਲੋਕ ਘਰਾਂ ਵਿੱਚ ਹੀ ਬਿਸਕੁਟ, ਮੱਠੀਆਂ, ਲੱਡੂ ਤੇ ਹੋਰ ਪਕਵਾਨ ਬਣਾ ਕੇ ਭੇਜਦੇ ਸਨ ਪਰ ਅੱਜਕੱਲ੍ਹ ਤਾਂ ਮਠਿਆਈ ਬਾਜ਼ਾਰ ਦੀ ਹੀ ਦਿੱਤੀ ਜਾਂਦੀ ਹੈ। ਅੱਜ ਕਿਸੇ ਕੋਲ ਇੰਨਾ ਸਮਾਂ ਹੀ ਨਹੀਂ ਹੈ ਕਿ ਉਹ ਘਰ ਵਿੱਚ ਪਕਵਾਨ ਤਿਆਰ ਕਰ ਸਕਣ। ਫਿਰ ਵੀ ਕੁਝ ਬਜ਼ੁਰਗ ਔਰਤਾਂ ਪੁਰਾਣੇ ਰੀਤੀ-ਰਿਵਾਜਾਂ ਅਨੁਸਾਰ ਘਰ ਵਿੱਚ ਹੀ ਕੁਝ ਮਠਿਆਈਆਂ ਤੇ ਹੋਰ ਪਕਵਾਨ ਤਿਆਰ ਕਰਕੇ ਪੀਪੇ ਵਿੱਚ ਪਾ ਕੇ ਸਿਰ 'ਤੇ ਰੱਖ ਕੇ ਬੱਸ, ਰੇਲ ਗੱਡੀ, ਕਾਰ, ਮੋਟਰ ਸਾਈਕਲ 'ਤੇ ਜਾ ਕੇ ਆਪਣੀ ਧੀ ਨੂੰ ਦੇਣ ਜਾਂਦੀਆਂ ਹਨ। ਮੁਟਿਆਰ ਨੂੰ ਉਪਰੋਕਤ ਵਸਤਾਂ ਦੇਖ ਕੇ ਚਾਅ ਚੜ੍ਹ ਜਾਂਦਾ ਹੈ ਤੇ ਉਹ ਗਿੱਧੇ 'ਚ ਨੱਚਦੀ ਪੇਕੇ ਘਰੋਂ ਆਈ ਸੌਗਾਤ ਦਾ ਜ਼ਿਕਰ ਇੰਝ ਕਰਦੀ ਹੈ;

ਆਇਆ ਸਾਉਣ ਮਹੀਨਾ ਕੁੜੀਓ
ਲੈ ਕੇ ਠੰਢੀਆਂ ਹਵਾਵਾਂ।
ਪੇਕੇ ਘਰੋਂ ਮੈਨੂੰ ਆਈਆਂ ਝਾਂਜਰਾਂ
ਮਾਰ ਅੱਡੀ ਛਣਕਾਵਾਂ।
ਖੱਟਾ ਡੋਰੀਆ ਉੱਡ-ਉੱਡ ਜਾਂਦਾ
ਜਦ ਮੈਂ ਪੀਂਘ ਚੜ੍ਹਾਵਾਂ।
ਸਾਉਣ ਦਿਆ ਬੱਦਲਾ ਵੇ
ਮੈਂ ਤੇਰਾ ਜਸ ਗਾਵਾਂ।

ਤੀਆਂ ਦੇ ਤਿਓਹਾਰ ਮੌਕੇ ਕੁੜੀਆਂ, ਮੁਟਿਆਰਾਂ ਪੈਰਾਂ ਤੋਂ ਸਿਰ ਤੱਕ ਖ਼ੂਬ ਸੱਜ-ਧੱਜ ਕੇ ਪੀਂਘਾਂ ਝੂਟਣ ਤੇ ਗਿੱਧਾ ਪਾਉਣ ਲਈ ਇਕੱਠੀਆਂ ਹੁੰਦੀਆਂ ਹਨ। ਮਾਂ-ਬਾਪ ਦੇ ਘਰ ਆਈਆਂ ਆਜ਼ਾਦੀ ਮਹਿਸੂਸ ਕਰਦੀਆਂ ਹਨ। ਪਿੰਡ ਤੋਂ ਬਾਹਰ ਕਿਸੇ ਖੁੱਲ੍ਹੀ ਜਗ੍ਹਾ 'ਤੇ ਉਹ ਨੱਚਦੀਆਂ ਟੱਪਦੀਆਂ, ਹੱਸਦੀਆਂ-ਖੇਡਦੀਆਂ, ਪੀਂਘਾਂ ਝੂਟਦੀਆਂ ਤੇ ਇੱਕ ਦੂਜੇ ਤੋਂ ਵੱਧ ਚੜ੍ਹ ਕੇ ਗਿੱਧਾ ਪਾਉਂਦੀਆਂ ਹਨ। ਉਹ ਇੱਕ ਮਿੰਟ ਵੀ ਅੱਕਦੀਆਂ ਜਾਂ ਥੱਕਦੀਆਂ ਨਹੀਂ। ਅੱਜ ਪਹਿਲਾਂ ਵਾਲਾ ਸਮਾਂ ਨਹੀਂ ਹੈ। ਹੁਣ ਇੱਕ ਤਾਂ ਤੀਆਂ ਪਿੰਡਾਂ/ਸ਼ਹਿਰਾਂ ਵਿੱਚ ਬਹੁਤ ਘੱਟ ਲੱਗਦੀਆਂ ਹਨ। ਦੂਜਾ ਤੀਆਂ ਦੇ ਤਿਓਹਾਰ ਵਿੱਚ ਉਹ ਰੌਣਕ ਨਹੀਂ ਹੁੰਦੀ ਜੋ ਪਹਿਲਾਂ ਦੇਖਣ ਨੂੰ ਮਿਲਦੀ ਸੀ।

ਅੱਜਕੱਲ੍ਹ ਤੀਆਂ ਦੇ ਮੇਲੇ ਪਹਿਲਾਂ ਦੀ ਤਰ੍ਹਾਂ ਭਾਵੇਂ ਪਿੰਡਾਂ, ਸ਼ਹਿਰਾਂ ਵਿੱਚ ਨਹੀਂ ਭਰਦੇ ਪਰ ਫਿਰ ਵੀ ਕਈ ਥਾਵਾਂ 'ਤੇ ਅਜੋਕੀਆਂ ਮੁਟਿਆਰਾਂ ਤੀਆਂ ਦੇ ਤਿਓਹਾਰ ਨੂੰ ਬੜੇ ਚਾਅ ਅਤੇ ਉਤਸ਼ਾਹ ਨਾਲ ਮਨਾਉਂਦੀਆਂਹਨ। ਵੱਡੇ ਸ਼ਹਿਰਾਂ ਵਿੱਚ ਬੱਚੇ ਸਕੂਲਾਂ 'ਚ, ਲੜਕੀਆਂ ਕਾਲਜਾਂ ਵਿੱਚ ਅਤੇ ਔਰਤਾਂ ਤੇ ਲੜਕੀਆਂ ਹੋਟਲਾਂ, ਪੈਲੇਸਾਂ ਵਿੱਚ ਤੀਆਂ ਦਾ ਤਿਓਹਾਰ ਬੜੇ ਉਤਸ਼ਾਹ ਨਾਲ ਮਨਾਉਂਦੀਆਂਹਨ।

ਸਾਉਣ ਦੇ ਮਹੀਨੇ ਚਾਰ-ਚੁਫ਼ੇਰੇ ਹਰਿਆਵਲ ਹੀ ਹਰਿਆਵਲ ਹੁੰਦੀ ਹੈ। ਬੂਟੇ ਫੁੱਲਾਂ ਤੇ ਫ਼ਲਾਂ ਨਾਲ ਭਰੇ ਹੁੰਦੇ ਹਨ। ਇਸ ਮਹੀਨੇ ਨੂੰ ਬੱਚੇ, ਨੌਜਵਾਨ, ਬੁੱਢੇ ਸਭ ਲੋਚਦੇ ਹਨ। ਨਿੱਕੀਆਂ-ਨਿੱਕੀਆਂ ਬਾਲੜੀਆਂ ਗੀਟੇ ਖੇਡ ਕੇ ਆਪਣਾ ਮਨਪ੍ਰਚਾਵਾ ਕਰਦੀਆਂ ਹਨ। ਇਸ ਕਰਕੇ ਸਾਉਣ ਦੇ ਮਹੀਨੇ ਨੂੰ ਸਾਵਿਆਂ ਦੀ ਰੁੱਤ ਕਰਕੇ ਵੀ ਜਾਣਿਆ ਜਾਂਦਾ ਹੈ। ਸਾਉਣ ਦੇ ਮਹੀਨੇ ਦੀ ਮਹੱਤਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿੱਚ ਇਸ ਤਰ੍ਹਾਂ ਪ੍ਰਗਟਾਇਆ ਹੈ;

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੋ ਬਾਰਹਮਾਹਾ ਅੰਕਿਤ ਹਨ। ਇੱਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਂਝ ਵਿੱਚ ਤੇ ਦੂਜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਗ ਤੁਖਾਰੀ ਵਿੱਚ ਹੈ। ਬਾਰਹਮਾਹਾ ਵਿੱਚ ਸਾਉਣ ਮਹੀਨਾ ਪੰਜਵੇਂ ਨੰਬਰ 'ਤੇ ਹੈ। ਇਹ ਦੇਸੀ ਮਹੀਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਾਉਣ ਮਹੀਨੇ ਸਬੰਧੀ ਅਨੇਕਾਂ ਪ੍ਰਮਾਣ ਦਰਜ ਹਨ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿੱਚ ਸਾਉਣ ਦੇ ਮਹੀਨੇ ਦਾ ਜ਼ਿਕਰ ਕੀਤਾ ਹੈ;

ਸਾਵਣ ਵਣ ਹਰੀਆਵਲੇ ਵੁਠੈ ਸੁਕੈ ਅਕੁ ਜਵਾਹਾ।

ਸਾਉਣ ਦੇ ਮਹੀਨੇ ਮੁਟਿਆਰਾਂ ਦਾ ਆਪਣੇ ਸਹੁਰੇ ਘਰ ਜਾਣ ਨੂੰ ਦਿਲ ਨਹੀਂ ਕਰਦਾ ਜਦ ਕਿ ਉਸ ਦਾ ਪਤੀ ਉਸ ਨੂੰ ਲੈ ਕੇ ਜਾਣ ਦੀ ਜ਼ਿੱਦ ਕਰਦਾ ਹੈ;

ਸਾਉਣ ਦਾ ਮਹੀਨਾ ਜੀਅ ਨਾ ਕਰੇ ਸਹੁਰੇ ਜਾਣ ਨੂੰ
ਮੁੰਡਾ ਫਿਰੇ ਨੀਂ ਗੱਡੀ ਜੋੜ ਕੇ ਲਿਜਾਣ ਨੂੰ

ਸਾਉਣ ਮਹੀਨੇ ਦਾ ਸਬੰਧ ਖੀਰ ਤੇ ਪੂੜਿਆਂ ਨਾਲ ਵੀ ਹੈ। ਸਾਉਣ ਦੇ ਮਹੀਨੇ ਵਿੱਚ ਸ਼ਾਇਦ ਹੀ ਕੋਈ ਪੰਜਾਬੀ ਘਰ ਅਜਿਹਾ ਹੋਵੇਗਾ ਜਿੱਥੇ ਖੀਰ ਤੇ ਪੂੜੇ ਨਾ ਪੱਕਦੇ ਹੋਣ। ਜਿਸ ਦਿਨ ਬਾਰਸ਼ ਹੁੰਦੀ ਹੈ ਤਾਂ ਇਹ ਹੀ ਕਿਹਾ ਜਾਂਦਾ ਹੈ ਕਿ ਅੱਜ ਪੂੜੇ ਖਾਣ ਦਾ ਮੌਸਮ ਹੈ। ਅੱਜਕੱਲ੍ਹ ਤਾਂ ਸਾਉਣ ਮਹੀਨੇ ਬਾਜ਼ਾਰ ਵਿੱਚ ਹਲਵਾਈਆਂ/ਮਠਿਆਈਆਂ ਦੀਆਂ ਦੁਕਾਨਾਂ 'ਤੇ ਰੈਡੀਮੇਡ ਪੂੜੇ ਮਿਲ ਜਾਂਦੇ ਹਨ ਪਰ ਜੋ ਪੂੜੇ ਘਰ ਬਣਾ ਕੇ ਖਾਣ ਦਾ ਸੁਆਦ, ਮਜ਼ਾ ਆਉਂਦਾ ਹੈ, ਉਹ ਬਾਜ਼ਾਰ ਦੇ ਪੂੜਿਆਂ ਨਾਲ ਨਹੀਂ ਆਉਂਦਾ। ਪੁਰਾਣੇ ਸਮੇਂ ਵਿੱਚ ਸਾਉਣ ਦੇ ਮਹੀਨੇ ਵਿੱਚ ਖੀਰ-ਪੂੜੇ ਬਣਾਉਣਾ ਇੱਕ ਸ਼ਗਨ ਮੰਨਿਆ ਜਾਂਦਾ ਸੀ ਤੇ ਬਜ਼ੁਰਗ ਖੀਰ-ਪੂੜੇ ਘਰ ਨਾ ਬਣਨ ਕਰਕੇ ਅਕਸਰ ਕਹਿ ਦਿੰਦੇ ਸਨ;

ਸਾਵਣ ਖੀਰ ਨਾ ਖਾਧੀਆ
ਕਿਉਂ ਜੰਮਿਆ ਅਪਰਾਧੀਆ

ਸਾਉਣ ਦੇ ਮਹੀਨੇ ਬੱਚਿਆਂ ਦੀ ਖ਼ੁਸ਼ੀ ਦਾ ਤਾਂ ਕੋਈ ਟਿਕਾਣਾ ਹੀ ਨਹੀਂ ਹੁੰਦਾ, ਉਹ ਕਿਣ-ਮਿਣ ਬਾਰਸ਼ ਵਿੱਚ ਕੱਪੜੇ ਉਤਾਰ ਕੇ ਦੁੜੰਗੇ ਲਗਾਉਂਦੇ ਤੇ ਕਲੋਲਾਂ ਕਰਦੇ ਬੜੀ ਉੱਚੀ-ਉੱਚੀ ਪੁਕਾਰਦੇ ਹਨ;

* ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਵਰਸਾ ਦੇ ਜ਼ੋਰੋ ਜ਼ੋਰ।
* ਰੱਬਾ ਰੱਬਾ ਮੀਂਹ ਵਰਸਾ
ਸਾਡੀ ਕੋਠੀ ਦਾਣੇ ਪਾ।

ਪੰਜਾਬੀ ਲੋਕ ਗੀਤਾਂ ਵਿੱਚ ਵੀ ਸਾਉਣ ਦੇ ਮਹੀਨੇ ਦਾ ਬਹੁਤ ਜ਼ਿਕਰ ਆਉਂਦਾ ਹੈ;

ਸਾਉਣ ਦੀ ਝੜੀ ਲੱਗੀ ਸਾਉਣ ਦੀ ਝੜੀ।

ਪੰਜਾਬੀ ਕਵੀ ਹਦਾਇਤਉੱਲਾ ਨੇ ਆਪਣੀ ਕਵਿਤਾ 'ਬਾਰਹਮਾਹਾ' ਵਿੱਚ ਸਾਉਣ ਮਹੀਨੇ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ;

ਚੜ੍ਹਦੇ ਸਾਵਣ ਮੀਂਹ ਬਰਸਾਵਣ
ਸਈਆਂ ਪੀਂਘਾਂ ਪਾਈਆਂ ਨੀਂ।
ਕਾਲੀ ਘਟਾ ਸਿਰੇ ਪਰ
ਮੇਰੇ ਜ਼ਾਲਮ ਇਸ਼ਕ ਝੜਾਈਆਂ ਨੀਂ।
ਬਿਜਲੀ ਚਮਕੇ ਬਿਰਹੋਂ ਵਾਲੀ
ਨੈਣਾਂ ਝੜੀਆਂ ਲਾਈਆਂ ਨੀਂ।
ਸੌਖਾ ਇਸ਼ਕ ਹਦਾਇਤ ਦਿਸੇ
ਇਸ ਵਿੱਚ ਸਖ਼ਤ ਬਲਾਈਆਂ ਨੀਂ।

ਸੰਤ ਮੋਤੀ ਰਾਮ ਨੇ ਸਾਉਣ ਮਹੀਨੇ ਦਾ ਜ਼ਿਕਰ ਆਪਣੀ ਕਵੀਸ਼ਰੀ ਵਿੱਚ ਇੰਜ ਕੀਤਾ ਹੈ;

ਸਾਵਣ ਆਇਆ ਸ਼ੌਕ ਕਰਨ ਨੂੰ
ਰੱਬ ਦਾ ਸ਼ੁਕਰ ਨਾ ਕੀਤੋ ਈ।
ਜਿਸ ਸਾਹਿਬ ਤੈਨੂੰ ਪੈਦਾ ਕੀਤਾ
ਉਸ ਦਾ ਨਾਂਅ ਨਾ ਲੀਤੋ ਈ।
'ਮੋਤੀ ਰਾਮ' ਤੂੰ ਸਮਝ ਪਿਆਰੇ
ਜਨਮ ਅਕਾਰਥ ਕੀਤੋ ਈ।

ਸਾਉਣ ਮਹੀਨੇ ਦੇ ਗੁਣ ਗਾਉਂਦੀਆਂ ਮੁਟਿਆਰਾਂ ਸਹੇਲੀਆਂ ਨੂੰ ਮਿਲ ਕੇ ਰੱਜਦੀਆਂ ਨਹੀਂ ਜਿਸ ਨੇ ਉਨ੍ਹਾਂ ਦਾ ਮੇਲ ਕਰਵਾਇਆ ਹੁੰਦਾ ਹੈ। ਭਾਦੋਂ ਮਹੀਨੇ ਮੁਟਿਆਰਾਂ ਨੂੰ ਤੀਆਂ ਤੋਂ ਵਿੱਛੜਨ ਦਾ ਬਹੁਤ ਦੁੱਖ ਹੁੰਦਾ ਹੈ। ਇਸੇ ਕਰਕੇ ਸਾਉਣ ਦੇ ਮਹੀਨੇ ਨੂੰ ਆਪਣੇ ਵੀਰਾਂ ਵਾਂਗ ਚੰਗਾ ਤੇ ਭਾਦੋਂ ਨੂੰ ਮਾੜਾ ਕਹਿੰਦੀਆਂ ਹਨ;

ਸਾਉਣ ਵੀਰ 'ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜਾ ਪਾਵੇ।

ਰੱਖੜ ਪੁੰਨਿਆ ਨੂੰ ਇਹ ਤਿਓਹਾਰ ਖ਼ਤਮ ਹੋ ਜਾਂਦਾ ਹੈ ਤੇ ਅਗਲੇ ਸਾਲ ਫਿਰ ਮਿਲਣ ਦੇ ਚਾਅ ਤੇ ਖ਼ੁਸ਼ੀਆਂ ਨਾਲ ਮੁਟਿਆਰਾਂ, ਸਹੇਲੀਆਂ ਇੱਕ ਦੂਜੇ ਤੋਂ ਵਿੱਛੜ ਜਾਂਦੀਆਂ ਹਨ ਤੇ ਕਹਿੰਦੀਆਂ ਹਨ;

ਤੀਆਂ ਤੀਜ ਦੀਆਂ ਵਰ੍ਹੇ ਦਿਨਾਂ ਨੂੰ ਫੇਰ

# ਘੜਾ ਵੱਜਦਾ ਘੜੋਲੀ ਵੱਜਦੀ.....



**ਬਲਜਿੰਦਰ ਮਾਨ**

ਘੜਾ ਪੰਜਾਬੀਆਂ ਦਾ ਹਰਮਨ ਪਿਆਰਾ ਬਰਤਨ ਰਿਹਾ ਹੈ ਜੋ ਕੁਝ ਅਰਸਾਂ ਪਹਿਲਾਂ ਹਰ ਘਰ ਦਾ ਸ਼ਿੰਗਾਰ ਹੁੰਦਾ ਸੀ। ਇਸ ਨੂੰ ਗ਼ਰੀਬਾਂ ਦਾ ਫਰਿੱਜ ਵੀ ਆਖਿਆ ਜਾਂਦਾ ਹੈ। ਕੋਰੇ ਘੜੇ ਵਿੱਚ ਪਾਣੀ ਜਿੱਥੇ ਸ਼ੁੱਧ ਰਹਿੰਦਾ ਹੈ ਉੱਥੇ ਠੰਢਾ ਸ਼ੀਤ ਵੀ ਰਹਿੰਦਾ ਹੈ। ਸਮੇਂ ਦੀ ਤੋਰ ਨੇ ਅਤੇ ਵਿਗਿਆਨਕ ਤਰੱਕੀ ਨੇ ਸਾਨੂੰ ਕਿਤੇ ਦੇ ਕਿਤੇ ਪਹੁੰਚਾ ਦਿੱਤਾ ਹੈ। ਹੁਣ ਘਰ-ਘਰ ਲੱਗੀਆਂ ਟੂਟੀਆਂ, ਸਬਮਰਸੀਬਲ ਪੰਪ ਘੜੇ ਵਰਗੇ ਬਰਤਨਾਂ ਦੀ ਯਾਦ ਵੀ ਨਹੀਂ ਆਉਣ ਦਿੰਦੇ। ਕੱਚੇ ਬਰਤਨਾਂ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਨ੍ਹਾਂ ਵਿੱਚ ਕੋਈ ਵੀ ਵਸਤੂ ਜਲਦੀ ਖ਼ਰਾਬ ਨਹੀਂ ਹੁੰਦੀ। ਪੁਰਾਣੇ ਜ਼ਮਾਨੇ ਵਿੱਚ ਕੱਚੇ ਕਟੋਰੇ, ਘੜੇ, ਚਾਟੀਆਂ, ਕੁੱਜੇ, ਘੜੋਲੀਆਂ, ਕਨਾਲੀਆਂ, ਦਧੂਨੇ, ਝੱਜਾ ਆਦਿ ਦੀ ਆਮ ਵਰਤੋਂ ਕੀਤੀ ਜਾਂਦੀ ਸੀ। ਹੁਣ ਇਨ੍ਹਾਂ ਦੇ ਦਰਸ਼ਨ ਅਜਾਇਬ ਘਰਾਂ ਵਿੱਚ ਹੀ ਹੁੰਦੇ ਹਨ। ਅਜੋਕੀ ਪੀੜ੍ਹੀ ਦੀਆਂ ਬਹੁਤੀਆਂ ਮੁਟਿਆਰਾਂ ਅਤੇ ਗੱਭਰੂ ਇਨ੍ਹਾਂ ਦੇ ਨਾਵਾਂ ਤੋਂ ਵੀ ਨਾ ਵਾਕਿਫ ਹਨ। ਸ਼ਾਇਦ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਅਜੂਬੇ ਲੱਗਣ।

ਘੜੇ ਦਾ ਸਿੱਧਾ ਸਬੰਧ ਖੂਹ ਨਾਲ ਜੁੜਦਾ ਹੈ। ਜਦੋਂ ਨਲਕੇ ਅਤੇ ਟੂਟੀਆਂ ਨਹੀਂ ਹੁੰਦੇ ਸਨ ਤਾਂ ਮੁਟਿਆਰਾਂ ਡਾਰਾਂ ਬੰਨ੍ਹ-ਬੰਨ੍ਹ ਖੂਹ ਤੋਂ ਪਾਣੀ ਭਰਨ ਜਾਂਦੀਆਂ ਸਨ। ਉੱਥੇ ਉਨ੍ਹਾਂ ਨੂੰ ਗੱਲਾਂ ਬਾਤਾਂ ਅਤੇ ਹਾਸੇ ਠੱਠੇ ਲਈ ਮੋਕਲਾ ਮਾਹੌਲ ਮਿਲ ਜਾਂਦਾ ਸੀ। ਉਹ ਛੇੜਖਾਨੀ ਵੀ ਕਰਦੀਆਂ ਸਨ। ਕਈ ਜ਼ੋਰ ਵਾਲੀਆਂ ਮੁਟਿਆਰਾਂ ਆਪਣੀ ਸੀਨਾ ਜ਼ੋਰੀ ਦਿਖਾਉਂਦੀਆਂ ਹੋਈਆਂ ਤਿੰਨ ਤਿੰਨ ਘੜੇ ਚੁੱਕ ਕੇ ਮੜ੍ਹਕ ਨਾਲ ਤੁਰਦੀਆਂ ਸਨ। ਖੂਹ 'ਤੇ ਪਿਆ ਡੋਲ ਅਤੇ ਲੱਜ ਸਭ ਤੋਂ ਮਹੱਤਵਪੂਰਨ ਯੰਤਰ ਸਨ ਜਿਨ੍ਹਾਂ ਦੇ ਸਹਾਰੇ ਖੂਹ ਵਿੱਚੋਂ ਪਾਣੀ ਨੂੰ ਬਾਹਰ ਕੱਢਿਆ ਜਾਂਦਾ ਸੀ। ਕਈ ਪਹਾੜੀ ਪਿੰਡਾਂ ਵਿੱਚ ਇਹ ਖੂਹ ਸੱਤਰ ਸੱਤਰ ਫੁੱਟ ਤੱਕ ਵੀ ਡੂੰਘੇ ਹੁੰਦੇ ਸਨ। ਤੁਸੀਂ ਖ਼ੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਉਨ੍ਹਾਂ ਮੁਟਿਆਰਾ ਵਿੱਚ ਕਿੰਨੀ ਸ਼ਕਤੀ, ਸਬਰ ਸੰਤੋਖ ਅਤੇ ਹੌਸਲਾ ਹੁੰਦਾ ਹੋਵੇਗਾ ਜੋ ਸਾਰੇ ਘਰ ਦੀ ਵਰਤੋਂ ਵਾਲਾ ਪਾਣੀ ਲੱਜ ਅਤੇ ਡੋਲ ਨਾਲ ਖੂਹ ਵਿੱਚੋਂ ਕੱਢਦੀਆਂ ਸਨ। ਫਿਰ ਜਾ ਕੇ ਬਾਕੀ ਕਾਰੋਬਾਰ ਚੱਲਦੇ ਸਨ। ਉਸ ਜ਼ਮਾਨੇ ਦਾ ਜੀਵਨ ਬਹੁਤ ਕਠਿਨ ਸੀ। ਸੁਆਣੀਆਂ ਖਾਣ ਵਾਸਤੇ ਆਟਾ ਵੀ ਘਰ ਵਿੱਚ ਹੀ ਚੱਕੀ 'ਤੇ ਪੀਸਦੀਆਂ ਹੁੰਦੀਆਂ ਸਨ। ਲੋਕ ਸਾਹਿਤ ਵਿੱਚ ਇਸ ਜਨ ਜੀਵਨ ਬਾਰੇ ਬਹੁਤ ਸਰਮਾਇਆ ਪਿਆ ਹੈ;

ਘੜਾ ਚੁੱਕੀ ਜਾਣ ਮੁਟਿਆਰਾਂ
ਜਿਉਂ ਹਰਨਾਂ ਦੀਆਂ ਡਾਰਾਂ।

ਜਦੋਂ ਇੱਕ ਮੁਟਿਆਰ ਇਕੱਲੀ ਖੂਹ 'ਤੇ ਰਹਿ ਜਾਂਦੀ ਹੈ ਤਾਂ ਉਸ ਨੂੰ ਲਾਗੇ ਖੜ੍ਹੇ ਕਿਸੇ ਚੋਬਰ ਨੂੰ ਆਵਾਜ਼ ਮਾਰ ਕੇ ਘੜਾ ਚੁਕਾਉਣਾ ਪੈਂਦਾ ਸੀ ਕਿਉਂਕਿ ਮਨਚਲਿਆਂ ਲਈ ਖੂਹ ਇੱਕ ਖਿੱਚ ਦਾ ਕੇਂਦਰ ਹੁੰਦਾ ਸੀ;

ਘੜਾ ਚੁਕਾ ਜਾਈਂ ਵੇ ਚੋਬਰਾ
ਖੜ੍ਹੀ ਆਵਾਜ਼ਾਂ ਮਾਰਾਂ
ਛੱਡ ਕੇ ਮੈਨੂੰ ਤੁਰ ਗਈਆਂ
ਮੇਰੇ ਹਾਣ ਦੀਆਂ ਮੁਟਿਆਰਾਂ।

ਪੁਰਾਣੇ ਜ਼ਮਾਨੇ ਵਿੱਚ ਜਦੋਂ ਲੋਕ ਪੈਦਲ ਹੀ ਸਫ਼ਰ ਕਰਦੇ ਸਨ ਤਾਂ ਅਮੀਰ ਲੋਕਾਂ ਵੱਲੋਂ ਦਸ ਬਾਰ੍ਹਾਂ ਕੋਹ 'ਤੇ ਪਉ ਦਾ ਪ੍ਰਬੰਧ ਕੀਤਾ ਹੁੰਦਾ ਸੀ। ਜਿਸ ਥਾਂ ਰਾਹੀ ਬੈਠ ਕੇ ਆਰਾਮ ਕਰਦੇ ਅਤੇ ਦਰੱਖਤ ਹੇਠਾਂ ਰੱਖੇ ਪਾਣੀ ਦੇ ਘੜੇ ਵਿੱਚੋਂ ਪਾਣੀ ਪੀ ਕੇ ਆਪਣੀ ਪਿਆਸ ਬੁਝਾਉਂਦੇ ਸਨ। ਇਸੇ ਤਰ੍ਹਾਂ ਰਾਹਾਂ ਵਿੱਚ ਅਮੀਰਾਂ, ਦਾਨੀਆਂ, ਰਾਜਿਆਂ ਵੱਲੋਂ ਸਰਾਵਾਂ ਦਾ ਨਿਰਮਾਣ ਵੀ ਕਰਵਾਇਆ ਜਾਂਦਾ ਸੀ। ਸਰਾਵਾਂ ਵਿੱਚ ਰਿਹਾਇਸ਼ ਵਾਸਤੇ ਕਮਰੇ ਅਤੇ ਪਾਣੀ ਪੀਣ ਵਾਸਤੇ ਖੂਹ ਲਗਵਾਏ ਜਾਂਦੇ ਸਨ। ਕਈ ਬਜ਼ੁਰਗ ਆਪਣੇ ਖੇਤਾਂ ਵਿੱਚ ਦਰੱਖਤਾਂ 'ਤੇ ਜੇਠ ਹਾੜ੍ਹ ਦੇ ਮਹੀਨਿਆਂ ਵਿੱਚ ਘੜੇ ਚਾਟੀਆਂ ਦੇ ਟੁੱਟੇ ਹੋਏ ਠੀਕਰਿਆਂ ਵਿੱਚ ਪੰਛੀਆਂ ਅਤੇ ਜਾਨਵਰਾਂ ਵਾਸਤੇ ਪਾਣੀ ਭਰਿਆ ਕਰਦੇ ਸਨ। ਅੱਜ ਵੀ ਅਜਿਹੇ ਕਾਰਜਾਂ ਨੂੰ ਪੁੰਨ ਦਾ ਕਾਰਜ ਮੰਨਿਆ ਜਾਂਦਾ ਹੈ।

ਸਾਡੇ ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ ਵਿੱਚ ਘੜੇ ਦਾ ਨਿਵੇਕਲੇ ਅੰਦਾਜ਼ ਨਾਲ ਬਿਆਨ ਕੀਤਾ ਮਿਲਦਾ ਹੈ। ਦਿਉਰ-ਭਾਬੀ ਦਾ ਰਿਸ਼ਤਾ ਵੀ ਬੜਾ ਨਿੱਘਾ ਤੇ ਪਿਆਰ ਵਾਲਾ ਹੁੰਦਾ ਹੈ। ਇਸੇ ਲਈ ਉਹ ਆਖਦਾ ਹੈ;

ਕੱਚੀਆਂ ਖੂਹੀਆਂ 'ਤੇ ਡੋਲ ਖੜਕਦੇ
ਪਾਣੀ ਦਿਆਂ ਘੜਿਆਂ ਨੂੰ ਕੌਣ ਢੋਊਗਾ।
ਭਾਬੀ ਸਾਗ ਨੂੰ ਨਾ ਜਾਈਂ
ਤੇਰਾ ਮੁੰਡਾ ਰੋਊਗਾ।

ਸੋਹਣੀ ਮਹੀਂਵਾਲ ਦੇ ਪਿਆਰ ਦੀ ਅਮਰ ਕਹਾਣੀ ਵਿੱਚ ਘੜਾ ਵੀ ਇੱਕ ਪਾਤਰ ਵਜੋਂ ਉੱਭਰਿਆ ਹੈ। ਕੱਚੇ ਘੜੇ ਨੇ ਉਸ ਦੀ ਜੀਵਨ ਕਹਾਣੀ ਹੀ ਪਲਟ ਕੇ ਰੱਖ ਦਿੱਤੀ। ਅੱਲ੍ਹੜ ਉਮਰ ਦੀਆਂ ਲੱਗੀਆਂ ਨਿਭਾਉਣ ਲਈ ਜਦੋਂ ਉਹ ਕੱਚਾ ਪੱਕਾ ਦੇਖੇ ਬਗੈਰ ਹੀ ਝਨਾ ਵਿੱਚ ਠਿੱਲ ਪੈਂਦੀ ਹੈ ਤਾਂ ਘੜਾ ਕੱਚਾ ਹੋਣ ਕਰਕੇ ਖੁਰਨ ਲੱਗ ਪੈਂਦਾ ਹੈ ਤਾਂ ਉਹ ਆਖਦੀ ਹੈ;

ਮੈਨੂੰ ਪਾਰ ਲੰਘਾਦੇ ਵੇ
ਘੜਿਆ ਮਿੰਨਤਾਂ ਤੇਰੀਆਂ ਕਰਦੀ।

ਜੇਕਰ ਸੋਹਣੀ ਦਾ ਸਾਥੀ ਘੜਾ ਨਾ ਬਣਦਾ ਤਾਂ ਸ਼ਾਇਦ ਇਸ ਕਹਾਣੀ ਦਾ ਮੂੰਹ-ਮੱਥਾ ਕਿਸੇ ਹੋਰ ਢੰਗ ਦਾ ਹੁੰਦਾ। ਉਸ ਦੀ ਨਣਦ ਨੇ ਦਗਾ ਕਮਾਇਆ ਤੇ ਪੱਕੇ ਦੀ ਥਾਂ ਕੱਚਾ ਰੱਖ ਦਿੱਤਾ। ਇਸ਼ਕ ਵਿੱਚ ਪਾਗਲ ਹੋਈ ਸੋਹਣੀ ਨੂੰ ਕੁਝ ਵੀ ਦਿਖਾਈ ਨਾ ਦਿੱਤਾ;

ਨਣਦ ਨੇ ਡਾਢਾ ਕਹਿਰ ਕਮਾਇਆ
ਪੱਕਾ ਚੁੱਕ ਕੇ ਕੱਚਾ ਟਿਕਾਇਆ

ਪੰਜਾਬਣਾਂ ਜਦੋਂ ਗਿੱਧੇ ਦੇ ਪਿੜ ਵਿੱਚ ਜਾਂਦੀਆਂ ਹਨ ਤਾਂ ਧਰਤੀ ਦੀ ਹਿੱਕ ਹਿਲਾ ਦਿੰਦੀਆਂ ਹਨ;

ਘੜਾ ਆਰ ਸੋਹਣੀਏ, ਘੜਾ ਪਾਰ ਸੋਹਣੀਏ
ਘੜਾ ਚੁੱਕ ਲੈ ਦੰਦਾਂ ਦੇ ਨਾਲ ਸੋਹਣੀਏ।

ਘੜੇ ਨਾਲ ਸਾਡਾ ਅਧਿਆਤਮਕ ਜੀਵਨ ਵੀ ਜੁੜਿਆ ਹੋਇਆ ਹੈ। ਮਹਾਪੁਰਖਾਂ ਨੇ ਉਸ ਨੂੰ ਦ੍ਰਿਸ਼ਟਾਂਤ ਵਜੋਂ ਵੀ ਵਰਤਿਆ ਹੈ।

(ਬਾਕੀ ਸਫ਼ਾ 31 'ਤੇ)

# ਸ਼ਾਂਤਮਈ ਸੰਘਰਸ਼ ਦੀ ਜਿੱਤ ਦਾ ਇਤਿਹਾਸ -ਮੋਰਚਾ ਗੁਰੂ ਕਾ ਬਾਗ਼



ਜਸਵਿੰਦਰ ਸਿੰਘ ਰੁਪਾਲ
ਵਟਸਐਪ ਨੰਬਰ +91
9814715796



ਜਿੱਥੇ ਗੁਰਮਤਿ ਦੇ ਸਿਧਾਂਤ ਸੇਵਾ, ਸਿਮਰਨ, ਪ੍ਰੇਮ, ਸਾਂਝ ਅਤੇ ਕੁਰਬਾਨੀ , ਅੱਜ ਤੱਕ ਲਾਗੂ ਹੁੰਦੇ ਵੇਖਦੇ ਹਾਂ, ਉੱਥੇ ਦੂਜੇ ਪਾਸੇ ਅਣਖ, ਬਹਾਦਰੀ, ਨਿਰਭੈਤਾ, ਆਪਣੇ ਹੱਕਾਂ ਲਈ ਜ਼ੁਲਮ ਵਿਰੁੱਧ ਅੰਤ ਤੱਕ ਲੜਨਾ ਵੀ ਸਾਨੂੰ ਵਿਰਸੇ ਵਿੱਚ ਹੀ ਮਿਲਿਆ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਤੋਂ ਅਜੋਕੇ ਸਮੇਂ ਤੱਕ ਖ਼ਾਲਸੇ ਦੀ ਰਾਜ ਸ਼ਕਤੀ ਨਾਲ ਟੱਕਰ ਹੁੰਦੀ ਆਈ ਹੈ। ਤੇਗ ਦੀ ਧਾਰ ਵਿਚੋਂ ਜੰਮਿਆ ਖ਼ਾਲਸਾ ਕਬਹੂੰ ਨ ਛਾਡੈ ਖੇਤਿ ਦੀ ਗੁੜਤੀ ਲਈ ਹੋਣ ਕਾਰਨ ਪੁਰਜਾ ਪੁਰਜਾ ਕਟਵਾ ਕੇ ਖਤਮ ਤਾਂ ਭਾਵੇਂ ਹੋ ਜਾਵੇ, ਪਰ ਜਿੱਤ ਤੱਕ ਲੜਦੇ ਰਹਿਣਾ ਕਦੇ ਨਹੀਂ ਭੁੱਲਦਾ। ਅੱਜ ਅਸੀਂ ਸ਼ਾਂਤਮਈ ਸਿੱਖ ਸੰਘਰਸ਼ ਦੀ ਦਾਸਤਾਂ ਬਿਆਨ ਕਰਨ ਵਾਲੇ ਇੱਕ ਅਜਿਹੇ ਹੀ ਸਾਕੇ ਬਾਰੇ ਗੱਲ ਕਰਾਂਗੇ, ਜੋ ਸਿੱਖ ਇਤਿਹਾਸ ਵਿੱਚ ਮੋਰਚਾ ਗੁਰੂ ਕਾ ਬਾਗ਼ ਨਾਂ ਨਾਲ ਜਾਣਿਆ ਜਾਂਦਾ ਹੈ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਸੀ। ਮਹੰਤਾਂ ਦੇ ਕਬਜੇ ਹੇਠ ਆਏ ਹੋਏ ਗੁਰਦੁਆਰੇ ਛੁਡਵਾਏ ਜਾ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆ ਚੁੱਕੀ ਸੀ ਅਤੇ ਗੁਰਦੁਆਰਿਆਂ ਅੰਦਰ ਖੁੱਸੀ ਹੋਈ ਮਰਿਯਾਦਾ ਬਹਾਲ ਕੀਤੀ ਜਾ ਰਹੀ ਸੀ। ਅੰਮ੍ਰਿਤਸਰ ਤੋਂ 13 ਕੁ ਮੀਲ ਦੂਰ ਪਿੰਡ ਘੁਕੇਵਾਲੀ ਵਿੱਚ ਗੁਰਦੁਆਰਾ ਗੁਰੂ ਕਾ ਬਾਗ਼ ਸਥਿਤ ਹੈ ਜਿੱਥੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ। ਗੁਰਦੁਆਰੇ ਕੋਲ ਗੁਰੂ ਤੇਗ ਬਹਾਦਰ ਜੀ ਨੇ ਇੱਕ ਬਾਗ਼ ਲਗਵਾਇਆ ਸੀ, ਜਿਹੜਾ ਗੁਰੂ ਕਾ ਬਾਗ਼ ਕਰਕੇ ਜਾਣਿਆ ਜਾਣ ਲੱਗਾ। ਇਹ ਗੁਰਦੁਆਰਾ ਮਹੰਤ ਸੁੰਦਰ ਦਾਸ ਦੇ ਕਬਜੇ ਵਿੱਚ ਸੀ। ਇਹ ਮਹੰਤ ਵਿਭਚਾਰੀ ਅਤੇ ਅਯਾਸ਼ ਕਿਸਮ ਦਾ ਵਿਅਕਤੀ ਸੀ ਨਨਕਾਣਾ ਸਾਹਿਬ ਦੇ ਮਹੰਤ ਲਛਮਣ ਦਾਸ ਦਾ ਲੰਗੋਟੀਆ ਯਾਰ ਸੀ। ਸੁੰਦਰ ਦਾਸ ਨੇ ਬਿਨਾਂ ਵਿਆਹ ਕਰਵਾਏ ਤੋਂ ਦੋ ਇਸਤਰੀਆਂ ਈਸ਼ਰੋ ਅਤੇ ਜਗਦੇਈ ਰੱਖੀਆਂ ਹੋਈਆਂ ਸਨ। ਜਦੋਂ ਸੁਧਾਰ ਲਹਿਰ ਦਾ ਧਿਆਨ ਇਸ ਪਾਸੇ ਆਇਆ, ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਦਾਨ ਸਿੰਘ ਅਤੇ ਕਰਤਾਰ ਸਿੰਘ ਝੱਬਰ ਦੀ ਨਿਗਰਾਨੀ ਹੇਠ ਇੱਕ ਜੱਥਾ 31 ਜਨਵਰੀ 1921 ਨੂੰ ਇਸ ਮਹੰਤ ਨੂੰ ਸਮਝਾਉਣ ਲਈ ਭੇਜਿਆ ਗਿਆ। ਇਸ ਜੱਥੇ ਦੇ ਦਲੀਲਪੂਰਨ ਗੱਲ ਕਰਨ ਨਾਲ ਇਸ ਨੇ ਆਪਣੀ ਗਲਤੀ ਕਬੂਲ ਕਰ ਲਈ ਅਤੇ ਜੱਥੇ ਨਾਲ ਇਕਰਾਰ ਕੀਤਾ ਕਿ ਉਹ ਗਲਤ ਕੰਮ ਛੱਡ ਦੇਵੇਗਾ ਅਤੇ ਅੰਮ੍ਰਿਤ ਵੀ ਛਕ ਲਵੇਗਾ। ਉਸ ਨੇ ਅਕਾਲ ਤਖਤ ਤੋਂ ਅੰਮ੍ਰਿਤ ਛਕ ਵੀ ਲਿਆ। ਈਸ਼ਰੋ ਨਾਲ ਵਿਆਹ ਵੀ ਕਰਵਾ ਲਿਆ। ਕੁਝ ਦੇਰ ਲਈ ਸੁਧਰਿਆ ਵੀ ਰਿਹਾ । 23 ਅਗਸਤ 1921 ਨੂੰ ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੇ ਆਪ ਸੰਭਾਲ ਲਿਆ ਸੀ।

8 ਅਗਸਤ 1922 ਨੂੰ ਜਦੋਂ ਕੁਝ ਸਿੰਘ ਗੁਰੂ ਕੇ ਲੰਗਰ ਵਾਸਤੇ ਗੁਰੂ ਕੇ ਬਾਗ ਵਿੱਚੋਂ ਸੁੱਕੇ ਕਿੱਕਰ ਨੂੰ ਕੱਟ ਰਹੇ ਸਨ, ਤਾਂ ਮਹੰਤ ਸੁੰਦਰ ਦਾਸ ਨੇ ਪੁਲਿਸ ਕੋਲ ਸ਼ਿਕਾਇਤ ਲਗਾ ਦਿੱਤੀ। ਜਿਸ ’ਤੇ ਕਾਰਵਾਈ ਕਰਦੇ ਹੋਏ ਅਗਲੇ ਦਿਨ ਸਰਕਾਰ ਨੇ 5 ਸੇਵਾਦਾਰਾਂ ਨੂੰ ਚੋਰੀ ਦੇ ਦੋਸ਼ ਹੇਠ ਫੜ ਲਿਆ ਅਤੇ ਮਿਸਟਰ ਜੈਨਕਿਨ ਦੀ ਅਦਾਲਤ ਨੇ 50 ਰੁਪਏ ਜੁਰਮਾਨਾ ਅਤੇ 6 ਮਹੀਨੇ ਦੀ ਕੈਦ ਦੀ ਸਜਾ ਸੁਣਾ ਦਿੱਤੀ। ਇਸ ਗੱਲ ਨੂੰ ਸ਼੍ਰੋਮਣੀ ਕਮੇਟੀ ਸਮੇਤ ਸਮੂਹ ਸਿੱਖਾਂ ਨੇ ਹੱਕਾਂ ’ਤੇ ਡਾਕਾ ਸਮਝਿਆ। ਕਿਉਂਕਿ ਗੁਰੂ ਕਾ ਬਾਗ਼ ਗੁਰਦੁਆਰੇ ਦੀ ਮਲਕੀਅਤ ਸੀ ਅਤੇ ਆਪਣੀ ਹੀ ਜ਼ਮੀਨ ਵਿਚੋਂ ਗੁਰੂ ਕੇ ਲੰਗਰ ਲਈ ਸੁੱਕੀ ਕਿੱਕਰ ਕੱਟਣੀ ਕਿਵੇਂ ਗੁਨਾਹ ਬਣ ਗਿਆ ? ਇਸ ਲਈ ਪੰਥ ਨੇ ਸੰਘਰਸ਼ ਸ਼ੁਰੂ ਕਰ ਦਿੱਤਾ।

ਹਰ ਰੋਜ ਪੰਜ ਸਿੰਘਾਂ ਦਾ ਜੱਥਾ ਅਕਾਲ ਤਖਤ ਤੋਂ ਅਰਦਾਸ ਕਰਕੇ ਗੁਰੂ ਕੇ ਬਾਗ਼ ਲਈ ਚਾਲੇ ਪਾ ਦਿੰਦਾ। ਪੁਲਿਸ ਰਸਤੇ ਵਿੱਚ ਹੀ ਕੁੱਟਣਾ ਸ਼ੁਰੂ ਕਰ ਦਿੰਦੀ। ਲਾਠੀਆਂ ਨਾਲ, ਬੂਟਾਂ ਨਾਲ ਕੁੱਟਦੀ। ਕੇਸਾਂ ਤੋਂ ਫੜ ਕੇ ਧੂੰਹਦੀ ਅਤੇ ਹੋਰ ਕਿਸੇ ਥਾਂ ’ਤੇ ਲੈ ਜਾਂਦੀ। ਜਿਉ ਜਿਉ ਪੁਲਿਸ ਦੇ ਅੱਤਿਆਚਾਰ ਵਧਣ ਲੱਗੇ, ਤਿਉ ਤਿਉ ਮੋਰਚੇ ਵਿੱਚ ਜੋਸ਼ ਵੀ ਵਧਦਾ ਗਿਆ। ਗ੍ਰਿਫਤਾਰੀ ਦੇਣ ਵਾਲੇ ਜੱਥੇ ਦੀ ਗਿਣਤੀ ਵੱਧਦੀ ਵੱਧਦੀ ਪਹਿਲਾਂ 100 ਅਤੇ ਫਿਰ 200 ਤੱਕ ਪੁੱਜ ਗਈ। ਪੁਲਿਸ ਮੁਖੀ ਬੀ. ਟੀ . ਨੇ ਹੋਰ ਸਖਤੀ ਵਧਾ ਦਿੱਤੀ, ਜਿਵੇਂ ਕਿ ਆਮ ਹੀ ਹਰ ਸਰਕਾਰ ਹਰ ਵਿਰੋਧ ਨੂੰ ਸਖਤੀ ਨਾਲ ਕੁਚਲਣ ਦੀ ਸ਼ੌਕੀਨ ਹੁੰਦੀ ਹੈ। 26 ਅਗਸਤ ਨੂੰ ਲੱਕੜ ਲੈਣ ਗਏ 36 ਸਿੰਘਾਂ ਦੇ ਜੱਥੇ ਦੀ ਬੇਤਹਾਸ਼ਾ ਮਾਰ ਕੁੱਟ ਕੀਤੀ ਗਈ। ਕੇਸਾਂ ਤੋਂ ਫੜ ਫੜ ਕੇ ਖਿੱਚਿਆ ਗਿਆ। ਇਸ ਸਾਰੇ ਸੰਘਰਸ਼ ਦੀ ਇੱਕ ਖਾਸ ਗੱਲ ਇਹ ਸੀ ਕਿ ਸਿੰਘ ਪੂਰੀ ਤਰਾਂ ਸ਼ਾਂਤ ਸਨ। ਉਹ ਅਕਾਲ ਤਖਤ ਤੋਂ ਅਰਦਾਸ ਕਰਕੇ ਚੱਲਦੇ। ਬਾਕਾਇਦਾ ਸਿਰੋਪੇ ਦੇ ਕੇ ਸਨਮਾਨ ਕੀਤਾ ਜਾਂਦਾ। ਅਤੇ ਉਹ ਹਰ ਜ਼ੁਲਮ ਸਹਿੰਦੇ ਹੋਏ, ਆਪਣੀ ਸ਼ਾਂਤੀ ਬਿਲਕੁਲ ਨਾ ਗਵਾਉਂਦੇ। ਨਾ ਵਿਰੋਧ ਵਿੱਚ ਬੋਲਦੇ, ਤੇ ਨਾ ਕਿਸੇ ਤਰਾਂ ਦੀ ਜਵਾਬੀ ਕਾਰਵਾਈ। ਡੀ .ਸੀ. ਡੰਨਿਟ ਅਤੇ ਪੁਲਿਸ ਕਪਤਾਨ ਮੈਕਫਰਸਨ ਹੋਰ ਸਖਤੀ ਕਰਕੇ ਮੋਰਚੇ ਨੂੰ ਦਬਾਉਣਾ ਚਾਹੁੰਦੇ ਸਨ, ਪਰ ਸਿੰਘਾਂ ਨੂੰ ਮੀਰ ਮੰਨੂੰ ਦੇ ਕੀਤੇ ਜ਼ੁਲਮ ਅਤੇ ਸਿੱਖਾਂ ਦੀ ਚੜ੍ਹਦੀ ਕਲਾ ਯਾਦ ਸੀ। ਮੀਰ ਮੰਨੂ ਸਮੇਂ ਸਿੱਖ ਇਹ ਗਾਇਆ ਕਰਦੇ ਸਨ।

ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ ॥
ਜਿਉ ਜਿਉ ਮੰਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ॥

ਅੱਜ ਵੀ ਹਾਲਤ ਉਸੇ ਤਰਾਂ ਦੇ ਬਣ ਰਹੇ ਸਨ, ਸਰਕਾਰੀ ਤਸੱਦਦ ਸਿੰਘਾਂ ਨੂੰ ਹੋਰ ਚੜ੍ਹਦੀ ਕਲਾ ਦੇ ਰਿਹਾ ਸੀ । ਉਹ ਹੋਰ ਵਧੇਰੇ ਜੋਸ਼ ਨਾਲ ਜ਼ੁਲਮ ਦਾ ਮੁਕਾਬਲਾ ਸਬਰ ਅਤੇ ਸ਼ਾਂਤੀ ਨਾਲ ਕਰਨ ਲਈ ਮਜਬੂਤ ਹੋ ਰਹੇ ਸਨ। ਕਿਸੇ ਕਵੀ ਨੇ ਸਿੰਘਾਂ ਦੀ ਮਨੋਦਸ਼ਾ ਬਾਰੇ ਲਿਖਿਆ ਹੈ –

ਸਾਡੇ ਪਾਸ ਸ਼ਾਂਤਮਈ ਖੰਡਾ, ਤੇਰੇ ਕੋਲ ਜ਼ੁਲਮ ਦਾ ਡੰਡਾ ।
ਖੰਡੇ ਖੰਡ ਖੰਡ ਕਰ ਦੇਣਾ, ਤੇਰਾ ਪਾਪੀ ਦਾ ਸਿਰ ਫੇਹਣਾ ।

ਇਹ ਖੰਡਾ ਅੰਤ ਤੱਕ ਸ਼ਾਂਤਮਈ ਹੀ ਰਿਹਾ। ਇਸੇ ਲਈ ਇਹ ਬਹੁ ਗਿਣਤੀ ਦੀ ਹਮਦਰਦੀ ਵੀ ਹਾਸਲ ਕਰਨ ਵਿੱਚ ਕਾਮਯਾਬ ਰਿਹਾ। ਪ੍ਰਸਿੱਧ ਕਵੀ ਮੇਲਾ ਰਾਮ ਵਫਾ ਨੇ ਇਹਨਾਂ ਸਿੰਘਾਂ ਬਾਬਤ ਸੱਚ ਹੀ ਲਿਖਿਆ ਹੈ --

ਤੇਰੀ ਕੁਰਬਾਨੀਓ ਕੀ ਧੂਮ ਹੈ ਆਜ ਇਸ ਜਮਾਨੇ ਮੇਂ,
ਬਹਾਦਰ ਹੈ ਅਗਰ ਕੋਈ ਤੋ ਵੋਹ ਇਕ ਤੂ ਅਕਾਲੀ ਹੈ ।
ਜਾਲਮੋ ਕੀ ਲਾਠੀਓਂ ਤੂ ਨੇ ਸਹੀ ਸੀਨਾ-ਏ-ਸਪਰ ਹੋ ਕਰ,
ਲੁਤਫ਼ ਇਸ ਪੇ ਕਿ ਲਬ ਪਹਿ ਸ਼ਿਕਾਇਤ ਹੈ ਨਾ ਗਾਲੀ ਹੈ।

ਮੋਰਚੇ ਦੀ ਲਗਾਤਾਰਤਾ ਨੇ ਬਹੁਤ ਜਨਤਾ ਦਾ ਧਿਆਨ ਖਿੱਚਿਆ। ਖ਼ਬਰਾਂ ਅਖਬਾਰਾਂ ਵਿੱਚ ਛਪਦੀਆਂ। ਸਰਕਾਰ ਦੀ ਨਿੰਦਾ ਹੁੰਦੀ। ਸਰਕਾਰ ਹੋਰ ਜ਼ੁਲਮ ਵਧਾਉਂਦੀ ਪਰ ਸਿੰਘ ਟੁੱਟਦੇ ਨਾ। ਇਸ ਸਮੇਂ ਕਾਫੀ ਪ੍ਰਸਿੱਧ ਸ਼ਖਸ਼ੀਅਤਾਂ ਗੁਰੂ ਕੇ ਬਾਗ਼ ਪੁੱਜੀਆਂ । ਇਹਨਾਂ ਵਿੱਚ ਅੰਗਰੇਜ ਪਾਦਰੀ ਸੀ.ਐਫ.ਐਂਡਰਿਊਜ, ਪੰਡਿਤ ਮਦਨ ਮੋਹਨ ਮਾਲਵੀਆ, ਰੁਚੀ ਰਾਮ ਸਾਹਨੀ, ਹਲੀਨ ਅਜਮਲ ਖਾਂ ਅਤੇ ਸ੍ਰੀਮਤੀ ਸਰੋਜਨੀ ਨਾਇਡੂ ਵੀ ਸਨ। ਪਾਦਰੀ ਸੀ.ਐਫ.ਐਂਡਰਿਊਜ਼ ਤਾਂ ਜ਼ੁਲਮ ਹੁੰਦੇ ਦੇਖ ਕੇ ਰੋ ਹੀ ਉੱਠਿਆ। ਉਸਨੇ ਤਾਂ ਇੱਕ ਈਸਾ ਨੂੰ ਸੂਲੀ ਚੜ੍ਹਦੇ ਸੁਣਿਆ ਸੀ ,ਪਰ ਇੱਥੇ ਕਿੰਨੇ ਹੀ ਈਸਾ ਉਸਦੀਆਂ ਅੱਖਾਂ ਸਾਹਮਣੇ ਜ਼ੁਲਮ ਸਹਿ ਰਹੇ ਸਨ। ਉਹ ਪੰਜਾਬ ਦੇ ਉਸ ਸਮੇਂ ਦੇ ਗਵਰਨਰ ਸਰ ਮੈਕਲੇਗਨ ਨੂੰ ਮਿਲਿਆ ਅਤੇ ਇਸ ਸਭ ਕੁਝ ਨੂੰ ਬੰਦ ਕਰਨ ਲਈ ਕਿਹਾ। ਇਸ ਦੇ ਸਿੱਟੇ ਵਜੋਂ ਸਰ ਮੈਕਲੇਗਨ 13 ਸਤੰਬਰ 1922 ਨੂੰ ਆਪ ਗੁਰੂ ਕੇ ਬਾਗ਼ ਵਿਖੇ ਪੁੱਜਿਆ। ਉਸ ਦੀਆਂ ਦਿੱਤੀਆਂ ਹਦਾਇਤਾਂ ਨਾਲ ਕੁੱਟ ਮਾਰ ਤਾਂ ਬੰਦ ਹੋ ਗਈ ਪਰ ਗ੍ਰਿਫਤਾਰੀਆਂ ਜਾਰੀ ਰਹੀਆਂ।


ਹੁਣ ਮੋਰਚੇ ਵਿੱਚ ਸੇਵਾ ਮੁਕਤ ਫੌਜੀ ਵੀ ਸ਼ਾਮਲ ਹੋ ਗਏ ਸਨ। ਸਰਕਾਰ ਦੀ ਨਿੰਦਾ ਪਹਿਲਾਂ ਹੀ ਬਹੁਤ ਹੋ ਰਹੀ ਸੀ।

ਉਧਰੋਂ ਉਸ ਨੂੰ ਇਹ ਡਰ ਪੈ ਗਿਆ ਕਿ ਕਿਧਰੇ ਸਿੱਖ ਰੈਜਮੈਂਟ ਫੌਜ ਵਿੱਚ ਹੀ ਬਗਾਵਤ ਨਾ ਕਰ ਦੇਵੇ। ਉਸ ਨੇ ਸਰ ਗੰਗਾ ਰਾਮ ਜੋ ਇੱਕ ਸੇਵਾ ਮੁਕਤ ਇੰਜੀਨੀਅਰ ਸੀ, ਉਸ ਨੂੰ ਮਨਾਇਆ ਅਤੇ ਉਸਨੇ ਬਾਗ਼ ਦੀ ਜਮੀਨ ਪਟੇ ’ਤੇ ਲੈ ਲਈ। ਸਿੱਖਾਂ ਨੂੰ ਲੱਕੜਾਂ ਕੱਟਣ ਦੀ ਮਨਜ਼ੂਰੀ ਮਿਲ ਗਈ।

ਓਧਰ ਸਰਕਾਰ ਨੇ ਬਾਗ਼ ਤੋਂ ਪੁਲਿਸ ਵਾਪਸ ਬੁਲਾ ਲਈ । ਬੰਦੀ ਸਿੱਖ ਰਿਹਾ ਕਰ ਦਿੱਤੇ । ਇਸ ਤਰਾਂ 7 ਨਵੰਬਰ 1922 ਨੂੰ ਤਿੰਨ ਮਹੀਨੇ ਬਾਅਦ ਇਹ ਮੋਰਚਾ ਸਮਾਪਤ ਹੋਇਆ। ਗੁਰੂ ਕੇ ਬਾਗ਼ ਦੀ ਜ਼ਮੀਨ ਉੱਪਰ ਸਿੱਖਾਂ ਦਾ ਕਬਜ਼ਾ ਹੋ ਗਿਆ ਅਤੇ ਇਹ ਮੋਰਚਾ ਜਿੱਤ ਦੇ ਰੂਪ ਵਿੱਚ ਸਮਾਪਤ ਹੋਇਆ। ਪਰ ਇਸ ਅਰਸੇ ਦੌਰਾਨ 1500 ਸਿੰਘ ਜ਼ਖਮੀ ਹੋਏ ਅਤੇ 5605 ਗ੍ਰਿਫਤਾਰੀਆਂ ਹੋਈਆਂ ਸਨ। ਜਬਰ ਦਾ ਟਾਕਰਾ ਸਬਰ ਨਾਲ ਕਰਕੇ

ਅਤੇ ਪੂਰੇ ਸ਼ਾਂਤ ਰਹਿ ਕੇ ਜਿੱਤ ਆਪਣੇ ਹਿੱਸੇ ਵਿੱਚ ਲਿਖਾ ਕੇ ਇੱਕ ਵਾਰੀ ਫੇਰ ਖ਼ਾਲਸੇ ਨੇ ਇਤਿਹਾਸ ਸਿਰਜ ਦਿੱਤਾ ਸੀ। ਅਜਿਹਾ ਇਤਿਹਾਸ ਸਦੀਆਂ ਤੀਕ ਸਿੱਖਾਂ ਨੂੰ ਮਾਣ ਦਿਵਾਉਂਦਾ ਰਹੇਗਾ ਅਤੇ ਆਪਣੀਆਂ ਸਿੱਖੀ ਰਵਾਇਤਾਂ ਕਾਇਮ ਰੱਖਣ ਲਈ ਪ੍ਰੇਰਨਾ ਸਰੋਤ ਬਣਿਆ ਰਹੇਗਾ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377


# ਭਗਤ ਪੂਰਨ ਸਿੰਘ

ਜਿਸ ਮਨੁੱਖ ਦੇ ਮੱਥੇ ਉੱਤੇ ਪ੍ਰਭੂ ਦੀ ਬਖਸ਼ਿਸ਼ ਦੇ ਲੇਖ ਹੋਵੇ, ਉਹ ਪ੍ਰਭੂ ਦੀ ਸੇਵਾ ਭਗਤੀ ਵਿੱਚ ਲੱਗਦਾ ਹੈ। ਜਾਂ ਹੇ ਭਾਈ ! ਪ੍ਰਭੂ ਦਾ ਜਿਹੜਾ ਸੇਵਕ ਪ੍ਰਭੂ ਦੀ ਸੇਵਾ ਵਿੱਚ ਲੱਗਦਾ ਹੈ, ਉਹ ਹਰ ਥਾਂ ਪ੍ਰਭੂ ਦਾ ਹੀ ਪਸਾਰਾ ਵੇਖਦਾ ਹੈ।

ਭਗਤ ਪੂਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਵਾਲੇ ਵੀ ਉਹਨਾਂ ਗੁਰਮੁਖ ਵਿਚੋਂ ਹੀ ਹੋਏ ਹਨ। ਉਹਨਾਂ ਨੇ ਆਪਣਾ ਸਾਰਾ ਜੀਵਨ ਪਿੰਗਲੇ, ਅਨਾਥਾਂ , ਬੇਸਹਾਰਾ ਦੀ ਨਿਰ ਸੁਆਰਥ ਸੇਵਾ ਵਿੱਚ ਲਗਾਇਆ। ਉਹਨਾਂ ਦੀਆਂ ਸੇਵਾਵਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਹੋਈ ਹੈ। ਦੇਸ਼ ਵਿਦੇਸ਼ ਤੋਂ ਵੀ ਪਿੰਗਲਵਾੜਾ ਅੰਮ੍ਰਿਤਸਰ ਦੀ ਸੇਵਾ ਵਿੱਚ ਯੋਗਦਾਨ ਪਾਇਆ ਜਾਂਦਾ ਹੈ।

ਭਗਤ ਜੀ ਦਾ ਜਨਮ 4 ਜੂਨ 1904 ਵਿੱਚ ਰਾਜੇਵਾਲ (ਰਾਹੋਂ) ਜ਼ਿਲ੍ਹਾ ਲੁਧਿਆਣਾ ਵਿੱਚ ਮਾਤਾ ਮਹਿਤਾਬ ਕੌਰ ਅਤੇ ਪਿਤਾ ਛਿੱਬੂ ਮਲ ਦੇ ਘਰ ਹੋਇਆ। ਉਹਨਾਂ ਨੂੰ ਰਾਮ ਜੀ ਦਾਸ ਨਾਮ ਦਿੱਤਾ ਗਿਆ ਸੀ। ਪਿਤਾ ਜੀ ਸ਼ਾਹੂਕਾਰ ਸਨ। ਭਗਤ ਜੀ ਦੇ ਮਨ ਵਿੱਚ ਆਪਣੀ ਮਾਤਾ ਜੀ ਦੀ ਸ਼ਖਸੀਅਤ ਦਾ ਬੜਾ ਪ੍ਰਭਾਵ ਸੀ। ਜਿਸ ਨਾਹਲ ਆਪ ਜੀ ਦੇ ਮਨ ਵਿੱਚ ਦਯਾ ਸੇਵਾ ਭਾਵਨਾ ਉਤਪੰਨ ਹੋਈ। ਪਿਤਾ ਜੀ ਦਾ ਕਾਰੋਬਾਰ ਖਤਮ ਹੋ ਗਿਆ। ਫਿਰ ਪਿਤਾ ਜੀ ਦੀ ਮੌਤ ਤੋਂ ਬਾਅਦ ਘਰ ਵਿੱਚ ਘੋਰ ਗਰੀਬੀ ਛਾ ਗਈ। ਆਪ ਜੀ ਦੀ ਮਾਤਾ ਜੀ ਨੇ ਘਰੇਲੂ ਨੌਕਰ ਵਜੋਂ ਕੰਮ ਕਰਕੇ ਭਗਤ ਜੀ ਦੀ ਪੜ੍ਹਾਈ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ। ਭਗਤ ਜੀ ਨੂੰ ਹੋਸਟਲ ਭੇਜਿਆ ਤੇ ਖਰਚਾ ਵੀ ਭੇਜਿਆ ਜਾਂਦਾ। ਭਗਤ ਜੀ ਦਸਵੀਂ ਜਮਾਤ ਵਿਚੋਂ ਫੇਲ੍ਹ ਹੋ ਗਏ। ਉਹਨਾਂ ਨੂੰ ਲਾਹੌਰ ਵਾਪਿਸ ਲਿਆਂਦਾ ਗਿਆ, ਇਕ ਸਥਾਨਕ ਸਕੂਲ ਵਿੱਚ ਵੀ ਦਾਖਲ ਕਰਵਾਇਆ ਗਿਆ। ਭਗਤ ਜੀ ਦੀ ਦੁਨਿਆਵੀਂ ਵਿਦਿਆ ਵਿੱਚ ਰੁਚੀ ਨਹੀਂ ਸੀ। ਪਰ ਉਹ ਸਾਹਿਤ ਰਸੀਏ ਸਨ। ਉਹ ਦਿਆਲ ਸਿੰਘ ਲਾਇਬ੍ਰੇਰੀ ਵਿੱਚ ਗਿਆਨ ਪ੍ਰਾਪਤੀ ਲਈ ਘੰਟਿਆਂ ਬੱਧੀ ਕਿਤਾਬਾਂ ਪੜ੍ਹਦੇ ਰਹਿੰਦੇ ਸਨ। ਭਗਤ ਜੀ ਜਵਾਨ ਹੋਏ ਤਾਂ ਸਿੱਖ ਧਰਮ ਤੋਂ ਪ੍ਰਭਾਵਿਤ ਹੋ ਗਏ ਤਾਂ ਸਿੱਖ ਬਣ ਗਏ ਅਤੇ ਨਾਉਂ ਹੋ ਗਿਆ ਭਗਤ ਪੂਰਨ ਸਿੰਘ, ਉਹ ਲਾਹੌਰ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਜਾਂਦੇ ਸਨ। ਗੁਰਦੁਆਰਾ ਸਾਹਿਬ ਵਿੱਚ ਸੇਵਾ ਕਰਦੇ ਸਨ, ਜਿਵੇਂ ਯਾਤਰੂਆਂ ਲਈ ਸਾਫ਼ ਪਾਣੀ ਦਾ ਪ੍ਰਬੰਧ ਕਰਨਾ, ਦੁੱਧ ਦੇਣ ਵਾਲੇ ਪਸ਼ੂਆਂ ਦੀ ਸੰਭਾਲ ਕਰਦੇ, ਲੰਗਰਾਂ ਵਿੱਚ ਭਾਂਡੇ ਮਾਂਜਦੇ, ਪ੍ਰਸਾਦਾ ਬਣਾਉਂਦੇ, ਲੰਗਰ ਵਰਤਾਉਂਦੇ, ਗੁਰਦੁਆਰਾ ਸਾਹਿਬ ਦਾ ਫਰਸ਼ ਸਾਫ ਕਰਦੇ। ਉਹ ਲਾਹੌਰ ਦੀਆਂ ਗਲੀਆਂ ਦੀ ਵੀ ਸਫਾਈ ਕਰ ਜਾਂਦੇ। ਉਹ ਲਾਵਾਰਸ ਮੁਰਦਿਆਂ ਦਾ ਸਸਕਾਰ ਕਰਦੇ। ਉਹ ਬੇਸਹਾਰਾ ਦੀ ਦੇਖ ਭਾਲ ਕਰਦੇ , ਬਿਮਾਰਾਂ ਨੂੰ ਹਸਪਤਾਲ ਪਹੁੰਚਾਉਣ ਦੀ ਸੇਵਾ ਕਰਦੇ।


Bhagat Puran Singh 1902 - 1992

ਮਨੁੱਖਤਾ ਦੀ ਸੇਵਾ ਕਰਨਾ ਉਹਨਾਂ ਦੇ ਜੀਵਨ ਦਾ ਮਨੋਰਥ ਬਣ ਗਿਆ ਸੀ। ਉਹਨਾਂ ਦੀ ਸਿੱਖ ਗੁਰੂਆਂ ਦੇ ਉਪਦੇਸ਼ ਵਿੱਚ ਬੜੀ ਸ਼ਰਧਾ ਸੀ। ਉਹ ਇੱਧਰ ਉਧਰ ਘੁੰਮ ਕੇ ਵੇਖਦੇ ਕਿ ਜ਼ਖਮੀਆਂ, ਸਰੀਰਕ ਤੌਰ ਤੇ ਅਪਾਹਜ ਲੋਕਾਂ ਨੂੰ ਲੱਭਦੇ ਅਤੇ ਹਸਪਤਾਲ ਛੱਡ ਆਉਂਦੇ । ਸੰਨ 1924 ਦੀ ਇੱਕ ਰਾਤ ਕੋਈ ਚਾਰ ਕੁ ਸਾਲ ਦਾ ਬੱਚਾ (ਕੌੜ ਨਾਲ ਗ੍ਰਸਤ ਲੜਕੇ ) ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਵਾਜੇ 'ਤੇ ਛੱਡ ਗਿਆ। ਗੁਰਦੁਆਰਾ ਦੇ ਤਤਕਾਲੀ ਮੁੱਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਜੀ ਨੇ ਬੱਚੇ ਨੂੰ ਭਗਤ ਜੀ ਦ ਹਵਾਲੇ ਕਰ ਦਿੱਤਾ। ਭਗਤ ਜੀ ਨੇ ਉਸਦਾ ਨਾਮ ਪਿਆਰਾ ਸਿੰਘ ਰਖਿਆ। ਖੁਦ ਉਸਦਾ ਪਾਲਣ ਪੋਸਣ ਕਰਨ ਦਾ ਫੈਸਲਾ ਕੀਤਾ। ਇਥੋਂ ਹੀ ਪਿੰਗਲਵਾੜਾ ਸਥਾਪਤ ਕਰਨ ਦਾ ਸੰਕਲਪ ਬਣਿਆ।

1947 ਵਿੱਚ ਦੇਸ਼ ਦੀ ਵੰਡ ਦਾ ਕਹਿਰ ਟੁੱਟਿਆ ਤਾਂ ਭਗਤ ਜੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਪਹੁੰਚੇ। ਜਿਸ ਵਿੱਚ 25 ਹਜ਼ਾਰ ਤੋਂ ਵੱਧ ਸ਼ਰਨਾਰਥੀ ਸਨ। ਜੋ ਗੰਭੀਰ ਰੂਪ ਵਿੱਚ ਜ਼ਖਮੀ ਸਨ ਤੇ ਆਪਾ ਸੰਭਾਲਣ ਦੇ ਯੋਗ ਨਹੀਂ ਸਨ। ਸਰਕਾਰ ਦੀ ਮਦਦ ਸਮਰੱਥਾ ਤੋਂ ਵੀ ਵਾਂਝੇ ਸਨ। ਭਗਤ ਜੀ ਨੇ ਆਪ ਅੱਗੇ ਹੋ ਕੇ ਜ਼ਖ਼ਮੀਆਂ ਦਾ ਇਲਾਜ ਕਰਨਾ ਸ਼ੁਰੂ ਕਰ ਦਿੱਤਾ।


1958 ਤਕ ਭਗਤ ਜੀ ਕੋਲ ਸੇਵਾ ਕਰਨ ਦਾ ਪੱਕਾ ਟਿਕਾਣਾ ਨਹੀਂ ਸੀ। ਉਹ ਚੀਫ਼ ਖਾਲਸਾ ਦੀਵਾਨ ਦੇ ਬਾਹਰ, ਡਾਕਘਰਾਂ,ਰੇਲਵੇ ਸਟੇਸ਼ਨਾਂ ਅਤੇ ਸਿਵਲ ਸਰਜਨ ਦੇ ਦਫ਼ਤਰਾਂ ਦੇ ਬਾਹਰ ਦਰਖ਼ਤ ਹੇਠ ਸੇਵਾਵਾਂ ਜਾਰੀ ਰੱਖਦੇ ਸਨ। ਅੰਤ 1958 ਵਿੱਚ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦੀ ਸਥਾਪਨਾ ਕੀਤੀ। ਜਿਸ ਦਾ ਸਾਲਾਨਾ ਬਜਟ ਉਸ ਸਮੇਂ ਕਰੀਬ 12.5 ਮਿਲੀ ਅਨ ਸੀ। ਇਹ ਸੰਸਥਾ ਤਹਿਸੀਲ ਪੁਰ ਜੀ. ਟੀ. ਰੋਡ ਅੰਮ੍ਰਿਤਸਰ ਹੈ। ਸੰਸਥਾ ਦੇ ਹੋਰ ਕੇਂਦਰ ਜਿਵੇਂ ਅੰਮ੍ਰਿਤਸਰ, ਜਲੰਧਰ, ਸੰਗਰੂਰ, ਮਾਨਾਵਾਲਾ, ਪਲਸੋਰਾ ਅਤੇ ਗੋਇੰਦਵਾਲ ਜਿਨ੍ਹਾਂ ਵਿੱਚ 1200 ਦੇ ਕਰੀਬ ਲਾਵਾਰਸ ਮਰੀਜ਼ ਦਾਖਲ ਹਨ। ਉਹਨਾਂ ਦੀ ਸੇਵਾ ਸੰਭਾਲ ਲਈ ਲੋੜੀਂਦੇ ਕਰਮਚਾਰੀ ਹਮੇਸ਼ਾ ਤਾਇਨਾਤ ਰਹਿੰਦੇ ਹਨ। ਪਿੰਗਲਵਾੜਾ ਦੀਆਂ ਮੁੱਢਲੀ ਡਾਕਟਰੀ ਸਹਾਇਤਾ ਦੇ ਵਾਹਨ ਜੀ ਟੀ ਰੋਡ ਤੇ ਹੁੰਦੇ ਹਾਦਸਿਆਂ ਦੇ ਪੀੜਤਾਂ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਪਿੰਗਲਵਾੜਾ ਦਾ ਇਕ ਬਨਾਵਟੀ ਅੰਗ ਕੇਂਦਰ ਹੈ ਜਿਥੇ ਅੰਗਹੀਣਾਂ ਨੂੰ ਮੁਫ਼ਤ ਬਨਾਵਟੀ ਅੰਗ ਲਗਾਏ ਜਾਂਦੇ ਹਨ। ਬੱਚਿਆਂ ਦੀ ਵਿਦਿਆ ਲਈ ਵਿਦਿਅਕ ਅਦਾਰੇ ਹਨ। ਪਿੰਗਲਵਾੜਾ ਵਿੱਚ ਮਰਨ ਵਾਲਿਆਂ ਦੀ ਲਾਵਾਰਸ ਲਾਸ਼ਾਂ ਨੂੰ ਸਰੀਰ ਵਿਗਿਆਨ ਪੜ੍ਹਾਉਣ ਲਈ ਸਥਾਨਕ ਮੈਡੀਕਲ ਕਾਲਜ ਭੇਜਿਆ ਜਾਂਦਾ ਹੈ।

ਭਗਤ ਪੂਰਨ ਸਿੰਘ ਜੀ ਦੇ ਸੰਪੂਰਨ ਜੀਵਨ ਦੇ ਹੋਰ ਮਹੱਤਵਪੂਰਨ ਪਹਿਲੂਆਂ ਵਿੱਚ ਹੈ ਕਿ ਬਚਪਨ ਵਿੱਚ ਉਹਨਾਂ ਦਾ ਪਰਿਵਾਰ ਗੁਜ਼ਾਰੇ ਲਈ ਪਿੰਡ ਪਿੰਡ ਘੁੰਮਦਾ ਸੀ। ਉਹ ਪਰਵਾਰ ਇਸ ਸਮੇਂ ਵਿੱਚ ਹਿੰਦੂ ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਵੀ ਠਹਿਰਦਾ ਰਿਹਾ। ਸਿੱਖ ਗੁਰੂਆਂ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣਨ ਦੀ ਚੋਣ ਕੀਤੀ ਅਤੇ ਨਾਮ ਹੋ ਗਿਆ ਪੂਰਨ ਸਿੰਘ। ਭਗਤ ਜੀ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦੇ ਗਿਆਤਾ ਸਨ। ਉਹ ਇਕ ਸ ਸਾਹਿਤਕ ਚਿੰਤਕ ਸਨ। ਆਪਜੀ ਨੇ ਵਾਤਾਵਰਣ , ਪ੍ਰਦੂਸ਼ਨ, ਗਰੀਬੀ , ਬੇਰੁਜ਼ਗਾਰੀ, ਭੁੱਖ ਮਰੀ , ਅਨਪੜ੍ਹਤਾ ਜਿਹੇ ਮੁੱਦਿਆਂ ਨੂੰ ਛੋਹਿਆ ਹੈ। ਉਹਨਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ ਮਨੁੱਖ ਦੀ ਸਿਖਿਆ, ਸਿਰਫ਼ ਧਾਰਮਿਕਤਾ ਹੀ ਕੌਮ ਨੂੰ ਉੱਚਾ ਕਰਦੀ ਹੈ, ਪੌਦਾ ਜਾਂ ਨਾਸ਼, ਰਾਹ, ਵੱਧਦੀ ਆਬਾਦੀ ਅਤੇ ਹੋਰ ਬਹੁਤ ਸਾਰੇ ਲੇਖ ਹਨ। ਆਪ ਰੱਦੀ ਕਾਗ਼ਜ਼ਾਂ ਦੇ ਇੱਕ ਪਾਸੇ ਲਿਖਦੇ ਅਤੇ ਪ੍ਰਚਾਰਦੇ ਸਨ ਕਿ ਕਾਗ਼ਜ਼ ਦੀ ਘੱਟ ਵਰਤੋ ਕਰੋ ਨਹੀਂ ਤਾਂ ਜਿਆਦਾ ਰੁੱਖ ਕੱਟੇ ਜਾਣਗੇ। ਆਪ ਇੱਕ ਲੇਖਕ, ਪ੍ਰਕਾਸ਼ਕ, ਵਾਤਾਵਰਣ ਪ੍ਰੇਮੀ ਅਤੇ ਪਰਉਪਕਾਰ ਹੋ ਨਿਬੜੇ ਸਨ।

ਆਪ ਇਕ ਪ੍ਰਮੁੱਖ ਵਾਤਾਵਰਣ ਪ੍ਰੇਮੀ ਅਤੇ ਦਾਰਸ਼ਨਿਕ ਸਨ। ਉਹਨਾਂ ਨੇ ਰੁੱਖ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਵਾਤਾਵਰਣ ਦੇ ਵਿਸ਼ਿਆਂ ਤੇ ਭਾਸ਼ਣ ਕੀਤੇ ਅਤੇ ਸੈਮੀਨਾਰਾਂ ਦਾ ਆਯੋਜਨ ਕੀਤਾ। ਵਾਤਾਵਰਣ ਤੇ ਲਿਖਿਆ ਵੀ ।ਉਹਨਾਂ ਕਈ ਤ੍ਰਿਵੇਣੀ ਦੇ ਰੁੱਖ ਲਗਾਏ ਸਨ।

ਭਗਤ ਪੂਰਨ ਸਿੰਘ ਜੀ ਨੂੰ 1991 ਵਿੱਚ ਨੋਬਲ ਸ਼ਾਂਤੀ ਪੁਰਸਕਾਰ ਮਿਲਿਆ, ਜੋ ਉਹਨਾਂ ਸਾਕਾ ਨੀਲਾ ਤਾਰਾ 1984 ਦੀ ਦੁਖਦਾਈ ਘਟਨਾ ਦੇ ਰੋਸ ਵਿੱਚ ਵਾਪਿਸ ਕਰ ਦਿੱਤਾ। ਭਗਤ ਜੀ ਇਕ ਸੰਸਥਾ ਸਨ, ਉਹ ਇਕ ਸੇਵਾ ਸਮਰਪਿਤ ਸਿੱਖ ਸਨ। ਉਹ ਪੁਰਾਤਨ ਪਰੰਪਰਾ ਦੇ ਮਿਸਾਲੀ ਸਿੱਖ ਸਨ। ਉਹਨਾਂ ਨੇ ਵਿਸ਼ਵ ਪੱਧਰ ਤੇ ਆਪਣੇ ਮਾਨਵਵਾਦੀ ਸੇਵਾਵਾਂ ਲਈ ਸਨਮਾਨ ਪ੍ਰਾਪਤ ਕੀਤਾ ਹੈ।

ਆਪ 5 ਅਗਸਤ 1992 ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਉਹ ਗੁਰਮਤਿ ਆਸ਼ੇ ਅਨੁਸਾਰ ਨਿਰਸੁਆਰਥ ਸੇਵਾ ਲਈ ਹਮੇਸ਼ਾ ਯਾਦ ਰਹਿਣਗੇ। ਉਹਨਾਂ ਦੀ ਵਿਰਾਸਤ ਦੀ ਸੰਭਾਲ ਵਿੱਚ ਡਾਕਟਰ ਬੀਬੀ ਇੰਦਰਜੀਤ ਕੌਰ ਹਨ।



ਸੁਖਵਿੰਦਰ ਸਿੰਘ ਮੁੱਲਾਂਪੁਰ
9914184794


# ਸ਼ਹੀਦ ਭਾਈ ਮਨੀ ਸਿੰਘ ਜੀ

ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜਨਮ ਚੇਤ ਸੁਦੀ ਦੁਆਦਸੀ ਸੰਮਤ 1721 ਮੁਤਾਬਕ 10 ਮਾਰਚ ਸੰਨ 1644 ਨੂੰ ਪਿਤਾ ਭਾਈ ਸਾਈ ਦਾਸ ਅਤੇ ਮਾਤਾ ਬੀਬੀ ਮਾਧਰੀ ਬਾਈ ਦੇ ਕੁਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ਫਰਗੜ੍ਹ ਪੱਛਮੀ ਪੰਜਾਬ(ਪਾਕਿਸਤਾਨ) ਵਿੱਚ ਹੋਇਆ।

ਭਾਈ ਮਨੀ ਸਿੰਘ ਜਦ 13 ਸਾਲ ਦੀ ਉਮਰ ਦੇ ਹੋਏ ਤਾਂ ਸੰਨ 1657 ਵਿੱਚ ਇਹਨਾਂ ਦੇ ਪਿਤਾ ਇਹਨਾਂ ਨੂੰ ਨਾਲ ਲੈ ਕੇ ਸ੍ਰੀ ਗੁਰੂ ਹਰਿ ਰਾਏ ਜੀ ਪਾਸ ਕੀਰਤਪੁਰ ਸਾਹਿਬ ਚਲੇ ਗਏ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਦਾ ਗੁਰੂ ਘਰ ਨਾਲ ਪਹਿਲੀ ਵਾਰ ਸਬੰਧ ਹੋਇਆ। ਭਾਈ ਮਨੀ ਸਿੰਘ ਜੀ ਕੀਰਤਪੁਰ ਸਾਹਿਬ ਲੰਗਰ ਦੇ ਬਰਤਨ ਸਾਫ ਕਰਨ ਦੀ ਡਿਊਟੀ ਕਰਦੇ ਵਿਹਲੇ ਸਮੇਂ ਵਿੱਚ ਗੁਰਬਾਣੀ ਦਾ ਪਾਠ ਕਰਦੇ। ਗੁਰੂ ਘਰ ਦੀ ਸੇਵਾ ਵਿੱਚ ਪਹਿਲੇ ਦੋ ਸਾਲ ਇਸ ਤਰਾਂ ਹੀ ਲੰਘ ਗਏ।

15 ਸਾਲ ਦੀ ਉਮਰ ਵਿੱਚ ਭਾਈ ਮਨੀ ਸਿੰਘ ਦਾ ਵਿਆਹ ਪਿੰਡ ਖੈਰਪੁਰ ਸਯਦਾ ਜ਼ਿਲ੍ਹਾ ਮੁਜ਼ਫਰਗੜ੍ਹ (ਪਾਕਿਸਤਾਨ) ਵਿਖੇ ਹੋਇਆ। ਵਿਆਹ ਦੇ ਕੁਝ ਸਮਾਂ ਪਿਛੋਂ ਤੱਕ ਭਾਈ ਮਨੀ ਸਿੰਘ ਜੀ ਆਪਣੇ ਪਿੰਡ ਹੀ ਰਹਿੰਦੇ ਰਹੇ ਫਿਰ ਆਪਣੇ ਦੋ ਭਰਾਵਾਂ ਭਾਈ ਜੇਠਾ ਜੀ ਅਤੇ ਭਾਈ ਦਿਆਲਾ ਜੀ ਸਮੇਤ ਕੀਰਤਪੁਰ ਸਾਹਿਬ ਆ ਗਏ। ਇਹ ਤਿੰਨੇ ਭਰਾ ਹੀ ਇੱਥੇ ਰਹਿ ਕੇ ਗੁਰੂ ਘਰ ਦੀ ਸੇਵਾ ਕਰਦੇ ਰਹੇ।

ਜਦੋਂ ਸ੍ਰੀ ਹਰਿ ਕ੍ਰਿਸ਼ਨ ਜੀ ਦਿੱਲੀ ਗਏ ਤਾਂ ਇਹ ਤਿੰਨੇ ਭਰਾ ਗੁਰੂ ਜੀ ਦੇ ਨਾਲ ਹੀ ਸਨ। ਗੁਰੂ ਜੀ ਦਾ ਦਿੱਲੀ ਦੇਹਾਂਤ ਹੋ ਗਿਆ। ਗੁਰੂ ਜੀ ਦੀ ਅੰਤਿਮ ਹਦਾਇਤ ਮੁਤਾਬਕ ਜੋ ਜੱਥਾ ਬਾਬੇ ਬਕਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਤਿਲਕ ਦੇਣ ਗਿਆ ਸੀ। ਭਾਈ ਮਨੀ ਸਿੰਘ ਜੀ ਉਸ ਜੱਥੇ ਵਿੱਚ ਸ਼ਾਮਲ ਸਨ।

ਨੌਵੇ ਪਾਤਿਸ਼ਾਹ ਦੇ ਗੁਰ ਗੱਦੀ ਸੰਭਾਲਣ ਬਾਅਦ ਆਪ ਕੁਝ ਸਮੇਂ ਲਈ ਪਿੰਡ ਚਲੇ ਗਏ। ਉੱਥੇ ਫਿਰ ਚੇਤ ਸੰਮਤ 1719 ਮੁਤਾਬਕ ਮਾਰਚ 1672 ਵਿੱਚ ਅਨੰਦਪੁਰ ਸਾਹਿਬ ਚਲੇ ਗਏ। ਇੱਥੇ ਰਹਿੰਦਿਆਂ ਭਾਈ ਮਨੀ ਸਿੰਘ ਜੀ ਦਾ ਮੁੱਖ ਕੰਮ ਗੁਰਬਾਣੀ ਦੀਆਂ ਸੰਚੀਆਂ ਲਿਖਣ ਦਾ ਸੀ। ਜਦੋਂ ਸੰਨ 1675 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਰਾਖੀ ਲਈ ਦਿੱਲੀ ਜਾ ਕੇ ਸ਼ਹੀਦ ਹੋਏ ਸਨ ਤਾਂ ਭਾਈ ਮਨੀ ਸਿੰਘ ਜੀ ਅਨੰਦਪੁਰ ਸਾਹਿਬ ਬਾਲ ਗੋਬਿੰਦ ਜੀ ਪਾਸ ਸਨ। ਇਸ ਸਮੇਂ ਭਾਈ ਮਨੀ ਸਿੰਘ ਜੀ ਦੀ ਉਮਰ 35 ਸਾਲ ਦੀ ਸੀ।

ਪਾਉਂਟਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਪਾਸ ਜਿਹੜੇ 52 ਕਵੀ ਸਨ ਭਾਈ ਮਨੀ ਸਿੰਘ ਜੀ ਵੀ ਉਹਨਾਂ ਵਿਚੋਂ ਇੱਕ ਵਿਦਵਾਨ ਸਨ।

ਸੰਨ 1691 ਵਿੱਚ ਨਦੌਣ ਦੀ ਲੜ੍ਹਾਈ ਵਿੱਚ ਵੀ ਭਾਈ ਮਨੀ ਸਿੰਘ ਜੀ ਨੇ ਹਿੱਸਾ ਲਿਆ। ਜੰਗ ਤੋਂ ਪਿਛੋਂ ਜਦੋਂ ਰਿਵਾਲਸਰ ਦੇ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਕਾਰ ਵਿੱਚ ਪਹਾੜੀ ਰਾਜਿਆਂ ਦੀ ਸਾਂਝੀ ਕਾਨਫਰੰਸ ਹੋਈ ਤਾਂ ਉੱਥੇ ਗੁਰੂ ਜੀ ਨੇ ਆਪ ਨੂੰ ਦਿਵਾਨ ਦੀ ਪਦਵੀ ਬਖਸ਼ੀ।



ਭਾਈ ਮਨੀ ਸਿੰਘ ਜੀ ਇਕੱਲੇ ਹੀ ਯੁੱਧ ਵਿੱਚ ਨਹੀਂ ਜਾਂਦੇ ਸਨ ਉਹਨਾਂ ਦੇ ਪੰਜ ਪੁੱਤਰ ਵੀ ਨਾਲ ਹੁੰਦੇ ਸਨ। ਜਿਹੜਾ ਮਸਤ ਹਾਥੀ ਕਿਲ੍ਹਾ ਅਨੰਦਗੜ੍ਹ ਦੇ ਦਰਵਾਜਿਆਂ ਨੂੰ ਤੋੜਨ ਲਈ ਪਹਾੜੀ ਰਾਜਿਆਂ ਨੇ ਭੇਜਿਆ ਸੀ ਉਸ ਦਾ ਮੁਕਾਬਲਾ ਕਰਨ ਵਾਲਾ ਭਾਈ ਬਚਿੱਤਰ ਸਿੰਘ ਭਾਈ ਮਨੀ ਸਿੰਘ ਜੀ ਦਾ ਪੁੱਤਰ ਹੀ ਸੀ।

ਜਦੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਛੱਡ ਕੇ ਸਾਬੋ ਕੀ ਤਲਵੰਡੀ ਦਮ ਦਮਾ ਸਾਹਿਬ ਪਹੁੰਚੇ ਤਾਂ ਇੱਥੇ ਗੁਰੂ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਨ 1705-1706 ਵਿੱਚ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ।

ਸੰਨ 1699 ਵਿੱਚ ਸ੍ਰੀ ਗੁਰੂ ਗੋਬਿੰਦ ਸਾਹਿਬ ਨੇ ਖ਼ਾਲਸਾ ਪੰਥ ਦੀ ਸਿਰਜਨਾਂ ਤੋਂ ਬਾਅਦ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਅੰਮ੍ਰਿਤਸਰ ਭੇਜਿਆ।

ਸੰਨ 1734 ਵਿੱਚ ਭਾਈ ਮਨੀ ਸਿੰਘ ਨੇ ਲਾਹੌਰ ਦੇ ਗਵਰਨਰ ਨੂੰ ਇੱਕ ਬਿਨੈ ਪੱਤਰ ਰਾਹੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ 26 ਅਕਤੂਬਰ ਸੰਨ 1733 ਨੂੰ ਦੀਵਾਲੀ ਵਾਲੇ ਦਿਨ ਸਮਾਗਮ ਕਰਨ ਦੀ ਆਗਿਆ ਮੰਗੀ। ਸਰਕਾਰ ਨੇ ਭਾਈ ਮਨੀ ਸਿੰਘ ਜੀ ਨੂੰ ਸਮਾਗਮ ਕਰਨ ਦੀ ਆਗਿਆ ਦੇ ਦਿੱਤੀ ਅਤੇ ਨਾਲ ਹੀ ਕਹਿ ਦਿੱਤਾ ਸਮਾਗਮ ਸਮਾਪਤ ਹੋਣ 'ਤੇ ਟੈਕਸ ਵਜੋਂ 5000 ਰੁਪਏ ਜਮਾਂ ਕਰਵਾ ਦੇਣੇ। ਇਹ ਸਮਾਗਮ 10 ਦਿਨ ਤੱਕ ਰਹਿਣਾ ਸੀ। ਭਾਈ ਮਨੀ ਸਿੰਘ ਜੀ ਨੇ ਸੋਚਿਆ ਕੇ ਇਹ ਰਕਮ ਸਿੱਖਾਂ ਦੀਆਂ ਭੇਟਾਵਾਂ ਵਿਚੋਂ ਭੇਟ ਕਰ ਦਿੱਤੀ ਜਾਵੇਗੀ।

ਭਾਈ ਮਨੀ ਸਿੰਘ ਨੇ ਸੰਗਤਾਂ ਨੂੰ ਆਉਣ ਦੇ ਸੱਦੇ ਪੱਤਰ ਭੇਜੇ ਤੇ ਸੰਗਤਾਂ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵੱਲ ਚਾਲੇ ਪਾ ਦਿੱਤੇ। ਪਰ ਗਵਰਨਰ ਨੇ ਲੱਖ ਪੱਤ ਰਾਏ ਦੀ ਅਗਵਾਈ ਵਿੱਚ ਅੰਮ੍ਰਿਤਸਰ ਨੂੰ ਫ਼ੌਜ ਭੇਜ ਦਿੱਤੀ ਜਿਸ ਨੇ ਰਾਮ ਤੀਰਥ ਦੇ ਅਸਥਾਨ 'ਤੇ ਆਪਣਾ ਡੇਰਾ ਲਾਉਣਾ ਸੀ ਅਤੇ ਸਿੱਖਾਂ ਦੇ ਚਲਦੇ ਸਮਾਗਮ ਵਿੱਚ ਅੱਤਿਆਚਾਰ ਕਰਨਾ ਸੀ। ਜਦ ਇਸ ਗੱਲ ਦੀ ਭਿਣਕ ਭਾਈ ਮਨੀ ਸਿੰਘ ਨੂੰ ਪਈ ਤਾਂ ਉਸ ਨੇ ਸਮਾਗਮ ਨੂੰ ਮੁਲਤਵੀ ਕਰ ਦਿੱਤਾ ਅਤੇ ਰਸਤੇ ਵਿੱਚ ਆ ਰਹੇ ਜੱਥਿਆਂ ਨੂੰ ਰੋਕ ਕੇ ਰਸਤੇ ਵਿਚੋਂ ਹੀ ਵਾਪਸ ਮੁੜ ਜਾਣ ਦੀ ਬੇਨਤੀ ਕਰ ਦਿੱਤੀ ਜੋ ਜੱਥੇ ਪਹੁੰਚ ਗਏ ਸਨ ਉਹ ਵੀ ਹਲਾਤਾਂ ਨੂੰ ਵੇਖ ਕੇ ਵਾਪਸ ਮੋੜ ਦਿੱਤੇ।

ਸਮਾਗਮ ਦੇ ਸਮੇਂ ਤੋਂ ਬਾਅਦ ਸਰਕਾਰ ਨੇ ਭਾਈ ਮਨੀ ਸਿੰਘ ਜੀ ਤੋਂ ਟੈਕਸ ਦੀ ਮੰਗ ਕੀਤੀ ਤਾਂ ਸੰਗਤਾਂ ਵੱਲੋਂ ਭੇਟਾ ਘੱਟ ਇਕੱਠੀ ਹੋਈ ਹੋਣ ਕਰਕੇ ਭਾਈ ਮਨੀ ਸਿੰਘ ਜੀ ਨੇ ਸਰਕਾਰ ਤੋਂ ਵਿਸਾਖੀ 1734 ਤੱਕ ਦੀ ਮੁਹਲਤ ਲੈ ਲਈ ਪਰ ਸਰਕਾਰ ਨੇ ਵਿਸਾਖੀ ਨੂੰ ਵੀ ਇਕੱਠ ਨਾ ਹੋਣ ਦਿੱਤਾ। ਭਾਈ ਮਨੀ ਸਿੰਘ ਜੀ ਟੈਕਸ ਦੀ ਰਕਮ ਨਾ ਦੇ ਸਕੇ ਉਹਨਾਂ ਸਰਕਾਰ ਨੂੰ ਕਿਹਾ ਤੁਸੀਂ ਸੰਗਤਾਂ ਦਾ ਇਕੱਠ ਤਾਂ ਹੋਣ ਨਹੀਂ ਦਿੰਦੇ ਅਸੀ ਟੈਕਸ ਕਿਥੋਂ ਦੇਈਏ।

(ਬਾਕੀ ਸਫ਼ਾ 31 'ਤੇ)




# ਪਤੀ-ਪਤਨੀ 'ਚ ਪਰਾਏ ਰਿਸ਼ਤੇ ਦੀ ਐਂਟਰੀ ਖ਼ਤਰਨਾਕ



ਸਿਮਰਜੀਤ ਸਿੰਮੀ
9417671091





ਗੁਰਬਾਣੀ ਮਨੁੱਖ ਨੂੰ ਜੀਵਨ -ਜਾਚ ਸਿਖਾਉਂਦੀ ਹੈ। ਇਹ ਮਨੁੱਖ ਨੂੰ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਚਾਨਣਾ ਪਾਉਂਦੀ ਹੈ ਪ੍ਰੰਤੂ ਅਜੋਕੇ ਸਮੇਂ ਵਿੱਚ ਜੇਕਰ ਸਮਾਜ ਵਿੱਚ ਵਿਚਰਿਆ ਜਾਵੇ ਤਾਂ ਬੇਹੱਦ ਹੈਰਾਨੀ ਹੁੰਦੀ ਹੈ ਕਿ ਅੱਜ- ਕੱਲ੍ਹ ਲੋਕਾਂ ਦਾ ਇੱਕ- ਦੂਜੇ ਨਾਲ ਵਿੱਚ ਵਿਚਰਨਾ ਬਿਲਕੁੱਲ ਬਦਲ ਗਿਆ ਹੈ। ਲੱਗਦਾ ਜਿਵੇਂ ਕਿਸੇ ਵੀ ਰਿਸ਼ਤੇ ਦੀ ਕੋਈ ਤਵੱਜੋ ਨਹੀਂ, ਸਗੋਂ ਸਾਰਿਆਂ ਨੂੰ ਇੱਕ- ਦੂਜੇ ਨਾਲ ਥੋੜ੍ਹ -ਚਿਰੀ ਵਰਤੋਂ ਹੀ ਚੰਗੀ ਲੱਗਦੀ ਹੈ। ਸਾਰੇ ਇੱਕ- ਦੂਜੇ ਤੋਂ ਨਿੱਕੀ ਮੋਟੀ ਗੱਲ 'ਤੇ ਹੀ ਜਲਦੀ ਤੋੜ -ਵਿਛੋੜਾ ਕਰ ਲੈਂਦੇ ਹਨ, ਜੋ ਕਿ ਸਮਾਜ 'ਤੇ ਵਧੀਆ ਪ੍ਰਭਾਵ ਨਹੀਂ ਪਾਉਂਦਾ।

ਭਾਵੇਂ ਕਿ ਸਾਰਾ ਕੁੱਝ ਇਸ ਨਿੱਕੀ ਜਿਹੀ ਡਿਵਾਈਸ ਭਾਵ ਮੋਬਾਈਲ ਸਦਕਾ ਹੀ ਹੋਇਆ ਹੈ, ਕਿਉਂਕਿ ਹੁਣ ਲੋਕ ਇਸ ਦੀ ਵਰਤੋਂ ਨਹੀਂ ਕਰ ਰਹੇ ਸਗੋਂ ਇਹ ਉਹਨਾਂ ਨੂੰ ਵਰਤ ਰਿਹਾ ਹੈ। ਕਾਢ ਤਾਂ ਜ਼ਿੰਦਗੀ ਨੂੰ ਸੌਖਾ ਕਰਨ ਲਈ ਸੀ , ਪਰ ਅਸੀਂ ਗ਼ਲਤ ਵਰਤੋਂ ਕਰਕੇ ਆਪਣੇ -ਆਪ ਹੀ ਜੀਵਨ ਔਖ਼ਾ ਕਰ ਲਿਆ। ਇਸ ਦੀ ਅਜੋਕੀ ਦੁਰ -ਵਰਤੋਂ ਬਹੁਤ ਹੀ ਜਿਆਦਾ ਦੁੱਖਦਾਈ ਹੈ, ਇਸ 'ਤੇ ਸਰੀਰਕ -ਮਾਨਸਿਕ ਤਾਂ ਮਾੜੇ ਪ੍ਰਭਾਵ ਹਨ ਹੀ ਜਿਨ੍ਹਾਂ ਤੋਂ ਹਰ ਕੋਈ ਭਲੀ -ਭਾਂਤ ਜਾਣੂ ਹੈ ਪਰ ਸਮਾਜਿਕ ਹੁੰਦੇ ਮਾੜੇ ਪ੍ਰਭਾਵ ਤੋਂ ਵੀ ਜਾਣੂ ਹੋਣਾ ਬਹੁਤ ਜ਼ਰੂਰੀ ਹੈ।

ਇਸ ਨਾਲ਼ ਪਰਿਵਾਰ ਦਾ ਹਰੇਕ ਰਿਸ਼ਤਾ ਪ੍ਰਭਾਵਿਤ ਹੋਇਆ, ਭਾਵੇਂ ਉਹ ਮਾਤਾ -ਪਿਤਾ ,ਭੈਣ- ਭਰਾ ਬੱਚੇ ਜਾਂ ਪਤੀ- ਪਤਨੀ ਹੋਣ।

ਜੇ ਸੋਚਿਆ ਜਾਵੇ ਤਾਂ ਸਾਰੇ ਰਿਸ਼ਤਿਆਂ ਦੀ ਜੜ੍ਹ ਪਤੀ- ਪਤਨੀ ਦਾ ਰਿਸ਼ਤਾ ਸਭ ਤੋਂ ਵਧੇਰੇ ਪ੍ਰਭਾਵਿਤ ਹੋਇਆ ਹੈ। ਜਿਸ ਨਾਲ਼ ਤਾਂ ਸਾਰਾ ਪਰਿਵਾਰ ਹੀ ਹਿੱਲ ਜਾਂਦਾ ।

ਪਤਾ ਨਹੀਂ ਕਿਉਂ ਉਮਰ ਵਧਣ ਦੇ ਨਾਲ਼ ਤਜਰਬੇ ਹੋਣ 'ਤੇ ਜਿਹੜੇ ਰਿਸ਼ਤੇ ਨੂੰ ਹੋਰ ਮਜ਼ਬੂਤ ਹੋਣਾ ਚਾਹੀਦਾ ਸੀ,ਉਹ ਏਨਾ ਕਮਜ਼ੋਰ ਕਿਵੇਂ ਹੋ ਜਾਂਦਾ ?

ਅੱਜ ਕੱਲ੍ਹ ਤਾਂ ਬਹੁਤ ਹੀ ਗਲਤ ਸਿਸਟਮ ਚੱਲ ਪਿਆ ਹੈ ਜੋ ਕਿ ਸਾਡੀ ਸੱਭਿਆਚਾਰ ਅਤੇ ਅਮੀਰ ਵਿਰਸੇ ਨੂੰ ਹੀ ਕਲੰਕਿਤ ਕਰ ਰਿਹਾ। ਸਾਡਾ ਸਮਾਜ ਭਾਵੇਂ ਕਿੰਨਾ ਵੀ ਅਗਾਂਹ- ਵਧੂ ਕਿਉਂ ਨਾ ਕਹਿਲਾਉਣ ਲੱਗ ਪਵੇ, ਇਸ ਤਰ੍ਹਾਂ ਦੇ ਰਿਸ਼ਤਿਆਂ ਨੂੰ ਕਦੇ ਪ੍ਰਵਾਨ ਨਹੀਂ ਕਰਦਾ। ਉਹ ਵੱਖਰੀ ਗੱਲ ਹੈ ਕਿ ਹੁਣ ਕੋਈ ਵੀ ਕਿਸੇ ਦੀ ਜ਼ਿੰਦਗੀ ਵਿੱਚ ਦਖਲਅੰਦਾਜ਼ੀ ਨਹੀਂ ਕਰਨਾ ਚਾਹੁੰਦਾ ਤੇ ਨਾ ਹੀ ਕੋਈ ਕਿਸੇ ਨਾਲ ਬਿਨ੍ਹਾਂ ਮਤਲਬ ਤੋਂ ਵਰਤਣਾ ਚਾਹੁੰਦਾ । ਸਗੋਂ ਸਾਰੇ ਸੋਚਦੇ ਹਨ ਕਿ 'ਜਿਸ ਦੀਆਂ ਅੱਖਾਂ ਦੁਖਣਗੀਆਂ ਉਹ ਆਪੇ ਪੱਟੀ ਬਨ੍ਹੂੰ ।' ਪਰ ਕਈ ਵਾਰ ਵਕ਼ਤ ਅਜਿਹੇ ਜਖਮਾਂ 'ਤੇ ਪੱਟੀਆਂ ਬੰਨ੍ਹਣ ਦਾ ਸਮਾਂ ਵੀ ਨਹੀਂ ਦਿੰਦਾ।

ਪਤੀ- ਪਤਨੀ ਦੋਹਾਂ ਲਈ ਬੇਹੱਦ ਸ਼ਰਮਨਾਕ ਗੱਲ ਹੁੰਦੀ ਹੈ ਕਿ ਉਹ ਬਾਹਰ ਇੱਕ ਨਵਾਂ ਰਿਸ਼ਤਾ ਸਿਰਜਣ, ਜੋ ਕਿ ਬਿਲਕੁੱਲ ਵੀ ਕਿਸੇ ਪਿਆਰ- ਪਿਓਰ ਤੇ ਅਧਾਰਿਤ ਨਹੀਂ ਹੁੰਦਾ। ਸਗੋਂ ਨਵੀਆਂ ਸਮੱਸਿਆਵਾਂ ਦੀ ਨੀਂਹ ਹੁੰਦਾ। ਅਜਿਹੇ ਨਵੇਂ ਬਣਾਏ ਰਿਸ਼ਤੇ ਦੂਸਰੇ ਅਪਣੱਤ ਭਰੇ ਰਿਸ਼ਤਿਆਂ ਦਾ ਵੀ ਘਾਣ ਕਰ ਦਿੰਦੇ ਹਨ। ਇਹ ਦੂਸਰੇ ਰਿਸ਼ਤਿਆਂ 'ਤੇ ਬਹੁਤ ਹੀ ਮਾੜੇ ਪ੍ਰਭਾਵ ਪਾਉਂਦੇ ਹਨ। ਜਿਸ ਦਾ ਕਿ ਅਜਿਹਾ ਕਰਨ ਵਾਲੇ ਨੂੰ ਅੰਦਾਜ਼ਾ ਵੀ ਨਹੀਂ ਹੁੰਦਾ, ਕਿਉਂਕਿ ਉਹ ਆਪਣੇ ਆਪ ਨੂੰ ਬਹੁਤ ਸ਼ਾਤਰ ਦਿਮਾਗ ਸਮਝਦਾ ਹੈ। ਉਸਨੂੰ ਲੱਗਦਾ ਹੈ ਕਿ ਕਿਹੜਾ ਕਿਸੇ ਨੂੰ ਪਤਾ ਲੱਗਣਾ ?

ਤੁਹਾਡੇ ਇਸ ਤਰ੍ਹਾਂ ਕਰਨ ਨਾਲ਼ ਹੋਰ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ ਪ੍ਰੰਤੂ ਤੁਹਾਡੇ ਨਜ਼ਦੀਕੀ ਨੂੰ ਇਸ ਦਾ ਬੇਹੱਦ ਫ਼ਰਕ ਪੈਂਦਾ।

ਉਸ ਦੀਆਂ ਭਾਵਨਾਵਾਂ ਮਰ ਹੀ ਜਾਂਦੀਆਂ ਹਨ,ਉਸ ਨੂੰ ਆਪਣੇ ਜਿਉਣ ਦਾ ਮਕਸਦ ਹੀ ਨਹੀਂ ਸਮਝ ਆਉਂਦਾ। ਉਹ ਵਿਚਾਰਾ ਜਾਂ ਵਿਚਾਰੀ ਇਸ ਕਦਰ ਟੁੱਟ ਜਾਂਦੇ ਹਨ ਕਿ ਕੋਈ ਤਾਂ ਧੋਖਾ ਖਾ ਕੇ ਦੁਬਾਰਾ ਜੁੜਨ ਦੀ ਹਿੰਮਤ ਹੀ ਨਹੀਂ ਕਰ ਪਾਉਂਦੇਤੇ ਸੰਸਾਰ ਛੱਡ ਕੇ ਚਲੇ ਜਾਂਦੇ ਹਨ , ਜਿਹੜੇ ਹਿੰਮਤ ਕਰ ਲੈਂਦੇ ਹਨ ਉਹਨਾਂ ਦੇ ਰਿਸ਼ਤਿਆਂ ਵਿੱਚ ਗੰਢ ਪੈ ਜਾਂਦੀ ਹੈ ।ਜਿਹੜੀ ਸਾਰੀ ਜਿੰਦਗੀ ਰੜਕਦੀ ਰਹਿੰਦੀ ਹੈ।



ਸੋਚਨਾ ਚਾਹੀਦਾ ਕਿ ਇਨ੍ਹਾਂ ਹਰਕਤਾਂ ਦਾ ਅਸਰ ਤੁਹਾਡੇ ਬੱਚਿਆਂ ਤੇ ਜ਼ਰੂਰ ਪੈਂਦਾ। ਉਹ ਬੇਕਸੂਰ ਹੋ ਕੇ ਵੀ ਕਸੂਰਵਾਰ ਹੋ ਜਾਂਦੇ ਹਨ। ਉਹਨਾਂ ਨੂੰ ਆਪਣੇ ਮਾਪਿਆਂ ਦੀਆਂ ਜਿਹੀਆਂ ਕਰਤੂਤਾਂ ਦਾ ਪਤਾ ਲੱਗਦਾ ਹੈ ਤਾਂ ਉਹ ਅੰਤਹਿਕਰਨ ਤੱਕ ਦੁਖੀ ਹੁੰਦੇ ਹਨ। ਸਾਰੀ ਉਮਰ ਉਹ ਇਨਸਾਨ ਨੂੰ ਨਫ਼ਰਤ ਦਾ ਪਾਤਰ ਹੀ ਸਮਝਦੇ ਹਨ। ਅਜਿਹੇ ਮਾਪਿਆਂ ਦੇ ਬੱਚੇ ਵੀ ਜ਼ਿੰਦਗੀ ਆਪਣੀ ਜ਼ਿੰਦਗੀ ਨਾਲ ਕਦੇ ਸਾਵੇ -ਪੱਧਰੇ ਨਹੀਂ ਹੋ ਸਕਦੇ । ਕਈ ਵਾਰ ਇੱਕ ਦੀ ਕੀਤੀ ਗ਼ਲਤੀ ਕਾਰਨ ਦੂਸਰਾ ਵੀ ਗੁਮਰਾਹ ਹੋ ਕੇ ਉਹੀ ਗ਼ਲਤੀ ਕਰਨ ਬਾਰੇ ਸੋਚ ਲੈਂਦਾ , ਫਿਰ ਅਜਿਹੀ ਦਲਦਲ ਵਿੱਚ ਦੋਵੇਂ ਬੁਰੀ ਤਰ੍ਹਾਂ ਫ਼ਸ ਜਾਂਦੇ ਹਨ। ਜਿੱਥੋਂ ਨਿਕਲਣਾ ਨਾ ਮੁਮਕਿਨ ਹੁੰਦਾ। ਅਜਿਹੇ ਪਰਿਵਾਰਾਂ ਲਈ ਜ਼ਿੰਦਗੀ ਧਰਤੀ ਉੱਤੇ ਹੀ ਨਰਕ ਵਾਂਗਰ ਬਤੀਤ ਹੁੰਦੀ ਹੈ।

ਕੀ ਲਾਭ ਅਜਿਹੇ ਦੁਰਾਚਾਰ ਕਰਨ ਦਾ ? ਕਾਸ਼ ਤੁਸੀਂ ਉਹੀ ਸਮਾਂ ਆਪਣੇ ਪਰਿਵਾਰ ਨੂੰ ਦੇ ਕੇ ਵੇਖੋ ਜਿਹੜੀਆਂ ਤਰੀਫਾਂ ਦੇ ਪੁੱਲ ਬਾਹਰ ਬੰਨ੍ਹ ਦੇ ਥੱਕਦੇ । ਉਹ ਆਪਣੇ ਲਾਈਫ਼ - ਪਾਟਨਰ ਨਾਲ਼ ਕਰਕੇ ਤਾਂ ਵੇਖੋ। ਸਭ ਤੋਂ ਵੱਡੀ ਗੱਲ ਲਾਵਾਂ -ਫੇਰਿਆਂ ਦੀ ਅਹਿਮੀਅਤ ਸਮਝੋ।

ਬਾਹਰ ਜਿੰਨਾ ਮਰਜ਼ੀ ਭੱਜ ਲਓ , ਕੋਈ ਲਾਭ ਨਹੀਂ। ਹੁਣ ਅਜਿਹੇ ਰਿਸ਼ਤੇ ਬਣਾਉਣੇ ਫ਼ੋਨ ਕਰਕੇ ਬਹੁਤ ਸੌਖੇ ਹਨ । ਜਿੰਨੇ ਮਰਜ਼ੀ ਬਣਾ ਲਓ। ਪ੍ਰੰਤੂ ਪਰਿਵਾਰ ਤੋਂ ਵੱਧ ਕੇ ਤੁਹਾਡੇ ਨੇੜੇ ਕੋਈ ਨਹੀਂ ਹੋ ਸਕਦਾ। ਕੋਸ਼ਿਸ਼ ਕਰੋ ਕਿ ਜੇਕਰ ਕੋਈ ਮਨ ਮਿਟਾ ਹੋਇਆ ਤਾਂ ਘਰ ਬੈਠ ਕੇ ਹੀ ਦੂਰ ਕਰ ਲਿਆ ਜਾਵੇ ,ਨਾ ਕਿ ਅਜਿਹੀਆਂ ਨਵੀਆਂ ਮੁਸੀਬਤਾਂ ਖੜ੍ਹੀਆਂ ਕਰੀਆਂ ਲਈਆਂ ਜਾਣ। ਜਿਨਾਂ ਵਿੱਚ ਤੁਹਾਡਾ ਕੋਈ ਸਾਥੀ ਨਹੀਂ ਰਹਿ ਜਾਂਦਾ। ਵੈਸੇ ਵੀ ਸਾਡੇ ਗੁਰੂਆਂ -ਪੀਰਾਂ ਦੇ ਉਪਦੇਸ਼ ਨੂੰ ਮੰਨਣਾ ਚਾਹੀਦਾ ਕਿ ਅਜਿਹਾ ਕੰਮ ਕਰਨ ਵਾਲੇ ਲੋਕ ਕਮਜਾਤਿ ਬਰਾਬਰ ਹਨ ।

ਭਲੇ ਲੋਕ ਬਣੋ, ਆਪਣੇ ਪਰਿਵਾਰ ਅਤੇ ਸਮਾਜ ਲਈ ਚੰਗੇ ਸਹਾਇਕ ਬਣੋ।

# ਪੰਜਾਬੀ ਸੱਭਿਆਚਾਰ 'ਚੋਂ ਅਲੋਪ ਹੋਈਆਂ ਤੀਆਂ



ਗੁਰਮੀਤ ਸਿੰਘ ਵੇਰਕਾ

ਆਏ ਦਿਨ ਇਥੇ ਕੋਈ ਨਾ ਕੋਈ ਤਿਉਹਾਰ, ਮੇਲੇ ਆਉਂਦੇ ਰਹਿੰਦੇ ਹਨ। ਪੰਜਾਬ ਦੇ ਸੱਭਿਆਚਾਰ ਵਿੱਚ ਸਾਉਣ ਮਹੀਨੇ ਦੀ ਬੜੀ ਵਿਸ਼ੇਸ਼ ਮਹੱਤਤਾ ਹੈ। ਤੀਆਂ ਦਾ ਤਿਉਹਾਰ ਵੀ ਸਾਉਣ ਮਹੀਨੇ ਦੀ ਤੀਜ ਤੋਂ ਸ਼ੁਰੂ ਹੋ ਸਾਰਾ ਮਹੀਨਾ ਚਲਣ ਵਾਲਾ ਕੁੜੀਆਂ ਦਾ ਤਿਉਹਾਰ ਹੈ ਜੋ ਪੁੰਨਿਆ ਨੂੰ ਖ਼ਤਮ ਹੋ ਜਾਂਦਾ ਹੈ। ਇਸ ਮਹੀਨੇ ਮਾਪੇ ਅਪਣੀਆਂ ਨਵ-ਵਿਆਹੀਆਂ ਧੀਆਂ ਵਾਸਤੇ ਸੰਧਾਰੇ ਦੇ ਰੂਪ ਵਿੱਚ ਭਾਜੀ, ਮੱਠੀਆ, ਬਿਸਕੁਟ ਤੇ ਹੋਰ ਮਠਿਆਈਆਂ ਆਦਿ ਲੈ ਕੇ ਜਾਂਦੇ ਹਨ। ਇਸ ਨਾਲ ਨਵ-ਵਿਆਹੀਆਂ ਕੁੜੀਆਂ ਨੂੰ ਵੀ ਸਹੁਰੇ ਘਰ ਬੈਠੀਆਂ ਨੂੰ ਪੇਕੇ ਜਾਣ ਲਈ ਅਪਣੀਆਂ ਸਾਥਣਾਂ ਨੂੰ ਵੀ ਮਿਲਣ ਦੀ ਤਾਂਘ ਹੁੰਦੀ ਹੈ।

ਹੁਣ ਤੀਆਂ ਗੁਜ਼ਰਾ ਜ਼ਮਾਨਾ ਬਣ ਕੇ ਰਹਿ ਗਈਆਂ ਹਨ। ਜਦੋਂ ਅਸੀਂ ਛੋਟੇ ਸੀ ਸਾਡੇ ਪਿੰਡ ਨਹਿਰ ਦੀ ਪੱਟੜੀ 'ਤੇ ਤੀਆਂ ਲਗਦੀਆਂ ਸਨ। ਕੁੜੀਆਂ ਵਿਆਹੀਆਂ ਸਾਰੀਆਂ ਨਵੇਂ ਕਪੜਿਆਂ ਨਾਲ ਸੱਜ ਧੱਜ ਮਹਿੰਦੀ ਲਾ ਕੇ ਨਵੀਆਂ ਨਵੀਆਂ ਰੰਗ ਬਿਰੰਗੀਆਂ ਚੂੜੀਆਂ ਪਾ ਕੇ ਨਹਿਰ 'ਤੇ ਇਕੱਠੀਆਂ ਹੋ ਇਕ ਦੂਸਰੇ ਨੂੰ ਗਲੇ ਲੱਗ ਮਿਲਦੀਆਂ ਸਨ। ਤੀਆਂ ਖੇਡਦੀਆਂ ਸਨ। ਕਿੱਕਲੀ ਪਾ ਕੇ ਗਿੱਧਾ ਪਾ ਨੱਚਦੀਆਂ ਸਨ। ਇੱਕ ਕੁੜੀ ਬੋਲੀ ਪਾਉਂਦੀ ਸੀ ਬਾਕੀ ਕੁੜੀਆਂ ਉਸ ਦੇ ਮਗਰੇ ਮਗਰ ਆਖ਼ਰੀ ਟੱਪੇ ਨੂੰ ਦੁਹਰਾਉਂਦੀਆਂ ਸਨ। ਕੁੜੀਆਂ ਵਾਪਸ ਘਰ ਜਾਂਦੀਆਂ ਰਸਤੇ ਵਿੱਚ ਚੌਕਾਂ ਵਿੱਚ ਰੁਕ ਰੁਕ ਕੇ ਗਿੱਧਾ ਪਾ ਨੱਚਦੀਆਂ ਹੋਈਆਂ ਖ਼ੁਸ਼ੀ ਖ਼ੁਸ਼ੀ ਗੀਤ ਗਾਉਂਦੀਆਂ ਘਰਾਂ ਨੂੰ ਜਾਂਦੀਆਂ ਸਨ। ਗੋਲ ਘੇਰਾ ਬਣਾ ਨੱਚਦੀਆਂ



ਸਨ। ਇੱਕ ਦੂਸਰੀ ਨਾਲ ਸਹੁਰਿਆਂ ਦੀਆਂ ਗੱਲਾਂ ਕਰ ਦੁੱਖ-ਸੁੱਖ ਫਰੋਲਦੀਆਂ ਸਨ। ਪਿੱਪਲੀ ਪੀਂਘਾਂ ਪਾ ਇੱਕ ਦੂਸਰੇ ਤੋਂ ਦੋਹਰੀ ਪੀਂਘ ਪਾ ਕੇ ਵੱਧ ਤੋਂ ਵੱਧ ਚੜ੍ਹਾਉਂਦੀਆਂ ਸਨ। ਜਿਹੜੀਆਂ ਔਰਤਾਂ ਨੇ ਤੀਆਂ ਦਾ ਅਨੰਦ ਮਾਣਿਆ ਹੈ ਉਨ੍ਹਾਂ ਵਿੱਚ ਫਿਰ ਤੀਆਂ ਤੇ ਜਾਣ ਦੀ ਤੀਬਰ ਇੱਛਾ ਜਾਗਦੀ ਹੈ। ਬਜ਼ੁਰਗ ਔਰਤਾਂ ਦਾ ਕਹਿਣਾ ਹੈ ਕਿ ਕੁੜੀਆਂ ਨੂੰ ਸਾਉਣ ਦੇ ਮਹੀਨੇ ਤੀਆਂ ਦੀ ਬੜੀ ਬੇਸਬਰੀ ਨਾਲ ਉਡੀਕ ਰਹਿੰਦੀ ਸੀ। ਹੁਣ ਲੋਕਾਂ ਵਿੱਚ ਉਹ ਪਿਆਰ ਦੀ ਖਿੱਚ ਹੁਣ ਨਾ ਹੋਣ ਕਾਰਨ ਤੀਆਂ ਦਾ ਰੰਗ ਵੀ ਫਿੱਕਾ ਪੈ ਗਿਆ ਹੈ। ਤੀਆਂ ਹੁਣ ਸਕੂਲ, ਕਾਲਜ ਦੀਆਂ ਸਟੇਜਾਂ ਤਕ ਕੁੱਝ ਘੰਟਿਆਂ ਤਕ ਸੀਮਤ ਮਹਿਮਾਨ ਬਣ ਕੇ ਰਹਿ ਗਈਆਂ ਹਨ ਜਿਸ ਵਿਚੋਂ ਪੱਛਮੀ ਸਭਿਅਤਾ ਦੀ ਝਲਕ ਨਜ਼ਰ ਆਉਂਦੀ ਹੈ।

ਬਿਊਟੀ ਪਾਰਲਰ ਤੋਂ ਬਣਾਈ ਸੁੰਦਰਤਾ ਵਿਚੋਂ ਬਨਾਉਟੀ ਸੁੰਦਰਤਾ ਦੀ ਝਲਕ ਪੈਂਦੀ ਹੈ। ਪੁਰਾਣਾ ਸੱਭਿਆਚਾਰ, ਕਲਚਰ, ਪਹਿਰਾਵਾ, ਕੁਦਰਤੀ ਬਿਊਟੀ ਸੁੰਦਰਤਾ ਨਜ਼ਰ ਨਹੀਂ ਆਉਦੀ। ਤੀਆਂ ਮਨਾਉਣ ਲਈ ਕੁੜੀਆਂ ਖੁਲ੍ਹੇ ਮੈਦਾਨ ਵਿੱਚ ਗੀਤ ਗਾ, ਗਿੱਧਾ ਪਾ ਕੇ ਬੋਲੀ ਪਾ ਨੱਚਦੀਆਂ ਸਨ। ਇਸ ਮੇਲੇ ਵਿੱਚ ਪੀਂਘਾਂ ਦਾ ਖ਼ਾਸ ਪ੍ਰਬੰਧ ਕੀਤਾ ਜਾਂਦਾ ਸੀ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਮੋਹਨ ਸ਼ਰਮਾ



# ਰਾਧਿਕਾ ਨਿਵਾਸ

ਇੱਕ ਖ਼ਾਮੋਸ਼ੀ ਹਮੇਸ਼ਾ ਉਸ ਦੇ ਅੰਗ-ਸੰਗ ਰਹਿੰਦੀ ਪਰ ਇਸ ਚੁੱਪ ਦਾ ਰਾਜ਼ ਉਸ ਨੇ ਕਦੇ ਵੀ ਆਪਣੇ ਸਹਿਕਰਮੀ ਸਾਥੀਆਂ ਨਾਲ ਸਾਂਝਾ ਨਹੀਂ ਸੀ ਕੀਤਾ। ਹਾਂ, ਬੈਂਕ ਦੇ ਮੈਨੇਜਰ ਹੁੰਦਿਆਂ ਉਹ ਲੋਕਾਂ ਦੇ ਕੰਮ ਆਉਣ ਦੀ ਹਰ ਸੰਭਵ ਕੋਸ਼ਿਸ਼ ਕਰਦਾ। ਨੌਜਵਾਨਾਂ ਦੀ ਮਦਦ ਲਈ ਹਮੇਸ਼ਾ ਯਤਨਸ਼ੀਲ ਰਹਿੰਦਾ। ਬਿਰਧ ਆਸ਼ਰਮ ਵਿੱਚ ਜਾ ਕੇ ਬਜ਼ੁਰਗਾਂ ਦੀ ਸੇਵਾ ਕਰਨਾ, ਆਸ਼ਰਮ ਲਈ ਲੋੜੀਂਦੇ ਸਾਮਾਨ ਦਾ ਪ੍ਰਬੰਧ ਕਰਨਾ, ਵਾਤਾਵਰਨ ਨੂੰ ਸੁਖਾਵਾਂ ਅਤੇ ਹਰਿਆ-ਭਰਿਆ ਬਣਾਉਣ ਲਈ ਬੂਟੇ ਲਗਵਾਉਣੇ ਅਤੇ ਉਨ੍ਹਾਂ ਦੀ ਦੇਖ-ਭਾਲ ਕਰਨੀ, ਗ਼ਰੀਬਾਂ, ਮਜ਼ਦੂਰਾਂ ਅਤੇ ਲੋੜਵੰਦਾਂ ਦੇ ਪਸਰੇ ਹੱਥਾਂ ਲਈ ਉਹ ਆਪਣਾ ਬਟੂਆ ਖਾਲੀ ਕਰਨ ਲੱਗਿਆ ਦੇਰ ਨਹੀਂ ਸੀ ਲਾਉਂਦਾ। ਤਿੰਨ-ਚਾਰ ਰੁਝੇਵਿਆਂ 'ਚੋਂ ਉਸ ਨੂੰ ਕਦੇ ਵਿਹਲ ਨਹੀਂ ਸੀ ਮਿਲੀ। ਆਪਣੀ ਡਿਊਟੀ ਤਨਦੇਹੀ, ਇਮਾਨਦਾਰੀ ਅਤੇ ਸਮਰਪਤ ਭਾਵਨਾ ਨਾਲ ਕਰਨਾ, ਆਸ਼ਰਤ ਅਤੇ ਲੋੜਵੰਦਾਂ ਦੀ ਖੁੱਲ੍ਹ ਕੇ ਮਦਦ ਕਰਨਾ, ਉਸਾਰੂ ਸਾਹਿਤ ਪੜ੍ਹਨ ਦੇ ਨਾਲ ਨਾਲ ਅਗਾਂਹਵਧੂ ਅਤੇ ਸੇਧਮਈ ਸਾਹਿਤ ਲਿਖਣਾ ਉਸ ਦਾ ਨਿੱਤ ਨੇਮ ਸੀ। ਬੈਂਕ ਵਿੱਚ ਉਸ ਦਾ ਟੇਬਲ ਜਿੱਥੇ ਲੈਣ-ਦੇਣ ਵਾਲੀਆਂ ਫਾਈਲਾਂ ਨਾਲ ਭਰਿਆ ਰਹਿੰਦਾ, ਉੱਥੇ ਹੀ ਇੱਕ ਦੋ ਸਾਹਿਤਕ ਪੁਸਤਕਾਂ ਵੀ ਪਈਆਂ ਹੁੰਦੀਆਂ। ਵਿਹਲੇ ਪਲਾਂ ਵਿੱਚ ਉਹ ਪੁਸਤਕਾਂ ਦੇ ਪੰਨੇ ਵੀ ਫਰੋਲਦਾ ਰਹਿੰਦਾ। ਬੈਂਕ ਅਤੇ ਸ਼ਹਿਰ ਵਿੱਚ ਉਹ ਇੱਕ ਦਰਵੇਸ਼ ਦਾਨੇ ਵਿਅਕਤੀ ਵੱਲੋਂ ਜਾਣਿਆ ਜਾਂਦਾ ਸੀ। ਸਾਹਿਤ ਦੇ ਖੇਤਰ ਵਿੱਚ ਉਸ ਦੀਆਂ ਪੰਜ ਪੁਸਤਕਾਂ ਨੂੰ ਵੀ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਸੀ। ਦਫਤਰ ਦਾ ਇੱਕ ਵੱਡਾ ਟੇਬਲ ਅਤੇ ਘਰ ਦੇ ਸ਼ੋਅਕੇਸ ਵਿੱਚ ਸਜਾਏ ਉਸ ਨੂੰ ਮਿਲੇ ਮਾਣ-ਸਨਮਾਨ ਉਸ ਦੇ ਨੇਕ ਕੰਮਾਂ ਦੀ ਗਵਾਹੀ ਭਰਦੇ ਸਨ। ਕਰੋਨਾ ਕਾਲ ਵਿੱਚ ਲਾਸ਼ਾਂ ਦਾ ਸਸਕਾਰ ਅਤੇ ਝੁੱਗੀਆਂ ਝੌਂਪੜੀਆਂ ਵਿੱਚ ਰਾਸ਼ਨ ਪਹੁੰਚਾਉਣ ਵਿੱਚ ਵੀ ਉਹ ਆਪਣੇ ਸਾਥੀਆਂ ਦੀ ਅਗਵਾਈ ਕਰਦਾ ਸੀ। ਜ਼ਿੰਦਗੀ ਦੇ 40-42 ਸਾਲ ਗੁਜ਼ਾਰਨ ਉਪਰੰਤ ਵੀ ਉਸ ਨੇ ਵਿਆਹ ਨਹੀਂ ਸੀ ਕਰਵਾਇਆ। ਉਸ ਦੇ ਮਾਤਾ-ਪਿਤਾ ਆਪਣੀ ਨੂੰਹ ਅਤੇ ਪੋਤੇ ਪੋਤੀਆਂ ਦੀਆਂ ਕਿਲਕਾਰੀਆਂ ਸੁਣਨ ਨੂੰ ਤਰਸਦੇ ਚੱਲ ਵਸੇ ਸਨ। ਬੱਸ ਹੁਣ ਸ਼ਹਿਰ ਦਾ ਚਾਰ ਕਮਰਿਆਂ ਵਾਲਾ ਮਕਾਨ, ਪੁਸਤਕਾਂ, ਸਾਹਿਤਕ ਕਿਰਤਾਂ ਜਾਂ ਫਿਰ ਲੋਕਾਂ ਦੀਆਂ ਅਸੀਸਾਂ ਹੀ ਉਸ ਦਾ ਸਰਮਾਇਆ ਸਨ। ਕਦੇ ਕੋਈ ਦੋਸਤ ਜਦੋਂ ਉਹਦੇ ਵਿਆਹ ਦੀ ਗੱਲ ਛੇੜਦਾ ਤਾਂ ਉਹ ਸੋਗੀ ਜਿਹਾ ਹਾਸਾ ਹੱਸ ਕੇ ਗੱਲ ਟਾਲ ਦਿੰਦਾ। ਇਕਲੌਤੀ ਵੱਡੀ ਭੈਣ ਦੀ ਮੋਹ ਭਰੀ ਜ਼ਿੱਦ ਅੱਗੇ ਵੀ ਉਸ ਨੇ ਹਾਮੀ ਨਹੀਂ ਭਰੀ। ਆਖ਼ਰ ਨੂੰ ਭੈਣ-ਭਣੋਈਏ ਨੇ ਵੀ ਕਹਿਣਾ ਛੱਡ ਦਿੱਤਾ। ਉਂਝ ਕਈ ਕਈ ਦਿਨ ਉਹਦੀ ਭੈਣ ਉਹਦੇ ਕੋਲ ਰਹਿ ਜਾਂਦੀ ਸੀ।

ਭਾਰਤ ਸਰਕਾਰ ਵੱਲੋਂ ਉਸ ਕਰਮਯੋਗੀ ਨੂੰ ਉਸ ਦੀਆਂ ਸ਼ਾਨਦਾਰ ਸੇਵਾਵਾਂ ਕਾਰਨ ਪਦਮ ਸ੍ਰੀ ਦਾ ਖਿਤਾਬ ਦਿੱਤਾ ਗਿਆ। ਬੈਂਕ ਦੇ ਕਰਮਚਾਰੀ, ਸਮਾਜ ਸੇਵੀ ਸੰਸਥਾਵਾਂ ਅਤੇ ਹੋਰ ਮਿਲਣ ਗਿਲਣ ਵਾਲੇ ਉਸ ਦੀ ਇਸ ਪ੍ਰਾਪਤੀ 'ਤੇ ਜਸ਼ਨ ਮਨਾ ਰਹੇ ਸਨ। ਵਧਾਈਆਂ ਦੀਆਂ ਚਿੱਠੀਆਂ ਅਤੇ ਟੈਲੀਫੋਨ ਕਾਲਾਂ ਦਾ ਵੀ ਤਾਂਤਾ ਲੱਗ ਗਿਆ ਸੀ। ਫਿਰ ਇੱਕ ਦਿਨ ਉਸ ਨੂੰ ਡਾਕ ਰਾਹੀਂ ਇੱਕ ਸਰਕਾਰੀ ਲਿਫ਼ਾਫ਼ਾ ਮਿਲਿਆ। ਲਿਫ਼ਾਫ਼ੇ 'ਤੇ ਲੱਗੀ ਮੋਹਰ ਨੂੰ ਵੇਖ ਕੇ ਉਹ ਤ੍ਰਭਕ ਪਿਆ। ਮਨ ਛਲਕ ਵੀ ਪਿਆ। ਲਿਫ਼ਾਫ਼ੇ 'ਤੇ ਲੱਗੀ ਮੋਹਰ ਉਸ ਦੇ ਕਾਲਜ ਦੀ ਸੀ ਜਿੱਥੇ ਉਸ ਨੇ ਜ਼ਿੰਦਗੀ ਦੇ ਪੰਜ ਸਾਲ ਗੁਜ਼ਾਰੇ ਸਨ। ਧੜਕਦੇ ਦਿਲ ਨਾਲ ਉਸ ਨੇ ਲਿਫ਼ਾਫ਼ਾ ਖੋਲ੍ਹਿਆ। ਕਾਲਜ ਦੇ ਪ੍ਰਿੰਸੀਪਲ ਵੱਲੋਂ ਮੁਬਾਰਕਾਂ ਦੇ ਨਾਲ ਕਾਲਜ ਵਿੱਚ ਆਉਣ ਦਾ ਆਦਰ ਨਾਲ ਸੱਦਾ ਦਿੰਦਿਆਂ ਲਿਖਿਆ ਸੀ ਕਿ ਸੰਸਥਾ ਨੂੰ ਇਸ ਗੱਲ ਦਾ ਮਾਣ ਹੈ ਕਿ ਤੁਸੀਂ ਸਾਡੀ ਸੰਸਥਾ ਦੇ ਇੱਕ ਪ੍ਰਤਿਭਾਸ਼ੀਲ ਵਿਦਿਆਰਥੀ ਰਹੇ ਹੋ ਅਤੇ ਆਪਣੀ ਜ਼ਿੰਦਗੀ ਦੇ ਸੰਦਲੀ ਪੈੜਾਂ ਦੇ ਸਫ਼ਰ ਨਾਲ ਸਤਿਕਾਰਯੋਗ ਮੁਕਾਮ ਹਾਸਲ ਕੀਤਾ ਹੈ। ਸੰਸਥਾ ਵੱਲੋਂ ਸਨਮਾਨਿਤ ਕਰਨ ਦੇ ਨਾਲ ਨਾਲ ਵਿਦਿਆਰਥੀਆਂ ਦੇ ਰੂਬਰੂ ਕਰਵਾਉਣ ਲਈ ਬੇਨਤੀ ਕੀਤੀ ਜਾਂਦੀ ਹੈ। ਆਪਣੀ ਸਹਿਮਤੀ ਦੇ ਨਾਲ ਸਮਾਂ ਅਤੇ ਮਿਤੀ ਨਿਸ਼ਚਿਤ ਕਰਕੇ ਸੂਚਿਤ ਕਰਨ ਦੀ ਖੇਚਲ ਕਰਨੀ। ਪੱਤਰ ਪੜ੍ਹ ਕੇ ਉਸ ਦੀਆਂ ਅੱਖਾਂ 'ਚ ਬਦੋ-ਬਦੀ ਅੱਥਰੂ ਆ ਗਏ। ਉਸ ਕੋਲੋਂ ਆਪਣੇ ਦਫਤਰ ਵਿੱਚ ਬੈਠਿਆ ਨਾ ਗਿਆ। ਅੱਚਵੀ ਜਿਹੀ ਲੱਗ ਗਈ ਉਹਨੂੰ। ਉਹ ਸਹਾਇਕ ਮੈਨੇਜਰ ਨੂੰ ਜ਼ਿੰਮੇਵਾਰੀ ਸੰਭਾਲ ਕੇ ਥੋੜ੍ਹੀ ਦੇਰ ਲਈ ਘਰ ਆ ਗਿਆ। ਨੌਕਰ ਨੂੰ ਚਾਹ ਦਾ ਕੱਪ ਬਣਾਉਣ ਲਈ ਕਹਿ ਕੇ ਉਹ ਮੰਜੇ 'ਤੇ ਬਹਿ ਗਿਆ। ਅਤੀਤ ਦੇ ਪੰਨੇ ਬਦੋ-ਬਦੀ ਉਸ ਦੀਆਂ ਅੱਖਾਂ ਸਾਹਮਣੇ ਆ ਗਏ। ਉਸ ਨੂੰ ਆਪਣੇ ਜਮਾਤੀ, ਪ੍ਰੋਫੈਸਰ ਯਾਦ ਆਉਣ ਦੇ ਨਾਲ ਨਾਲ ਰਾਧਿਕਾ ਦਾ ਮਾਯੂਸ ਅਤੇ ਮੁਰਝਾਇਆ ਚਿਹਰਾ ਵੀ ਸਾਹਮਣੇ ਆ ਗਿਆ। ਕਾਲਜ ਦੇ ਤੀਜੇ ਸਾਲ ਦਾ ਵਿਦਿਆਰਥੀ ਹੁੰਦਿਆਂ ਰਾਧਿਕਾ ਨਾਂ ਦੀ ਕੁੜੀ ਉਹਦੀ ਜ਼ਿੰਦਗੀ ਵਿੱਚ ਆ ਗਈ। ਪੜ੍ਹਨ ਵਿੱਚ ਹੁਸ਼ਿਆਰ, ਲਿਖਣ ਕਲਾ, ਭਾਸ਼ਣ ਕਲਾ ਅਤੇ ਬੋਲਣ-ਚਾਲਣ ਦੇ ਸਲੀਕੇ ਕਾਰਨ ਕਾਲਜ ਦੀ ਸਭ ਤੋਂ ਸੋਹਣੀ ਕੁੜੀ ਨੇ ਉਸ ਨੂੰ ਮੁਹੱਬਤੀ ਹੁੰਗਾਰਾ ਭਰਿਆ। ਦੋ ਚਾਰ ਮਿਲਣੀਆਂ ਵਿੱਚ ਹੀ ਉਹ ਇੱਕ ਦੂਜੇ ਦੇ ਹੋ ਗਏ। ਉਸ ਨੇ ਰਾਧਿਕਾ ਨੂੰ ਕੁਝ ਸਮੇਂ ਬਾਅਦ ਹੀ ਦੱਸ ਦਿੱਤਾ ਸੀ ਕਿ ਉਹ ਮੱਧਵਰਗੀ ਪਰਿਵਾਰ ਨਾਲ ਸਬੰਧ ਰੱਖਦਾ ਹੈ। ਕਮਾਈ ਦੇ ਸਾਧਨ ਸੀਮਤ ਹਨ। ਕਿਤੇ ਤੁਹਾਡੀ ਅਮੀਰੀ ਸਾਡੀ ਗੁਰਬਤ ਦਾ ਮਜ਼ਾਕ ਉਡਾਉਣ ਦੇ ਨਾਲ ਨਾਲ ਆਪਣੀ ਮੁਹੱਬਤ ਦਾ ਜਨਾਜ਼ਾ ਨਾ ਕੱਢ ਦੇਵੇ। ਇਹ ਵੀ ਸਪਸ਼ਟ ਕਹਿ ਦਿੱਤਾ ਕਿ ਮੁਹੱਬਤ ਮੰਜ਼ਿਲ ਪ੍ਰਾਪਤੀ ਲਈ ਸਹਾਈ ਹੋਣੀ ਚਾਹੀਦੀ ਹੈ, ਰੁਕਾਵਟ ਨਹੀਂ। ਰਾਧਿਕਾ ਨੇ ਬੜੇ ਹੀ ਮੋਹ ਨਾਲ ਉਸ ਦਾ ਹੱਥ ਘੁੱਟ ਕੇ ਫੜਦਿਆਂ ਕਿਹਾ, ਤੇਰੀ ਗੁਰਬਤ 'ਚੋਂ ਮੈਨੂੰ ਬੇਪਨਾਹ ਮੁਹੱਬਤ ਵਿਖਾਈ ਦਿੰਦੀ ਹੈ ਅਤੇ ਅਮੀਰੀ ਗ਼ਰੀਬੀ ਦਾ ਇਹਦੇ ਨਾਲ ਕੋਈ ਸਬੰਧ ਨਹੀਂ।

ਉਹ ਹਰ ਰੋਜ਼ ਕਾਲਜ ਤੋਂ ਥੋੜ੍ਹੀ ਜਿਹੀ ਵਿੱਥ 'ਤੇ ਬਣੇ ਪਾਰਕ ਵਿੱਚ ਇੱਕ ਸੰਘਣੇ ਪਿੱਪਲ ਥੱਲੇ ਬੈਠ ਕੇ ਘੰਟਿਆਂਬੱਧੀ ਗੱਲਾਂ ਕਰਦੇ ਪਰ ਉਨ੍ਹਾਂ ਨੇ ਪਾਕ ਮੁਹੱਬਤ 'ਤੇ ਪਹਿਰਾ ਦਿੰਦਿਆਂ ਜਿਸਮਾਂ ਦੀ ਸਾਂਝ ਤੋਂ ਕੋਹਾਂ ਦੂਰੀ ਰੱਖੀ। ਜਿਸ ਦਰੱਖਤ ਹੇਠਾਂ ਬੈਠ ਕੇ ਉਹ ਮੁਹੱਬਤੀ ਰੰਗ ਬਿਖੇਰਦੇ ਸਨ, ਉਸ ਦਰੱਖਤ ਦਾ ਨਾਂ ਉਨ੍ਹਾਂ ਨੇ 'ਰੱਬੀ ਰੂਹ' ਰੱਖਿਆ ਸੀ।

ਫਿਰ ਇੱਕ ਦਿਨ ਰਾਧਿਕਾ ਦੇ ਘਰੋਂ ਉਨ੍ਹਾਂ ਦਾ ਨੌਕਰ ਉਸ ਨੂੰ ਲੈਣ ਆਇਆ। ਤੁਹਾਨੂੰ ਸਾਹਿਬ ਨੇ ਘਰ ਬੁਲਾਇਆ ਹੈ, ਜ਼ਰੂਰੀ ਗੱਲ ਕਰਨੀ ਹੈ। ਉਹ ਰਾਧਿਕਾ ਦੇ ਪਿਤਾ ਦੇ ਸੁਨੇਹੇ ਨੂੰ ਗੰਭੀਰਤਾ ਨਾਲ ਲੈਂਦਿਆਂ ਉਸ ਦੇ ਨਾਲ ਤੁਰ ਪਿਆ। ਇਸ ਸਬੰਧੀ ਉਸ ਨੇ ਰਾਧਿਕਾ ਨਾਲ ਕੋਈ ਗੱਲ ਨਹੀਂ ਕੀਤੀ। ਉਸ ਨੂੰ ਨੌਕਰ ਨੇ ਡਰਾਇੰਗ ਰੂਮ ਵਿੱਚ ਛੱਡ ਦਿੱਤਾ। ਸਾਹਮਣੇ ਸੋਫੇ 'ਤੇ ਰਾਧਿਕਾ ਦਾ ਪਿਤਾ ਬੈਠਾ ਸੀ। ਉਸ ਨੇ ਉਸ ਨੂੰ ਬੈਠਣ ਲਈ ਨਹੀਂ ਕਿਹਾ ਸਗੋਂ ਰੋਅਬ ਨਾਲ ਮੁੱਛਾਂ ਨੂੰ ਤਾਅ ਦਿੰਦਿਆਂ ਕਿਹਾ, ਮੈਨੂੰ ਪਤਾ ਲੱਗਿਐ ਬਈ ਤੂੰ ਮੇਰੀ ਕੁੜੀ ਨੂੰ ਭਰਮਾਈ ਫਿਰਦੈਂ। ਉਹਦਾ ਖਹਿੜਾ ਛੱਡ ਦੇ। ਨਹੀਂ ਫਿਰ..... ਉਸ ਨੇ ਸਾਹਮਣੇ ਟੰਗੀ ਰਾਈਫਲ ਵੱਲ ਅੱਖਾਂ ਦਾ ਇਸ਼ਾਰਾ ਕਰਦਿਆਂ ਕਿਹਾ। ਉਸ ਦੇ ਮੂੰਹੋਂ ਮਸਾਂ ਹੀ ਇਹ ਸ਼ਬਦ ਨਿਕਲੇ, ਠੀਕ ਐ ਜੀ। ਅੱਜ ਤੋਂ..... ਉਸ ਦਿਨ ਉਹ ਕਾਲਜ ਨਹੀਂ ਗਿਆ। ਕਮਰੇ ਵਿੱਚ ਆ ਕੇ ਭੁੱਬੀਂ ਰੋ ਪਿਆ। ਉਹਦਾ ਉਡਿਆ ਮੂੰਹ ਅਤੇ ਰੋ ਰੋ ਕੇ ਲਾਲ ਹੋਈਆਂ ਅੱਖਾਂ ਵੇਖ ਕੇ ਉਸ ਦੇ ਰੂਮਮੇਟ ਨੇ ਕਾਰਨ ਪੁੱਛਿਆ ਤਾਂ ਉਸ ਦੀ ਭੁੱਬ ਨਿਕਲ ਗਈ, ਮੈਥੋਂ ਮੇਰੀ ਰਾਧਿਕਾ ਖੋਹੀ ਜਾ ਰਹੀ ਹੈ। ਨਾਲ ਹੀ ਉਸ ਦੇ ਬਾਪ ਨੇ ਮੈਨੂੰ ਮਾਰਨ ਦੀ ਧਮਕੀ ਵੀ ਦਿੱਤੀ ਹੈ। ਉਸ ਦੇ ਦੋਸਤ ਨੇ ਉਸ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ, ਇਹੋ ਜਿਹੇ ਵਿਗੜੇ ਚੌਧਰੀਆਂ ਦਾ ਕੋਈ ਪਤਾ ਨਹੀਂ ਐਵੇਂ। ਤੂੰ ਮਾਂ-ਬਾਪ ਦਾ ਇਕਲੌਤਾ ਪੁੱਤ ਏਂ। ਆਪਣੇ ਬਜ਼ੁਰਗ ਮਾਂ-ਬਾਪ ਅਤੇ ਭੈਣ ਵੱਲ ਵੇਖ। ਕਿਤੇ ਜ਼ਿੰਦਗੀ ਤੋਂ ਹੱਥ ਨਾ ਧੋ ਬੈਠੀਂ। ਹੁਣ ਤੂੰ ਇਹ ਸਭ ਕੁਝ ਭੁੱਲ ਕੇ ਪੜ੍ਹਾਈ 'ਤੇ ਧਿਆਨ ਲਾ। ਸੋਚ ਲੈ, ਮੁਹੱਬਤ ਗੁੰਮ ਹੋ ਗਈ ਹੈ। ਰਾਧਿਕਾ ਨਾਲ ਬੋਲਚਾਲ ਬੰਦ ਕਰਦੇ। ਬੱਸ ਇੱਕ ਚੁੱਪ ਦਾ ਰਿਸ਼ਤਾ ਰੱਖ ਉਹਦੇ ਨਾਲ। ਕਿਵੇਂ ਨਾ ਕਿਵੇਂ ਉਹਨੂੰ ਆਪੇ ਪਤਾ ਲੱਗ ਜਾਊ ਤੇਰੀ ਮਜਬੂਰੀ ਦਾ। ਉਸ ਨੇ ਇੰਝ ਹੀ ਕੀਤਾ। ਰਾਧਿਕਾ ਉਸ ਦੇ ਸਾਹਾਂ ਵਿੱਚ ਵਸੀ ਰਹੀ ਪਰ ਉਸ ਨੇ ਸਿਸਕਦੀ ਮੁਹੱਬਤ ਦੇ ਅੱਥਰੂ ਜੱਗ ਜ਼ਾਹਰ ਨਹੀਂ ਹੋਣ ਦਿੱਤੇ। ਰਾਧਿਕਾ ਜਦੋਂ ਵੀ ਉਹਦੇ ਸਾਹਮਣੇ ਆਉਂਦੀ ਉਹ ਤੇਜ਼ੀ ਨਾਲ ਅਗਾਂਹ ਲੰਘ ਜਾਂਦਾ ਜਾਂ ਫਿਰ ਕਿਸੇ ਹੋਰ ਦੋਸਤ ਨਾਲ ਗੱਲੀਂ ਲੱਗ ਕੇ ਰਾਧਿਕਾ ਕੋਲੋਂ ਲੰਘ ਜਾਂਦਾ। ਉਸ ਨੂੰ ਇੰਝ ਲੱਗਦਾ ਜਿਵੇਂ ਉਹ ਹਰ ਰੋਜ਼ ਮੁਹੱਬਤ ਦੀ ਲਾਸ਼ 'ਤੇ ਪੈਰ ਰੱਖ ਰਿਹਾ ਹੋਵੇ। ਰਾਧਿਕਾ ਹੈਰਾਨ ਪਰੇਸ਼ਾਨ ਹੋ ਕੇ ਉਹਦੇ ਵੱਲ ਵਿੰਹਦੀ ਪਰ ਉਸ ਦੇ ਚਿਹਰੇ 'ਤੇ ਛਾਈ ਖ਼ਾਮੋਸ਼ੀ ਦੀ ਕੰਧ ਨੂੰ ਪਾਰ ਕਰਨ ਦਾ ਹੌਸਲਾ ਉਸ ਦਾ ਵੀ ਨਾ ਹੋਇਆ। 'ਰੱਬੀ ਰੂਹ' ਵਾਲਾ ਪਿੱਪਲ ਵੀ ਉਨ੍ਹਾਂ ਦੀ ਆਮਦ ਬਿਨਾਂ ਉਦਾਸ ਜਿਹਾ ਲੱਗਦਾ ਸੀ। ਦੋ ਸਾਲ ਉਸ ਨੇ ਇੰਝ ਹੀ ਕਠਿਨ ਤਪੱਸਿਆ, ਜਜ਼ਬਾਤ ਦੀ ਉਥਲ-ਪੁਥਲ, ਸਿਸਕਦੇ ਸੁਪਨਿਆਂ ਅਤੇ ਉਨੀਂਦਰੀਆਂ ਰਾਤਾਂ ਸੰਗ ਗੁਜ਼ਾਰੇ। ਆਖ਼ਰੀ ਸਾਲ ਦੇ ਪੇਪਰ ਦੇ ਕੇ ਉਹ ਭਰੇ ਮਨ ਨਾਲ ਘਰ ਆ ਗਿਆ। ਦੋ ਕੁ ਮਹੀਨਿਆਂ ਬਾਅਦ ਨਤੀਜਾ ਆਇਆ। ਉਹ ਕਾਲਜ ਵਿੱਚੋਂ ਫਸਟ ਪੁਜੀਸ਼ਨ ਵਿੱਚ ਪਾਸ ਹੋ ਗਿਆ। ਰਾਧਿਕਾ ਵੀ ਚੰਗੇ ਨੰਬਰਾਂ ਨਾਲ ਪਾਸ ਹੋ ਗਈ। ਰਾਧਿਕਾ ਦੇ ਪਾਸ ਹੋਣ 'ਤੇ ਉਸ ਦੇ ਚਿਹਰੇ 'ਤੇ ਮੁਸਕਰਾਹਟ ਛਾ ਗਈ।

ਰਾਧਿਕਾ ਨੇ ਉੱਥੇ ਹੀ ਯੂਨੀਵਰਸਿਟੀ ਵਿੱਚ ਐਮ.ਏ. ਅੰਗਰੇਜ਼ੀ ਵਿੱਚ ਦਾਖਲਾ ਲੈ ਲਿਆ ਪਰ ਉਸ ਨੇ ਉਸ ਯੂਨੀਵਰਸਿਟੀ ਦੀ ਥਾਂ ਹੋਰ ਯੂਨੀਵਰਸਿਟੀ ਵਿੱਚ ਅਰਥ ਸ਼ਾਸਤਰ ਦੀ ਐਮ.ਏ. ਵਿੱਚ ਦਾਖਲਾ ਲੈ ਲਿਆ। ਸਮਾਂ ਆਪਣੀ ਚਾਲ ਤੁਰਦਾ ਰਿਹਾ ਪਰ ਰਾਧਿਕਾ ਅਤੇ ਰੱਬੀ ਰੂਹ ਪਿੱਪਲ ਉਹਦੇ ਅੰਗ ਸੰਗ ਰਹੇ। ਐਮ.ਏ. ਕਰਨ ਉਪਰੰਤ ਉਸ ਨੂੰ ਬੈਂਕ ਵਿੱਚ ਸਹਾਇਕ ਮੈਨੇਜਰ ਦੀ ਨੌਕਰੀ ਮਿਲ ਗਈ। ਸਖ਼ਤ ਮਿਹਨਤ, ਦਿਆਨਦਾਰੀ ਅਤੇ ਕੰਮ ਪ੍ਰਤੀ ਲਗਨ ਉਸ ਦੇ ਅੰਗ ਸੰਗ ਰਹੀ। ਆਪਣੇ ਆਪ ਨੂੰ ਰੁਝੇਵੇਂ ਵਿੱਚ ਰੱਖਣ ਲਈ ਉਸ ਨੇ ਸਮਾਜ ਸੇਵਾ, ਲਿਖਣ ਪ੍ਰਕਿਰਿਆ ਅਤੇ ਪੜ੍ਹਨ ਲਿਖਣ ਦਾ ਕਾਰਜ ਜਾਰੀ ਰੱਖਿਆ। ਇਨ੍ਹਾਂ ਕੰਮਾਂ ਵਿੱਚ ਉਸ ਨੂੰ ਅਥਾਹ ਸਕੂਨ ਮਿਲਦਾ ਸੀ। ਕਦੇ-ਕਦੇ ਉਸ ਦੀ ਭੈਣ ਆ ਜਾਂਦੀ ਅਤੇ ਕਦੇ ਕੋਈ ਸਹਿਕਰਮੀ, ਕਦੇ ਕੋਈ ਫਰਿਆਦੀ ਜਾਂ ਫਿਰ ਪੈੱਨ, ਕਾਪੀ ਅਤੇ ਕਿਤਾਬਾਂ ਉਹਦੇ ਅੰਗ-ਸੰਗ ਰਹਿੰਦੀਆਂ।

ਸੱਦਾ ਪੱਤਰ ਉਸ ਨੇ ਦੋ-ਤਿੰਨ ਵਾਰ ਪੜ੍ਹਿਆ। ਯਾਦਾਂ ਦੇ ਝੁਰਮਟ ਵਿੱਚ ਘਿਰੇ ਹੋਏ ਨੇ ਆਦਰ ਨਾਲ ਆਉਣ ਦੀ ਸਹਿਮਤੀ ਦੇ ਨਾਲ ਮਿਤੀ ਅਤੇ ਸਮਾਂ ਲਿਖਕੇ ਖ਼ਤ ਪੋਸਟ ਕਰ ਦਿੱਤਾ।

ਨਿਸ਼ਚਿਤ ਸਮੇਂ 'ਤੇ ਉਹ ਕਾਲਜ ਦੇ ਗੇਟ 'ਤੇ ਪੁੱਜ ਗਿਆ। ਕਾਲਜ ਦੇ ਪ੍ਰਿੰਸੀਪਲ ਨੇ ਉਸ ਦਾ ਸਵਾਗਤ ਕੀਤਾ। ਅਗਾਂਹ ਕੁਝ ਕਦਮਾਂ 'ਤੇ ਸਟਾਫ ਵੀ ਉਸ ਦੇ ਸਵਾਗਤ ਲਈ ਖੜੋਤਾ ਸੀ। ਉਸ ਨੇ ਨਜ਼ਰ ਭਰ ਕੇ ਵੇਖਿਆ। ਸਟਾਫ ਵਿੱਚ ਰਾਧਿਕਾ ਵੀ ਸ਼ਾਮਿਲ ਸੀ। ਉਸ ਨੇ ਪਿਆਰ ਨਾਲ ਉਹਦੇ ਵੱਲ ਵੇਖਿਆ। ਇੰਝ ਲੱਗਿਆ ਜਿਵੇਂ ਰਾਧਿਕਾ ਦੀਆਂ ਨਜ਼ਰਾਂ ਉਸ ਨੂੰ ਕਹਿ ਰਹੀਆਂ ਹੋਣ, ਅੱਜ ਵੀ ਆਪਣੀ ਚੁੱਪ ਨਹੀਂ ਤੋੜੇਂਗਾ? ਅਤੇ ਫਿਰ ਉਸ ਨੇ ਪਿਆਰ ਭਰੇ ਲਹਿਜੇ ਵਿੱਚ ਕਿਹਾ, ਮੈਂ ਇੱਥੇ ਅੰਗਰੇਜ਼ੀ ਦੀ ਲੈਕਚਰਾਰ ਹਾਂ।

ਉਸ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਮੰਜ਼ਿਲ ਪ੍ਰਾਪਤੀ ਲਈ ਸਖ਼ਤ ਮਿਹਨਤ ਤੋਂ ਬਿਨਾਂ ਹੋਰ ਕੋਈ ਸ਼ਾਟਕੱਟ ਨਹੀਂ ਹੈ। ਆਪਣੇ ਅਤੀਤ ਅਤੇ ਵਰਤਮਾਨ ਜੀਵਨ ਦੀਆਂ ਕਈ ਗੱਲਾਂ ਉਸ ਨੇ ਸਾਂਝੀਆਂ ਕੀਤੀਆਂ। ਜਦੋਂ ਉਸ ਨੇ ਇਹ ਕਿਹਾ, ਮੈਨੂੰ ਇਸ ਗੱਲ ਦਾ ਮਾਣ ਹੈ ਕਿ ਤੁਹਾਡੀ ਅੰਗਰੇਜ਼ੀ ਦੀ ਪ੍ਰੋਫੈਸਰ ਰਾਧਿਕਾ ਜੀ ਮੇਰੇ ਕਲਾਸ ਫੈਲੋ ਹਨ। ਉਸ ਨੇ ਨਜ਼ਰ ਭਰ ਕੇ ਰਾਧਿਕਾ ਵੱਲ ਵੇਖਿਆ, ਉਸ ਦੇ ਚਿਹਰੇ 'ਤੇ ਲਾਲੀ ਛਾ ਗਈ ਸੀ।

ਕਾਲਜ ਵਿੱਚ ਪ੍ਰਿੰਸੀਪਲ ਅਤੇ ਸਟਾਫ ਨਾਲ ਚਾਹ ਪੀਣ ਤੋਂ ਬਾਅਦ ਉਸ ਨੇ ਉਨ੍ਹਾਂ ਕੋਲੋਂ ਵਿਦਾਇਗੀ ਲੈ ਲਈ। ਉਸ ਤੋਂ ਰਿਹਾ ਨਾ ਗਿਆ ਅਤੇ ਉਸ ਨੇ ਆਪਣੀ ਕਾਰ ਦਾ ਸਟੀਅਰਿੰਗ ਰੱਬੀ ਰੂਹ ਵਾਲੇ ਪਿੱਪਲ ਵੱਲ ਮੋੜ ਦਿੱਤਾ। ਕਾਰ ਰੋਕ ਕੇ ਉਸ ਨੇ ਪਿੱਪਲ ਨੂੰ ਨੀਝ ਨਾਲ ਵੇਖਿਆ। ਪਿੱਪਲ ਦੀ ਛਾਂ ਹੋਰ ਵੀ ਸੰਘਣੀ ਹੋ ਗਈ ਸੀ ਅਤੇ ਉਹ ਦੂਰ ਤੱਕ ਆਲੇ-ਦੁਆਲੇ ਫੈਲ ਚੁੱਕਿਆ ਸੀ। ਉਹ ਗੁੰਮ-ਸੁੰਮ ਦਰੱਖਤ ਹੇਠਾਂ ਖਲੋਤਾ ਰਿਹਾ। ਉਹ ਅੱਖਾਂ ਬੰਦ ਕਰਕੇ ਅਤੀਤ ਦੇ ਪਲਾਂ ਦਾ ਆਨੰਦ ਮਾਣ ਰਿਹਾ ਸੀ। ਉਸ ਦੇ ਹੱਥਾਂ ਨੂੰ ਜਦੋਂ ਪਿਆਰੇ ਜਿਹੇ ਹੱਥਾਂ ਨੇ ਛੋਹਿਆ ਤਾਂ ਉਸ ਨੇ ਅੱਖਾਂ ਖੋਲ੍ਹੀਆਂ। ਸਾਹਮਣੇ ਰਾਧਿਕਾ ਖੜ੍ਹੀ ਸੀ।

ਤੂੰ..... ਉਸ ਦਾ ਹੱਥ ਘੁੱਟ ਕੇ ਫੜਦਿਆਂ ਉਹਦੀ ਭੁੱਬ ਨਿਕਲ ਗਈ।

ਕੁਝ ਦੇਰ ਦੋਵਾਂ ਦਰਮਿਆਨ ਖ਼ਾਮੋਸ਼ੀ ਛਾਈ ਰਹੀ। ਫਿਰ ਰਾਧਿਕਾ ਨੇ ਚੁੱਪ ਤੋੜੀ, ਪਿਤਾ ਜੀ ਸਖ਼ਤ ਬਿਮਾਰ ਹੋ ਗਏ ਸਨ। ਕੈਂਸਰ ਤੋਂ ਪੀੜਤ ਸਨ ਉਹ। ਉਹ ਮੈਨੂੰ ਕੁਝ ਕਹਿਣਾ ਚਾਹੁੰਦੇ ਸਨ ਪਰ ਕਹਿ ਨਹੀਂ ਸਕੇ। ਆਖ਼ਰ ਮਾਂ ਨੇ ਰਾਜ਼ ਦੀ ਗੱਲ ਦੱਸੀ ਕਿ ਕਿਸ ਤਰ੍ਹਾਂ ਤੈਨੂੰ ਮੇਰੇ ਰਾਹ ਵਿੱਚੋਂ ਹਟਾਉਣ ਲਈ ਮਾਰਨ ਦੀ ਧਮਕੀ ਦਿੱਤੀ ਸੀ ਅਤੇ ਫਿਰ ਤੂੰ ਬਿਲਕੁਲ ਹੀ ਦਰਵੇਸ਼ੀ ਧਾਰ ਲਈ। ਮੇਰੇ ਬਾਪ ਨੂੰ ਆਖ਼ਰੀ ਦਮ ਤੱਕ ਤੇਰੇ ਨਾਲ ਕੀਤੇ ਵਰਤਾਉ ਦਾ ਪਛਤਾਵਾ ਰਿਹਾ। ਕੁਝ ਸਮੇਂ ਬਾਅਦ ਮਾਂ ਵੀ ਚਲ ਵਸੀ ਅਤੇ ਮੈਂ.....

ਤੂੰ ਵਿਆਹ ਕਰਵਾ ਲਿਆ ਹੋਣੈ? ਕਿੰਨੇ ਬੱਚਿਆਂ ਦੀ ਮਾਂ ਹੈ?

ਉਸ ਨੇ ਉਹਦੇ ਵੱਲ ਰੀਝ ਨਾਲ ਵਿੰਹਦਿਆਂ ਕਿਹਾ, ਵਿਆਹ ਕੀਹਦੇ ਨਾਲ ਕਰਵਾਉਂਦੀ? ਤੇਰੇ ਨਾਲੋਂ ਵਧੀਆ ਕੋਈ ਹੋ ਹੀ ਨਹੀਂ ਸੀ ਸਕਦਾ। ਮੈਂ ਤੇਰੀਆਂ ਯਾਦਾਂ ਦੇ ਸਹਾਰੇ ਜਿਉਂਦੀ ਹਾਂ। ਫਿਰ ਉਸ ਨੇ ਅੱਥਰੂ ਪੂੰਝਦਿਆਂ ਕਿਹਾ, ਤੂੰ ਆਪਣੇ ਬਾਰੇ ਕੁਝ ਨਹੀਂ ਦੱਸਿਆ? ਕਿਹੋ ਜਿਹੀ ਚੱਲ ਰਹੀ ਹੈ ਵਿਆਹੁਤਾ ਜ਼ਿੰਦਗੀ? ਉਹ ਫਿੱਕੀ ਜਿਹੀ ਹਾਸੀ ਹੱਸਦਿਆਂ ਬੋਲਿਆ, ਪਹਿਲਾਂ ਤੈਨੂੰ ਮੈਂ ਆਪਣੇ ਘਰ ਦੀ ਫੋਟੋ ਵਿਖਾਉਂਦਾ ਹਾਂ। ਉਸ ਨੇ ਪਰਸ ਵਿੱਚੋਂ ਫੋਟੋ ਕੱਢੀ ਅਤੇ ਰਾਧਿਕਾ ਵੱਲ ਵਧਾ ਦਿੱਤੀ। ਘਰ ਦੇ ਗੇਟ 'ਤੇ ਮੋਟੇ ਅੱਖਰਾਂ ਵਿੱਚ ਲਿਖਿਆ ਸੀ ਰਾਧਿਕਾ ਨਿਵਾਸ ਅਤੇ ਫਿਰ ਮੁਸਕਰਾ ਕੇ ਕਿਹਾ, ਭਲਾ ਰਾਧਿਕਾ ਨਿਵਾਸ ਵਿੱਚ ਤੇਰੇ ਬਿਨਾਂ ਕੌਣ ਆ ਸਕਦਾ ਸੀ?"

ਫਿਰ ਦੋਵੇਂ ਖਿੜਖਿੜਾ ਕੇ ਹੱਸ ਪਏ। ਉਸ ਦੇ ਚਿਹਰੇ 'ਤੇ ਨਜ਼ਰਾਂ ਗੱਡਦਿਆਂ ਕਿਹਾ, ਰਾਧਿਕਾ ਨਿਵਾਸ ਬੜੀ ਦੇਰ ਤੋਂ ਤੇਰੀ ਉਡੀਕ ਕਰ ਰਿਹਾ ਹੈ। ਆਉਣ ਲਈ ਤਿਆਰ ਹੈਂ ਨਾ? ਰਾਧਿਕਾ ਨੇ ਉਸ ਦਾ ਹੱਥ ਘੁੱਟ ਕੇ ਫੜਦਿਆਂ ਕਿਹਾ, ਇਨ੍ਹਾਂ ਬੋਲਾਂ ਲਈ ਤਾਂ ਮੈਂ ਤਰਸ ਗਈ ਹਾਂ। ਬੋਲ, ਅੱਜ ਹੀ ਤੇਰੇ ਨਾਲ ਚੱਲਾਂ?

ਉਸ ਨੇ ਮੁਸਕਰਾਉਂਦਿਆਂ ਕਿਹਾ, ਜਿੱਥੇ ਆਪਾਂ 20-22 ਸਾਲ ਬਿਨਾਂ ਮਿਲਿਆਂ ਗੁਜ਼ਾਰ ਦਿੱਤੇ, ਉੱਥੇ ਕੁਝ ਦਿਨ ਹੋਰ ਗੁਜ਼ਾਰ ਲਈਏ। ਤੈਨੂੰ ਸ਼ਾਨ ਨਾਲ ਲੈ ਕੇ ਜਾਵਾਂਗਾ।" ਉਨ੍ਹਾਂ ਦਾ ਸੰਦਲੀ ਹਾਸਾ ਇੰਝ ਲੱਗਦਾ ਸੀ ਜਿਵੇਂ ਬੰਸਰੀਵਾਦਨ ਹੋ ਰਿਹਾ ਹੋਵੇ।

ਵਿਦਾ ਹੋਣ ਵੇਲੇ ਛੇਤੀ ਮਿਲਣ ਦੇ ਵਾਅਦੇ ਨਾਲ ਉਹ ਕਾਰ ਵਿੱਚ ਬਹਿ ਗਿਆ।

ਰਾਧਿਕਾ ਜਾਂਦੀ ਕਾਰ ਵੱਲ ਨੀਝ ਨਾਲ ਵਿਹੰਦੀ ਰਹੀ ਅਤੇ ਉਹ ਸਟੀਅਰਿੰਗ ਹੱਥ ਵਿੱਚ ਫੜੀ ਮੁਸਕੁਰਾਉਂਦਿਆਂ ਗਾ ਰਿਹਾ ਸੀ, ਅੱਜ ਦਾ ਦਿਨ ਮਹਿਕ ਭਿੱਜਾ ਹੋ ਗਿਆ, ਸੱਜਣਾਂ ਦੇ ਨੈਣਾਂ 'ਚੋਂ ਮਿਲਿਐ ਸਲਾਮ। ਰਾਹ ਵਿੱਚ ਜਾਂਦਿਆਂ ਉਹ ਰਾਧਿਕਾ ਨਿਵਾਸ ਨੂੰ ਪੂਰੀ ਤਰ੍ਹਾਂ ਸਜਾਉਣ ਲਈ ਵਿਉਂਤਬੰਦੀ ਕਰ ਰਿਹਾ ਸੀ।

---

ਮਿੰਨੀ ਕਹਾਣੀ

ਹਰਭਿੰਦਰ ਸਿੰਘ ਸੰਧੂ

# ਬਦਲਿਆ ਕੀ?



ਜਿੰਦਰ ਦਸ ਸਾਲ ਮਗਰੋਂ ਵਿਦੇਸ਼ ਤੋਂ ਵਾਪਸ ਪਿੰਡ ਆਇਆ ਸੀ। ਉਸ ਦੇ ਪਿੱਛੋਂ ਪੰਜਾਬ ਵਿੱਚ ਦੋ ਸਰਕਾਰਾਂ ਬਦਲ ਚੁੱਕੀਆਂ ਸਨ। ਅਖ਼ਬਾਰਾਂ ਮੁਤਾਬਿਕ ਤਾਂ ਹੁਣ ਦਫ਼ਤਰੀ ਕੰਮ ਵਿਦੇਸ਼ ਦੀ ਤਰਜ਼ 'ਤੇ ਹੁੰਦੇ ਸਨ। ਅੱਜ ਉਸ ਦੇ ਬਾਪੂ ਨੇ ਆਪਣੀ ਕੁਝ ਜ਼ਮੀਨ ਜਿੰਦਰ ਦੇ ਨਾਮ ਕਰਾਉਣ ਲਈ ਕਚਹਿਰੀ ਜਾਣਾ ਸੀ ਕਿਉਂਕਿ ਕਾਲਮਨਵੀਸ ਮੁਤਾਬਿਕ ਤਹਿਸੀਲਦਾਰ ਨੇ ਪੂਰੇ ਦਸ ਵਜੇ ਆ ਜਾਣਾ ਸੀ। ਜਿੰਦਰ ਦੇ ਬਾਪੂ ਨੇ ਰੋਟੀ ਖਾ ਲਈ ਸੀ। ਜਦੋਂ ਜਿੰਦਰ ਦੀ ਭੈਣ ਉਸ ਨੂੰ ਰੋਟੀ ਖਾਣ ਵਾਸਤੇ ਕਿਹਾ ਤਾਂ ਉਹ ਬੋਲਿਆ, "ਭੈਣੇ, ਬੱਸ ਥੋੜ੍ਹਾ ਚਿਰ ਹੀ ਲੱਗਣਾ ਉੱਥੇ। ਮੈਂ ਆ ਕੇ ਖਾਵਾਂਗਾ ਰੋਟੀ।"

ਕਾਨੂੰਨ ਮੁਤਾਬਿਕ ਉਹ ਪਿੰਡੋਂ ਸੱਤ ਬੰਦੇ ਗਵਾਹ ਦੇ ਤੌਰ 'ਤੇ ਹੋਰ ਲੈ ਕੇ ਗਏ ਸਨ। ਜਦੋਂ ਦਫ਼ਤਰ ਪਹੁੰਚੇ ਤਾਂ ਤਹਿਸੀਲਦਾਰ ਅਜੇ ਨਹੀਂ ਸੀ ਆਇਆ। ਜਿਸ ਮੁਲਾਜ਼ਮ ਤੋਂ ਵੀ ਪੁੱਛਦੇ, ਇੱਕੋ ਰਟਿਆ ਜਵਾਬ ਮਿਲਦਾ, "ਬੱਸ ਸਾਬ੍ਹ ਪਹੁੰਚਣ ਹੀ ਵਾਲੇ ਨੇ। ਦੁਪਹਿਰ ਦੇ ਦੋ ਵੱਜ ਚੁੱਕੇ ਸਨ। ਸਭ ਦੇ ਚਿਹਰਿਆਂ ਤੋਂ ਭੁੱਖ ਦਾ ਅੰਦਾਜ਼ਾ ਲੱਗ ਰਿਹਾ ਸੀ। ਪਰ ਕੋਈ ਵੀ ਬਾਹਰ ਢਾਬੇ 'ਤੇ ਜਾਣ ਦਾ ਰਿਸਕ ਨਹੀਂ ਸੀ ਲੈ ਰਿਹਾ ਤਾਂ ਜੋ ਉਨ੍ਹਾਂ ਦੀ ਵਾਰੀ ਲੰਘ ਨਾ ਜਾਵੇ। ਜਦੋਂ ਸ਼ਾਮ ਦੇ ਚਾਰ ਵਜੇ ਤਹਿਸੀਲਦਾਰ ਆਇਆ ਤਾਂ ਕੰਮ ਹੋਣ ਤੋਂ ਬਾਅਦ ਜਿੰਦਰ ਦੇ ਦਿਮਾਗ਼ ਵਿੱਚ ਇੱਕੋ ਹੀ ਗੱਲ ਘੁੰਮੀ ਜਾ ਰਹੀ ਸੀ ਕਿ ਦਸ ਸਾਲ ਪਹਿਲਾਂ ਵੀ ਇਹ ਹਾਲ ਸੀ ਤੇ ਅੱਜ ਵੀ ਉਹੀ ਹਾਲ ਏ। ਬਦਲਿਆ ਕੀ?

# ਮੇਰੀ ਕਲਮ



## ਬਾਪੂ
ਗੁਰਪ੍ਰੀਤ ਕੌਰ ਕੱਟੂ

ਕਾਸ਼ ਕਿਤੇ ਕਬਰਾਂ ਵਿਚੋਂ ਉਠ ਜਾਂਦਾ ਬਾਪੂ
ਤੈਨੂੰ ਦਿਲ ਦਾ ਹਾਲ ਸੁਣਾਉਂਦਾ,
ਰੋਂਦੀ ਤੇਰੀ ਧੀ ਨੂੰ ਤੇਰੇ ਬਿਨਾਂ ਕੋਈ ਨਹੀਂ ਚੁੱਪ ਕਰਾਉਂਦਾ
ਕਈ ਆਏ ਕਈ ਗਏ ਕਈ ਆਪਣਾ ਮਤਲਬ ਕੱਢ ਗਏ
ਦੁੱਖ ਉਦੋਂ ਜ਼ਿਆਦਾ ਲਗਦਾ ਜਦੋਂ ਆਪਣੇ ਹੀ ਛੱਡ ਗਏ
ਹਰ ਇਕ ਦੀ ਸਦਾ ਮੰਗਾਂ ਖ਼ੈਰਾਂ ਫਿਰ ਵੀ ਮੇਰੇ ਤੋਂ ਕਿਉਂ ਸੜਦੇ ਨੇ
ਕਹਿ ਕੇ ਪੁੱਤ-ਪੁੱਤ ਕਿਉਂ ਮੇਰੀਆਂ ਹੀ ਜੜ੍ਹਾਂ ਵਢਦੇ ਨੇ
ਬਾਕੀ ਸਭ ਰਿਸ਼ਤੇ ਕੱਚੇ ਇੱਕ ਤੇਰਾ ਹੀ ਪੱਕਾ ਸੀ
ਲੱਖ ਹੋਰ ਨੇ ਰਿਸ਼ਤੇਦਾਰ ਪਰ ਮੈਨੂੰ ਹੁਣ ਪਤਾ ਲਗਿਆ
ਮੈਂ ਤਾਂ ਇੱਕਲੀ ਤੇਰਾ ਹੀ ਬੱਚਾ ਸੀ।
ਨਾ ਤੇਰੇ ਬਿਨਾਂ ਧੀ ਕਿਹਾ ਕਿਸੇ ਨੇ ਨਾ ਹੱਥ ਸਿਰ 'ਤੇ ਕੋਈ ਧਰਦਾ
ਹੁਣ ਪਤਾ ਲੱਗ ਗਿਆ ਬਾਪੂ ਤੇਰੇ ਜਿੰਨਾ ਮੇਰਾ ਕੋਈ ਨਹੀਂ ਕਰਦਾ
ਜੇ ਤੂੰ ਹੁੰਦਾ ਕਿਤੇ ਅੱਜ ਮੇਰੀ ਵੇਖ ਤਰੱਕੀ ਕਿੰਨਾ ਖ਼ੁਸ਼ ਹੁੰਦਾ।
ਨਾ ਕਰਦਾ ਦਿਖਾਵਾ ਹੋਰਾਂ ਵਾਂਗ ਨਾ ਦਿਲ ਵਿਚ ਤੇਰੇ ਦੁੱਖ ਹੁੰਦਾ।
ਕਮੀ ਤੇਰੀ ਮਹਿਸੂਸ ਹੁੰਦੀ ਘਾਟ ਰੜਕਦੀ ਰਹਿਣੀ
ਤੇਰੀ ਜਗ੍ਹਾਂ ਬਾਪੂ ਮੇਰੇ ਹੋਰ ਕਿਸੇ ਨੇ ਨਹੀਂ ਲੈਣੀ

## ਰੋਟੀ
ਰਣਬੀਰ ਸਿੰਘ ਪ੍ਰਿੰਸ



ਮਿਹਨਤ ਵਿੱਚ ਵਿਸ਼ਵਾਸ ਰਖੀਏ, ਨੀਯਤ ਨਾ ਰਖੀਏ ਖੋਟੀ,
ਪੱਥਰਾਂ ਵਿੱਚ ਵੀ ਦੇਣ ਲਈ ਬੈਠਾ, ਮਾਲਕ ਸਭ ਨੂੰ ਰੋਟੀ,
ਭਾਵੇਂ ਕੋਈ ਜ਼ਮੀਨਾਂ ਵਾਲਾ, ਭਾਵੇਂ ਬੇ-ਜ਼ਮੀਨਾ,
ਭਾਵੇਂ ਕੋਈ ਸਾਧ-ਸੰਤ ਜਾਂ ਕੋਈ ਠੱਗ ਕਮੀਨਾ,
ਭਾਵੇਂ ਪਾਵੇ ਭਗਵਾਂ, ਨਾਂਗਾ -2, ਭਾਵੇਂ ਤੇੜ ਲੰਗੋਟੀ,
ਪੱਥਰਾਂ ਵਿੱਚ ਵੀ ਦੇਣ ਲਈ ਬੈਠਾ ਮਾਲਕ ਸਭ ਨੂੰ ਰੋਟੀ,
ਅਉਧ ਘੱਟ ਗਈ ਕੰਮ ਨਾ ਆਵੇ, ਨਾ ਤੇਰੀ ਨਾ ਮੇਰੀ,
ਕੁੰਦਨ ਵਰਗੀ ਦੇਹ ਪਲਾਂ ਵਿੱਚ, ਹੋਜੇ ਰਾਖ ਦੀ ਢੇਰੀ,
ਵਕਤ ਬੀਤਿਆ ਹੱਥ ਨਾ ਆਵੇ, ਰਹਿਜੇ ਨਬਜ਼ ਖਲੋਤੀ,
ਪੱਥਰਾਂ ਵਿੱਚ ਦੇਣ ਲਈ ਬੈਠਾ ਮਾਲਕ ਸਭ ਨੂੰ ਰੋਟੀ
ਮਾਰ-ਮਾਰ ਕੇ ਠੱਗੀਆਂ ਰਹਿੰਦਾ, ਘੜਾ ਪਾਪ ਦਾ ਭਰਦਾ,
ਆਹ ਵੀ ਮੇਰਾ ਉਹ ਵੀ ਮੇਰਾ, ਹਰ ਪਲ ਰਹਿੰਦਾ ਕਰਦਾ,
ਅੰਤ ਵੇਲੇ ਕਦੇ ਨਾਲ ਨਹੀਂ ਜਾਂਦੀ, ਦੌਲਤ ਸ਼ੌਹਰਤ ਫੋਕੀ,
ਪੱਥਰਾਂ ਵਿੱਚ ਵੀ ਦੇਣ ਲਈ ਬੈਠਾ, ਮਾਲਕ ਸਭ ਨੂੰ ਰੋਟੀ,
ਇਕੋ ਰਾਮ ਵਾਹਿਗੁਰੂ ਦੋਵੇਂ, ਇਕੋ ਗੌਡ ਤੇ ਅੱਲ੍ਹਾ,
ਸਬਰ ਸਿਦਕ ਨਾਲ ਫੜ ਕੇ ਬਹਿਜਾ ਉਸ ਡਾਹਢੇ ਦਾ ਪੱਲਾ,
ਭਾਵੇਂ ਪੜ੍ਹ ਲੈ ਵੇਦ ਗ੍ਰੰਥ ਤੂੰ, ਪ੍ਰਿੰਸ ਭਾਵੇਂ ਗੀਤਾ ਪੋਥੀ,
ਪੱਥਰਾਂ ਵਿੱਚ ਵੀ ਦੇਣ ਲਈ ਬੈਠਾ ਮਾਲਕ ਸਭ ਨੂੰ ਰੋਟੀ॥

## ਨੀਂਵਾਣੇ ਸਿੱਖ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308

ਨੀਂਵਾਣੇ ਸਿੱਖ ਅੱਜ ਬਣ ਰਹੇ, ਨੇ ਬਹੁਤ ਨਿਮਾਣੇ,
ਛੁਪਾ ਰਹੇ ਨੇ ਕਾਲ਼ੇ ਹਿਰਦੇ, ਪਾ ਉੱਜਲੇ ਬਾਣੇ।
ਪਲੀਤ ਕਰਨਗੇ ਅਕਾਲ ਤਖ਼ਤ ਨੂੰ, ਮੰਗ ਮੁਆਫੀ,
ਬੁਣਨਗੇ ਕੁੱਝ ਸਾਜ਼ਿਸ਼ਾਂ ਦੇ, ਨਵੇਂ ਤਾਣੇ ਬਾਣੇ।
ਸਿਰਫ਼ ਉਂਗਲਾਂ ਚੁੱਕਣ ਜਾਣਦੇ ਨੇ, ਇੱਕ ਦੂਜੇ 'ਤੇ,
ਗੁਰੂ ਦੇ ਸਾਹਮਣੇ ਖੜ੍ਹ ਕੇ, ਬਣਦੇ ਬੀਬੇ ਰਾਣੇ।
ਰੋਲ਼ਿਆ ਗਲੀਆਂ ਵਿੱਚ ਗੁਰੂ ਨੂੰ, ਅਤੇ ਵੇਚ ਵੀ ਖਾਧਾ,
ਸੁਆਂਗ ਰਚੇ ਰਲ਼ ਉਹਨਾਂ ਨਾਲ, ਜੋ ਸਨ ਧਿਙਾਣੇ।
ਗੋਲਕਾਂ, ਕੁਰਸੀਆਂ, ਵਜ਼ੀਰੀਆਂ, ਇਤਿਹਾਸਕ ਜ਼ਮੀਨਾਂ,
ਬਿਨਾ ਡਕਾਰੇ ਕਰ ਹਜ਼ਮ ਗਏ, ਜ਼ਾਲਮ ਜਰਵਾਣੇ।
ਥੱਲਿਓਂ ਚੱਲ ਕੇ ਉੱਪਰ ਤੱਕ, ਰਿਹਾ ਫਰਕ ਨਾ ਕੋਈ,
ਗਿਆਨੀ, ਗ੍ਰੰਥੀ, ਜਥੇਦਾਰ, ਬਹੁਤੇ ਮੀਣੇ ਕਾਣੇ।
ਪਲ ਪਲ ਬੋਲੀ ਬਦਲਦੇ, ਅਸੂਲ ਟੰਗ ਛਿੱਕੇ,
ਅੰਨ੍ਹਿਆਂ ਤੋਂ ਰੇੜੀਆਂ ਲੈ ਰਹੇ, ਸਿਰਫ ਆਪਣੇ ਲਾਣੇ।
ਆਮ ਸਿੱਖ ਹੈ ਪਿੱਟ ਰਿਹਾ, ਨਿੱਤ ਮਾਰ ਦੁਹੱਥੜ,
ਸ਼ਰਮਸਾਰ ਬੇਚਾਰਾ ਰੋਂਵਦਾ, ਦੱਬ ਸਿਰ ਸਿਰਹਾਣੇ।
ਸਿੱਖੀ ਦਾ ਭੱਠਾ ਬੈਠਾ ਰਹੀ, ਹੈ ਚੰਡਾਲ ਚੌਂਕੜੀ,
ਡੁੱਬਦਾ ਬੇੜਾ ਨਹੀਂ ਜਾਪਦਾ, ਲੱਗੂ ਕਿਸੇ ਠਿਕਾਣੇ।

## ਕੀ ਫ਼ਾਇਦਾ ਇਹ ਸਾਵਣ ਦਾ
ਲਖਵਿੰਦਰ ਸਿੰਘ ਲੱਖਾ ਸਲੇਮਪੁਰੀ





ਕੀ ਫ਼ਾਇਦਾ ਇਹ ਸਾਵਣ ਦਾ, ਅਤਿ ਗਰਮੀ ਬਹੁਤ ਮਚਾਈ ਆ।
ਬੱਚੇ ਬਾਲੇ ਬੁੱਢੇ ਸਾਰੇ, ਕੀਤੇ ਇਹਨੇ ਸ਼ੁਦਾਈ ਆ।
ਸਾਹ ਲੈਣਾ ਵੀ ਔਖਾ ਹੋਇਆ, ਭੇਦ ਨਾ ਰੱਬ ਦੇ ਰੰਗਾਂ ਦਾ,
ਹਰ ਕੋਈ ਹੋਇਆ ਪਸੀਨੋ ਪਸੀਨੀ, ਤਪਤ ਐਸੀ ਵਰਸਾਈ ਆ।
ਹਵਾ ਦੇ ਬੁੱਲੇ ਗੱਲ ਦੂਰ ਦੀ, ਪੱਤਾ ਇੱਕ ਵੀ ਹਿਲਦਾ ਨਹੀਂ,
ਫਿਰ ਵੀ ਧੀਆਂ ਭੈਣਾਂ ਰਲ਼ ਕੇ, ਪੀਂਘ ਬਰੋਟੇ ਪਾਈ ਆ।
ਝੜੀਆਂ ਸਾਉਣ ਦੀਆਂ ਨੇ ਕਿੱਥੇ, ਕਿੱਥੇ ਰੰਗ ਓਹ ਕੁਦਰਤ ਦੇ,
ਲਗਦੈ ਸੂਰਜ ਨੇ ਵੀ ਮਿੱਥ ਕੇ, ਕੀਤੀ ਖ਼ੂਬ ਚੜ੍ਹਾਈ ਆ।
ਮੀਂਹ ਵਰਸਾਈਂ ਠੰਡਕ ਪਾਈਂ, ਹਿਰਦੇ ਸਭ ਦੇ ਠਾਰ ਦੇਈਂ,
ਲੱਖੇ ਸਲੇਮਪੁਰੀ ਨੇ ਹਰਿ ਜੀ, ਦਿਲ ਦੀ ਅਰਜ ਸੁਣਾਈ ਆ।
ਕੀ ਫ਼ਾਇਦਾ ਇਹ ਸਾਵਣ ਦਾ, ਅਤਿ ਗਰਮੀ ਬਹੁਤ ਮਚਾਈ ਆ।
ਬੱਚੇ ਬਾਲੇ ਬੁੱਢੇ ਸਾਰੇ, ਕੀਤੇ ਇਹਨੇ ਸ਼ੁਦਾਈ ਆ।

## ਕਿਸਾਨ
ਗੁਰਤੇਜ ਸਿੰਘ
ਖੁਡਾਲ



ਕਿਸਾਨ ਮੇਰੇ ਦੇਸ਼ ਦਾ ਮਹਾਨ ਹੈ ਯਾਰੋ
ਇਸ ਦੀ ਮਿਹਨਤ ਤੇ ਸਾਨੂੰ ਮਾਣ ਹੈ ਯਾਰੋ
ਦਿਨ ਰਾਤ ਇਹ ਮਿਹਨਤ ਕਰ ਕੇ ,
ਭਰਦੈ ਅੰਨ ਭੰਡਾਰ ਇਹ ਯਾਰੋ
ਗਰਮੀ, ਸਰਦੀ, ਧੁੱਪਾਂ ਛਾਵਾਂ ਦੀ,
ਕਰਦਾ ਨਹੀਂ ਪ੍ਰਵਾਹ ਇਹ ਯਾਰੋ
ਮਿਹਨਤ ਦਾ ਮੁਲ ਮਿਲੇ ਨਾ ਇਸ ਨੂੰ,
ਕੰਮ ਕਰੇ ਦਿਨ ਰਾਤ ਇਹ ਯਾਰੋ
ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹਿੰਦਾ,
ਸਾਡਾ ਇਹ ਕਿਸਾਨ ਹੈ ਯਾਰੋ
ਹੱਕਾਂ ਦੀ ਜਦੋਂ ਗੱਲ ਇਹ ਕਰਦੈ,
ਸਰਕਾਰਾਂ ਜਾਣ ਘਬਰਾ ਓਏ ਯਾਰੋ
ਫ਼ਸਲਾਂ ਦਾ ਸਹੀ ਮੁਲ ਨਹੀਂ ਮਿਲਦਾ,
ਰਿਹੈ ਔਖਾ ਵਕਤ ਲੰਘਾ ਇਹ ਯਾਰੋ
ਸਰਕਾਰਾਂ ਤੋਂ ਹੱਕ ਲੈਣ ਦੀ ਖ਼ਾਤਰ,
ਇਕੱਠੇ ਹੋਏ ਕਿਸਾਨ ਨੇ ਯਾਰੋ
ਅੰਨਦਾਤਾ ਜਿਸ ਨੂੰ ਆਖਣ ਸਾਰੇ,
ਖੁਡਾਲ ਕਹੇ ਇਹ ਕਿਸਾਨ ਹੈ ਯਾਰੋ

## ਚਿੜੀਆਂ ਕਿਥੇ ਨੇ ?
ਬਲਵਿੰਦਰ 'ਬਾਲਮ'



ਸ਼ਾਮ ਸਵੇਰੇ ਆਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਰਿਸ਼ਤੇ ਕੀ ਸਮਝਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਅਨੁਸ਼ਾਸਤ ਪੰਗਤੀ ਦੇ ਵਿੱਚ ਉਡਦੀਆਂ ਲਹਿਰਾਂ ਵਾਂਗੂੰ,
ਏਕੇ ਦੇ ਬਿੰਬ ਬਣਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਫੁਦਕਣ, ਚਹਿਕਣ ਝੁੰਡ 'ਚ ਆ ਕੇ, ਸੁਰ ਸੰਗੀਤ ਬਣਾ ਕੇ,
ਗੀਤ ਇਲਾਹੀ ਗਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਖਵਰੇ ਕਿਹੜਾ ਰਿਸ਼ਤਾ ਸੀ ਉਨ੍ਹਾਂ ਦੀ ਮਮਤਾ ਅੰਦਰ,
ਨਾ ਦਿਸਣ ਤਾਂ ਤੜਪਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਇਕ ਕਟੋਰੀ ਪਾਣੀ ਪੀ ਕੇ ਫਿਰ ਧਨਵਾਦ ਕਰਦੀਆਂ,
ਸ਼ੁਭ ਅਸ਼ੀਸਾਂ ਪਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਫੜ-ਫੜ ਕਰਦੇ ਤੇਤਰੇ ਮੇਤਰੇ ਕੋਮਲ ਖੰਭਾਂ ਨਾਲ,
ਬਾਰਸ਼ ਵਿਚ ਨੁਹਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਨੂੰਹਾਂ-ਧੀਆਂ ਵਾਂਗੂੰ ਅਪਣੇ ਚਾਅ ਉਮੰਗਾਂ ਲੈ ਕੇ,
ਘਰ ਵਿੱਚ ਫੇਰਾ ਪਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਕੱਚੇ ਕੋਠੇ ਵਾਲੀਆਂ ਨੁਕਰਾਂ ਦੇ ਵਿੱਚ ਆਲ੍ਹਣੇ ਪਾ ਕੇ,
ਸੁੱਖ ਦੀ ਨੀਂਦਰ ਸਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਠੀਕ ਸਮੇਂ 'ਤੇ ਜੇਕਰ ਫੇਰਾ ਪਾਉਣਾ ਭੁਲ ਜਾਵਣ,
ਕਿੰਨਾ ਫੇਰ ਸਤਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਭੋਰਾ-ਭੋਰਾ ਚੋਗਾ ਚੁਗ ਕੇ ਬੋਟਾਂ ਦੇ ਮੂੰਹ ਪਾਉਣਾ,
ਸੁਹਿਰਦ ਫ਼ਰਜ਼ ਨਿਭਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਜਨਤ ਦੀ ਪ੍ਰੀਭਾਸ਼ਾ ਦਸਣ ਉਲਟ ਬਾਜ਼ੀਆਂ ਪਾ ਕੇ,
ਸੁੰਦਰ ਦ੍ਰਿਸ਼ ਬਣਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਚੂੰ-ਚੂੰ, ਚੀਂ-ਚੀਂ ਲੈਅ ਅੰਦਰ ਸੂਰਜ ਨਿਤ ਹੀ ਨਿਕਲੇ,
ਨਿਤ ਸੁਬਹ ਜਗਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
ਅਰਧ ਵਲੇਵੇਦਾਰ ਦ੍ਰਿਸ਼ ਝੁੰਡਾਂ ਦੇ ਵਿੱਚ ਬਣਾਵਟ,
ਬੱਚਿਆਂ ਦੇ ਮਨ ਨੂੰ ਭਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?
'ਬਾਲਮ' ਮਾਲਕ ਦੇ ਜੀਵਨ ਨੂੰ ਮਹਿਸੂਸਣ ਤੇ ਸਮਝਣ,
ਦੁਖ-ਸੁਖ ਦਰਦ ਵੰਡਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ ?

## ਸਾਵਣ
ਸੰਦੀਪ ਸਿੰਘ 'ਬਖੋਪੀਰ'

ਸਾਵਣ ਮਹੀਨਾ ਭਾਗੀਂ, ਭਰਿਆ,
ਬੱਦਲ ਆਣ, ਅਸਮਾਨੀ ਚੜ੍ਹਿਆ,
ਬਾਗਾਂ ਦੇ ਵਿੱਚ ਕੋਇਲ ਬੋਲੇ,
ਜਾਪੇ ਰੂਪ ਰੂਹਾਨੀ ਚੜ੍ਹਿਆ।
ਕੁੜੀਆਂ ਪਿੱਪਲੀ ਪੀਘਾਂ ਪਾਈਆਂ,
ਵੇਖ ਸੁਹਾਵਣਾ ਮਹੀਨਾ ਚੜ੍ਹਿਆ।
ਵੱਟ ਬੰਨ੍ਹੇ ਹਰਿਆਲੀ ਚੜ੍ਹ ਗਈ,
ਮੀਂਹ ਦਾ ਖੇਤੀ, ਪਾਣੀ ਬੜ੍ਹਿਆਂ।
ਬਣੇ ਪੂੜੇ, ਘਰ ਖੀਰ ਹੈ, ਰਿੱਝੀ,
ਪ੍ਰਾਹੁਣਿਆਂ ਪੈਰ, ਦਹਿਲੀਜ਼ੇ ਧਰਿਆ।
ਪਿੜ੍ਹ ਵਿੱਚ ਤਾੜੀ, ਢੋਲਕ ਵਜੇ,
ਜਦੋਂ ਦਾ ਸਾਵਣ ਮਹੀਨਾ ਚੜ੍ਹਿਆ।
ਕੁੜੀਆਂ ਚਿੜੀਆਂ ਖ਼ੁਸ਼ ਨੇ ਸੱਭੇ,
ਸਾਵਣ ਮਹੀਨੇ ਮੇਲਾ ਭਰਿਆ।
ਵੱਟ ਬੰਨ੍ਹੇ ਹਰਾ, ਘਾਹ ਹੈ ਉਗਿਆ,
ਧਰਤੀ ਨੂੰ ਹਰਾ ਰੰਗ ਹੈ ਚੜ੍ਹਿਆ।
ਨਵੀਆਂ ਪੱਤੀਆਂ ਰੁੱਖਾਂ ਤੇ ਫੁੱਟੀਆਂ,
ਰੰਗ ਇਲਾਹੀ ਬਾਗੀ ਵੜਿਆ।
ਟੈਂ-ਟੈਂ ਡੱਡੂਆਂ ਗੀਤ ਸੁਣਾਏ,



ਬੱਦਲਾਂ ਨੇ, ਜਦੋਂ ਦਾ ਟੋਭਾ ਭਰਿਆ।
ਸੁੱਕੇ ਘਾਹ, ਫੁੱਲ ਮਹਿਕਣ ਲੱਗੇ,
ਰੁਕ-ਰੁਕ ਕੇ ਜਦੋਂ ਮੀਂਹ ਹੈ ਵਰ੍ਹਿਆ।
ਧਰਤੀ ਮਾਂ ਨੇ ਪਿਆਸ ਬੁਝਾਈ,
ਡਿੱਗਿਆ ਪਾਣੀ, ਉਪਰ ਚੜ੍ਹਿਆ।
ਥਾਂ -ਥਾਂ ਤੀਆਂ ਦੇ ਮੇਲੇ,
ਲੱਗੇ ਜਦੋਂ ਦਾ ਸਾਵਣ ਮਹੀਨਾ ਚੜ੍ਹਿਆ।
ਸੰਦੀਪ ਤਪਸ ਤੋਂ ਰਾਹਤ ਮਿਲ ਗਈ,
ਲੋਕਾਂ ਸੁੱਖ ਦਾ ਸਾਹ ਹੈ ਭਰਿਆ।
ਰੁੱਖਾਂ ਅਪਣਾ ਫ਼ਰਜ਼ ਨਿਭਾਇਆ,
ਵੇਖ ਸੁਹਾਵਣਾ, ਮੌਸਮ ਕਰਿਆ।

## ਕਲਮ
ਅਵਤਾਰ ਸਿੰਘ ਸੌਜਾ



ਸੁਣਿਆ ਹੈ ਬਹੁਤ ਤਾਕਤ ਹੁੰਦੀ ਹੈ, ਕਲਮ ਵਿੱਚ,
ਇਨਕਲਾਬ ਲਿਆ ਸਕਦੀ ਹੈ।
ਜੇਕਰ ਅੱਖਰਾਂ ਵਿੱਚ, ਜਜ਼ਬਾਤੀ ਸ਼ਿਆਹੀ ਭਰੀ ਹੋਵੇ
ਯੁਗ ਪਲਟਾ ਸਕਦੀ ਹੈ, ਨਵੇਂ ਸਿਰਨਾਵੇਂ ਸਿਰਜ ਕੇ,
ਰਾਜਿਆਂ ਨੂੰ ਕੰਬਣ ਲਾ ਸਕਦੀ ਹੈ ਕਲਮ
ਬਹੁਤ ਰਸਤੇ ਨਿਕਲਦੇ ਹਨ, ਇਸ ਕਲਮ ਦੀ ਨੋਕ ਵਿਚੋਂ,
ਮੁਸਾਫ਼ਰਾਂ ਨੂੰ ਸਹੀ ਤੇ ਗ਼ਲਤ ਰਾਹੇ, ਪਾ ਸਕਦੀ ਹੈ ਇਹ ਕਲਮ
ਸਮੁੰਦਰਾਂ ਤੋਂ ਪਾਰ ਵਸਦੇ ਮਹਿਰਮ ਨੂੰ,
ਦਿਲ ਦਾ ਹਾਲ ਸੁਣਾ ਸਕਦੀ ਹੈ ਇਹ ਕਲਮ,
ਸੂਰਜਾਂ ਦੀ ਦੂਰੀ ਜੇਡੇ ਲੰਬੇ ਪੈਂਡੇ
ਮੁਕਾ ਸਕਦੀ ਹੈ ਇਹ ਕਲਮ
ਜੇ ਇਹ ਚਲਦੀ ਹੈ ਕਲਮ,
ਸੱਚ ਦੇ ਵਰਕਿਆਂ ਤੇ,
ਧੁਰ ਅੰਦਰ ਤਕ ਹਿਲਾ ਸਕਦੀ ਹੈ, ਇਹ ਕਲਮ
ਯਾਦ ਰੱਖੀ ਜੇ ਤੂੰ ਹੱਥ, ਚੁੱਕੀ ਹੈ ਇਹ ਕਲਮ,
ਬੜੀ ਤਾਕਤ ਹੈ ਇਸ ਵਿੱਚ,
ਨਾ ਫਿਰ ਰੋਕਿਆ ਰੁਕੀ ਹੈ ਇਹ ਕਲਮ।

# ਪੈਰਿਸ ਉਲੰਪਿਕ ਦਾ ਰੰਗਾਰੰਗ ਆਗਾਜ਼

## 6800 ਅਥਲੀਟਾਂ ਨੇ 90 ਤੋਂ ਵੱਧ ਕਿਸ਼ਤੀਆਂ 'ਤੇ ਮਾਰਚ 'ਚ ਕੀਤੀ ਸ਼ਮੂਲੀਅਤ



## ਭਾਰਤ ਦੇ 78 ਮੈਂਬਰੀ ਦਲ ਨੇ ਮਾਰਚ ਵਿੱਚ ਲਿਆ ਹਿੱਸਾ

ਪੈਰਿਸ/ਏ.ਟੀ.ਨਿਊਜ਼ : ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਪਿਛਲੇ ਦਿਨੀਂ ਉਲੰਪਿਕ ਖੇਡਾਂ ਦਾ ਰਸਮੀ ਆਗਾਜ਼ ਹੋ ਗਿਆ। ਉਲੰਪਿਕ ਖੇਡਾਂ ਦੇ ਉਦਘਾਟਨੀ ਸਮਾਗਮ ਦਾ ਰਵਾਇਤੀ 'ਅਥਲੀਟ ਮਾਰਚ' ਸਟੇਡੀਅਮ ਦੀ ਥਾਂ ਸੀਨ ਨਦੀ 'ਤੇ ਹੋਇਆ। ਮਾਰਚ ਵਿੱਚ ਸ਼ਾਮਲ ਵੱਖ ਵੱਖ ਦੇਸ਼ਾਂ ਦੇ 6800 ਅਥਲੀਟਾਂ ਨੇ 90 ਤੋਂ ਵੱਧ ਕਿਸ਼ਤੀਆਂ ਵਿੱਚ ਸਵਾਰ ਹੋ ਕੇ ਸੀਨ ਨਦੀ ਰਸਤੇ 6 ਕਿਲੋਮੀਟਰ ਦਾ ਪੈਂਡਾ ਤੈਅ ਕੀਤਾ। ਖੇਡਾਂ ਦੇ ਇਸ ਮਹਾਂਕੁੰਭ ਵਿੱਚ 10,700 ਅਥਲੀਟ ਸ਼ਾਮਲ ਹੋਣਗੇ।

ਉਦਘਾਟਨੀ ਸਮਾਗਮ ਤੋਂ ਪਹਿਲਾਂ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਤੇ ਉਨ੍ਹਾਂ ਦੀ ਪਤਨੀ ਬ੍ਰਿਗੇਟ ਮੈਕਰੋਂ ਨੇ ਰਾਸ਼ਟਰਪਤੀ ਪੈਲੇਸ ਵਿੱਚ ਵਿਦੇਸ਼ੀ ਮਹਿਮਾਨਾਂ ਤੇ ਆਲਮੀ ਆਗੂਆਂ ਦਾ



ਰਸਮੀ ਸਵਾਗਤ ਕੀਤਾ। ਪੈਰਿਸ ਤੀਜੀ ਵਾਰ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕਰ ਰਿਹਾ ਹੈ। ਇਸ ਤੋਂ ਪਹਿਲਾਂ ਫਰਾਂਸ ਨੂੰ ਇਕ ਸਦੀ ਪਹਿਲਾਂ 1924 ਵਿੱਚ ਖੇਡਾਂ ਦੇ ਮਹਾਕੁੰਭ ਦੀ ਮੇਜ਼ਬਾਨੀ ਦਾ ਮੌਕਾ ਮਿਲਿਆ ਸੀ।ਝੰਡਾਬਰਦਾਰ ਪੀ.ਵੀ. ਸਿੰਧੂ ਅਤੇ ਅਚੰਤਾ ਸ਼ਰਤ ਕਮਲ ਦੀ ਅਗਵਾਈ ਵਾਲੇ ਭਾਰਤੀ ਦਲ ਨੇ ਇੱਥੇ ਪੈਰਿਸ ਉਲੰਪਿਕ ਦੇ ਉਦਘਾਟਨੀ ਸਮਾਗਮ ਦੀ 'ਅਥਲੀਟ ਪਰੇਡ' ਵਿੱਚ ਹਿੱਸਾ ਲਿਆ। ਇਸ ਵਿੱਚ 12 ਖੇਡਾਂ ਦੇ ਕੁੱਲ 78 ਖਿਡਾਰੀ/ਅਥਲੀਟ ਅਤੇ ਅਧਿਕਾਰੀ ਸ਼ਾਮਲ ਹੋਏ। ਭਾਰਤੀ ਉਲੰਪਿਕ ਐਸੋਸੀਏਸ਼ਨ (ਆਈ.ਓ.ਏ.) ਨੇ ਇਸ ਦੀ ਪੁਸ਼ਟੀ ਕੀਤੀ। ਆਈ.ਓ.ਏ. ਨੇ ਕਿਹਾ ਕਿ "ਆਈ.ਓ.ਏ. ਦੀ ਪ੍ਰਧਾਨ ਪੀ.ਟੀ. ਊਸ਼ਾ ਅਤੇ ਟੀਮ ਦੇ ਮੁਖੀ ਗਗਨ ਨਾਰੰਗ ਨੇ ਅਥਲੀਟ ਪਰੇਡ ਵਿੱਚ ਦਲ ਦੀ ਰਚਨਾ ਵਿੱਚ ਖਿਡਾਰੀਆਂ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਹੈ।"

ਝੰਡਾਬਰਦਾਰ ਸਿੰਧੂ ਅਤੇ ਸ਼ਰਤ ਕਮਲ ਤੋਂ ਇਲਾਵਾ ਹੋਰ ਅਹਿਮ ਖਿਡਾਰੀਆਂ ਵਿੱਚ ਤੀਰਅੰਦਾਜ਼ ਦੀਪਿਕਾ ਕੁਮਾਰੀ, ਮੁੱਕੇਬਾਜ਼ ਲਵਲੀਨਾ ਬੋਰਗੋਹੇਨ, ਟੇਬਲ ਟੈਨਿਸ ਖਿਡਾਰਨ ਮਨਿਕਾ ਬੱਤਰਾ ਅਤੇ ਟੈਨਿਸ ਖਿਡਾਰੀ ਰੋਹਨ ਬੋਪੰਨਾ ਸ਼ਾਮਲ ਹਨ। ਉਲੰਪਿਕ ਵਿੱਚ ਭਾਰਤ ਦਾ 117 ਖਿਡਾਰੀਆਂ ਦਾ ਦਲ ਹਿੱਸਾ ਲੈ ਰਿਹਾ ਹੈ, ਜਿਸ ਵਿੱਚ 47 ਮਹਿਲਾਵਾਂ ਹਨ। ਉਲੰਪਿਕ ਇਤਿਹਾਸ ਵਿੱਚ ਪਹਿਲੀ ਵਾਰ ਉਦਘਾਟਨੀ ਸਮਾਗਮ ਸਟੇਡੀਅਮ 'ਚ ਨਹੀਂ ਸਗੋਂ ਇੱਥੇ ਸੀਨ ਨਦੀ ਦੇ ਕੰਢੇ ਕਰਵਾਇਆ ਗਿਆ।ਸਮਾਗਮ ਵਿੱਚ ਹਿੱਸਾ ਲੈਣ ਵਾਲੇ ਭਾਰਤੀ ਖਿਡਾਰੀਆਂ ਵਿੱਚ ਤੀਰਅੰਦਾਜ਼ ਦੀਪਿਕਾ ਕੁਮਾਰੀ ਅਤੇ ਤਰੁਣਦੀਪ ਰਾਏ, ਮੁੱਕੇਬਾਜ਼ ਲਵਲੀਨਾ ਬੋਰਗੋਹੇਨ, ਟੇਬਲ ਟੈਨਿਸ ਖਿਡਾਰਨ ਮਨਿਕਾ ਬੱਤਰਾ, ਟੈਨਿਸ ਖਿਡਾਰੀ ਰੋਹਨ ਬੋਪੰਨਾ, ਸੁਮਿਤ ਨਾਗਲ ਅਤੇ ਸ੍ਰੀਰਾਮ ਬਾਲਾਜੀ, ਨਿਸ਼ਾਨੇਬਾਜ਼ ਅੰਜੁਮ ਮੌਦਗਿਲ, ਸਿਫਤ ਕੌਰ ਸਮਰਾ ਤੇ ਹੋਰ ਸ਼ਾਮਲ ਸਨ।

## ਲੇਡੀ ਗਾਗਾ ਨੇ ਬਿਖੇਰੀ ਚਮਕ

### 62 ਸਾਲ ਪੁਰਾਣਾ ਗੀਤ ਗਾ ਕੇ ਪ੍ਰਸ਼ੰਸਕ ਕੀਤੇ ਨੱਚਣ ਲਈ ਮਜਬੂਰ



ਪੈਰਿਸ ਉਲੰਪਿਕ-2024 ਦੇ ਉਦਘਾਟਨੀ ਸਮਾਰੋਹ 'ਚ ਦੁਨੀਆਂ ਭਰ ਦੇ ਰੰਗ ਦੇਖਣ ਨੂੰ ਮਿਲੇ। ਇਸ ਪ੍ਰੋਗਰਾਮ 'ਚ ਫਰਾਂਸੀਸੀ ਸੱਭਿਆਚਾਰ ਦੀ ਝਲਕ ਦਿਖਾਉਣ ਤੋਂ ਇਲਾਵਾ ਕਈ ਮਸ਼ਹੂਰ ਸਿਤਾਰੇ ਵੀ ਨਜ਼ਰ ਆਏ, ਜਿਨ੍ਹਾਂ 'ਚੋਂ ਇਕ ਸੀ ਮਸ਼ਹੂਰ ਗਾਇਕਾ ਲੇਡੀ ਗਾਗਾ। ਲੇਡੀ ਗਾਗਾ ਨੇ ਆਪਣੇ ਦਮਦਾਰ ਪ੍ਰਦਰਸ਼ਨ ਨਾਲ ਪ੍ਰਸ਼ੰਸਕਾਂ ਦਾ ਦਿਲ ਜਿੱਤ ਲਿਆ ਅਤੇ ਇਸ ਸਮਾਰੋਹ ਨੂੰ ਯਾਦਗਾਰ ਬਣਾ ਦਿੱਤਾ।ਲੇਡੀ ਗਾਗਾ ਨੇ ਮਸ਼ਹੂਰ ਫਰਾਂਸੀਸੀ ਗੀਤ ਪੇਸ਼ ਕੀਤਾ। ਹਾਲਾਂਕਿ ਇਹ ਗੀਤ 1962 'ਚ ਗਿਗੀ ਗਿਆਨਮੀਅਰ ਨੇ ਗਾਇਆ ਸੀ ਪਰ ਲੇਡੀ ਗਾਗਾ ਨੇ ਇਸ 62 ਸਾਲ ਪੁਰਾਣੇ ਗੀਤ ਨੂੰ ਇੱਕ ਵਾਰ ਫਿਰ ਤੋਂ ਜ਼ਿੰਦਾ ਕਰ ਦਿੱਤਾ। ਲੇਡੀ ਗਾਗਾ ਦੀ ਪਰਫਾਰਮੈਂਸ ਨੂੰ ਲੈ ਕੇ ਕਾਫੀ ਚਰਚਾ ਸੀ। ਪ੍ਰਸ਼ੰਸਕ ਉਸ ਦੇ ਪ੍ਰਦਰਸ਼ਨ ਨੂੰ ਲੈ ਕੇ ਉਤਸ਼ਾਹਿਤ ਸਨ। ਸੀਨ ਨਦੀ ਦੇ ਆਲੇ-ਦੁਆਲੇ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਨੇ ਬਾਲਕੋਨੀ ਤੋਂ ਲੇਡੀ ਗਾਗਾ ਦੇ ਪ੍ਰਦਰਸ਼ਨ ਦਾ ਆਨੰਦ ਮਾਣਿਆ। ਗਾਗਾ ਨੇ ਪਰੇਡ ਆਫ ਨੇਸ਼ਨਜ਼ ਦੇ ਮੱਧ ਵਿੱਚ ਆਪਣਾ ਪ੍ਰਦਰਸ਼ਨ ਸ਼ੁਰੂ ਕੀਤਾ। ਸਿਰਫ ਉਸ ਦਾ ਗੀਤ ਹੀ ਨਹੀਂ ਬਲਕਿ ਲੇਡੀ ਗਾਗਾ ਨੇ ਜਿਸ ਤਰ੍ਹਾਂ ਸਟੇਜ 'ਤੇ ਕਦਮ ਰੱਖਿਆ, ਉਸ ਦੇ ਪਹਿਰਾਵੇ, ਉਸ ਦੇ ਨਾਲ ਪੇਸ਼ਕਾਰੀ ਕਰਨ ਵਾਲੇ ਸਾਥੀਆਂ ਦੇ ਅੰਦਾਜ਼ ਨੇ ਵੀ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ।

## ਨਿਸ਼ਾਨੇਬਾਜ਼ ਮਨੂ ਭਾਕਰ ਨੇ ਜਿੱਤਿਆ ਕਾਂਸੇ ਦਾ ਤ਼ਗਮਾ

ਚੈਟੋਰੌਕਸ (ਫਰਾਂਸ)/ ਏ.ਟੀ.ਨਿਊਜ਼ : ਸਟਾਰ ਨਿਸ਼ਾਨੇਬਾਜ਼ ਮਨੂ ਭਾਕਰ ਨੇ ਇੱਥੇ ਮਹਿਲਾ 10 ਮੀਟਰ ਏਅਰ ਪਿਸਟਲ ਫਾਈਨਲ ਵਿੱਚ ਕਾਂਸੇ ਦਾ ਤ਼ਗਮਾ ਜਿੱਤ ਕੇ ਨਿਸ਼ਾਨੇਬਾਜ਼ੀ ਵਿੱਚ ਉਲੰਪਿਕ ਤ਼ਗਮੇ ਲਈ ਭਾਰਤ ਦੀ 12 ਸਾਲਾਂ ਦੀ ਉਡੀਕ ਖ਼ਤਮ ਕੀਤੀ ਅਤੇ ਪੈਰਿਸ ਉਲੰਪਿਕ ਵਿੱਚ ਭਾਰਤ ਦਾ ਤ਼ਗਮਿਆਂ ਦਾ ਖਾਤਾ ਖੋਲ੍ਹਿਆ। ਉਹ ਉਲੰਪਿਕ ਤ਼ਗਮਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਨਿਸ਼ਾਨੇਬਾਜ਼ ਵੀ ਬਣੀ। ਲੰਡਨ



ਉਲੰਪਿਕ 2012 ਤੋਂ ਬਾਅਦ ਨਿਸ਼ਾਨੇਬਾਜ਼ੀ ਵਿੱਚ ਭਾਰਤ ਦਾ ਇਹ ਪਹਿਲਾ ਉਲੰਪਿਕ ਤ਼ਗਮਾ ਹੈ। ਲੰਡਨ ਵਿੱਚ ਵਿਜੈ ਕੁਮਾਰ ਨੇ ਪੁਰਸ਼ 25 ਮੀਟਰ ਰੈਪਿਡ ਫਾਇਰ ਪਿਸਟਲ ਵਿੱਚ ਚਾਂਦੀ ਦਾ ਤ਼ਗਮਾ ਜਦਕਿ ਗਗਨ ਨਾਰੰਗ ਨੇ ਪੁਰਸ਼ 10 ਮੀਟਰ ਏਅਰ ਰਾਈਫਲ ਵਿੱਚ ਕਾਂਸੇ ਦਾ ਤ਼ਗਮਾ ਜਿੱਤਿਆ ਸੀ। ਭਾਰਤੀ ਨਿਸ਼ਾਨੇਬਾਜ਼ ਰੀਓ ਉਲੰਪਿਕ 2016 ਅਤੇ ਟੋਕੀਓ ਉਲੰਪਿਕ ਤੋਂ ਖਾਲੀ ਹੱਥ ਪਰਤੇ ਸਨ। ਹਰਿਆਣਾ ਦੇ ਝੱਜਰ ਦੀ ਰਹਿਣ ਵਾਲੀ 22 ਸਾਲਾ ਨੇ ਮਨੂ ਅੱਠ ਨਿਸ਼ਾਨੇਬਾਜ਼ਾਂ ਦੇ ਫਾਈਨਲ ਵਿੱਚ 221.7 ਅੰਕਾਂ ਨਾਲ ਤੀਜੇ ਸਥਾਨ 'ਤੇ ਰਹਿ ਕੇ ਕਾਂਸੇ ਦਾ ਤ਼ਗਮਾ ਜਿੱਤਿਆ। ਦੱਖਣੀ ਕੋਰੀਆ ਦੀ ਕਿਮ ਯੇਜੀ ਨੇ 241.3 ਅੰਕਾਂ ਨਾਲ ਚਾਂਦੀ ਜਦਕਿ ਉਸ ਦੀ ਹਮਵਤਨਣ ਜਿਨ ਯੇ ਓਹ ਨੇ 243.2 ਅੰਕਾਂ ਦੇ ਉਲੰਪਿਕ ਰਿਕਾਰਡ ਨਾਲ ਸੋਨ ਤ਼ਗਮਾ ਜਿੱਤਿਆ। ਆਪਣੇ ਦੂਜੇ ਉਲੰਪਿਕ 'ਚ ਹਿੱਸਾ ਲੈ ਰਹੀ ਮਨੂ ਟੋਕੀਓ ਉਲੰਪਿਕ ਤੋਂ ਖਾਲੀ ਹੱਥ ਪਰਤੀ ਸੀ। ਮਨੂ ਨੇ ਕਿਹਾ ਕਿ ਟੋਕੀਓ ਤੋਂ ਬਾਅਦ ਉਹ ਬਹੁਤ ਨਿਰਾਸ਼ ਸੀ ਅਤੇ ਇਸ ਤੋਂ ਉਭਰਨ ਲਈ ਉਸਨੂੰ ਬਹੁਤ ਸਮਾਂ ਲੱਗਾ। ਸੱਚ ਕਹਾਂ ਤਾਂ ਉਹ ਤੁਹਾਨੂੰ ਦੱਸ ਵੀ ਨਹੀਂ ਸਕਦੀ ਕਿ ਅੱਜ ਉਸਨੂੰ ਕਿੰਨਾ ਚੰਗਾ ਮਹਿਸੂਸ ਹੋ ਰਿਹਾ ਹੈ।

## ਮਨੂ ਨੇ ਦੂਜਾ ਤ਼ਗਮਾ ਜਿੱਤ ਕੇ ਰਚਿਆ ਇਤਿਹਾਸ

### ਸਰਬਜੋਤ ਸਿੰਘ ਨਾਲ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਵਰਗ ਵਿੱਚ ਕਾਂਸੇ ਦਾ ਤ਼ਗਮਾ ਜਿੱਤਿਆ

ਚੈਟੋਰੌਕਸ (ਫਰਾਂਸ)/ਏ.ਟੀ.ਨਿਊਜ਼ : ਭਾਰਤੀ ਨਿਸ਼ਾਨੇਬਾਜ਼ ਮਨੂ ਭਾਕਰ ਨੇ ਆਜ਼ਾਦੀ ਤੋਂ ਬਾਅਦ ਇੱਕੋ ਉਲੰਪਿਕ ਵਿੱਚ ਦੋ ਤ਼ਗਮੇ ਜਿੱਤਣ ਵਾਲੀ ਪਹਿਲੀ ਭਾਰਤੀ ਬਣ ਕੇ ਇਤਿਹਾਸ ਰਚ ਦਿੱਤਾ ਹੈ। ਉਸ ਨੇ ਇੱਥੇ ਸਰਬਜੋਤ ਸਿੰਘ ਨਾਲ ਮਿਲ ਕੇ ਪੈਰਿਸ ਉਲੰਪਿਕ ਵਿੱਚ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਵਰਗ ਵਿੱਚ ਦੱਖਣੀ ਕੋਰੀਆ ਨੂੰ ਹਰਾ ਕੇ ਕਾਂਸੇ ਦਾ ਤ਼ਗਮਾ ਜਿੱਤਿਆ। ਭਾਰਤੀ ਜੋੜੀ ਨੇ ਕੋਰੀਆ ਦੀ ਲੀ ਵੋਨੋਹੋ ਅਤੇ ਓਹ ਯੇਹ ਜਿਨ ਦੀ ਜੋੜੀ ਨੂੰ 16-10 ਨਾਲ ਮਾਤ ਦੇ ਕੇ ਦੇਸ਼ ਨੂੰ ਇਸ ਉਲੰਪਿਕ 'ਚ ਦੂਜਾ ਤ਼ਗਮਾ ਦਿਵਾਇਆ। ਇਸ ਤੋਂ ਪਹਿਲਾਂ ਮਨੂ ਨੇ ਮਹਿਲਾ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ ਕਾਂਸੇ



ਦਾ ਤ਼ਗਮਾ ਜਿੱਤਿਆ ਸੀ। ਟੋਕੀਓ ਉਲੰਪਿਕ 'ਚ ਮਨੂ ਆਪਣੀ ਪਿਸਟਲ 'ਚ ਖਰਾਬੀ ਕਾਰਨ ਫਾਈਨਲ ਲਈ ਕੁਆਲੀਫਾਈ ਨਹੀਂ ਕਰ ਸਕੀ ਸੀ। ਉਸ ਨੇ ਹਾਲੇ 25 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ ਹਿੱਸਾ ਲੈਣਾ ਹੈ ਅਤੇ ਉਸ ਕੋਲ ਆਪਣਾ ਤੀਜਾ ਤ਼ਗਮਾ ਜਿੱਤਣ ਦਾ ਮੌਕਾ ਵੀ ਹੈ। ਬਰਤਾਨਵੀ ਮੂਲ ਦੇ ਭਾਰਤੀ ਖਿਡਾਰੀ ਨੌਰਮਨ ਪ੍ਰਿਚਰਡ ਨੇ 1900 ਦੀਆਂ ਓਲੰਪਿਕ ਖੇਡਾਂ ਵਿੱਚ 200 ਮੀਟਰ ਸਪ੍ਰਿੰਟ ਅਤੇ 200 ਮੀਟਰ ਅੜਿੱਕਾ ਦੌੜ ਵਿੱਚ ਚਾਂਦੀ ਦੇ ਤ਼ਗਮੇ ਜਿੱਤੇ ਸਨ ਪਰ ਇਹ ਪ੍ਰਾਪਤੀ ਆਜ਼ਾਦੀ ਤੋਂ ਪਹਿਲਾਂ ਹਾਸਲ ਕੀਤੀ ਗਈ ਸੀ। ਸਰਬਜੋਤ 10 ਮੀਟਰ ਏਅਰ ਪਿਸਟਲ ਵਿਅਕਤੀਗਤ ਵਰਗ ਦੇ ਕੁਆਲੀਫਿਕੇਸ਼ਨ ਗੇੜ ਵਿੱਚ 577 ਦੇ ਸਕੋਰ ਨਾਲ ਨੌਵੇਂ ਸਥਾਨ 'ਤੇ ਰਿਹਾ ਸੀ ਅਤੇ ਫਾਈਨਲ ਵਿੱਚ ਥਾਂ ਨਹੀਂ ਬਣਾ ਸਕਿਆ ਸੀ। ਮਨੂ ਅਤੇ ਸਰਬਜੋਤ ਨੇ ਕੁਆਲੀਫਿਕੇਸ਼ਨ ਗੇੜ ਵਿੱਚ 580 ਦੇ ਸਕੋਰ ਨਾਲ ਕਾਂਸੇ ਦੇ ਤ਼ਗਮੇ ਲਈ ਹੋਣ ਵਾਲੇ ਮੈਚ ਵਿੱਚ ਜਗ੍ਹਾ ਬਣਾਈ ਸੀ।

## ਫਰਾਂਸ ਉਲੰਪਿਕ ਵਿੰਟਰ ਗੇਮਜ਼ 2030 ਦੀ ਕਰੇਗਾ ਮੇਜ਼ਬਾਨੀ

ਪੈਰਿਸ/ਏ.ਟੀ.ਨਿਊਜ਼ : ਅੰਤਰਰਾਸ਼ਟਰੀ ਉਲੰਪਿਕ ਕਮੇਟੀ (ਆਈ.ਓ.ਸੀ.) ਨੇ 2030 'ਚ ਹੋਣ ਵਾਲੀਆਂ ਸਰਦ ਰੁੱਤ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਫਰਾਂਸ ਨੂੰ ਸੌਂਪਣ ਦਾ ਫੈਸਲਾ ਕੀਤਾ ਹੈ ਪਰ ਇਸ ਦੇ ਨਾਲ ਕੁਝ ਸ਼ਰਤਾਂ ਵੀ ਜੋੜ ਦਿੱਤੀਆਂ ਹਨ। ਇਨ੍ਹਾਂ ਖੇਡਾਂ ਦਾ ਆਯੋਜਨ ਫ੍ਰੈਂਚ ਆਲਪਸ ਵਿੱਚ ਕੀਤਾ ਜਾਵੇਗਾ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਆਈ.ਓ.ਸੀ. ਨੂੰ ਭਰੋਸਾ ਦਿਵਾਇਆ ਹੈ ਕਿ ਗਰਮੀਆਂ ਦੀਆਂ ਉਲੰਪਿਕ ਖੇਡਾਂ 2024 ਦੇ ਮੁਕੰਮਲ ਹੋਣ ਤੋਂ ਬਾਅਦ ਜੋ ਵੀ ਸਰਕਾਰ ਬਣੇਗੀ, ਉਹ ਸਮਾਗਮ ਨਾਲ ਸਬੰਧਿਤ ਸਾਰੀਆਂ ਸ਼ਰਤਾਂ ਨੂੰ ਪੂਰਾ ਕਰੇਗੀ। ਇਨ੍ਹਾਂ 'ਤੇ ਅਜੇ ਹਸਤਾਖਰ ਨਹੀਂ ਕੀਤੇ ਗਏ ਹਨ।ਆਈ.ਓ.ਸੀ. ਦੇ ਮੈਂਬਰਾਂ ਨੇ ਉਨ੍ਹਾਂ ਦੇ ਭਰੋਸੇ ਨੂੰ ਸਵੀਕਾਰ ਕੀਤਾ ਅਤੇ ਫਰਾਂਸ ਨੂੰ ਮੇਜ਼ਬਾਨੀ ਦੇ ਅਧਿਕਾਰ ਦੇਣ ਦੇ ਹੱਕ ਵਿੱਚ ਵੋਟ ਦਿੱਤੀ। ਖੇਡਾਂ ਦੀ ਮੇਜ਼ਬਾਨੀ ਲਈ ਬੋਲੀ ਲਗਾਉਣ ਵਾਲਾ ਫਰਾਂਸ ਇਕਲੌਤਾ ਦੇਸ਼ ਸੀ।

# ਪੰਜਾਬੀ ਸਿਨੇਮਾ 'ਚ ਔਰਤ ਦੀ ਸਰਦਾਰੀ !










**ਜਸ਼ਨ ਜੱਸਲ**

ਬੇਸ਼ੱਕ ਪੰਜਾਬੀ ਸਿਨੇਮਾ ਪਿਛਲੀ ਸਦੀ ਦੇ ਮੁਕਾਬਲੇ ਇਸ ਸਦੀ ਦੇ ਮੁਢਲੇ ਦਹਾਕਿਆਂ ਵਿੱਚ ਬਹੁਤ ਕੁਝ ਬਿਹਤਰ ਕਰ ਰਿਹਾ ਹੈ ਪਰ ਇਸ ਦੇ ਬਾਵਜੂਦ ਵੀ ਹਾਲੇ ਵਾਟ ਲੰਮੀ ਲੱਗਦੀ ਹੈ। ਪ੍ਰਯੋਗਾਤਮਕ ਸਿਨੇਮਾ ਦੀ ਘਾਟ ਤਾਂ ਕਾਫੀ ਹੈ। ਲੀਕ ਤੋਂ ਹੱਟ ਕੇ ਵੀ ਫਿਲਮਾਂ ਘੱਟ ਹੀ ਬਣਦੀਆਂ ਹਨ। ਇਸ ਦੇ ਬਾਵਜੂਦ ਕੁਝ ਸੁਹਿਰਦ ਪ੍ਰੋਡਿਊਸਰ, ਕਹਾਣੀਕਾਰ, ਐਕਟਰ, ਡਾਇਰੈਕਟਰ ਕੁਝ ਨਵਾਂ ਤੇ ਵੱਖਰਾ ਕਰਨ ਵਾਲੇ ਪਾਸੇ ਲੱਗੇ ਹੋਏ ਹਨ ਅਤੇ ਸਿਨੇਮਾ ਦੇ ਸਮਾਜਿਕ ਸਰੋਕਾਰਾਂ ਨੂੰ ਸਮਝਦੇ ਹੋਏ ਆਪਣਾ ਯਥਾ ਸੰਭਵ ਯੋਗਦਾਨ ਪਾ ਰਹੇ ਹਨ। ਇਸੇ ਹੀ ਦਿਸ਼ਾ ਵਿੱਚ ਪਿਛਲੇ ਦੋ ਦਹਾਕਿਆਂ ਵਿੱਚ ਪੰਜਾਬੀ ਸਿਨੇਮਾ ਵਿੱਚ ਕਈ ਤਰ੍ਹਾਂ ਦੇ ਪ੍ਰਯੋਗ ਵੀ ਹੋਏ ਹਨ, ਜਿਨ੍ਹਾਂ ਵਿੱਚ ਔਰਤ ਪ੍ਰਧਾਨ ਫਿਲਮਾਂ ਬਣੀਆਂ ਹਨ। ਇਨ੍ਹਾਂ ਫਿਲਮਾਂ ਦੇ ਜਾਂ ਤਾਂ ਕੇਂਦਰ ਵਿੱਚ ਔਰਤਾਂ ਹਨ ਜਾਂ ਫਿਰ ਔਰਤਾਂ ਦੇ ਪ੍ਰਤੀ ਇੱਕ ਵੱਖਰੇ ਨਜ਼ਰੀਏ ਨੂੰ ਅਪਣਾਉਣ ਦੀ ਗੱਲ ਕੀਤੀ ਗਈ। ਅਜਿਹੀਆਂ ਵੀ ਕੁਝ ਫਿਲਮਾਂ ਨੂੰ ਚਿੰਨ੍ਹਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਪੰਜਾਬੀ ਸਮਾਜ ਵਿੱਚ ਔਰਤਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ।




**ਚੰਨੋ ਕਮਲੀ ਯਾਰ ਦੀ** (2016)

ਨੀਰੂ ਬਾਜਵਾ ਨੂੰ ਔਰਤਾਂ ਦੇ ਹਾਵਭਾਵ ਬਿਆਨ ਕਰਨ ਵਿੱਚ ਮਾਹਰਤ ਹਾਸਲ ਹੈ, ਜਿਸ ਨੂੰ ਉਹ ਸਮਾਜ ਦੇ ਡਰ ਕਾਰਨ ਦਬਾ ਕੇ ਰੱਖਦੀਆਂ ਹਨ। ਆਪਣੇ ਪਤੀ ਦੀ ਤਾਲਾਸ਼ ਵਿੱਚ ਕਮਲੀ ਹੋਈ ਗਰਭਵਤੀ ਚੰਨੋ ਦੀ ਇਹ ਦਾਸਤਾਨ 2016 ਦੇ ਸਿਨੇਮੇ ਵਿੱਚ ਇੱਕ ਮੀਲ ਪੱਥਰ ਸਾਬਤ ਹੋਈ ਸੀ। ਕੈਨੇਡਾ ਜਾ ਕੇ ਗਾਇਬ ਹੋਏ ਆਪਣੇ ਪਤੀ ਨੂੰ ਲੱਭਣ ਦੀ ਉਸ ਦੀ ਇਹ ਜੰਗ ਸਮਾਜਿਕ ਵਿਘਨਾਂ ਨੂੰ ਬਿਆਨਦੀ ਹੈ।

**ਇੱਕ ਕੁੜੀ ਪੰਜਾਬ ਦੀ** (2010)

ਮਨਮੋਹਨ ਸਿੰਘ ਦੇ ਨਿਰਦੇਸ਼ਨ ਵਿੱਚ ਬਣੀ ਇਹ ਫਿਲਮ 2010 'ਚ ਰਿਲੀਜ਼ ਹੋਈ ਸੀ। ਇਹ ਫਿਲਮ ਇੱਕ ਕੁੜੀ ਦਾ ਆਪਣੇ ਮਾਪਿਆਂ ਪ੍ਰਤੀ ਮੋਹ ਤਾਂ ਦੱਸਦੀ ਹੀ ਹੈ ਨਾਲ ਹੀ ਆਤਮਨਿਰਭਰਤਾ ਦਾ ਸੁਨੇਹਾ ਵੀ ਦਿੰਦੀ ਹੈ। ਇਸ ਦੀ ਕਹਾਣੀ ਜਸਪਿੰਦਰ ਚੀਮਾ ਦੇ ਕਿਰਦਾਰ ਨਵਦੀਪ ਦੁਆਲੇ ਘੁੰਮਦੀ ਹੈ, ਜੋ ਵਿਆਹ ਕਰਵਾ ਕੇ ਆਪਣੇ ਮਾਪਿਆਂ ਤੋਂ ਦੂਰ ਨਹੀਂ ਜਾਣਾ ਚਾਹੁੰਦੀ। ਨਵਦੀਪ ਦੇ ਪਿਆਰ ਵਿੱਚ ਡੁੱਬੇ ਅਮਰਿੰਦਰ ਗਿੱਲ ਦੇ ਕਿਰਦਾਰ 'ਚ ਆਉਂਦੀਆਂ ਤਬਦੀਲੀਆਂ ਇਸ ਫਿਲਮ ਨੂੰ ਆਪਣੇ ਸਮੇਂ ਤੋਂ ਅੱਗੇ ਦੀ ਫਿਲਮ ਸਾਬਤ ਕਰਦੀ ਹੈ। ਨਵਦੀਪ ਸਭ ਕੁਝ ਨਜਰਅੰਦਾਜ਼ ਕਰ ਕੇ ਆਪਣੇ ਦਿਲ ਦੀ ਸੁਣਦੀ ਹੈ ਅਤੇ ਆਪਣੇ ਮਾਪਿਆਂ ਦਾ ਸਰਵਨ ਪੁੱਤਰ ਬਣਦੀ ਹੈ। ਗੁਰਪ੍ਰੀਤ ਘੁੱਗੀ ਦੀ ਸਮਾਜਿਕ ਕੁਮੈਂਟਰੀ ਵੀ ਦਰਸ਼ਕਾਂ 'ਤੇ ਜਾਦੂ ਕਰ ਦਿੰਦੀ ਹੈ।




**ਅੜਬ ਮੁਟਿਆਰਾਂ** (2019)


ਸੋਨਮ ਬਾਜਵਾ ਦੀ ਅਦਾਕਾਰੀ ਸਾਰੇ ਪੰਜਾਬੀ ਦਰਸ਼ਕਾਂ ਨੂੰ ਵਧੀਆ ਲੱਗਦੀ ਹੈ। ਉਸ ਵੱਲੋਂ ਨਿਭਾਏ ਬੱਬੂ ਬੈਂਸ ਦੇ ਕਿਰਦਾਰ ਨੂੰ ਸ਼ਾਇਦ ਹੀ ਕੋਈ ਦਰਸ਼ਕ ਭੁੱਲਿਆ ਹੋਵੇਗਾ। ਮਾਨਵ ਸ਼ਾਹ ਦੀ ਫਿਲਮ 'ਅੜਬ ਮੁਟਿਆਰਾਂ' ਔਰਤਾਂ ਖ਼ਾਸ ਤੌਰ 'ਤੇ ਕੁੜੀਆਂ ਨੂੰ ਤਾਕਤ ਦਿੰਦੀ ਹੈ। ਇਸ ਦੀ ਕਹਾਣੀ ਬੱਬੂ ਬੈਂਸ ਦੀ ਠੇਠ ਪੰਜਾਬੀ ਵੱਲ ਧਿਆਨ ਕੇਂਦਰਿਤ ਕਰਵਾਉਦੀ ਹੈ। ਇੱਕ ਕੁੜੀ ਜੋ ਸਮਾਜ ਦੇ ਤੌਰ ਤਰੀਕਿਆਂ ਦੀ ਪਰਵਾਹ ਨਹੀਂ ਕਰਦੀ ਤੇ ਬਸ ਆਪਣੇ ਵਿੱਚ ਮਗਨ ਰਹਿੰਦੀ ਹੈ। ਇਹ ਫਿਲਮ ਕਾਮੇਡੀ ਦੇ ਨਾਲ-ਨਾਲ ਔਰਤਾਂ ਪ੍ਰਤੀ ਇੱਕ ਵੱਖਰਾ ਨਜ਼ਰੀਆ ਦੇਣ ਦਾ ਯਤਨ ਕਰਦੀ ਹੈ।

**ਗੁੱਡੀਆਂ ਪਟੋਲੇ** (2019)

2019 'ਚ ਰਿਲੀਜ਼ ਹੋਈ ਇੱਕ ਹੋਰ ਫਿਲਮ 'ਗੁੱਡੀਆਂ ਪਟੋਲੇ', ਜਿਸ ਨੇ ਦਰਸ਼ਕਾਂ ਦਾ ਦਿਲ ਜਿੱਤਣ ਵਿੱਚ ਕੋਈ ਕਮੀ ਨਹੀਂ ਛੱਡੀ। ਜਗਦੀਪ ਸਿੱਧੂ ਵੱਲੋਂ ਲਿਖੀ ਅਤੇ ਵਿਜੈ ਕੁਮਾਰ ਅਰੋੜਾ ਵਲੋਂ ਡਾਇਰੈਕਟ ਕੀਤੀ ਇਹ ਫਿਲਮ ਇੱਕ ਪਾਸੇ ਵਿਦੇਸ਼ੀ ਕੁੜੀਆਂ ਦਾ ਪੰਜਾਬ ਦੇ ਕਲਚਰ ਵਿੱਚ ਮਿਕਸਅਪ ਪੇਸ਼ ਕਰਦੀ ਹੈ, ਦੂਜੇ ਪਾਸੇ ਰਿਸ਼ਤਿਆਂ ਦੇ ਸਵਾਰਥ ਪ੍ਰਤੀ ਆਪਣਾ ਗੁੱਸਾ ਵੀ ਜਾਹਰ ਕਰਦੀ ਹੈ। ਸੋਨਮ ਬਾਜਵਾ ਤੇ ਤਾਨੀਆ ਦੀ ਜੋੜੀ ਦੇ ਕਾਰਨਾਮੇ ਜਿੱਥੇ ਦਰਸ਼ਕਾਂ ਨੂੰ ਹਸਾਉਂਦੇ ਹਨ ਉੱਥੇ ਨਾਲ ਹੀ ਉਨ੍ਹਾਂ ਦਾ ਆਪਣੀ ਨਾਨੀ ਨਾਲ ਪਿਆਰ ਅੱਖਾਂ ਨਮ ਵੀ ਕਰਦਾ ਹੈ। ਫਿਲਮ ਵਿੱਚ ਮਰਦਾਂ ਦਾ ਔਰਤਾਂ 'ਤੇ ਦਬਾਅ ਵੀ ਵਿਖਾਇਆ ਗਿਆ ਹੈ ਅਤੇ ਉਸ ਨੂੰ ਸੋਨਮ ਬਾਜਵਾ ਦੇ ਕਿਰਦਾਰ ਜ਼ਰੀਏ ਮਿਟਾਉਣ ਦਾ ਯਤਨ ਵੀ ਕੀਤਾ ਗਿਆ ਹੈ।

**ਨਿਧੀ ਸਿੰਘ** (2016)

ਜੈਵੀ ਧੰਦਾ ਵੱਲੋਂ ਨਿਰਦੇਸ਼ਿਤ ਇਹ ਫਿਲਮ ਪੰਜਾਬੀ ਸਿਨੇਮਾ 'ਚ ਇੱਕ ਗੰਭੀਰ ਕਹਾਣੀ ਨੂੰ ਪੇਸ਼ ਕਰਦੀ ਹੈ। ਨਿਧੀ ਦੀ ਜ਼ਿੰਦਗੀ ਉਦੋਂ ਬਦਲ ਜਾਂਦੀ ਹੈ ਜਦ ਉਸ ਦੀ ਸਹੇਲੀ ਨਾਲ ਕੁਝ ਲੋਕ ਬਲਾਤਕਾਰ ਕਰਦੇ ਹਨ। ਬਦਲੇ ਦੀ ਅੱਗ ਵਿੱਚ ਕਾਨੂੰਨ ਦੇ ਦਰ ਠੋਕਰਾਂ ਖਾਣ ਤੋਂ ਬਾਅਦ ਉਹ ਨਿਧੀ ਕੌਰ ਤੋਂ ਨਿੱਧੀ ਸਿੰਘ ਬਣ ਜਾਂਦੀ ਹੈ ਅਤੇ ਸਮਾਜ ਦੇ ਇਨ੍ਹਾਂ ਅਨਸਰਾਂ ਦਾ ਟਾਕਰਾ ਕਰਦੀ ਹੈ। ਅਸਲ ਰੂਪ ਵਿੱਚ ਫਿਲਮ ਇੱਕ ਕੁੜੀ ਦੇ ਚਿੜੀ ਤੋਂ ਬਾਜ ਬਣਨ ਦੀ ਕਹਾਣੀ ਨੂੰ ਬਿਆਨ ਕਰਦੀ ਹੈ।




**ਗੇਲੋ** (2016)

ਪੰਜਾਬੀ ਸਿਨੇਮਾ ਵਿੱਚ ਸਾਹਿਤਕ ਕਹਾਣੀਆਂ 'ਤੇ ਬਹੁਤ ਘੱਟ ਫਿਲਮਾਂ ਬਣਦੀਆਂ ਹਨ। 2016 ਵਿੱਚ ਰਿਲੀਜ਼ ਹੋਈ ਰਾਮ ਸਰੂਪ ਅਣਖੀ ਦੇ ਨਾਵਲ 'ਤੇ ਬਣੀ ਫਿਲਮ 'ਗੇਲੋ' ਸਮਾਜ ਦੀ ਅਸਥਿਰਤਾ ਇੱਕ ਪੇਂਡੂ ਕੁੜੀ ਦੇ ਨਜ਼ਰੀਏ ਤੋਂ ਵਿਖਾਉਦੀ ਹੈ। ਜਵਾਨੀ ਦੇ ਪਿਆਰ ਤੋਂ ਵਿਛੋੜੇ ਮਗਰੋਂ ਉਸ ਕੋਲ ਆਵਦੇ ਹਿੱਸੇ ਜ਼ਮੀਨ ਦਾ ਇੱਕ ਟੁਕੜਾ ਰਹਿ ਜਾਂਦਾ ਹੈ, ਜਿਸ ਨੂੰ ਵੀ ਸਮਾਜ ਦੇ ਤਾਕਤਵਰ ਹਥਿਆਉਣਾ ਚਾਹੁੰਦੇ ਹਨ। ਅਜਿਹੇ ਹਾਲਾਤ ਵਿੱਚ ਗੇਲੋ ਸਮਾਜਿਕ ਬੰਦਿਸ਼ਾਂ ਤੋਂ ਉੱਪਰ ਉੱਠ ਹੱਥ 'ਚ ਦਾਤੀ ਫੜ ਕੇ ਆਪਣੇ ਹੱਕਾਂ ਦੀ ਲੜਾਈ ਕਰਦੀ ਹੈ। ਗੇਲੋ ਦੇ ਕਿਰਦਾਰ ਨੂੰ ਜਸਪਿੰਦਰ ਚੀਮਾ ਨੇ ਬਾਖ਼ੂਬੀ ਨਿਭਾਇਆ ਹੈ।

**ਸੁਰਖ਼ੀ ਬਿੰਦੀ** (2019)

ਜਗਦੀਪ ਸਿੱਧੂ ਵੱਲੋਂ ਲਿਖੀ ਇਹ ਫਿਲਮ ਔਰਤਾਂ ਦੇ ਚਾਵਾਂ, ਉਮੰਗਾਂ ਅਤੇ ਸੁਪਨਿਆਂ ਦੀ ਗੱਲ ਕਾਮੇਡੀ ਦੇ ਤੜਕੇ ਨਾਲ ਕਰਦੀ ਹੈ। ਸਰਗੁਣ ਮਹਿਤਾ ਦੀ ਅਦਾਕਾਰੀ ਦਰਸ਼ਕਾਂ ਨੂੰ ਹਸਾਉਣ ਦੇ ਨਾਲ-ਨਾਲ ਰਵਾਉਣ ਦਾ ਕੰਮ ਵੀ ਕਰਦੀ ਹੈ। ਉਸ ਦੇ ਕਿਰਦਾਰ ਰਾਣੋ ਦੀ ਕੈਨੇਡਾ ਜਾਣ ਦੀ ਤਮੰਨਾ ਉਸ ਨੂੰ ਵਿਆਹ ਕੇ ਨਵੇਂ ਘਰ ਦੇ ਵਾਤਾਵਰਨ ਸਦਕਾ ਮਿੱਟੀ ਵਿੱਚ ਰੁਲਦੀ ਜਾਪਦੀ ਹੈ ਅਤੇ ਉਹ ਚੁੱਪ ਤੋਂ ਤੰਗ ਆ ਕੇ ਆਪਣੇ ਮਨ ਦੀਆਂ ਮਰਜੀਆਂ ਕਰਨ ਬਾਰੇ ਸੋਚਦੀ ਹੈ ਪਰੰਤੂ ਉਸ ਨੂੰ ਰਿਸ਼ਤਿਆਂ ਦੀਆਂ ਜੜ੍ਹਾਂ ਪੁਲਾਂਘ ਨਹੀਂ ਪੁੱਟਣ ਦਿੰਦੀਆਂ। ਜਦੋਂ ਪਤੀ ਬਣੇ ਗੁਰਨਾਮ ਭੁੱਲਰ ਦਾ ਕਿਰਦਾਰ ਸੁੱਖਾ ਉਸ ਦੀਆਂ ਭਾਵਨਾਵਾਂ ਨੂੰ ਇੱਕ ਆਮ ਬੰਦੇ ਦੇ ਨਜ਼ਰੀਏ ਤੋਂ ਵੱਖ ਹੋ ਕੇ ਦੇਖਦਾ ਹੈ ਤਾਂ ਉਸ ਨੂੰ ਆਪਣੀ ਘਰਵਾਲੀ ਦੀ ਖ਼ੁਸ਼ੀ ਤੋਂ ਇਲਾਵਾ ਬਾਕੀ ਸਾਰੇ ਸਮਾਜਿਕ ਵਰਤਾਰੇ ਫਿੱਕੇ ਜਾਪਦੇ ਹਨ। ਇਸ ਸਦਕਾ ਉਹ ਆਪਣੀ ਘਰਵਾਲੀ ਦੇ ਸੁਪਨੇ ਦੀ ਪੂਰਤੀ ਲਈ ਉਸ ਨੂੰ ਸੁਰਖ਼ੀ ਬਿੰਦੀ ਦੀ ਦੁਕਾਨ ਖੋਲ੍ਹਣ ਵਿੱਚ ਸਹਾਇਤਾ ਕਰਦਾ ਹੈ।

**ਮਾਂ** (2021)

ਰਾਣਾ ਰਣਬੀਰ ਦੀ ਲਿਖੀ ਫਿਲਮ 'ਮਾਂ' ਦਰਸ਼ਕਾਂ ਦੀਆਂ ਅੱਖਾਂ 'ਚੋਂ ਹੰਝੂ ਕੱਢ ਕੇ ਹੀ ਆਪਣਾ ਸੁਨੇਹਾ ਦਿੰਦੀ ਹੈ। ਮਨਜੀਤ ਕੌਰ ਦੇ ਕਿਰਦਾਰ ਵਿੱਚ ਦਿਵਿਆ ਦੱਤਾ ਦੀ ਜਾਨ ਹਰ ਘੜੀ ਆਪਣੇ ਪੁੱਤਾਂ ਵਿੱਚ ਵਸਦੀ ਹੈ। ਉਨ੍ਹਾਂ ਨੂੰ ਪਾਲ ਕੇ ਵੱਡਾ ਕਰਨਾ ਅਤੇ ਲੋਕਾਂ ਦੀਆਂ ਸਾਜ਼ਿਸ਼ਾਂ ਦਾ ਕਰੜੇ ਬੋਲਾਂ ਨਾਲ ਜਵਾਬ ਦੇਣ ਵਿੱਚ ਉਹ ਜ਼ਰਾ ਵੀ ਨਹੀਂ ਝਿਜਕਦੀ। ਅੱਠ ਤੋਂ 30 ਕਿੱਲੇ ਪੈਲੀ ਬਣਾਉਣ ਤੱਕ ਦਾ ਉਸ ਦਾ ਇਹ ਸਫ਼ਰ ਮੁਸੀਬਤਾਂ ਭਰਿਆ ਹੁੰਦਾ ਹੈ ਪਰ ਫਿਰ ਵੀ ਉਹ ਆਪਣੇ ਆਪ ਨੂੰ ਡੋਲਣ ਨਹੀਂ ਦਿੰਦੀ। ਫਿਲਮ ਵਿੱਚ ਜਿੱਥੇ ਮਾਂ ਦੀ ਮਮਤਾ ਦਿਸਦੀ ਹੈ, ਉੱਥੇ ਇੱਕ ਮਾਂ ਦੀ ਸਮਾਜ ਨਾਲ ਲੜਾਈ ਵੀ ਵਿਖਾਉਂਦੀ ਹੈ।

**ਕਲੀ ਜੋਟਾ** (2023)

ਆਪਣੀ ਮਰਜ਼ੀ ਨਾਲ ਜਿਉਣਾ ਤਾਂ ਸਭ ਦਾ ਹੱਕ ਹੈ, 'ਕਲੀ ਜੋਟਾ' ਦਾ ਇਹ ਡਾਇਲਾਗ ਹੀ ਫਿਲਮ ਦਾ ਅਸਲ ਮੁੱਦਾ ਹੈ। ਇਹ ਫਿਲਮ ਸਮਾਜ ਦੀਆਂ ਉਨ੍ਹਾਂ ਪ੍ਰਸਥਿਤੀਆਂ ਨੂੰ ਬਿਆਨਦੀ ਹੈ, ਜੋ ਔਰਤ ਦਾ ਦਮ ਘੋਟਦੀਆਂ ਹਨ। ਕਿਸੇ ਨੂੰ ਕਿਵੇਂ ਧੁਰ ਅੰਦਰ ਤੱਕ ਤੋੜਿਆ ਜਾਂਦਾ ਹੈ ਅਤੇ ਮਾਨਸਿਕ ਸਥਿਤੀ ਨੂੰ ਸੱਟ ਮਾਰੀ ਜਾਂਦੀ ਹੈ ਉਸ ਨੂੰ ਬਹੁਤ ਹੀ ਗੰਭੀਰਤਾ ਨਾਲ ਬਿਆਨ ਕਰਦੀ ਹੈ। ਇਹ ਦਰਸ਼ਕਾਂ ਨੂੰ ਜਿੱਥੇ ਰੋਣ ਲਈ ਮਜਬੂਰ ਕਰਦੀ ਹੈ ਉੱਥੇ ਸੋਚਣ ਲਈ ਵੀ ਮਜਬੂਰ ਕਰਦੀ ਹੈ। ਵਿਜੈ ਕੁਮਾਰ ਅਰੋੜਾ ਵੱਲੋਂ ਡਾਇਰੈਕਟ ਕੀਤੀ ਇਸ ਫਿਲਮ ਵਿੱਚ ਨੀਰੂ ਬਾਜਵਾ ਦੀ ਅਦਾਕਾਰੀ ਉਨ੍ਹਾਂ ਦੇ ਕਰੀਅਰ ਦੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਅਦਾਕਾਰੀ ਸੀ।

**ਗੋਡੇ ਗੋਡੇ ਚਾਅ** (2023)

ਜਗਦੀਪ ਸਿੱਧੂ ਵੱਲੋਂ ਲਿਖੀ ਤੇ ਵਿਜੈ ਕੁਮਾਰ ਅਰੋੜਾ ਵਲੋਂ ਡਾਇਰੈਕਟ ਕੀਤੀ ਫਿਲਮ 'ਗੋਡੇ ਗੋਡੇ ਚਾਅ' ਪੰਜਾਬ ਦੇ ਉਨ੍ਹਾਂ ਵੇਲਿਆਂ ਦੀ ਕਹਾਣੀ ਹੈ, ਜਦ ਔਰਤਾਂ ਨੂੰ ਵਿਆਹ ਦੀ ਬਾਰਾਤ ਵਿੱਚ ਨਹੀਂ ਸੀ ਜਾਣ ਦਿੱਤਾ ਜਾਂਦਾ। ਇਹ ਹੱਕ ਉਦੋਂ ਸਿਰਫ ਬੰਦਿਆਂ ਕੋਲ ਹੀ ਹੁੰਦਾ ਸੀ। ਕਾਮੇਡੀ ਭਰਪੂਰ ਇਹ ਫਿਲਮ ਦਰਸ਼ਕਾਂ ਨੂੰ ਹਸਾਉਣ ਦੇ ਨਾਲ-ਨਾਲ ਔਰਤਾਂ ਦੇ ਚਾਵਾਂ ਦੀ ਬਾਤ ਵੀ ਪਾਉਂਦੀ ਹੈ। ਸੋਨਮ ਬਾਜਵਾ ਘਰ ਦੀਆਂ ਔਰਤਾਂ ਨੂੰ ਬਾਰਾਤ ਵਿੱਚ ਲੈ ਕੇ ਜਾਣ ਦਾ ਜਿੰਮਾ ਚੁੱਕਦੀ ਹੈ ਅਤੇ ਮਰਦਾਂ ਦੇ ਕੌੜੇ ਬੋਲਾਂ ਦਾ ਸ਼ਿਕਾਰ ਹੁੰਦੀ ਹੈ ਪਰ ਜਦ ਸਭ ਇਕੱਠੇ ਹੋ ਜਾਣ ਤਾਂ ਰਾਹ ਦੀ ਕੋਈ ਵੀ ਔਕੜ ਪਾਰ ਕੀਤੀ ਜਾ ਸਕਦੀ ਹੈ।






## ਵਰਤਮਾਨ ਤੇ ਭਵਿੱਖ ਦੇ 'ਸਿਆਸੀ ਘੋਲ'

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮੋਹਨ ਸਿੰਘ ਤੁੜ, ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ ਜਿਹੇ ਹੋਰ ਵੀ ਕਈ ਵੱਡੇ ਕੱਦ ਵਾਲੇ ਲੀਡਰ ਅਕਾਲੀ ਪਾਰਟੀ ਦੀਆਂ ਮਜ਼ਬੂਤ ਨੀਂਹਾਂ ਰਹੇ ਨੇ। ਸੋ ਵਾਪਸ ਮੁੜਨ ਦੇ ਲਈ ਸਾਫ਼ ਛਵੀਆਂ ਵਾਲੇ ਚਿਹਰਿਆਂ ਨੂੰ ਤਵੱਜੋ ਦੇਣੀ ਅਕਾਲੀ ਪਾਰਟੀ ਦੀ ਮੁੱਖ ਲੋੜ ਹੈ। ਉਹਨਾਂ ਨੂੰ ਦਲੇਰ ਤੇ ਪੰਥਕ ਲੀਡਰਾਂ ਵੱਲ ਮੁੜਨਾ ਪੈ ਰਿਹਾ ਹੈ। ਹੁਣ ਦੇਖੋ ਕਿ ਉਹ ਜਨਤਾ ਦੇ ਉੱਤੇ ਆਪਣਾ ਪ੍ਰਭਾਵ ਕਿੰਨਾ ਕੁ ਛੱਡ ਸਕਣਗੇ ? ਸਭ ਤੋਂ ਵੱਡੀ ਚੁਣੌਤੀ ਇਸ ਸਮੇਂ ਸੁਖਬੀਰ ਬਾਦਲ ਤੇ ਜਥੇਦਾਰ ਦੇ ਸਾਹਮਣੇ ਹੈ। ਸਿੱਖ ਸਫ਼ਾਂ ਦੇ ਵਿੱਚ ਇਹ ਚਰਚਾ ਹੈ ਕਿ ਹੁਣ ਸੁਖਬੀਰ ਬਾਦਲ ਦਾ ਕੀ ਬਣੂੰ ? ਕੀ ਜਥੇਦਾਰ ਸਾਹਿਬ ਬਾਦਲਾਂ ਪ੍ਰਤੀ ਵਫ਼ਾਦਾਰੀ ਵਾਲੀ ਚਾਦਰ ਉਤਾਰਣਗੇ ? ਕੀ ਉਹ ਅਕਾਲੀ ਫੂਲਾ ਸਿੰਘ ਵਰਗਾ ਰੋਲ ਨਿਭਾਉਣਗੇ ? ਕੀ ਉਹ ਸੰਗਤ ਦੇ ਸਾਹਮਣੇ ਆਪਣੀ ਦਿੱਖ ਨੂੰ ਨਿਰਪੱਖ ਪੇਸ਼ ਕਰਨਗੇ ? ਪੰਜਾਬ ਦੇ ਵਿੱਚ ਭਾਵੇਂ ਕਿੰਨੀਆਂ ਹੀ ਸਰਕਾਰਾਂ ਆ ਜਾਣ ਪਰ ਅਕਾਲੀ ਪਾਰਟੀ ਅੱਜ ਵੀ ਮੇਜਰ ਪਾਰਟੀ ਹੈ, ਉਸ ਦੀ ਆਪਣੀ ਮਾਣਮੱਤੀ ਹਿਸਟਰੀ ਹੈ। ਉਸਦਾ ਆਪਣਾ ਵਜੂਦ ਹੈ, ਫਿਰ ਕੀ ਹੋਇਆ ਹਾਰ ਗਏ, ਹਾਰ ਕੇ ਫਿਰ ਉਠ ਸਕਦੇ ਨੇ। ਕਈ ਵਾਰੀ ਰੋਸ ਲੰਬਾ ਚਲਾ ਜਾਂਦਾ ਹੈ, ਸੁਭਾਵਿਕ ਹੈ ਪਰ ਆਪਣੇ ਪੁਰਖ਼ਿਆਂ ਦੇ ਇਮਾਨਦਾਰ ਕਦਮ ਚਿੰਨ੍ਹਾਂ 'ਤੇ ਚੱਲ ਕੇ ਤੇ ਹੋਛਾਪਣ ਤਿਆਗ ਕੇ ਆਪਣੇ ਆਪ ਨੂੰ ਨਵਾਂ ਨਰੋਆ ਰੱਖ ਸਕਦੀ ਹੈ ਅਕਾਲੀ ਪਾਰਟੀ।

****

## ਸ਼੍ਰੋਮਣੀ ਅਕਾਲੀ ਦਲ ਨੇ ਬਾਗ਼ੀ ਧੜੇ ਦੇ

ਕਿ ਉਹ ਜੋ ਕੁਝ ਵੀ ਕਹਿਣਾ ਚਾਹੁੰਦੇ ਹਨ, ਪਾਰਟੀ ਫੋਰਮ 'ਤੇ ਆ ਕੇ ਕਹਿਣ। ਜੇ ਉਹ ਮੀਟਿੰਗ ਵਿੱਚ ਗੱਲ ਕਰਨ ਦੀ ਬਜਾਇ ਬਾਹਰ ਮੀਡੀਆ ਵਿੱਚ ਜਾ ਕੇ ਪਾਰਟੀ ਨੂੰ ਢਾਹ ਲਾਉਣ ਲਈ ਝੂਠਾ ਭੰਡੀ ਪ੍ਰਚਾਰ ਕਰਦੇ ਹਨ ਤਾਂ ਇਹ ਸਮਝਿਆ ਜਾਵੇਗਾ ਕਿ ਉਨ੍ਹਾਂ ਦਾ ਪਾਰਟੀ ਵਿੱਚ ਕੋਈ ਭਰੋਸਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਪਾਰਟੀ ਖਿਲਾਫ਼ ਖੁੱਲ੍ਹ ਕੇ ਯੋਜਨਾਬੱਧ ਢੰਗ ਨਾਲ ਕੂੜ ਪ੍ਰਚਾਰ ਕੀਤਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਨੁਸ਼ਾਸਨ ਭੰਗ ਕਰਨ ਵਾਲਿਆਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

ਅਨੁਸ਼ਾਸਨੀ ਕਮੇਟੀ ਨੇ ਸੁਖਦੇਵ ਸਿੰਘ ਢੀਂਡਸਾ ਬਾਰੇ ਚੁੱਪ ਵੱਟੀ

ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਬਾਰੇ ਖਾਮੋਸ਼ ਦਿਖਾਈ ਦਿੱਤੀ ਜਿਨ੍ਹਾਂ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਗਿਆ। ਹਾਲਾਂਕਿ, ਸੁਖਦੇਵ ਸਿੰਘ ਢੀਂਡਸਾ ਵੀ ਪਾਰਟੀ ਤੋਂ ਨਾਰਾਜ਼ ਚੱਲ ਰਹੇ ਹਨ। ਉਨ੍ਹਾਂ ਦੇ ਘਰ ਕਈ ਵਾਰ ਨਾਰਾਜ਼ ਆਗੂਆਂ ਦੀਆਂ ਮੀਟਿੰਗਾਂ ਹੋਈਆਂ ਅਤੇ ਉਹ ਵੀ ਕਈ ਵਾਰ ਇਨ੍ਹਾਂ ਆਗੂਆਂ ਦੀਆਂ ਮੀਟਿੰਗਾਂ ਵਿੱਚ ਦਿਖਾਈ ਦਿੱਤੇ, ਪਰ ਇਸ ਦੇ ਬਾਵਜੂਦ ਅਨੁਸ਼ਾਸਨੀ ਕਮੇਟੀ ਨੇ ਉਨ੍ਹਾਂ ਦੇ ਨਾਂ 'ਤੇ ਚੁੱਪ ਵੱਟੀ ਰੱਖੀ। ਇਸ ਸਬੰਧੀ ਕਈ ਤਰ੍ਹਾਂ ਦੇ ਚਰਚੇ ਚੱਲ ਰਹੇ ਹਨ।

***

## ਬਹੁਤ ਸਮੇਂ ਬਾਅਦ ਪੰਜਾਬ ਦੇ ਹੱਕਾਂ ਲਈ

ਸਿੱਧੂ ਮੂਸੇਵਾਲਾ ਦਾ ਪਰਿਵਾਰ ਅੱਜ ਵੀ ਨਿਆਂ ਲਈ ਭਟਕ ਰਿਹਾ ਹੈ। ਚੰਨੀ ਨੇ ਬਜਟ ਵਿੱਚ ਪੰਜਾਬ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਇਆ।

ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਨੂੰ ਗੈਰ ਸੰਵਿਧਾਨਿਕ ਅਤੇ ਸੰਘੀ ਢਾਂਚੇ ਦੇ ਖ਼ਿਲਾਫ਼ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਬਜਟ ਸੰਘੀ ਢਾਂਚੇ ਦਾ ਗਲਾ ਘੁੱਟਣ ਵਾਲਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਸਾਨਾਂ ਲਈ ਐਮ.ਐਸ.ਪੀ., ਚੰਡੀਗੜ੍ਹ, ਅਗਨੀਵੀਰ, ਵਾਹਘਾ ਬਾਰਡਰ ਖੋਲ੍ਹਣ ਅਤੇ ਪੰਜਾਬ ਲਈ ਸਪੈਸ਼ਲ ਪੈਕਜ ਦਾ ਮੁੱਦਾ ਚੁੱਕਿਆ ਹੈ। ਕੰਗ ਨੇ ਕਿਹਾ ਕਿ ਨਰਿੰਦਰ ਮੋਦੀ ਬਤੌਰ ਗੁਜਰਾਤ ਦੇ ਮੁੱਖ ਮੰਤਰੀ ਐਮ.ਐਸ.ਪੀ. ਅਤੇ ਸਵਾਮੀਨਾਥਨ ਰਿਪੋਰਟ ਦੇ ਸਮਰਥਕ ਸਨ ਪਰ ਹੁਣ ਇਸ ਨੂੰ ਲਾਗੂ ਕਰਨ ਤੋਂ ਭੱਜ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਆਂਧਰਾ ਪ੍ਰਦੇਸ਼ ਨੂੰ ਉਸ ਦੀ ਰਾਜਧਾਨੀ ਬਣਾਉਣ ਲਈ ਕਰੋੜਾਂ ਦਾ ਪੈਕਜ ਦੇ ਸਕਦੀ ਹੈ ਤਾਂ ਪੰਜਾਬ ਨਾਲ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ। ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣਾਇਆ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ।

ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਨੂੰ ਮਜ਼ਬੂਰੀ ਦਾ ਬਜਟ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਵਿੱਚ ਸੰਘੀ ਢਾਂਚੇ ਨੂੰ ਢਾਅ ਲਗਾਈ ਗਈ ਹੈ। ਉਨ੍ਹਾਂ ਵੱਡਾ ਦੋਸ਼ ਲਗਾਉਂਦਿਆ ਕਿਹਾ ਕਿ ਸਿਰਫ ਦੋ ਰਾਜਾਂ ਲਈ ਬਾਕੀ ਸਾਰਿਆਂ ਦੇ ਹਿੱਤਾਂ ਨੂੰ ਕੁਰਬਾਨ ਕਰ ਦਿੱਤਾ ਹੈ। ਗਾਂਧੀ ਨੇ ਕਿਹਾ ਕਿ ਇਸ ਸਰਕਾਰ ਨੇ ਰਾਜਾਂ ਦੀ ਸੂਚੀ, ਕੇਂਦਰੀ ਸੂਚੀ, ਸਮਵਰਤੀ ਸੂਚੀ ਤੇ ਹੋਰ ਕਈ ਮਹਿਕਮਿਆਂ ਅਤੇ ਵਿਸ਼ਿਆਂ ਨੂੰ ਰਾਜਾਂ ਦੀ ਸੂਚੀ ਵਿੱਚੋਂ ਕੱਢ ਕੇ ਕੇਂਦਰ ਦੀ ਸੂਚੀ ਵਿੱਚ ਪਾਇਆ ਹੈ। ਲਗਾਤਾਰ ਰਾਜਾਂ ਨੂੰ ਕਮਜੋਰ ਕੀਤਾ ਜਾ ਰਿਹਾ ਹੈ ਅਤੇ ਕੇਂਦਰ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਰਾਜਾਂ ਦੀ ਵਿੱਤੀ ਹਾਲਾਤ ਕਮਜੋਰ ਹੋਈ ਹੈ ਅਤੇ ਕੇਂਦਰ ਸਰਕਾਰ ਖੁਦ ਮਾਲਕ ਬਣਕੇ ਸੂਬਿਆਂ ਨੂੰ ਭਿਖਾਰੀ ਬਣਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਸਾਰੀਆਂ ਜੰਗਾਂ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਦਿੱਤੀਆਂ ਹਨ ਪਰ ਬਜਟ ਵਿੱਚ ਪੰਜਾਬ ਲਈ ਕੁਝ ਨਹੀਂ ਰੱਖਿਆ ਗਿਆ। ਪੰਜਾਬ ਨੂੰ ਐਗਰੋ ਬੇਸ ਉਦਯੋਗ ਨਹੀਂ ਦਿੱਤਾ ਗਿਆ, ਇਸ ਦੇ ਬਜਾਏ ਪੰਜਾਬ ਦੀ ਕੁਦਰਤੀ ਇੰਡਸਟਰੀ ਨੂੰ ਉਜਾੜਿਆ ਗਿਆ। ਉਨ੍ਹਾਂ ਕਿਹਾ ਕਿ ਹੋਰਾਂ ਸੂਬਿਆਂ ਦੇ ਉਦਯੋਗਾਂ ਨੂੰ ਸਹੂਲਤਾਂ ਦਿੱਤੀਆਂ ਗਈਆ ਜਿਸ ਕਰਕੇ ਪੰਜਾਬ ਦੇ ਉਦਯੋਗ ਪਲਾਇੰਨ ਕਰ ਗਏ। ਜਿਸ ਨਾਲ ਪੰਜਾਬ ਦੇ ਨੌਜਵਾਨਾਂ ਕੋਲ ਰੁਜਗਾਰ ਨਹੀਂ ਬਚਿਆ ਅਤੇ ਇਸ ਤੋਂ ਤੰਗ ਹੋ ਕਈ ਨਸ਼ਿਆਂ ਵਿੱਚ ਫਸ ਗਏ ਅਤੇ ਕਈ ਵਿਦੇਸ਼ ਚਲੇ ਗਏ।

ਬੇਸ਼ੱਕ ਇਹ ਪੰਜਾਬ ਦੇ ਸਾਂਸਦਾਂ ਦੀ ਇੱਕ ਉਸਾਰੂ ਸ਼ੁਰੂਆਤ ਹੈ ਤੇ ਪਰ ਪੰਜਾਬੀਆਂ ਨੂੰ ਮਾਣ ਹੈ ਕਿ ਪੰਜਾਬ ਦੇ ਹੱਕ ਵਿੱਚ ਸੰਸਦ ਵਿਖੇ ਆਵਾਜ਼ ਉਠੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਮੁੱਦਿਆਂ ਬਾਰੇ ਬਾਰੇ ਸਾਰੀਆਂ ਰਾਜਸੀ ਪਾਰਟੀਆਂ ਚੁੱਪ ਹਨ। ਕੇਂਦਰ ਸਰਕਾਰ ਦੇ ਕਈ ਫੈਸਲਿਆਂ ਕਾਰਨ ਰਾਜਾਂ ਦੇ ਅਧਿਕਾਰ ਸੰਕਟ ਵਿੱਚ ਪਏ ਹੋਏ ਹਨ। ਕੇਂਦਰ ਸਰਕਾਰ ਵੱਲੋਂ ਸਰਹੱਦੀ ਖੇਤਰ ਵਿੱਚ ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ 50 ਕਿਲੋਮੀਟਰ ਤੱਕ ਵਧਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨਾਲ ਸਬੰਧਤ ਵਧੇਰੇ ਮੁੱਦੇ ਹਨ, ਜਿਨ੍ਹਾਂ ਬਾਰੇ ਕੋਈ ਵੀ ਰਾਜਸੀ ਪਾਰਟੀ ਗੱਲ ਕਰਨ ਲਈ ਤਿਆਰ ਨਹੀਂ। ਪਰ ਹੁਣ ਲੋਕ ਸਭਾ ਦੇ ਪੰਜਾਬੀ ਸਾਂਸਦਾਂ ਨੇ ਪੰਜਾਬ ਦੇ ਮੁਦੇ ਉਠਾਕੇ ਇਤਿਹਾਸ ਰਚਿਆ ਹੈ।

***

## ਪੰਜਾਬ ਦੀ ਧਰਤੀ ਹੇਠਲਾ

ਇਸ ਪੱਖੋਂ ਖ਼ਤਰਨਾਕ ਰਸਾਇਣਾਂ ਦੀ ਵਰਤੋਂ ਕਰ ਰਹੀਆਂ ਸਨਅਤੀ ਇਕਾਈਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਬਹੁਤ ਸਾਰੀਆਂ ਸਨਅਤਾਂ ਜ਼ਹਿਰੀਲਾ ਅਤੇ ਗੰਦਾ ਪਾਣੀ ਰਿਵਰਸ ਬੋਰਿੰਗ ਰਾਹੀਂ ਜ਼ਮੀਨ ਵਿੱਚ ਪਾ ਰਹੀਆਂ ਹਨ ਜਾਂ ਫਿਰ ਲਾਗਿਓਂ ਲੰਘਦੇ ਨਦੀਆਂ ਨਾਲਿਆਂ ਦੇ ਪਾਣੀ ਵਿੱਚ ਸੁੱਟ ਦਿੰਦੀਆਂ ਹਨ। ਜ਼ੀਰਾ ਖੇਤਰ ਦੇ ਪਿੰਡਾਂ ਵਿੱਚ ਜਦੋਂ ਗੰਦਾ ਅਤੇ ਕਾਲਾ ਪਾਣੀ ਬੋਰਾਂ 'ਚੋਂ ਆਉਣ ਲੱਗਿਆ ਸੀ ਤਦ ਪਤਾ ਲੱਗਿਆ ਸੀ ਕਿ ਇਹ ਸਭ ਮਨਸੂਰਵਾਲ ਵਿੱਚ ਲੱਗੀ ਐਥਾਨੋਲ ਫੈਕਟਰੀ ਦਾ ਕੀਤਾ ਕਰਾਇਆ ਸੀ ਜਿਸ ਦੇ ਖ਼ਿਲਾਫ਼ ਲੋਕਾਂ ਨੂੰ ਵੱਡਾ ਸੰਘਰਸ਼ ਲੜਨਾ ਪਿਆ ਸੀ। ਲੁਧਿਆਣਾ 'ਚ ਕਈ ਤਰ੍ਹਾਂ ਦੀਆਂ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਅਤੇ ਰਹਿੰਦ-ਖੂੰਹਦ ਨੇ ਬੁੱਢੇ ਦਰਿਆ ਦੇ ਪਾਣੀ ਦਾ ਰੰਗ ਬਦਲ ਦਿੱਤਾ ਹੈ ਅਤੇ ਹੁਣ ਉਸ ਦਾ ਅਸਰ ਦੂਰ ਤੱਕ ਹੋਣ ਲੱਗਾ ਹੈ। ਪੰਜਾਬ ਹੁਣ ਇਸ ਮਾਮਲੇ ਨੂੰ ਹੋਰ ਅੱਖੋਂ-ਪਰੋਖੇ ਨਹੀਂ ਕਰ ਸਕਦਾ ਸਗੋਂ ਇਸ ਦਾ ਢੁਕਵਾਂ ਹੱਲ ਲੱਭਣਾ ਹੀ ਪੈਣਾ ਹੈ।

ਸਰਕਾਰ ਨੂੰ ਸਨਅਤੀ ਖੇਤਰ ਵਲੋਂ ਵੱਡੇ ਪਧਰ 'ਤੇ ਵਰਤੇ ਜਾ ਰਹੇ ਧਰਤੀ ਹੇਠਲੇ ਪਾਣੀ ਨੂੰ ਸੰਜਮ ਨਾਲ ਵਰਤਣ ਦੀ ਮੁਹਿੰਮ ਵਿੱਢਣੀ ਚਾਹੀਦੀ ਹੈ। ਪੰਜਾਬ ਸਰਕਾਰ ਨੂੰ ਹਰ ਪੱਧਰ ਉਤੇ ਪਾਣੀ ਬਚਾਉਣ 'ਤੇ ਜ਼ੋਰ ਦੇਣਾ ਹੋਵੇਗਾ। ਜੇ ਇੰਝ ਨਾ ਕੀਤਾ ਗਿਆ, ਇੱਕ ਦਿਨ ਪੰਜਾਬ ਮਾਰੂਥਲ ਨਾ ਬਣ ਜਾਵੇਗਾ।

****

## ਯੂਰਪ ਦੀ ਸੁਰੱਖਿਆ ਨੂੰ

ਜਰਮਨੀ ਦੇ ਰੱਖਿਆ ਮੰਤਰੀ ਬੋਰਿਸ ਪਿਸਟੋਰੀਅਸ ਨੇ ਚਿਤਾਵਨੀ ਦਿੱਤੀ ਹੈ ਕਿ ਅਗਲੇ ਪੰਜ ਸਾਲਾਂ ਵਿੱਚ ਰੂਸ ਦੇ ਹਮਲੇ ਨਾਟੋ ਦੀਆਂ ਸਰਹੱਦਾਂ ਤੱਕ ਪਹੁੰਚ ਸਕਦੇ ਹਨ। ਸਪੀਗਲ ਮੈਗਜ਼ੀਨ ਮੁਤਾਬਕ ਪਿਸਟੋਰੀਅਸ ਨੇ ਹੁਣੇ ਜਿਹੇ ਸੰਸਦ ਵਿੱਚ ਕਿਹਾ ਸੀ ਕਿ ਜਰਮਨੀ ਨੂੰ ਸਾਲ 2029 ਤੱਕ ਜੰਗ ਲਈ ਤਿਆਰ ਰਹਿਣਾ ਚਾਹੀਦਾ ਹੈ। ਉਸਨੇ ਚਿਤਾਵਨੀ ਦਿੱਤੀ ਕਿ ਜਦੋਂ ਪੁਤਿਨ ਇੰਨੀ ਨੇੜੇ ਆ ਗਏ ਹਨ, ਤਾਂ ਇਹ ਨਹੀਂ ਮੰਨਿਆ ਜਾਣਾ ਚਾਹੀਦਾ ਹੈ ਕਿ ਰੂਸ ਯੂਕਰੇਨ ਦੀ ਸਰਹੱਦ 'ਤੇ ਰੁਕ ਜਾਵੇਗਾ।

ਇੱਕ ਪਾਸੇ ਮਾਹਿਰ ਰੂਸ ਨੂੰ 'ਜੰਗੀ ਅਰਥਚਾਰਾ' ਦੱਸ ਰਹੇ ਹਨ, ਦੂਜੇ ਪਾਸੇ ਰੱਖਿਆ ਖੇਤਰ 'ਤੇ ਖਰਚ ਵਧਾਉਣਾ ਯੂਰਪੀ ਸਰਕਾਰਾਂ ਲਈ ਚੁਣੌਤੀਪੂਰਨ ਸਾਬਤ ਹੋ ਸਕਦਾ ਹੈ। ਲੋਕ ਪਹਿਲਾਂ ਹੀ ਮਹਿੰਗਾਈ ਅਤੇ ਮਹਿੰਗਾਈ ਦੇ ਬੋਝ ਹੇਠ ਦੱਬੇ ਹੋਏ ਹਨ। ਅਜਿਹੇ 'ਚ ਟੈਕਸਦਾਤਾ ਜੰਗ ਦੀਆਂ ਤਿਆਰੀਆਂ ਲਈ ਵਧਦੇ ਖਰਚੇ ਦਾ ਵਿਰੋਧ ਕਰ ਸਕਦੇ ਹਨ। ਖ਼ਾਸਕਰ ਜਦੋਂ ਬਹੁਤ ਸਾਰੇ ਲੋਕਾਂ ਲਈ ਜੰਗ ਬਹੁਤ ਦੂਰ ਦੀ ਸੰਭਾਵਨਾ ਹੈ।

ਜਰਮਨੀ ਨੇ ਯੂਕਰੇਨ ਅਤੇ ਰੂਸ ਵਿਚਾਲੇ ਚੱਲ ਰਹੀ ਜੰਗ ਵਿੱਚ ਕੀਵ ਦੀ ਮਦਦ ਲਈ ਹਥਿਆਰ ਅਤੇ ਉਪਕਰਨ ਮੁਹੱਈਆ ਕਰਵਾਏ ਹਨ। ਹਵਾਈ ਰੱਖਿਆ ਜਰਮਨੀ ਦੁਆਰਾ ਪ੍ਰਦਾਨ ਕੀਤੀ ਗਈ ਸਹਾਇਤਾ ਦਾ ਇੱਕ ਪ੍ਰਮੁੱਖ ਪਹਿਲੂ ਹੈ। ਯੁੱਧ ਸ਼ੁਰੂ ਹੋਣ ਤੋਂ ਬਾਅਦ ਜਰਮਨੀ ਨੇ 10,000 ਤੋਂ ਵੱਧ ਯੂਕਰੇਨੀ ਸੈਨਿਕਾਂ ਨੂੰ ਫੌਜੀ ਸਿਖਲਾਈ ਦਿੱਤੀ ਹੈ।

ਜਰਮਨੀ ਨੂੰ ਆਪਣੀ ਫੌਜ ਦਾ ਵਿਸਥਾਰ ਕਰਨ ਦੀ ਲੋੜ ਹੈ

ਨਾਟੋ ਦੇ ਫੌਜੀ ਰਣਨੀਤੀਕਾਰਾਂ ਦਾ ਅੰਦਾਜ਼ਾ ਹੈ ਕਿ ਰੂਸੀ ਹਮਲੇ ਦੀ ਸਥਿਤੀ ਵਿੱਚ, ਉਨ੍ਹਾਂ ਨੂੰ 35 ਤੋਂ 50 ਵਾਧੂ ਬ੍ਰਿਗੇਡਾਂ ਦੀ ਲੋੜ ਹੋਵੇਗੀ। ਇੱਕ ਬ੍ਰਿਗੇਡ ਵਿੱਚ 3,000 ਤੋਂ 7,000 ਸਿਪਾਹੀ ਹੁੰਦੇ ਹਨ। ਇਸ ਦਾ ਮਤਲਬ ਹੈ ਕਿ ਨਾਟੋ ਨੂੰ 3,50,000 ਵਾਧੂ ਸੈਨਿਕਾਂ ਦੀ ਲੋੜ ਪਵੇਗੀ।

ਜੇਕਰ ਜਰਮਨੀ ਦੇ ਸੰਦਰਭ 'ਚ ਦੇਖਿਆ ਜਾਵੇ ਤਾਂ ਇਸ ਨੂੰ ਤਿੰਨ ਤੋਂ ਪੰਜ ਵਾਧੂ ਬ੍ਰਿਗੇਡਾਂ ਯਾਨੀ 30 ਹਜ਼ਾਰ ਵਾਧੂ ਸੈਨਿਕਾਂ ਦੀ ਲੋੜ ਪੈ ਸਕਦੀ ਹੈ। ਜਰਮਨ ਸਰਕਾਰ ਇਸ ਸਮੇਂ ਤਿੰਨ ਡਿਵੀਜ਼ਨਾਂ 'ਤੇ ਕੰਮ ਕਰ ਰਹੀ ਹੈ। ਉਸਨੂੰ ਘੱਟੋ-ਘੱਟ ਇੱਕ ਹੋਰ ਡਵੀਜ਼ਨ ਬਣਾਉਣ ਦੀ ਲੋੜ ਪਵੇਗੀ। ਪਰ ਜਰਮਨੀ ਦੀਆਂ ਕੀ ਤਿਆਰੀਆਂ ਹਨ,ਇਸ ਬਾਰੇ ਕੋਈ ਖਬਰ ਨਹੀਂ ਹੈ।

***

## ਲੋਕਾਂ ਨੂੰ ਚੋਰੀਆਂ ਤੋਂ ਨਿਜ਼ਾਤ ਦਿਵਾਉਣ ਲਈ

ਕੋਸ਼ਿਸ਼ ਕਰੇਗਾ ਤਾਂ ਇਸ ਸਾਫਟਵੇਅਰ ਰਾਹੀਂ ਜੋੜੇ ਗਏ ਸਬੰਧਤ ਮੋਬਾਈਲ ਅਤੇ ਘਰ ਵਿੱਚ ਸਾਇਰਨ ਵੱਜਣਾ ਸ਼ੁਰੂ ਹੋ ਜਾਵੇਗਾ, ਜਿਸ ਤੋਂ ਤੁਰੰਤ ਬਾਅਦ ਚੋਰੀ ਕਰਨ ਦੇ ਮਕਸਦ ਨਾਲ ਦਾਖਲ ਹੋ ਰਹੇ ਚੋਰ ਨੂੰ ਆਸ ਪਾਸ ਦੇ ਲੋਕਾਂ ਦੀ ਮਦਦ ਨਾਲ ਕਾਬੂ ਕੀਤਾ ਜਾ ਸਕਦਾ ਹੈ।

ਇਸ ਤਕਨੀਕ ਦਾ ਲੋਕ ਬਾਹਰ ਦੂਰ ਬੈਠੇ ਵੀ ਘਰ ਦੀ ਸਾਰੀ ਗਤੀਵਿਧੀ ਸਬੰਧੀ ਜਾਣਕਾਰੀ ਹਾਸਲ ਕਰ ਸਕਦੇ ਹਨ। ਇਸ ਸਾਫਟਵੇਅਰ ਪ੍ਰੋਜੈਕਟ ਦੀ ਸੂਚਨਾ ਨੋਟੀਫਿਕੇਸ਼ਨ ਰਾਹੀਂ ਵੀ ਸਬੰਧਤ ਮਾਲਕ ਨੂੰ ਮਿਲ ਜਾਂਦੀ ਹੈ ਅਤੇ ਜੇ ਉਹ ਨੋਟੀਫਿਕੇਸ਼ਨ ਵੱਲ ਧਿਆਨ ਨਹੀਂ ਦਿੰਦਾ ਤਾਂ 15 ਸੈਕਿੰਡ ਬਾਅਦ ਉਸਦੇ ਮੋਬਾਈਲ ਉਪਰ ਫੋਨ ਕਾਲ ਆਟੋਮੈਟਿਕ ਆ ਜਾਵੇਗੀ ਕਿ ਉਨ੍ਹਾਂ ਦੇ ਘਰ ਵਿੱਚ ਕੋਈ ਹਲਚਲ ਹੋ ਰਹੀ ਹੈ।

ਇਸ ਨਵੀਂ ਤਕਨੀਕ ਦੇ ਸਾਫਟਵੇਅਰ ਪ੍ਰੋਜੈਕਟ ਨੂੰ ਲੋਕਾਂ ਵੱਲੋਂ ਲਗਵਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ ਕਿਉਂਕਿ ਘਰਾਂ ਵਿੱਚ ਆਮ ਤੌਰ 'ਤੇ ਰਖਵਾਲੀ ਕਰਨੀ ਕੈਮਰਿਆਂ ਦੇ ਵੱਸ ਦੀ ਗੱਲ ਨਹੀਂ ਰਹੀ ਹੈ। ਮਨਪ੍ਰੀਤ ਸੰਧੂ ਨੇ ਦੱਸਿਆ ਕਿ ਇਸ ਸਾਰੀ ਤਕਨੀਕ ਨੂੰ ਚਲਾਉਣ ਲਈ ਵਾਈਫਾਈ ਇੰਟਰਨੈਟ ਦੀ ਜ਼ਰੂਰਤ ਪੈਂਦੀ ਹੈ ਅਤੇ ਇਸ ਉਪਰ ਕੋਈ ਜ਼ਿਆਦਾ ਖਰਚਾ ਵੀ ਨਹੀਂ ਆਉਂਦਾ ਹੈ।

ਉਨ੍ਹਾਂ ਦੱਸਿਆ ਕਿ ਇਸ ਤਕਨੀਕ ਦੇ ਨਾਲ ਘਰ ਦੇ ਗੇਟ ਨੂੰ ਵੀ ਸੁਰੱਖਿਅਤ ਢੰਗ ਨਾਲ ਬੰਦ ਕਰਨ ਦੀ ਸੁਵਿਧਾ ਦਿੱਤੀ ਗਈ ਹੈ, ਜਿਸ ਵਿੱਚ ਕੋਈ ਵੀ ਚੋਰ ਨਕਲੀ ਚਾਬੀ ਜਾਂ ਗੇਟ ਨਾਲ ਜਬਰਦਸਤੀ ਕਰਦਾ ਹੈ ਤਾਂ ਉਸਦੀ ਸੂਚਨਾ ਵੀ ਤੁਰੰਤ ਸਬੰਧਤ ਮੋਬਾਈਲ ਦੇ ਉਪਰ ਆ ਜਾਵੇਗੀ ਅਤੇ ਜੇ ਗਲਤੀ ਨਾਲ ਚੋਰ ਘਰ ਵਿੱਚ ਦਾਖਲ ਹੋ ਜਾਂਦਾ ਹੈ ਤਾਂ ਉਸ ਤੋਂ ਬਾਅਦ ਆਟੋਮੈਟਿਕ ਦਰਵਾਜ਼ਾ ਬੰਦ ਹੋ ਜਾਵੇਗਾ ਅਤੇ ਉਦੋਂ ਤੱਕ ਚੋਰ ਘਰੋਂ ਬਾਹਰ ਨਹੀਂ ਜਾ ਪਾਏਗਾ ਜਦੋਂ ਤੱਕ ਘਰ ਦਾ ਮਾਲਕ ਸਾਫਟਵੇਅਰ ਨੂੰ ਕਮਾਂਡ ਨਹੀਂ ਦੇਵੇਗਾ।

***

## ...'ਤੇ ਹੁਣ ਅਮਰੀਕਾ ਵੱਲ

ਵਿੱਚ ਪੈ ਜਾਂਦੇ ਹਨ ਜਾਂ ਫਿਰ ਉਹ ਇਹਨਾਂ ਬੇਗਾਨੇ ਮੁਲਕਾਂ ਦੀ ਪੁਲਿਸ ਦੇ ਹੱਥ ਚੜ੍ਹ ਜਾਂਦੇ ਹਨ ਅਤੇ ਫਿਰ ਇਹਨਾਂ ਦੀ ਅਗਲੀ ਜਿੰਦਗੀ ਵਲੈਤ ਦੇ ਸੁਪਨੇ ਲੈਂਦਿਆਂ ਜੇਲ੍ਹ ਵਿੱਚ ਹੀ ਬੀਤਦੀ ਹੈ।

**ਪਾਸਪੋਰਟ ਬਣਾਉਣ ਵਿੱਚ ਪੰਜਾਬ ਤੀਜੇ ਸਥਾਨ 'ਤੇ :** ਪੰਜਾਬ 'ਚ ਨਵੇਂ ਪਾਸਪੋਰਟਾਂ ਦੀ ਗੁੱਡੀ ਅਸਮਾਨੀ ਚੜ੍ਹਨ ਲੱਗੀ ਹੈ। ਸਾਲ 2023 'ਚ ਬਣੇ ਪਾਸਪੋਰਟਾਂ ਨੇ ਪੁਰਾਣੇ ਸਭ ਰਿਕਾਰਡ ਤੋੜ ਦਿੱਤੇ ਹਨ। ਇੱਕ ਪਾਸੇ 'ਵਤਨ ਵਾਪਸੀ' ਦਾ ਨਾਅਰਾ ਗੂੰਜ ਰਿਹਾ ਹੈ ਪਰ ਦੂਜੇ ਪਾਸੇ ਨਵੇਂ ਪਾਸਪੋਰਟ ਬਣਾਉਣ ਵਾਲੇ ਕਤਾਰਾਂ ਬੰਨ੍ਹ ਖੜ੍ਹੇ ਹਨ। ਕਾਰਨ ਕੁਝ ਵੀ ਰਹੇ ਹੋਣ ਪਰ ਇਸ ਰੁਝਾਨ ਤੋਂ ਪੰਜਾਬੀ ਜਹਾਜ਼ ਚੜ੍ਹਨ ਲਈ ਕਾਹਲੇ ਜਾਪਦੇ ਹਨ। ਸਾਲ 2023 ਵਿੱਚ ਪੰਜਾਬ 'ਚ 11.94 ਲੱਖ ਪਾਸਪੋਰਟ ਬਣੇ ਹਨ ਜਦੋਂ ਕਿ 2024 ਦੇ ਪਹਿਲੇ ਛੇ ਮਹੀਨਿਆਂ 'ਚ ਹੀ (ਜੂਨ ਮਹੀਨੇ ਤੱਕ) ਪੰਜਾਬ 'ਚ 5.82 ਲੱਖ ਪਾਸਪੋਰਟ ਬਣ ਚੁੱਕੇ ਹਨ।

**ਪਰਵਾਸੀ ਪੰਜਾਬੀ ਕਰਦੇ ਨੇ ਪੰਜਾਬ ਦੀ ਆਰਥਿਕਤਾ ਮਜ਼ਬੂਤ :** ਸੰਯੁਕਤ ਰਾਸ਼ਟਰ ਮਾਈਗ੍ਰੇਸ਼ਨ ਏਜੰਸੀ ਦੁਆਰਾ ਬੀਤੀ 27 ਜੂਨ 2024 ਨੂੰ ਪ੍ਰਕਾਸ਼ਿਤ ਰਿਪੋਰਟ ਦੇ ਅਨੁਸਾਰ, ਸਾਲ 2023-24 ਵਿੱਚ ਭਾਰਤੀ ਪ੍ਰਵਾਸੀਆਂ ਵੱਲੋਂ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਭੇਜੇ ਗਏ ਪੈਸੇ ਦੁਨੀਆਂ ਦੇ ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ ਸਭ ਤੋਂ ਵੱਧ ਹਨ।

## ਡੇਰਾ ਪ੍ਰੇਮੀ ਪ੍ਰਦੀਪ ਕਲੇਰ ਦੇ ਬਿਆਨ

ਕਲੇਰ ਨੇ ਦੱਸਿਆ ਕਿ ਫਿਰ ਅਸੀਂ ਮੁੰਬਈ ਦੇ ਜੇ ਡਬਲਯੂ ਮੈਰੀਅਟ ਫਾਈਵ ਸਟਾਰ ਹੋਟਲ ਗਏ ਜਿੱਥੇ ਬਾਬਾ ਆਪਣੀ ਫਿਲਮ ਦੀ ਪ੍ਰੀ ਪ੍ਰੋਡਕਸ਼ਨ 'ਤੇ ਕੰਮ ਕਰ ਰਿਹਾ ਸੀ। ਅਸੀਂ ਬਾਬੇ ਨੂੰ ਕਿਹਾ ਕਿ ਸਪਸ਼ਟੀਕਰਨ ਦੇਣਾ ਹੋਵੇਗਾ ਤਾਂ ਸੌਦਾ ਸਾਧ ਸੋਚਾਂ ਵਿੱਚ ਪੈ ਗਿਆ। ਹਨੀਪ੍ਰੀਤ ਨੇ ਸਮਝਾਇਆ ਕਿ ਇੱਕ ਹਸਤਾਖਰ ਨਾਲ 200 ਕਰੋੜ ਆ ਜਾਣਗੇ ਤਾਂ ਸਪੱਸ਼ਟੀਕਰਨ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ। ਅਗਲੇ ਦਿਨ ਸਵੇਰੇ ਬਾਬੇ ਦੇ ਪ੍ਰੇਮੀ ਰਾਕੇਸ਼ ਦਿੜਬਾ ਨੇ ਸਾਰਾ ਸਪੱਸ਼ਟੀਕਰਨ ਹਿੰਦੀ ਵਿੱਚ ਤਿਆਰ ਕੀਤਾ,ਬਾਬੇ ਨੇ ਹਸਤਾਖਰ ਕੀਤੇ।

ਕਲੇਰ ਨੇ ਦੱਸਿਆ ਕਿ ਫਿਰ ਅਸੀਂ ਚੰਡੀਗੜ੍ਹ ਸੁਖਬੀਰ ਸਿੰਘ ਬਾਦਲ ਕੋਲ ਪਹੁੰਚੇ ਉਨ੍ਹਾਂ ਦਲਜੀਤ ਸਿੰਘ ਚੀਮਾ ਨੂੰ ਕਿਹਾ ਕਿ ਮੁਆਫ਼ੀ ਨਾਮਾ ਅੰਮ੍ਰਿਤਸਰ ਦੇ ਦਿਉ। ਚੀਮਾ ਨੇ ਕਿਹਾ ਕਿ ਇਹ ਹਿੰਦੀ ਵਿੱਚ ਹੈ ਤਾਂ ਸੁਖਬੀਰ ਨੇ ਪੰਜਾਬੀ ਵਿੱਚ ਟਰਾਂਸਲੇਟ ਦੇ ਨਿਰਦੇਸ਼ ਦਿੱਤੇ। ਪੰਜਾਬੀ ਵਾਲੇ ਮੁਆਫ਼ੀਨਾਮੇ ਵਿੱਚ 'ਖਿਮਾ ਦਾ ਯਾਚਨਾ' ਸ਼ਬਦ ਸੁਖਬੀਰ ਬਾਦਲ ਵੱਲੋਂ ਪਾਇਆ ਗਿਆ ਜੋ ਕਿ ਸੌਦਾ ਸਾਧ ਦੇ ਸਪੱਸ਼ਟੀਕਰਨ ਵਿੱਚ ਨਹੀਂ ਸੀ। ਫਿਰ ਸਕੈਨ ਕਰਵਾ ਕੇ ਬਾਬੇ ਦੇ ਹਸਤਾਖਰ ਵੀ ਕਾਪੀ ਕਰ ਲਏ ਗਏ। ਪੰਜ ਸਿੰਘ ਸਾਹਿਬਾਨਾਂ ਨੇ ਸੌਦਾ ਸਾਧ ਨੂੰ ਮੁਆਫ਼ੀ ਦੇ ਦਿੱਤੀ ਤਾਂ ਸਿੱਖ ਸੰਗਤ ਨੇ ਕਰੜਾ ਇਤਰਾਜ਼ ਕੀਤਾ। ਮੁਆਫ਼ੀ ਨਾਮਾ ਜਦੋਂ ਮੀਡੀਆ ਵਿੱਚ ਆਇਆ ਤਾਂ ਬਾਬਾ ਗੁੱਸੇ ਵਿੱਚ ਆਇਆ ਮੈਂ ਤਾਂ ਮੁਆਫ਼ੀ ਮੰਗੀ ਨਹੀਂ 'ਖਿਮਾ ਦਾ ਯਾਚਨਾ' ਕਿਉਂ ਲਿਖਿਆ ? ਬਾਬਾ ਮੇਰੇ ਅਤੇ ਹਰਸ਼ ਧੂਰੀ 'ਤੇ ਗੁੱਸਾ ਹੋਏ। ਫਿਰ ਸੁਖਬੀਰ ਬਾਦਲ 'ਤੇ ਔਖੇ ਹੋਏ।

ਜਦੋਂ ਵਿਰੋਧ ਸ਼ੁਰੂ ਹੋਇਆ ਤਾਂ ਸੁਖਬੀਰ ਸਿੰਘ ਬਾਦਲ ਨੇ ਹਰਸ਼ ਧੂਰੀ ਨੂੰ ਕਿਹਾ ਕਿ ਬਾਬੇ ਨੂੰ ਅੰਮ੍ਰਿਤਸਰ ਜਾਣਾ ਹੋਵੇਗਾ ਮੈਂ ਚਾਰਟਰਡ ਪਲੇਨ ਭੇਜ ਦੇਵਾਂਗਾ। ਸਵੇਰੇ ਤਿੰਨ ਵਜੇ ਬਾਬਾ ਅੰਮ੍ਰਿਤਸਰ ਪਹੁੰਚ ਜਾਵੇਗਾ, ਸੁਰੱਖਿਆ ਦਾ ਇੰਤਜ਼ਾਮ ਮੈਂ ਕਰਾਂਗਾ। ਬਾਬੇ ਨੇ ਕਿਹਾ ਕਿ ਮੈਂ ਨਹੀਂ ਜਾ ਸਕਦਾ। ਕਲੇਰ ਨੇ ਦੱਸਿਆ ਕਿ ਫਿਰ ਸੁਖਬੀਰ ਨੇ ਹਰਸ਼ ਪੁਰੀ ਅਤੇ ਮੈਨੂੰ ਫੋਨ ਕੀਤਾ ਤੇ ਦਿੱਲੀ ਬੁਲਾਇਆ ਅਤੇ ਕਿਹਾ ਕਿ ਮੁੜ ਤੋਂ ਲਿਖੋ ਅਸੀਂ ਗੁਰੂ ਸਾਹਿਬ ਨੂੰ ਮੰਨਦੇ ਹਾਂ, ਸਤਿਕਾਰ ਕਰਦੇ ਹਾਂ। ਅਸੀਂ ਸਿੱਖਾਂ ਦੇ ਨਾਲ ਹਾਂ। ਉਸ ਸਮੇਂ ਦਿੱਲੀ ਵਾਲੇ ਘਰ ਵਿੱਚ ਬਲਵੰਤ ਸਿੰਘ ਰਾਮੂਵਾਲੀਆ ਵੀ ਮੌਜੂਦ ਸੀ।

ਪ੍ਰਦੀਪ ਨੇ ਦਾਅਵਾ ਕੀਤਾ ਕਿ ਅਸੀਂ ਮੁੜ ਤੋਂ 2017 ਵਿੱਚ ਅਕਾਲੀ ਦਲ ਦੀ ਹਮਾਇਤ ਕੀਤੀ। ਚੋਣਾਂ ਤੋਂ ਠੀਕ ਪਹਿਲਾਂ ਸੁਖਬੀਰ ਬਾਦਲ ਲੁੱਕ ਕੇ ਜੈਪੁਰ ਸ਼ਹਿਰ ਤੋਂ ਬਾਅਦ ਬਾਬੇ ਦੇ ਡੇਰੇ ਵਿੱਚ ਮਿਲ ਕੇ ਗਿਆ। ਪਹਿਲਾਂ ਫਾਈਵ ਸਟਾਰ ਹੋਟਲ ਵਿੱਚ ਰੁਕਿਆ ਫਿਰ ਡੇਰੇ ਦੀ ਗੱਡੀ ਵਿੱਚ ਗਿਆ ਹੈ। 4 ਫਰਵਰੀ 2017 ਨੂੰ ਵੋਟਿੰਗ ਸੀ, 2 ਫਰਵਰੀ ਨੂੰ ਸੁਖਬੀਰ ਸਿੰਘ ਬਾਦਲ ਓਡੀ ਗੱਡੀ ਵਿੱਚ ਬੈਠ ਕੇ ਦਿੱਲੀ ਦੇ ਗ੍ਰੇਟਰ ਕਲਾਸ਼ ਵਿੱਚ ਰਾਤ 9 ਵਜੇ ਆਉਂਦਾ ਹੈ। ਸੁਖਬੀਰ ਸਿੰਘ ਬਾਦਲ ਉਸ ਵੇਲੇ ਡਿਪਟੀ ਸੀ ਐਮ ਸੀ, ਸਾਰਾ ਰਿਕਾਰਡ ਚੈੱਕ ਕੀਤਾ ਜਾ ਸਕਦਾ ਹੈ। ਕਲੇਰ ਨੇ ਦੱਸਿਆ ਕਿ ਇਸ ਤੋਂ ਬਾਅਦ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਡੇਰੇ ਨੇ ਸੁਖਬੀਰ ਅਤੇ ਹਰਸਿਮਰਤ ਕੌਰ ਬਾਦਲ ਦੀ ਮਦਦ ਕੀਤੀ।

ਪ੍ਰਦੀਪ ਕਲੇਰ ਨੇ ਇੰਟਰਵਿਊ ਦੌਰਾਨ ਪੁਲਿਸ ਨੂੰ ਵੀ ਸਵਾਲਾਂ ਦੇ ਘੇਰੇ ਵਿੱਚ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਮੈਂ ਹੈਰਾਨ ਹਾਂ ਕਿ ਮੇਰਾ ਨਾਂ ਰਕੇਸ਼ ਦਿੜਬਾ, ਹਰਸ਼ ਧੂਰੀ ਤੇ ਗਗਨ ਬਰੇਟਾ ਵਾਂਗ ਫਰਾਰ ਦੀ ਲਿਸਟ ਵਿੱਚ ਸੀ। ਮੈਂ ਕਦੇ ਵੀ ਫਰਾਰ ਨਹੀਂ ਸੀ,ਕਈ ਵਾਰ ਹਵਾਈ ਜਹਾਜ਼ ਦੇ ਰਾਹੀਂ ਯਾਤਰਾ ਕੀਤੀ, ਦੇਸ਼ ਦੇ ਹਰ ਸ਼ਹਿਰ ਵਿੱਚ ਕੰਮ ਕਰਨ ਲਈ ਜਾਂਦਾ ਸੀ, ਮੈਨੂੰ ਕਦੇ ਵੀ ਪੁਲਿਸ ਦਾ ਪੇਸ਼ੀ ਦਾ ਨੋਟਿਸ ਨਹੀਂ ਮਿਲਿਆ। ਜਦੋਂ ਇਸੇ ਸਾਲ ਪੁਲਿਸ ਗੁਰੂ ਗਰਾਮ ਮੈਨੂੰ ਮਿਲਣ ਪਹੁੰਚੀ ਤਾਂ ਮੈਂ ਇੱਕ ਦਮ ਤਿਆਰ ਹੋ ਗਿਆ ਅਤੇ ਸਿੱਟ ਨੂੰ ਕਿਹਾ ਤੁਸੀਂ ਮੈਨੂੰ ਖੁੱਲ੍ਹ ਕੇ ਪੁੱਛ ਸਕਦੇ ਹੋ ਮੈਂ ਸਾਰੀਆਂ ਚੀਜ਼ਾਂ ਦੱਸਾਂਗਾ। ਪ੍ਰਦੀਪ ਕਲੇਰ ਦੀ ਗੱਲ 'ਤੇ ਯਕੀਨ ਮੰਨੀਏ ਤਾਂ ਪੁਲਿਸ ਨੇ ਗਵਾਹਾਂ ਨੂੰ ਲੱਭਣ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਯਾਨੀ ਕੇਸ ਨੂੰ ਲੈ ਕੇ ਪੁਲਿਸ 'ਤੇ ਵੀ ਦਬਾਅ ਸੀ।

ਇਸ ਤੋਂ ਸਪੱਸ਼ਟ ਹੈ ਕਿ ਸੁਖਬੀਰ ਬਾਦਲ ਨੇ ਸਿੱਖ ਪੰਥ ਵਿਰੁੱਧ ਵੱਡਾ ਅਪਰਾਧ ਕੀਤਾ ਤੇ ਸੌਦਾ ਸਾਧ ਲਈ ਅਕਾਲ ਤਖਤ ਦੇ ਜਥੇਦਾਰ ਨੂੰ ਇਸ ਸਿਆਸੀ ਝੂਠ ਤੇ ਡੇਰੇ ਦੀ ਮਾਫ਼ੀ ਦੇ ਜਾਹਲੀ ਪੱਤਰ ਵਿੱਚ ਅਕਾਲ ਤਖਤ ਸਾਹਿਬ ਨੂੰ ਗੁੰਮਰਾਹ ਕੀਤਾ ਹੈ। ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ ਲਈ ਸੁਖਬੀਰ ਆਪ ਦੋਸ਼ੀ ਹੈ।

***

## ਸੁਖਬੀਰ ਦੇ ਲਿਫ਼ਾਫ਼ਾ ਬੰਦ ਸਪਸ਼ਟੀਕਰਨ

ਸੋਸ਼ਲ ਮੀਡੀਆ ਉੱਪਰ ਕਾਫ਼ੀ ਸਿੱਖਾਂ ਨੇ ਪ੍ਰਕਾਸ਼ ਸਿੰਘ ਬਾਦਲ ਦੀ ਚਿੱਠੀ ਨੂੰ ਨਕਲੀ ਤੇ ਡਰਾਮਾ ਕਰਾਰ ਦਿੱਤਾ ਹੈ।

ਸੁਖਬੀਰ ਸਿੰਘ ਬਾਦਲ ਦੇ ਨੇੜਲੇ ਸੂਤਰਾਂ ਅਨੁਸਾਰ ਸਤੰਬਰ 2015 ਵਿੱਚ ਬੇਅਦਬੀ ਦੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਸਨ ਅਤੇ ਉਸ ਵੇਲੇ ਦੀ ਅਕਾਲੀ ਸਰਕਾਰ ਵੱਲੋਂ ਦੋਸ਼ੀਆਂ ਨੂੰ ਕਾਬੂ ਨਾ ਕਰਨ ਸਬੰਧੀ ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਉਂਗਲ ਉੱਠੀ ਸੀ। ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 17 ਅਕਤੂਬਰ 2015 ਨੂੰ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਹ ਪੱਤਰ ਸੌਂਪਿਆ ਸੀ। ਉਨ੍ਹਾਂ ਲਿਖਿਆ, "ਪੰਜਾਬ ਦਾ ਪ੍ਰਸ਼ਾਸਨਿਕ ਮੁਖੀ ਹੋਣ ਕਾਰਨ ਵਾਪਰ ਰਹੇ ਅਜਿਹੇ ਅਣਕਿਆਸੇ ਘਟਨਾਕ੍ਰਮ ਦਾ ਪੂਰਾ ਅਹਿਸਾਸ ਹੈ। ਮੈਂ ਸੌਂਪੇ ਫਰਜ਼ਾਂ ਦੀ ਪਾਲਣਾ ਪੂਰੀ ਤਨਦੇਹੀ ਅਤੇ ਸ਼ਿੱਦਤ ਨਾਲ ਕਰਨ ਦਾ ਯਤਨ ਕੀਤਾ ਹੈ ਪਰ ਸਿਦਕਦਿਲੀ ਨਾਲ ਆਪਣੇ ਫਰਜ਼ਾਂ ਦੀ ਪਾਲਣਾ ਕਰਦਿਆਂ ਕਈ ਵਾਰ ਅਜਿਹਾ ਕੁਝ ਵਾਪਰ ਜਾਂਦਾ ਹੈ, ਜੋ ਕਿਆਸ ਤੋਂ ਬਾਹਰ ਹੁੰਦਾ ਹੈ, ਜਿਸ ਨਾਲ ਤੁਹਾਡੇ ਮਨ ਨੂੰ ਗਹਿਰੀ ਪੀੜਾ 'ਚੋਂ ਲੰਘਣਾ ਪੈਂਦਾ ਹੈ ਅਤੇ ਤੁਸੀਂ ਆਤਮਿਕ ਤੌਰ 'ਤੇ ਝੰਜੋੜੇ ਜਾਂਦੇ ਹੋ। ਤੁਹਾਡੇ ਅੰਦਰ ਪਸ਼ਚਾਤਾਪ ਦੀ ਭਾਵਨਾ ਪ੍ਰਬਲ ਹੋ ਜਾਂਦੀ ਹੈ।" ਮਰਹੂਮ ਮੁੱਖ ਮੰਤਰੀ ਨੇ ਪੱਤਰ 'ਚ ਅੱਗੇ ਲਿਖਿਆ, "ਅਜਿਹੇ ਸਮੇਂ ਉਹ ਵੀ ਅੰਤਰਮਨ ਦੀ ਪੀੜਾ 'ਚੋਂ ਲੰਘ ਰਹੇ ਹਨ। ਅਜਿਹੀ ਭਾਵਨਾ ਨੂੰ ਲੈ ਕੇ ਉਹ ਗੁਰੂ ਦਰ 'ਤੇ ਨਤਮਸਤਕ ਹੋ ਰਹੇ ਹਨ ਅਤੇ ਅਰਦਾਸ ਕਰਦੇ ਹਨ ਕਿ ਗੁਰੂ ਸਾਹਿਬ ਬਲ ਬਖ਼ਸ਼ਣ ਅਤੇ ਮਿਹਰ ਕਰਨ।"

ਸੁਆਲ ਇਹ ਹੈ ਕਿ ਮੀਡੀਆ ਤੇ ਸਿੱਖ ਪੰਥ ਵਿੱਚ ਇਸ ਚਿੱਠੀ ਦਾ ਜ਼ਿਕਰ ਕਿਉਂ ਨਹੀਂ ਹੋਇਆ। ਅਕਾਲ ਤਖਤ ਦੇ ਉਸ ਸਮੇਂ ਦੇ ਜਥੇਦਾਰ ਨੇ ਇਸ ਚਿੱਠੀ ਨੂੰ ਸਿੱਖ ਪੰਥ ਸਾਹਮਣੇ ਜਨਤਕ ਕਿਉਂ ਨਹੀਂ ਕੀਤਾ।

## ਮਹਿੰਗਾਈ ਕੋਈ ਕੁਦਰਤੀ

ਦੇਸ਼ ਨੂੰ ਆਰਥਿਕ ਸਮਰੱਥ ਕਿਵੇਂ ਕਹਿ ਸਕਦੇ ਹਾਂ ? ਦੇਸ਼ ਵਿੱਚ ਮਹਿੰਗਾਈ ਵਧਣ ਦੇ ਨਾਲ ਕੰਪਨੀਆਂ ਦੇ ਮਾਲ ਸਾਬਣ, ਹੇਅਰ ਆਇਲ ਤੇ ਖਾਣ ਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਦੋ ਮਹੀਨਿਆਂ ਦੇ ਵਿਚ ਹੀ 2 ਤੋਂ 17 ਫ਼ੀਸਦੀ ਤਕ ਵੱਧ ਗਈਆਂ ਹਨ। ਟਾਟਾ, ਡਾਬਰ ਅਤੇ ਇਮਾਮੀ ਜਿਹੀਆਂ ਕੰਪਨੀਆਂ ਨੇ ਵੀ ਆਪਣੀ ਪ੍ਰੋਡੈਕਟਸ ਦੀਆਂ ਚੀਜ਼ਾਂ ਦੇ ਭਾਅ (ਕੀਮਤਾਂ) ਵਧਾਉਣ ਦੇ ਇਸ਼ਾਰੇ ਦਿੱਤੇ ਹਨ। ਇਹ ਕੰਪਨੀਆਂ ਕੱਚੇ ਤੇਲ ਦੀਆਂ ਕੀਮਤਾਂ ਦੇ ਵਧਣ ਕਰਕੇ ਆਪਣੇ ਮਾਲ ਦੀਆਂ ਕੀਮਤਾਂ ਵਧਾਉਣ ਦਾ ਇਸ਼ਾਰਾ ਕਰ ਰਹੀਆਂ ਹਨ ਕਿਉਂਕਿ ਹਾਕਮਾਂ ਨੇ ਮੰਡੀ ਨੂੰ ਖੁੱਲ੍ਹਾ ਛੱਡਿਆ ਹੁੰਦਾ ਹੈ। 'ਆਈ.ਸੀ.ਆਈ.ਸੀ.ਆਈ. ਸਦਕਉਰਟੀ' ਨੇ ਰਿਪੋਰਟ ਵਿੱਚ ਲਿਖਿਆ ਹੈ, ਕਿ ਇਸ ਚਾਲੂ ਸਾਲ 2024-25 ਵਿੱਚ (ਕੀਮਤਾਂ) ਭਾਅ ਔਸਤਨ ਇੱਕ ਫ਼ੀਸਦੀ ਤੋਂ ਤਿੰਨ ਫ਼ੀਸਦੀ ਤੱਕ ਵੱਧ ਸਕਦੇ ਹਨ। ਉੱਥੇ ਹੀ 'ਨੁਵਾਮਾ' ਇਨਸਟੀਟਿਊਸ਼ਨਲ ਇਕਵੀਟੀਜ਼ ਦਾ ਮੰਨਣਾ ਹੈ, ਕਿ "ਐਫ.ਐਮ.ਸੀ. ਪ੍ਰੋਡੱਕਟ" ਦੀਆ ਕੀਮਤਾਂ ਵੀ ਫਿਰ ਵੱਧ ਸਕਦੀਆਂ ਹਨ। ਭਾਵ ! ਤਿਆਰ ਮਾਲ ਹੋਰ ਮਹਿੰਗਾ ਹੋ ਜਾਵੇਗਾ !

ਰੀਜ਼ਰਵ ਬੈਂਕ ਆਫ ਇੰਡੀਆ ਦਾ ਅਨੁਮਾਨ ਹੈ, "ਕਿ ਅਜੇ ਤੱਕ ਵੱਧ ਰਹੀ ਮਹਿੰਗਾਈ ਇਸੇ ਤਰ੍ਹਾਂ ਹੀ ਰਹੇਗੀ ਤੇ ਉਸ ਵਿੱਚ ਉਤਰਾਓ-ਚੜ੍ਹਾਓ ਆ ਸਕਦਾ ਹੈ।" ਭਾਵ ! ਸਰਕਾਰ ਦੇ ਕੋਈ ਸਾਰਥਿਕ ਉਪਰਾਲੇ ਹੋਏ ਨਹੀਂ ਦਿਸ ਰਹੇ ਹਨ। ਆਮ ਤੌਰ 'ਤੇ ਮਹਿੰਗਾਈ ਦਾ ਅਸਰ ਖੁਦਰਾ ਮਹਿੰਗਾਈ 'ਤੇ ਵੀ ਪੈਂਦਾ ਹੈ। (ਵਸਤਾਂ) ਚੀਜ਼ਾਂ ਥੋਕ ਵਿੱਚ ਮਹਿੰਗੀਆਂ ਹੁੰਦੀਆਂ ਹਨ ਅਤੇ ਖੁਦਰਾ ਕੀਮਤਾਂ ਵੀ ਵਧਦੀਆਂ ਹਨ। ਪਰ ! ਬੀਤੇ ਮਈ ਮਹੀਨੇ ਵਿੱਚ ਇਹ ਕੰਮ ਉਲਟ ਹੋਇਆ ਹੈ। ਥੋਕ ਮਹਿੰਗਾਈ ਵਧੀ ਹੈ ਤੇ ਖੁਦਰਾ ਮਹਿੰਗਾਈ ਘੜੀ ਹੈ। ਮਹਿੰਗਾਈ ਵਧਣ ਦੇ ਕਾਰਨਾਂ ਲਈ ਆਮ ਹੀ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਬਾਰੇ ਕਿਹਾ ਜਾਂਦਾ ਹੈ। ਪਿਛਲੇ ਦੋ ਸਾਲਾਂ ਵਿੱਚ ਰੂਸ-ਯੂਕਰੇਨ ਯੁੱਧ ਤੇ ਫਿਰ ਇਜ਼ਰਾਈਲ- ਹਮਾਸ (ਗਾਜ਼ਾ) 'ਚ ਜੰਗ ਦੇ ਕਾਰਨ ਦੁਨੀਆਂ ਭਰ ਵਿੱਚ ਖਾਣ-ਪੀਣ ਦੀਆਂ ਚੀਜ਼ਾਂ ਦੀ (ਪੈਦਾਵਾਰ) ਘਟੀ ਵੀ ਹੈ ਤੇ ਕੀਮਤਾਂ ਵੀ ਬਹੁਤ ਮਹਿੰਗੀਆਂ ਹੋਈਆਂ ਹਨ, ਕਿੰਨੀ ਵਿਡੰਬਣਾ ਹੈ।

ਅੱਜ ਸੰਸਾਰ ਆਰਥਿਕ ਮੰਦੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਤੋਂ ਪਤਾ ਲਗਦਾ ਹੈ, ਕਿ ਕੱਚੇ ਤੇਲ ਦੀਆ ਕੀਮਤਾਂ ਦੇ ਵਧਣ ਕਾਰਨ ਮੁਨਾਫ਼ਾ ਵੀ ਅਤੇ ਮਹਿੰਗਾਈ ਵੀ ਵਧਦੀ ਹੈ, ਪਰ ! ਇਹ ਪਹਿਲੀ ਵਾਰ ਨਹੀਂ ਹੋਇਆ ਹੈ ਜਦੋਂ ਵੀ ਤੇਲ ਦੀਆਂ ਕੀਮਤਾਂ ਵਧੀਆਂ ਹਨ ? ਪਰ ! ਭਾਰਤ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਕਈਆਂ ਸਾਲਾਂ ਤੋਂ ਹੀ ਹੋ ਰਿਹਾ ਹੈ। ਜਿਸ ਦਾ ਪ੍ਰਭਾਵ ਆਮ ਲੋਕਾਂ ਅਤੇ ਮਾਲ-ਢੁਆਈ ਤੇ ਖਪਤ 'ਤੇ ਵੀ ਪੈ ਰਿਹਾ ਹੈ। ਮਈ, 2024 ਮਹੀਨੇ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਏਨਾ ਵਾਧਾ ਹੋਇਆ ਹੈ, ਕਿ ਜਿਸ ਦਾ ਪ੍ਰਭਾਵ ਥੋਕ ਮਹਿੰਗਾਈ 'ਤੇ ਵੀ ਪਿਆ ! ਇਹ ਸਵਾਲ ਵੀ ਉਭਰ ਕੇ ਸਾਹਮਣੇ ਆ ਰਿਹਾ ਹੈ, ਕਿ ਫਿਰ ਕਿਵੇਂ ਖੁਦਰਾ ਮਹਿੰਗਾਈ ਘਟੀ, ਇਹ ਕਿਸ ਤਰ੍ਹਾਂ ਦਰਜ ਕੀਤੀ ਗਈ; ਜਿਵੇਂ ਸਰਕਾਰ ਕਹਿ ਰਹੀ ਹੈ ? ਜਦ ਕਿ, ਇਸ ਦਾ ਅਸਰ ਖੁਦਰਾ ਮਹਿੰਗਾਈ 'ਤੇ ਵੀ ਪੈਣਾ ਚਾਹੀਦਾ ਸੀ। ਦਰ ਅਸਲ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਅਸਮਾਨਤਾ ਦਾ ਵੱਡਾ ਕਾਰਨ ਅੰਤਰਰਾਸ਼ਟਰੀ ਵਪਾਰ ਵੀ ਹੈ ਕਿਉਂਕਿ ਪੂੰਜੀਵਾਦੀ ਸਿਸਟਮ ਅੰਦਰ ਅਜੇ ਵੀ ਮੰਦਾ ਹੀ ਚੱਲ ਰਿਹਾ ਹੈ। ਜੋ ਭਾਰਤ ਦੇ ਪੂੰਜੀਵਾਦੀ ਢਾਂਚੇ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਜਿਸ ਕਾਰਨ ਕੀਮਤਾਂ ਦਾ ਵਧਣਾ ਅਤੇ ਮਹਿੰਗਾਈ ਰਹਿਣਾ ਵੀ ਹੈ।

ਦੇਸ਼ ਅੰਦਰ ਪਿਛਲੇ 16ਮਹੀਨਿਆਂ ਦੇ ਅੰਦਰ (ਜੂਨ 2.24) ਥੋਕ ਕੀਮਤਾਂ ਖਾਸ ਕਰਕੇ ਖਾਧ ਪਦਾਰਥਾਂ ਵਿੱਚ 3.36 ਫ਼ੀਸਦੀ ਦਾ ਵਾਧਾ ਨੋਟ ਕੀਤਾ ਗਿਆ ਹੈ, ਜਦ ਕਿ ਪਿਛਲੇ ਸਾਲ ਇਨ੍ਹਾਂ ਮਹੀਨਿਆਂ 'ਚ 2.61 ਫ਼ੀਸਦੀ ਕੀਮਤਾਂ ਵਿੱਚ ਵਾਧਾ ਨੋਟ ਕੀਤਾ ਗਿਆ ਸੀ। ਭਾਵ ! ਅੱਜ ਮਹਿੰਗਾਈ ਦਰ ਪਿਛਲੇ ਤਿੰਨਾਂ ਸਾਲਾਂ ਦੀ ਦਰ ਨਾਲੋਂ ਹੁਣ ਸਿਖਰਾਂ 'ਤੇ ਪੱਜ ਗਈ ਹੈ। ਫਿਰ ਵੀ ਸਰਕਾਰ ਮੂਕ ਦਰਸ਼ਕ ਬਣ ਕੇ ਬੈਠੀ ਹੈ। ਜੁਲਾਈ, 2024 ਦੌਰਾਨ ਖਾਧ ਪਦਾਰਥਾਂ ਦੀਆਂ ਕੀਮਤਾਂ ਧੁਰ ਟੀਸੀ ਤੱਕ ਪੁੱਜ ਜਾਣਗੀਆਂ, ਜੇ ਸਰਕਾਰ ਨੇ ਕੋਈ ਉਪਰਾਲੇ ਨਾ ਕੀਤੇ।

ਪਰ ਆਜ਼ਾਦੀ ਦੇ 77 ਸਾਲਾਂ ਬਾਅਦ ਵੀ ਦੇਸ਼ ਅੰਦਰ ਮੌਜੂਦਾ ਹਾਕਮਾਂ ਤੋਂ ਕੀਮਤਾਂ ਨੂੰ ਰੋਕਣ ਅਤੇ ਕਾਬੂ ਰੱਖਣ ਦੀ ਅਜੇ ਤਕ ਕੋਈ ਹਾਂ ਪੱਖੀ ਆਸ ਨਜ਼ਰ ਨਹੀਂ ਆ ਰਹੀ ਹੈ। ਇਸ ਲਈ ਹਾਕਮੀ ਨੀਤੀਆਂ ਜੋ ਮਹਿੰਗਾਈ ਲਈ ਜ਼ਿੰਮੇਵਾਰ ਹਨ, ਉਨ੍ਹਾਂ ਨੂੰ ਮੋੜਾ ਦੇਣ ਅਤੇ ਮਨਸੂਹੀ ਪੈਦਾ ਕੀਤੀ ਮਹਿੰਗਾਈ ਰੋਕਣ ਲਈ ਜਨਤਕ ਦਬਾਅ ਦੀ ਜ਼ਰੂਰਤ ਹੈ। ਲੋਕ ਲਹਿਰਾਂ ਉਸਾਰ ਕੇ ਹੀ ਕੁੱਝ ਹੱਦ ਤੱਕ ਮਹਿੰਗਾਈ ਰੋਕਣ ਲਈ ਹਾਕਮਾਂ ਨੂੰ ਮਜਬੂਰ ਕੀਤਾ ਜਾ ਸਕਦਾ ਹੈ। ਤਾਂ ਕਿ ਕਿਸਾਨ ਦੇ ਆਲੂ, ਪਿਆਜ ਅਤੇ ਸਬਜ਼ੀਆਂ ਸੜਕਾਂ 'ਤੇ ਨਾ ਰੁਲਣ ਅਤੇ ਖਪਤਕਾਰ ਨੂੰ ਵਾਜਬ ਭਾਅ 'ਤੇ ਪ੍ਰਾਪਤ ਹੋ ਸਕਣ।

***

## ਘੜਾ ਵੱਜਦਾ ਘੜੋਲੀ ਵੱਜਦੀ....

ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ:
ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥

ਇਹ ਗੱਲ ਨਿਸ਼ਚੇ ਨਾਲ ਆਖੀ ਜਾ ਸਕਦੀ ਹੈ ਕਿ ਸਾਡੇ ਸੱਭਿਆਚਾਰਕ ਜੀਵਨ ਦਾ ਘੜੇ ਤੋਂ ਬਗੈਰ ਅਧਿਐਨ ਅਧੂਰਾ ਹੈ। ਮੁਟਿਆਰ ਦੀ ਜੀਵਨ ਕਹਾਣੀ ਨਾਲ ਜੁੜੇ ਘੜੇ ਬਾਰੇ ਕੁਝ ਹੋਰ ਅਮਰ ਸਤਰਾਂ 'ਤੇ ਇੱਕ ਝਾਤ ਮਾਰ ਲੈਂਦੇ ਹਾਂ;

* ਉਸ ਪਾਰ ਮੇਰੇ ਮਾਹੀ ਦਾ ਡੇਰਾ
ਘੜਿਆ ਸਾਥ ਨਿਭਾਈਂ ਮੇਰਾ।
* ਘੜਾ ਆਰ ਨੂੰ ਵੇ ਘੜਾ ਪਾਰ ਨੂੰ ਵੇ
ਘੜਾ ਚੁੱਕਿਆ ਨਾ ਜਾਏ ਮੁਟਿਆਰ ਤੋਂ ਵੇ।
* ਘੜਾ ਵੱਜਦਾ ਘੜੋਲੀ ਵੱਜਦੀ
ਕਿਤੇ ਗਾਗਰ ਵੱਜਦੀ ਸੁਣ ਮੁੰਡਿਆ..

ਅੱਜ ਅਸੀਂ ਆਪਣੀ ਅਮੀਰੀ ਦਾ ਦਿਖਾਵਾ ਕਰਨ ਲਈ ਘੜਿਆਂ ਨੂੰ ਛੱਡ ਫਰਿੱਜਾਂ ਦੇ ਕਾਇਲ ਹੋ ਗਏ ਹਾਂ। ਸਮੇਂ ਦੀ ਤੋਰ ਨਾਲ ਘਰ ਦੇ ਬਰਤਨਾਂ ਵਿੱਚ ਤਬਦੀਲੀ ਆ ਗਈ ਹੈ ਪਰ ਇਹ ਵੀ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਘੜੇ ਦਾ ਪਾਣੀ ਫਿਲਟਰ ਵਾਲੇ ਪਾਣੀ ਨਾਲੋਂ ਕਿਤੇ ਸਿਹਤਮੰਦ ਹੁੰਦਾ ਹੈ। ਇਸੇ ਕਰਕੇ ਘੜੇ ਦੇ ਵੰਨ ਸੁਵੰਨੇ ਮਾਡਲ ਬਾਜ਼ਾਰ ਵਿੱਚ ਉਪਲੱਬਧ ਹੋਣ ਲੱਗ ਪਏ ਹਨ। ਫਰਿੱਜ ਅਤੇ ਕੂਲਰਾਂ ਦੇ ਪਾਣੀ ਨੂੰ ਛੱਡ ਕੇ ਕੁਝ ਲੋਕ ਮੁੜ ਇਸ ਦੀ ਵਰਤੋਂ ਕਰਨ ਲੱਗ ਪਏ ਹਨ। ਇਸ ਤਰ੍ਹਾਂ ਘੜਾ ਪੁਰਾਣੇ ਸਮੇਂ ਤੋਂ ਹੀ ਸਾਡੇ ਜਨ ਜੀਵਨ ਦਾ ਆਧਾਰ ਬਣਿਆ ਹੋਇਆ ਹੈ। ਪਾਠ ਪੂਜਾ ਮੌਕੇ ਵੀ ਕੁੱਜੇ ਜਾਂ ਘੜੇ ਵਿੱਚ ਜਲ ਰੱਖਿਆ ਜਾਂਦਾ ਹੈ ਜਿਸ ਨੂੰ ਅੰਮ੍ਰਿਤ ਕਿਹਾ ਜਾਂਦਾ ਹੈ। ਸ਼ੁਭ ਮੌਕਿਆਂ 'ਤੇ ਮਹੂਰਤ ਵੇਲੇ ਕੁੱਜੇ ਵਿੱਚ ਜਲ ਦਾ ਹੋਣਾ ਲਾਜ਼ਮੀ ਮੰਨਿਆ ਜਾਂਦਾ ਹੈ। ਭਾਵ ਸਾਡਾ ਸਾਰਾ ਜੀਵਨ ਕੁੰਭ ਦੁਆਲੇ ਹੀ ਘੁੰਮਦਾ ਹੈ। ਘੜਾ ਅਤੇ ਪਾਣੀ ਸਾਡੀ ਜੀਵਨ ਕਹਾਣੀ ਨੂੰ ਘੜਨ ਵਾਲੇ ਹਨ। ਅੱਜਕੱਲ੍ਹ ਚਾਟੀ, ਚੁੱਲ੍ਹਾ, ਚੱਕੀ, ਚਰਖਾ ਸਭ ਯੰਤਰ ਅਜਾਇਬ ਘਰਾਂ ਦਾ ਸ਼ਿੰਗਾਰ ਬਣ ਗਏ ਹਨ। ਅਜੋਕੀ ਪੀੜ੍ਹੀ ਦੀਆਂ ਬਹੁਤੀਆਂ ਮੁਟਿਆਰਾਂ ਲਈ ਘੜਾ ਚੁੱਕਣਾ ਤਾਂ ਦੂਰ ਦੀ ਗੱਲ ਰਹੀ, ਉਨ੍ਹਾਂ ਨੂੰ ਤਾਂ ਘੜੇ ਦੀਆਂ ਨਿਹਮਤਾਂ ਦਾ ਵੀ ਗਿਆਨ ਨਹੀਂ ਹੈ। ਕਿਸੇ ਨੇ ਠੀਕ ਹੀ ਇਸ ਨੂੰ ਗ਼ਰੀਬਾਂ ਦੀ ਫਰਿੱਜ ਆਖਿਆ ਹੈ।

***

## ਮਨੁੱਖੀ ਆਬਾਦੀ ਅਤੇ

ਇਹ, ਉਹ ਚਿਤਾਵਨੀ ਦਿੰਦੇ ਹਨ, ਬਹੁਤ ਦੇਰ ਨਾਲ ਹੈ: ਹਾਲਾਂਕਿ ਦ੍ਰਿਸ਼ ਇਸ ਦੇ ਨਤੀਜੇ ਵਜੋਂ ਪਰਿਆਵਰਤੀ ਜਾਂ ਕੁੱਲ ਜਲਵਾਯੂ ਪਤਨ ਨਹੀਂ ਹੁੰਦਾ, ਸਮਾਜਾਂ ਦੇ ਅੰਦਰੂਨੀ ਅਤੇ ਵਿਚਕਾਰ ਸਮਾਜਿਕ ਵੰਡਾਂ ਨੂੰ ਡੂੰਘਾ ਕਰਨ ਦੇ ਨਤੀਜੇ ਵਜੋਂ ਖੇਤਰੀ ਸਮਾਜ ਦੇ ਢਹਿ ਜਾਣ ਦੀ ਸੰਭਾਵਨਾ ਫਿਰ ਵੀ 2050 ਤੱਕ ਦਹਾਕਿਆਂ ਦੌਰਾਨ ਵਧਦੀ ਜਾਂਦੀ ਹੈ। ਜੋਖਮ ਖਾਸ ਤੌਰ 'ਤੇ ਸਭ ਤੋਂ ਕਮਜ਼ੋਰ, ਬੁਰੀ ਤਰ੍ਹਾਂ ਨਾਲ ਨਿਯੰਤਰਿਤ ਅਤੇ ਵਾਤਾਵਰਣਕ ਤੌਰ 'ਤੇ ਕਮਜ਼ੋਰ ਅਰਥਚਾਰਿਆਂ ਵਿੱਚ ਗੰਭੀਰ ਹੁੰਦਾ ਹੈ। ਦੂਜੇ, ਵਧੇਰੇ ਆਸ਼ਾਵਾਦੀ ਦ੍ਰਿਸ਼ ਵਿੱਚ - ਦੁਨੀਆਂ ਭਰ ਦੀਆਂ ਸਰਕਾਰਾਂ ਸਿੱਖਿਆ, ਸਮਾਜਿਕ ਸੇਵਾਵਾਂ ਅਤੇ ਬਿਹਤਰ ਸਮਾਨਤਾ ਵਿੱਚ ਨਿਵੇਸ਼ ਕਰਨ ਲਈ ਅਮੀਰਾਂ 'ਤੇ ਟੈਕਸ ਵਧਾ ਰਹੀਆਂ ਹਨ - ਇਸ ਦਾ ਅੰਦਾਜ਼ਾ ਹੈਕਿ ਮਨੁੱਖੀ ਸੰਖਿਆ 2040 ਦੇ ਸ਼ੁਰੂ ਵਿੱਚ 8.5 ਬਿਲੀਅਨ ਦੇ ਉੱਚੇ ਪੱਧਰ ਤੱਕ ਪਹੁੰਚ ਸਕਦੀ ਹੈ ਅਤੇ ਫਿਰ ਲਗਭਗ ਇੱਕ ਤਿਹਾਈ ਘੱਟ ਹੋ ਸਕਦੀ ਹੈ। 2100 ਵਿੱਚ ਤੀਜੇ ਤੋਂ ਲਗਭਗ 6 ਬਿਲੀਅਨ ਤੱਕ। ਇਸ ਮਾਰਗ ਦੇ ਤਹਿਤ, ਉਹ ਮਨੁੱਖੀ ਸਮਾਜ ਅਤੇ ਕੁਦਰਤੀ ਵਾਤਾਵਰਣ ਲਈ ਅੱਧੀ ਸਦੀ ਤੱਕ ਕਾਫ਼ੀ ਲਾਭਾਂ ਦੀ ਭਵਿੱਖਬਾਣੀ ਕਰਦੇ ਹਨ।

***

## ਰਣਨੀਤੀ 'ਚ ਬਦਲਾਵ ਨਾਲ

ਵਿਸ਼ੇਸ਼ ਮਾਮਲਿਆਂ ਵਿੱਚ ਸੂਝ ਬੂਝ ਵਾਲੇ, ਦਾਅਪੇਚ ਨੀਤੀ ਵਿੱਚ ਲਚਕਦਾਰ ਮਾਹਿਰ, ਵਿਦੇਸ਼ ਨੀਤੀ ਪੱਖੋਂ ਸਮਝਦਾਰ ਨੀਤੀਵਾਨ, ਜਥੇਬੰਦਕ ਫੈਸਲਿਆਂ ਦੀ ਅਕਲ ਸਮਝ, ਸਮੇਂ ਸਿਰ ਫੈਸਲੇ ਲੈਣ ਵਾਲੇ ਫੁਰਤੀਲੇ ਆਗੂ ਵਜੋਂ ਉਸਨੂੰ ਲਾਜ਼ਮੀ ਹੋਰ ਵੱਧ ਧਿਆਨ ਦੇਣਾ ਹੋਵੇਗਾ। ਉਸ ਲਈ ਪਾਰਟੀ ਜਥੇਬੰਦੀ ਅਤੇ ਗਠਜੋੜ ਦੀ ਸਫਲਤਾ ਪਾਸਾਰ ਇੱਕ ਚੁਣੌਤੀ ਅਤੇ ਪਰਖ ਵੀ ਹੈ।

ਦੂਜੇ ਪਾਸੇ ਭਾਵੇਂ ਮੋਦੀ ਸਰਕਾਰ ਬਣ ਗਈ ਹੈ ਪਰ ਚੋਣ ਨਤੀਜਿਆਂ ਕਰਕੇ ਮੋਦੀ/ਅਮਿਤ ਸ਼ਾਹ ਦੀ ਭਾਜਪਾ ਉੱਤੇ ਪਕੜ ਢਿੱਲੀ ਪਈ ਲਗਦੀ ਹੈ। ਛਿਣਕ ਕੇ ਸਾਈਡ ਕੀਤੇ ਸਾਰੇ ਲੀਡਰ, ਯੋਗੀ ਅਦਿੱਤਨਾਥ ਨਾਲ ਪੇਚਾ, ਆਰ.ਐੱਸ.ਐੱਸ ਨਾਲ ਗੁੱਝਾ ਯੁੱਧ ਆਉਣ ਵਾਲੇ ਸਮੇਂ ਵਿਚ ਇਸ ਜੋੜੀ ਲਈ ਸ਼ੁਭ ਸੰਕੇਤ ਨਹੀਂ। ਵੱਡੀ ਅੰਦਰੂਨੀ ਚੁਣੌਤੀ ਹੈ। ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਲੀਡਰ ਵੀ ਪਹਿਲਾਂ ਆਪਣੀ ਪਾਰਟੀ ਦੇ ਸੰਸਦੀ ਗਰੁੱਪ ਨੇ ਨਹੀਂਚੁਣਿਆਂ, ਸ਼ਾਇਦ ਵਿਵਾਦੀ ਸੁਰਾਂ ਤੋਂ ਬਚਣ ਲਈ ਸਿੱਧਾ ਐਨ.ਡੀ.ਏ ਦੇ ਜਮਘਟੇ ਰਾਹੀਂ ਚੁਣਨ ਦਾ ਜੁਗਾੜ ਕੀਤਾ ਗਿਆ।

ਪਰ ਫਿਰ ਵੀ ਲਗਦਾ ਕਿ ਮੋਦੀ ਸਰਕਾਰ ਵਿਰੋਧੀ ਪਾਰਟੀਆਂ ਨੂੰ ਕੁਚਲ ਦੇਣ ਦੀ ਨੀਤੀ ਉੱਤੇ ਚਲਦੀ ਰਹੇਗੀ ਕੇਜਰੀਵਾਲ ਨੂੰ ਜੇਲ੍ਹੋਂ ਬਾਹਰ ਨਾ ਆਉਣ ਦੇਣਾ, ਈ.ਡੀ ਦੀ ਉਵੇਂ ਹੀ ਅਪੋਜ਼ੀਸ਼ਨ ਨੂੰ ਰਗੜ ਸੁੱਟਣ ਦੀ ਨੀਤੀ, ਏਥੋਂ ਤਕ ਕਿ ਨਿਤੀਸ਼ ਕੁਮਾਰ ਦੇ ਨਜ਼ਦੀਕੀਆਂ ਉੱਤੇ ਕਿਸੇ ਖਾਸ ਰਣਨੀਤੀ ਤਹਿਤ ਫਿਰ ਸ਼ਿਕੰਜਾ ਕੱਸਣਾ ਸੰਕੇਤ ਦੱਸਦੇ ਹਨ ਕਿ ਮੋਦੀ ਨੇ ਅੰਦਰੋਂ ਨੀ ਬਦਲਨਾ, ਬਾਹਰੋਂ ਨਿੱਜੀ ਬੜ੍ਹਕਾਂ ਅਤੇ ਆਕੜਖੋਰ ਤੇਵਰ ਮੱਠੇ ਪੈਣ ਦਾ ਵਖਾਵਾ ਜ਼ਰੂਰ ਹੋਵੇਗਾ।

ਗੱਲ ਨੀਤੀਆਂ ਦੀ ਹੈ, ਕਿਸੇ ਪਾਰਟੀ ਦੇ ਮਹਿਜ਼ ਨਾਮ ਨਾਲ ਈਰਖਾ ਕਰਨ ਦੀ ਨਹੀਂ। ਭਾਜਪਾ ਜਾਂ ਕੋਈ ਵੀ ਜੀਅ-ਸਦਕੇ ਰਾਜ ਕਰੇ। ਪਰ ਜੇ ਬੀ.ਜੇ.ਪੀ ਦੀ ਮੋਦੀ ਸਰਕਾਰ ਨੇ ਅਮੀਰ ਕਾਰਪੋਰੇਟ ਘਰਾਣਿਆਂ ਤੋਂ ਹਜ਼ਾਰਾਂ ਕਰੋੜ ਫੰਡ ਲੈਂਦੇ ਹੋਣ ਕਰਕੇ ਫਿਰ ਉਹਨਾਂ ਪੱਖੀ ਨੀਤੀਆਂ ਹੀ ਬਣਾਉਣੀਆਂ, ਆਪਣੀ ਕਾਰਗੁਜ਼ਾਰੀ ਦੱਸਣ ਦੀ ਬਜਾਏ ਜੇ ਸਿਰਫ਼ ਮੁਸਲਿਮ ਵਿਰੋਧੀ ਪ੍ਰਚਾਰ ਨਾਲ ਹਿੰਦੂ ਤਬਕੇ ਨੂੰ ਭੜਕਾ ਕੇ ਹੀ ਹਰ ਚੋਣ ਜਿੱਤਣ ਦੀ ਨੀਤੀ ਬਣਾਉਣੀ, ਜੇ ਧਨਤੇ ਸਰਕਾਰੀ ਏਜੰਜੀਆਂ ਦੇ ਬਲਬੂਤੇ ਪਾਰਟੀਆਂ ਤੋੜਨੀਆਂ ਤੇ ਆਪਣੇ ਵੱਲ ਕਰਨੀਆਂ, ਜੇ ਮੁਲਕ ਦੇ ਵਿਕਾਸ ਦੀ ਦੂਰਗਾਮੀ ਨੀਤੀ ਨਹੀਂ ਅਪਣਾਉਣੀ, ਜੇ 80 ਕਰੋੜ ਭੁੱਖਿਆਂ ਨੰਗਿਆਂ ਭਾਰਤੀਆਂ ਨੂੰ ਪੈਰਾਂ ਉੱਤੇ ਖੜਾ ਕਰਨ ਦੀ ਬਜਾਏ 'ਬੁਰਕੀ ਸੁੱਟ ਤੇ ਵੋਟ ਬੁੱਚ੍ਹ' ਵਾਲੇ ਰਾਹੇ ਤੁਰਨਾ, ਜੇ ਸਿਹਤ, ਸਿੱਖਿਆ, ਸੁਰੱਖਿਆ, ਸਮਾਜ ਭਲਾਈ ਦੇ ਬਜਟ ਘਟਾਉਣੇ, ਜੇ ਸਰਕਾਰੀ ਅਦਾਰੇ ਆਪਣੇ ਬੇਲੀਆਂ ਨੂੰ ਵੇਚਣੇ, ਜੇ ਮੋਦੀ ਨੇ ਇਹ ਕੌੜਾ ਸੱਚ ਲੁਕਾਉਣਾ ਕਿ ਉਸਦੇ ਰਾਜ ਵਿਚ ਭਾਰਤ ਸਭ ਤੋਂ ਸਪੀਡ ਨਾਲ ਕਰਜ਼ਾਈ ਹੋਇਆ। 'ਇਕਨਾਮਿਕ ਟਾਈਮਜ਼' ਅਤੇ 'ਟਾਈਮਜ਼ ਆਫ ਇੰਡੀਆ' ਦੀ ਰਿਪੋਰਟ ਮੁਤਾਬਕ 2014 ਤਕ 67 ਸਾਲਾਂ ਵਿਚ ਮੁਲਕ ਸਿਰ 55 ਲੱਖ ਕਰੋੜ ਕਰਜ਼ ਚੜ੍ਹਿਆ। ਪਰ ਮੋਦੀ ਰਾਜ ਦੇ ਸਿਰਫ 10 ਸਾਲਾਂ ਵਿਚ 75 ਲੱਖ ਕਰੋੜ ਹੋਰ ਕਰਜ਼ਾ ਚੜ੍ਹਿਆ। ਢਾਈ ਗੁਣਾਂ ਤੋਂ ਵੀ ਵੱਧ। ਤੇ ਦੇਸ਼ ਦੇ ਕੁੱਲ ਬਜਟ ਦਾ 35 ਪ੍ਰਤੀਸ਼ਤ ਸਿਰਫ਼ ਕਰਜ਼ੇ ਦੇ ਵਿਆਜ ਵਿਚ ਜਾਂਦਾ ਤੇ ਮੋਦੀ ਹੋਰ ਕਰਜ਼ਾ ਚੁੱਕਣ ਲਈ ਵੀ ਕਾਹਲਾ। ਕੀ ਕਮਾਈ ਤੇ ਕੀ ਵਿਕਾਸ ਕਰ ਰਹੀ ਇਹ ਸਰਕਾਰ ? ਜਦਕਿ ਇਹਨਾਂ 10 ਸਾਲਾਂ ਵਿਚ ਮੋਦੀ ਸਰਕਾਰ ਨੇ ਇਹਨਾਂ ਨੂੰ ਪੈਸੇ/ਫੰਡ ਦੇਣ ਵਾਲੇ ਸਨਅਤੀ ਕਾਰਪੋਰੇਟ ਘਰਾਣਿਆਂ ਦੇ 16 ਲੱਖ ਕਰੋੜ ਮਾਫ਼ ਕੀਤੇ। ਵੇਖੋ ਲੋਕੋ ਆਪਣੇ ਟੈਕਸ ਦੇ ਪੈਸਿਆਂ ਨਾਲ ਕੈਸੀ ਲੁੱਟ ਮਚਾਈ ਗਈ ਹੈ। ਜੇ ਇੰਝ ਹੈ ਤਾਂ ਫਿਰ ਸਮਝੋ ਕਿ ਮੋਦੀ ਸਰਕਾਰ ਦੇਸ਼ ਨੂੰ ਆਰਥਕ ਸਮਾਜਕ ਤੌਰ ਉੱਤੇ ਲੈ ਡੁੱਬੂ ਤੇ ਇਸਨੂੰ ਫੌਰੀ ਬਦਲਨਾ ਜ਼ਰੂਰੀ। ਇਹ ਬੰਦਾ/ਪਾਰਟੀ ਰਾਜ ਕਰਨ ਦੇ ਕਾਬਲ ਨਹੀਂ।

ਸਾਰੇ ਦੇਸ਼ ਭਗਤ ਲੋਕਾਂ/ਪਾਰਟੀਆਂ ਨੂੰ ਆਮ ਲੋਕਾਂ ਪੱਖੀ, ਧਰਤੀ ਦੇ ਵਾਤਾਵਰਨ ਅਨੁਕੂਲ, ਅਮਨ ਸ਼ਾਂਤੀ ਅਤੇ ਆਰਥਿਕ ਵਿਕਾਸ ਨੂੰ ਸਮਰਪਤ ਢੁਕਵਾਂ ਹੰਢਣਸਾਰ ਬਦਲ ਦੇ ਕੇ ਸੰਘਰਸ਼ ਦੇ ਮੈਦਾਨ ਵਿੱਚ ਨਿੱਤਰ ਪੈਣਾ ਚਾਹੀਦਾ ਹੈ।

ਸਿਰਫ ਟਵੀਟ ਕਰੀ ਜਾਇਆਂ ਕੁਛ ਨੀ ਹੋਣਾ। ਕਿਸਾਨਾਂ ਨੂੰ ਫਸਲਾਂ ਦੀ ਵਾਜਬ ਕੀਮਤ ਮਿਲਣੀ ਚਾਹੀਦੀ, ਦੋ ਡੰਗ ਦੀ ਰੋਟੀ ਨੂੰ ਤਰਸਦੇ 80 ਕਰੋੜ ਭਾਰਤੀ ਆਪਣੀ ਜਾਤ ਧਰਮ ਸੂਬਾ ਭੁੱਲ ਕੇ ਇਕੱਠੇ ਹੋਣ ਡਾਂਗ ਵਾਲਾ ਝੰਡਾ ਫੜਕੇ। ਨੌਜਵਾਨ, ਛੜੇ, ਮਲੰਗ, ਪਖੰਡੀ, ਨਲੈਕ, ਕੁਰੱਪਟ, ਸਿਆਸਤਦਾਨਾਂ ਦੇ ਚੁੰਗਲ ਵਿਚੋਂ ਵਿਚੋਂ ਬਾਹਰ ਆਉਣ, ਸਰਕਾਰ ਵੱਲੋਂ ਖੁੱਲੇ ਛੱਡੇ ਲੋਟੂ ਵਪਾਰੀਆਂ ਨੂੰ ਨੱਥ ਪਾਵੇ। ਹੋਰ ਉਡੀਕ ਨਹੀਂ। ਹੁਣ ਲੋਕ ਸਿਆਸੀ ਪਾਰਟੀਆਂ ਨੂੰ ਸਵਾਲ ਕਰਨ, ਰਾਹ ਵਿਖਾਉਣ।

'ਇੰਡੀਆ' ਗਠਜੋੜ ਸਿਰਫ ਬਿਆਨਬਾਜੀ ਜਾਂ ਚੋਣਾਂ ਮੌਕੇ ਇਕੱਠੇ ਹੋਣ ਦੀ ਸੋਚ ਛੱਡ ਕੇ, ਰੁਜ਼ਗਾਰ ਮਹਿੰਗਾਈ , ਸਾਵਾਂ ਸਨਅਤੀ ਵਿਕਾਸ, ਕਿਸਾਨਾਂ ਨੂੰ ਫਸਲਾਂ ਦੇ ਸਹੀ ਭਾਅ, ਠੇਕੇਦਾਰੀ ਸਿਸਟਮ ਬੰਦ ਕਰਨ, ਸਰਕਾਰੀ ਅਦਾਰੇ ਵੇਚਣੋ ਰੋਕਣ ਲਈ ਅਤੇ ਸਮਾਜਕ ਭਾਈਚਾਰਾ ਮਜਬੂਤ ਕਰਨ ਵਰਗੇ ਸਵਾਲਾਂ ਉੱਤੇ ਵਿਧੀਵਤ ਸੰਘਰਸ਼ ਦਾ ਬਿਗਲ ਵਜਾਵੇ। ਮੁਲਕ ਨੂੰ ਨਿਰਾਸ਼ਤਾ 'ਚੋਂ ਕੱਢੇ। 'ਵਿਸ਼ਾਲ ਦੇਸ਼ ਭਗਤ ਮੋਰਚਾ' ਬਣਾਉਣ ਵੱਲ ਧਿਆਨ ਦੇਵੇ।

ਇਤਿਹਾਸ ਇਹ ਨਾ ਕਹੇ ਕਿ ਇਸ ਹਸੀਨ ਭਾਰਤ ਨੂੰ ਡੁੱਬਦਿਆਂ ਵੇਖ ਲੋਕ ਨਿੱਜੀ ਹਿੱਤਾਂ ਅਤੇ ਛੋਟੀਆਂ ਸੋਚਾਂ ਕਰਕੇ ਸੁੱਤੇ ਹੀ ਰਹੇ।

**

## ਮਨੁੱਖੀ ਸਭਿਅਤਾ ਲਈ ਲਾਭਦਾਇਕ

ਰੋਬੋਟਾਂ ਕੋਲ ਮਨੁੱਖੀ ਸੋਚਣ ਸ਼ਕਤੀ ਨਹੀਂ ਹੁੰਦੀ ਸਿਰਫ ਤਕਨੀਕੀ ਪ੍ਰੋਗਰਾਮਿੰਗ 'ਤੇ ਕੰਟਰੋਲ ਹੁੰਦਾ ਹੈ, ਜੋ ਉਨ੍ਹਾਂ ਨੂੰ ਆਪਹੁਦਰਾ ਬਣਾ ਸਕਦਾ ਹੈ। ਇਹ ਮਨੁੱਖਾਂ ਲਈ ਚਿੰਤਾ ਦਾ ਵਿਸ਼ਾ ਹੈ। ਤੀਜਾ ਇਤਰਾਜ਼ ਹੈ ਕਿ ਜੇ ਇਹ ਰੋਬੋਟ ਆਪਣੀ ਕੋਈ ਗੁਪਤ ਪ੍ਰਣਾਲੀ ਜਾਂ ਭਾਸ਼ਾ ਵਿਕਸਤ ਕਰਨ ਵਿੱਚ ਕਾਮਯਾਬ ਹੋ ਗਏ ਤਾਂ ਉਹ ਮਨੁੱਖ ਨੂੰ ਗੁਲਾਮ ਹੀ ਨਹੀਂ, ਸਗੋਂ ਬੌਣਾ ਵੀ ਬਣਾ ਦੇਣਗੇ। ਅਜਿਹਾ ਡਰ ਉਦੋਂ ਪੈਦਾ ਹੋਇਆ, ਜਦੋਂ ਦੋ ਰੋਬੋਟਾਂ ਨੇ ਆਪਣੀ ਭਾਸ਼ਾ ਵਿਕਸਤ ਕਰ ਲਈ ਜਿਸ ਨੂੰ ਪੜ੍ਹਨ ਵਿੱਚ ਮਨੁੱਖ ਅਸਮਰੱਥ ਸੀ। ਬਾਅਦ ਵਿੱਚ ਇਨ੍ਹਾਂ ਰੋਬੋਟਾਂ ਨੂੰ ਨਸ਼ਟ ਕਰ ਦਿੱਤਾ ਗਿਆ। ਚੌਥਾ ਇਤਰਾਜ਼ ਹੈ ਕਿ ਵੱਖ-ਵੱਖ ਮੁਲਕ ਇਸ ਦੀ ਵਰਤੋਂ ਆਪਣੇ ਦੁਸ਼ਮਣਾਂ ਨੂੰ ਸਬਕ ਸਿਖਾਉਣ ਲਈ ਕਰ ਸਕਦੇ ਹਨ। ਜਿਹਾ ਕਿ ਰੂਸ-ਯੂਕਰੇਨ ਦੀ ਜੰਗ ਜਾਂ ਇਜ਼ਰਾਇਲ-ਫਲਸਤੀਨੀ ਝਗੜੇ ਦੇ ਸੰਦਰਭ ਵਿੱਚ ਦੇਖਿਆ ਜਾ ਰਿਹਾ ਹੈ। ਪੰਜਵਾਂ ਇਤਰਾਜ਼ ਇਹ ਕਿ ਕਿਸੇ ਦੇਸ਼ ਦੀ ਆਰਥਿਕਤਾ ਨੂੰ ਤਬਾਹ ਕਰਨ ਲਈ ਇਸ ਦੀ ਗੁਪਤ ਵਰਤੋਂ ਕੀਤੀ ਜਾ ਸਕਦੀ ਹੈ। ਛੇਵਾਂ ਇਤਰਾਜ਼ ਇਹ ਹੈ ਕਿ ਇਸ ਰਾਹੀਂ ਫੇਕ ਨਿਊਜ਼ ਤੇ ਫੇਕ ਵੀਡੀਓਜ਼ ਬਣਾ ਕੇ ਡੀਪ ਫੇਕ ਰਾਹੀਂ ਸਮਾਜ ਵਿੱਚ ਅਫਰਾ-ਤਫਰੀ ਪੈਦਾ ਕੀਤੀ ਜਾ ਰਹੀ ਹੈ। ਸੱਤਵਾਂ ਇਤਰਾਜ਼ ਹੈ ਕਿ ਇਸ ਰਾਹੀਂ ਵਿੱਤੀ ਧੋਖੇ ਤੇ ਆਨਲਾਈਨ ਜੁਰਮਾਂ ਵਿੱਚ ਵਾਧਾ ਹੋ ਸਕਦਾ ਹੈ। ਅੱਠਵਾਂ ਇਤਰਾਜ਼ ਹੈ ਕਿ ਚੋਣਾਂ ਵਿੱਚ ਲਾਹਾ ਲੈਣ ਲਈ ਇਸ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਸੌਖੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਇਹ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਨ ਵਾਲਾ ਸੰਦ ਹੈ।

ਉਪਰੋਕਤ ਇਤਰਾਜ਼ ਆਪਣੀ ਥਾਂ ਹਨ, ਪਰ ਇਨ੍ਹਾਂ ਦੇ ਮੱਦੇਨਜ਼ਰ ਕਿਸੇ ਨਵੀਂ ਪ੍ਰਣਾਲੀ ਨੂੰ ਰੋਕਿਆ ਨਹੀਂ ਜਾ ਸਕਦਾ। ਹਰ ਪ੍ਰਣਾਲੀ ਗੁਣਾਂ-ਦੋਸ਼ਾਂ ਨਾਲ ਹੋਂਦ ਵਿਚ ਆਉਂਦੀ ਹੈ। ਜ਼ਰੂਰੀ ਸੁਆਲ ਇਹ ਹੈ ਕਿ ਉਸਦੀ ਵਰਤੋਂ ਮਨੁੱਖੀ ਭਲੇ ਲਈ ਕੀਤੀ ਜਾ ਰਹੀ ਹੈ ਕਿ ਤਬਾਹੀ ਲਈ ? ਇਸ ਲਈ ਕਿਸੇ ਵੀ ਨਵੀਂ ਤਕਨੀਕ ਤੋਂ ਡਰਨ ਜਾਂ ਉਸ ਤੋਂ ਭੱਜਣ ਦੀ ਲੋੜ ਨਹੀਂ। ਉਸ ਦੇ ਚੰਗੇ ਪੱਖਾਂ ਨਾਲ ਸਾਂਝ ਪਾ ਕੇ ਮਨੁੱਖੀ ਭਵਿੱਖ ਦੇ ਜ਼ਾਮਨ ਬਣਨਾ ਚਾਹੀਦਾ ਹੈ। ਅੱਜ ਹਰ ਕੋਈ ਕਿਸੇ ਨਾ ਕਿਸੇ ਰੂਪ ਵਿੱਚ ਮਸਨੂਈ ਲਿਆਕਤ ਨਾਲ ਜੁੜਿਆ ਹੋਇਆ ਹੈ ਤੇ ਬਾਖੂਬੀ ਇਸ ਦੀ ਵਰਤੋਂ ਵੀ ਕਰ ਰਿਹਾ ਹੈ ਪਰ ਇਸ ਦੇ ਵਿਗਿਆਨ ਤੋਂ ਅਨਜਾਣ ਹੈ। ਇਸਨੂੰ ਦੋਸਤ ਸਮਝਣ ਦੀ ਲੋੜ ਹੈ ਨਾ ਕਿ ਦੁਸ਼ਮਣ। ਦੁਨੀਆ ਦਾ ਭਵਿੱਖ ਇਸ 'ਤੇ ਨਿਰਭਰ ਹੈ। ਸਿਆਣੇ ਤੇ ਅੱਗੇ ਦੀ ਸੋਚ ਰੱਖਣ ਵਾਲੇ ਮੁਲਕ ਇਸ ਵਿੱਚ ਮੋਹਰੀ ਬਣਨ ਦੀ ਹੋੜ ਵਿੱਚ ਲੱਗੇ ਹੋਏ ਹਨ, ਕਿਉਂਕਿ ਜਿਹੜਾ ਇਸ ਵਿੱਚ ਅੱਗੇ ਨਿਕਲ ਗਿਆ ਉਹੀ ਦੁਨੀਆਂ ਦਾ ਬਾਦਸ਼ਾਹ ਹੋਏਗਾ।

***

## ਸ਼ਹੀਦ ਭਾਈ ਮਨੀ ਸਿੰਘ ਜੀ

ਇਸ ਗੱਲ 'ਤੇ ਮੁਗਲਾਂ ਦਾ ਵਜ਼ੀਰ ਲਖ ਪਤ ਰਾਏ ਫ਼ੌਜ ਲੈ ਕੇ ਅੰਮ੍ਰਿਤਸਰ ਆਇਆ ਅਤੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਉਹਨਾਂ ਦੇ ਨਾਲ ਉਹਨਾਂ ਦੇ ਭਰਾ ਜਗਤ ਸਿੰਘ ਉਹਨਾਂ ਦੇ ਪੁੱਤਰ ਚਿੱਤਰ ਸਿੰਘ ਤੇ ਗੁਰਬਖ਼ਸ਼ ਸਿੰਘ, ਉਹਨਾਂ ਦੀ ਸਿੰਘਣੀ ਬੀਬੀ ਬਸੰਤ ਕੌਰ, ਗੁਲਜਾਰ ਸਿੰਘ, ਰਣ ਸਿੰਘ, ਭੂਪਤ ਸਿੰਘ ਅਤੇ ਉੱਥੇ ਮੌਜੂਦ ਸਾਰੇ ਸਿੰਘਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਇਸ ਬਦਲੇ ਭਾਈ ਮਨੀ ਸਿੰਘ ਨੂੰ ਸਜਾਏ-ਮੌਤ ਦੀ ਸਜ਼ਾ ਸੁਣਾਈ ਗਈ। ਉਹਨਾਂ ਨੂੰ ਕਿਹਾ ਜਾਂ ਤਾਂ ਮੌਤ ਕਬੂਲ ਕਰ ਲਵੋ ਜਾਂ ਇਸਲਾਮ ਧਰਮ ਕਬੂਲ ਕਰ ਲਵੋ ਪਰ ਗੁਰੂ ਜੀ ਦੇ ਸਿਦਕਵਾਨ ਸਿੱਖ ਨੇ ਮੌਤ ਕਬੂਲ ਕਰ ਲਈ। 24 ਜੂਨ 1734 ਨੂੰ ਨਖਾਸ ਚੌਂਕ ਲਾਹੌਰ ਵਿਖੇ ਉਹਨਾਂ ਦੇ ਸਰੀਰ ਦਾ ਅੰਗ ਅੰਗ ਕੱਟ ਕੇ ਸ਼ਹੀਦ ਕਰ ਦਿੱਤਾ। ਉਹਨਾਂ ਦੇ ਸਿੰਘ ਗੁਲਜ਼ਾਰ ਸਿੰਘ ਦੀ ਪੁੱਠੀ ਖੱਲ ਲਾਹੀ ਗਈ। ਭੂਪਤ ਸਿੰਘ ਦੀਆਂ ਅੱਖਾਂ ਕੱਢ ਕੇ ਉਸ ਨੂੰ ਚਰਖੜੀ 'ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ। ਬਾਕੀ ਸਿੰਘਾਂ ਨੂੰ ਵੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਭਾਈ ਮਨੀ ਸਿੰਘ ਜੀ ਦੇ ਦਾਦਾ ਜੀ ਭਾਈ ਬਲੂ ਰਾਏ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫ਼ੌਜ ਵਿੱਚ ਜਰਨੈਲ ਰਹੇ ਅਤੇ ਮੁਗਲਾਂ ਨਾਲ ਲੜਦੇ ਲੜਦੇ ਸੰਨ 1628 ਨੂੰ ਅੰਮ੍ਰਿਤਸਰ ਵਿੱਚ ਸ਼ਹੀਦੀ ਪਾ ਗਏ। ਭਾਈ ਮਨੀ ਸਿੰਘ ਜੀ 12 ਭਰਾਂ ਸਨ ਇਹਨਾਂ ਵਿਚੋਂ 11 ਸ਼ਹੀਦ ਹੋਏ। ਭਾਈ ਮਨੀ ਸਿੰਘ ਜੀ ਦੇ 10 ਪੁੱਤਰ ਸਨ ਉਹਨਾਂ ਵਿਚੋਂ 7 ਸ਼ਹੀਦ ਹੋਏ ਦੂਸਰੇ ਭਰਾਵਾਂ ਦੇ ਪੋਤਿਆਂ ਸਮੇਤ ਭਾਈ ਮਨੀ ਸਿੰਘ ਜੀ ਦੇ 10 ਪੋਤਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਇਹਨਾਂ ਦੇ ਪਰਿਵਾਰ ਦੇ 29 ਮੈਂਬਰ ਸ਼ਹੀਦ ਹੋਏ ਗੁਰੂ ਘਰ ਵਿੱਚ ਇਹਨਾਂ ਦੇ ਪਰਿਵਾਰ ਦੀ ਸ਼ਹੀਦੀ ਦੀ ਮਿਸਾਲ ਹੋਰ ਕਿਤੇ ਵੀ ਨਹੀਂ ਮਿਲਦੀ।

ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਸਾਹਮਣੇ ਰੇਲਵੇ ਸਟੇਸ਼ਨ ਲਾਹੌਰ ਹੈ ਇਸ ਮਹਾਨ ਸ਼ਹੀਦ ਦੀ ਜਗ੍ਹਾ ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਵਿੱਚ ਰਹਿ ਗਈ ਇਸ ਕਰਕੇ ਅਸੀਂ ਇਸ ਜਗ੍ਹਾ 'ਤੇ ਨਤਮਸਤਕ ਹੋਣ ਤੋਂ ਵਾਂਝੇ ਹੋ ਗਏ।

***

## 2027 ਲਈ ਪੰਜਾਬ ਦੇ ਸਿਆਸੀ ਕਿਲ੍ਹੇ ਨੂੰ

ਮਾਲਵਾ ਖ਼ਿੱਤੇ ਦੇ ਲੋਕਾਂ ਵੱਲੋਂ ਚੋਣਾਂ 'ਚ ਫ਼ੈਸਲਾਕੁੰਨ ਇਕਪਾਸੜ ਨਤੀਜੇ ਦੇਣ ਦੀ ਰਾਏ ਸਾਰੀਆਂ ਸਿਆਸੀ ਧਿਰਾਂ ਅੰਦਰ ਉਤਸੁਕਤਾ ਪੈਦਾ ਕਰਦੀਆਂ ਹਨ । ਇਨ੍ਹਾਂ ਉਪਰੋਕਤ ਤਜਰਬਿਆਂ ਦੇ ਆਧਾਰ 'ਤੇ ਹੁਣ ਭਾਜਪਾ ਪੰਜਾਬ ਦੀ ਧਰਤੀ 'ਤੇ ਕਮਲ ਦਾ ਫੁੱਲ ਖਿੜਾਉਣ ਲਈ ਮਾਲਵੇ ਦੀਆਂ ਬਰੂਹਾਂ 'ਤੇ ਪੱਬਾਂ ਭਾਰ ਹੈ।

ਉਪਰੋਕਤ ਸਮੀਕਰਨਾਂ ਦੇ ਮੱਦੇਨਜ਼ਰ ਸਿਆਸੀ ਹਲਕਿਆਂ ਦੀਆਂ ਨਜ਼ਰਾਂ ਇਸ ਸਮੇਂ ਪੰਜਾਬ ਦੀ ਭਾਰਤੀ ਜਨਤਾ ਪਾਰਟੀ ਵਿੱਚ ਹੋਣ ਵਾਲੇ ਸੰਭਾਵਿਤ ਫੇਰਬਦਲ ਵੱਲ ਲੱਗੀਆਂ ਹੋਈਆਂ ਹਨ। ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੇ ਕਾਰਜਕਾਲ ਦੀ ਮਿਆਦ ਮੁੱਕਣ ਵਾਲੀ ਹੈ। ਉਨ੍ਹਾਂ ਨੂੰ ਅਸ਼ਵਨੀ ਸ਼ਰਮਾ ਨੂੰ ਹਟਾ ਕੇ ਪ੍ਰਧਾਨ ਬਣਾਇਆ ਗਿਆ ਸੀ। ਹਾਲਾਂਕਿ ਪ੍ਰਧਾਨਗੀ ਦੀ ਮਿਆਦ 3 ਸਾਲ ਦੀ ਹੁੰਦੀ ਹੈ ਪਰ ਅਸ਼ਵਨੀ ਸ਼ਰਮਾ ਨੂੰ ਸਮੇਂ ਤੋਂ ਪਹਿਲਾਂ ਹੀ ਹਟਾ ਦਿੱਤਾ ਗਿਆ ਸੀ । ਇਨ੍ਹਾਂ ਸੂਤਰਾਂ ਅਨੁਸਾਰ ਦੋ ਤਰ੍ਹਾਂ ਦੀਆਂ ਰਾਵਾਂ ਚੱਲ ਰਹੀਆਂ ਹਨ। ਇੱਕ ਇਹ ਕਿ ਜਾਖੜ ਵੱਲੋਂ ਅਸ਼ਵਨੀ ਸ਼ਰਮਾ ਦਾ ਕਾਰਜਕਾਲ ਪੂਰਾ ਕਰਨ ਉਪਰੰਤ ਨਵਾਂ ਪ੍ਰਧਾਨ ਲਗਾ ਦਿੱਤਾ ਜਾਵੇਗਾ। ਦੂਸਰੀ ਚਰਚਾ ਇਹ ਹੈ ਕਿ ਅਸ਼ਵਨੀ ਸ਼ਰਮਾ ਦੇ ਕਾਰਜਕਾਲ ਦੇ ਤਿੰਨ ਸਾਲ ਪੂਰੇ ਹੋਣ ਤੋਂ ਪਹਿਲਾਂ ਹੀ ਬਾਕੀ ਸਮੇਂ ਲਈ ਜਾਖੜ ਨੂੰ ਨਿਯੁਕਤ ਕਰ ਦਿੱਤਾ ਗਿਆ ਸੀ ਪਰ ਇਹ ਨਿਯੁਕਤੀ ਬਾਕਾਇਦਾ ਚੋਣ ਰਾਹੀਂ ਨਹੀਂ ਹੋਈ ਸਗੋਂ ਨਾਮਜਦਗੀ ਕੀਤੀ ਗਈ ਸੀ ਇਸ ਲਈ ਜਾਖੜ ਦੀ ਮੁੜ ਨਿਯੁਕਤੀ ਉਤੇ ਇਹ ਨਿਯਮ ਲਾਗੂ ਨਹੀਂ ਹੁੰਦੇ। ਉਨ੍ਹਾਂ ਨੂੰ ਅਗਲੇ ਤਿੰਨ ਸਾਲ ਲਈ ਪ੍ਰਧਾਨ ਨਿਯੁਕਤ ਕੀਤਾ ਜਾ ਸਕਦਾ ਹੈ। ਇਸ ਅਹੁਦੇ ਲਈ ਤਰੁਣ ਚੁੱਘ ਦੇ ਨਾਂਅ ਦੀ ਵੀ ਚਰਚਾ ਚੱਲ ਰਹੀ ਹੈ। ਉਹ ਟਕਸਾਲੀ ਅਤੇ ਨਵੇਂ ਆਗੂਆਂ ਨੂੰ ਨਾਲ ਲੈ ਕੇ ਚੱਲਣ ਦੇ ਸਮਰਥ ਸਮਝੇ ਜਾ ਰਹੇ ਹਨ। ਜੇ ਸਿਆਸੀ ਸੂਤਰਾਂ ਦੀ ਮੰਨੀਏ ਤਾਂ ਅਰਵਿੰਦ ਖੰਨਾ ਅਤੇ ਕੇਵਲ ਸਿੰਘ ਢਿੱਲੋਂ ਦੇ ਨਾਂਅ ਦੀ ਵੀ ਚਰਚਾ ਹੈ । ਇਹ ਦੋਨੋਂ ਆਗੂ ਮਾਲਵੇ ਨਾਲ ਸੰਬੰਧਿਤ ਹਨ ਅਤੇ ਪਾਰਟੀ ਦੀਆਂ ਨਜ਼ਰਾਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਮਾਲਵਾ ਖੇਤਰ ਉਤੇ ਲੱਗੀਆਂ ਹੋਈਆਂ ਹਨ ਜਿਸ ਕਾਰਨ ਪਾਰਟੀ ਵਲੋਂ ਮਲਵਈ ਆਗੂ ਨੂੰ ਇਹ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com